ਸਤਿਜੁਗ

2002

ਬਿ. ੨੦੫੯ ਈ. ੨੦੦੨

ਇਤਿਹਾਸਿਕ ਸਮਗਰੀ ਅੰਕ



ਭਾਰਤ ਵਿੱਚ ਅਹਿੰਸਾ, ਸੁਦੇਸ਼ੀ ਤੇ ਨਾ-ਮਿਲਵਰਤਨ ਦੇ ਅੰਦੋਲਨ ਨੂੰ
ਪ੍ਰਜਵਲਿਤ ਕਰਨ ਕਾਰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਵਨ ਕੀਤਾ।
ਏਸੇ ਕ੍ਰਾਂਤੀਕਾਰੀ ਪ੍ਰੋਗਰਾਮ ਨੂੰ ਅਪਣਾ ਕੇ ੧੯੪੭ ਈ. ਵਿੱਚ ਦੇਸ਼ ਸੁਤੰਤਰ ਹੋਇਆ।

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ॥



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ (ਬਰਮਾ) ਜੇਲ੍ਹ ਵਿੱਚ
ਰੂਸ ਦਾ ਗੁਪਤ ਸੰਦੇਸ਼ ਪਹੁੰਚਾਉਣ ਲਈ ਪਹਿਰੇ ਵਾਲਿਆਂ ਤੋਂ ਨਜ਼ਰ ਬਚਾ ਕੇ
ਜੰਗਲਾ ਟੱਪਦੇ ਹੋਏ ਸੰਤ ਮੀਹਾਂ ਸਿੰਘ ਸਰਹਾਲੀ-੧੮੮੧

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦ੍ਵਾਰਾ ਬਿਕ੍ਰਮੀ ੧੯੭੬ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਥਪੁ ਕਹਾਊਂ।।

ਇਤਿਹਾਸਿਕ ਸਮਗਰੀ ਅੰਕ ੨੦੫੯

ਕੱਬਿਤ


ਬਾਲਕ ਮ੍ਰਿਗੇਸ ਤੈ ਵਿਸੇਸ ਉਪਦੇਸ ਨਾਮ, ਯਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ, ਨਾਮ ਦੈ ਉਧਾਰ ਕਰਿ ਜੀਵਨ ਕਾ ਤੂੰ ਖਰੇ।
ਐਪੈ ਗੁਰ ਦਸਮ ਦਰਸ ਦੈ ਜੋ ਕਹਯੋ ਤਾਂਹਿ, ਮੇਰੋ ਅਵਤਾਰ-ਅੰਸ ਰਾਮ ਸਿੰਘ ਹੈ ਭਰੇ।
ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ, ਨਿਜ ਸ਼ਕਤਿ ਰਖਾਈ, ਗੁਰੂ ਵਾਕ ਦਿੜ ਥੇ ਧਰੇ।

The spiritual message that Balak Singh delivered was of immense benefit to men and women. It helped them swim across the Vast Sea of Existence. And, The Creator Himself had revealed His Word and charged him to spread It for the purification of human life. Nevertheless, the Tenth Master appeared in person and informed him: Ram Singh is my incarnation partaking of an element of mine. I Have, therefore, entrusted him, and none else, with my authority. The Master's message was clear and firm.

बालक म्रिगेस तै विसेस उपदेस नाम, यदी नर नारी लै अपारी भव तै तरे।
और इलहाम करतार कई बार दयो, नाम दै उधार करि जीवन का तूँ खरे।
अैपै गुर दसम दरस दै जो कहयो तांहि, मेरो अवतार-अंस राम सिंघ है भरे।
यांहि हेत तांहि, नांहि और कांहि मांहि निज शक्ति रखाई, गुरु वाक दिढ थे धरे।

—ज्ञानी ज्ञान सिंह

ਹੁਕਮਨਾਮਾ
ਸ੍ਰੀ ਸਤਿਗੁਰੂ ਰਾਮ ਸਿੰਘ ਜੀ


[illegible]

HUKUMNAMA

AN ENGLISH TRANSLATION

"By the mercy of God, the true Guru".

I, Dyal Singh, write to Hari Singh and all congregations. Accept my salutations (*Siri Vahiguru Ji Ki fateh*). I am in good health. May the Guru keep all congregations in good health. Convey my '*Ramsat*' to bibi Nanda (Ram Singh's daughter).

Nanda wrote that, Basant Singh, boys did not obey her; they would not read the Garanth or any other book. They should employ themselves in devotion in the last watch of the night and all day and night. In the event of their failing to do so, they should cook food or cut grass. If they decline to do either of the above, they should go out of my "*Dehra*" (House). Turn out from my "Dehra" all who are not engaged in devotion, also all those (whether males or females) who steal or do malpractices. Do not keep more oxen than you require. I have sent "*Hukmanamas*" to you for all congregations. Read them out to all men also to those who intend coming to me. Whoever asks you for a "Hukumnamas" give him a copy thereof. I cannot write for all having barely time to fulfil my daily devotions.

If they (Sikhs) are resolved to come to me, one or two should come after a year or ten months. If a woman comes, I shall be very angry. People have spent hundreds of Rupees for nothing. Here they don't allow anybody to stand near me or to speak to me. I do not constantly tell lies. If I do so, what good can you expect from me. The Guru keeps our secrets. Here many people are ill-disposed. Perform as many "Bhogs" and "Paths" as you can. It is a bad thing to waste money. Besides those who come here remain in fear, and nevertheless they do not turn back. I do not hinder them from visiting me because I do love my "Singhs" for "Singhs" are my body and soul and I write thus least they should get into trouble. They (the authorities) are "*malechhas*" and worthy of blame. They arrest and put one in jail without any fault whatever. If the Guru is pleased to enable me to meet you, we will meet. Who is better to me than my Sikhs ? I pray day and night—"Oh Guru ! keep me while I live and let me die in the midst of my Sikhs who obey you". Sikhism consists of obedience to the Guru's orders. Without obedience nobody can be called a Sikh or a "Sadh", no matter what garbs he may put on. It is the pith of all "*Shastras*" that a person gains nothing unless he obeys the Guru's orders. You will see that whoever has injured the Kukas will suffer much, since the Kukas come into existence by the Guru's orders and their complaints are now before the Guru. Convey my compliments to Hira Misr. I heard that he had shaved his hair and beard. Without devotion no work prospers whether you shave or have long hair.

I send herewith Rs. 151/- in cash to be used in feeding the poor. Tell all who wish for their own welfare to be firmly employed in devotion (bhajan, bani). The Guru in the "Sakhis" has described the present age as very bad. He who does not remember God will undergo many difficulties. Prevent men from coming to me. None should come soon. Come a single man at a time and not two or four together.

Bibi Nanda ! continue steadily in your devotions. Ask them who heed your words to employ themselves similarly. Never mind if they do not listen to you. Embark in the ship if she sails and don't go to Moulmein as they do not allow anybody to visit there.

—Chief Commissioner British Burmah to Secy. Home Deptt Govt. of India 13th Aug. 1880

हुकुमनामा
श्री सद्गुरु राम सिंह जी

एक ऊँकार, सतिगुर प्रसाद लिखतो दयाल सिंह, जोग भाई हरी सिंघ होर संबूहि संगत को सिरी वाहिगुरू जी की फते बुलाई प्रमान करनी। होर असीं सुखी आनंद हैं, संबूहि संगत को गुरू आनंद रखे। बीबी नंदा को होर संबूहि को राम सति बाचणी।

होरू बसंत सिंघ कुड़ी नंदा ने लिखा है मुंडे मेरे आखे नहीं लगदे। ना पोथी पढ़दे हैं न ग्रंथ साहिबु पढ़दे हैन। सो भाई के ता पिछा रात सवा पहरू रही ते हमेस भजनु वाणी कीता। माला फेरी, दिन रात भजनु वाणी करिया करो। जे नहीं भजनु वाणी होए सकदा तां रोटियाँ पकाइया करो, घाहु खोतिआ करो। जे दो मै ते कुछु नहीं करिना तां डेरे ते चले जाणा सिमरू पास। जो थुआनूँ तिना बाता मैं ते अछी लगे सो करि लैणी। होरू भी भजनु वाणी न करे, उसको बी डेरे ते निकाल देणा। जो डेरे रहि के चोरी जारी करे, सभ को डेरे ते कढि देना जनाना होवे भावें मरदाना होवे। अरू बैल कंम ते बधीक न रखणे। होर हुकमनामे तेरे पास भेजे हैं सारी संगत बासते, सो तूँ सभ को सुणा दिआ करू। जो ऐधर आउण वाले हैं उनको हुकमनामा सुणा दिआ करो। जो आखे मैनूं ही दे देओ हुकमनामा, तां उसे को दिता करो उतारू करके। मेरे पासो नहीं लिखे जांदे, मेरा तां नितनेम दा जापु पाठ ही मसां पूरा हुंदा है। अरू जे ऐ बहुत ही आउण ता बरस पिछे आमण नहीं ता दस महीने। पिछे ईकु आवै के तां दो आवण बध ना आउण। अरु जे तीमी कोई आई तां मैं बहुत गुसे होऊगा। व्यर्थ सैकड़े रुपये खराबु करि दिते लोकां ने। ऐथे तां साडे पासि किसे नूं खड़ा बी नहीं होणि दिंदे, बात नहीं करिन दिंदे। मैं झूठ तां नहीं बोलदा हरि बारी, अरू जे मैं झूठ ही बोलदा हाँ तां फेरि मेरे पासों किने की लैना है। गुरू ही पड़दा कजी जांदा है। ऐथे बाले लोकां दी बहुत खोटी नीति होएि ओई है। अजुकल दे समे मै भोग पाठ करो जितना किसे ते होएि आवे। व्यर्थ धनु खरच करना बहुतु बुरी बातु है ऐथै जो आउंदे हैन, ऐथे आके ऐ वी बहुत डरदे है परू हटदे नहीं। ऐहु बात नहीं कि सानूँ सिंघा दा पिआरू नहीं, सिंघ तां साढी देहि परान हैन, परू कोई दुखु न होएि जावै। ऐ तां मलेछ निंदिआ हैन। अैमे ही पकड़ के जेलखाने मैं दे दिंदे है। जे गुरु जी मेला कराऊगा तां होएि जाऊगा। सानूँ सिखां ते होरु कौणु चंगा? असी तां रात दिन ऐहो मंगदे हां गुरू जी पासों हे गुरू जी सिखां दे विच रखी रखीं मेरे जीओदिआं को जेहड़े कहिआ मनण गुरि सबद दा। सिखी तां भाई गुरि सबद दे मंनण दी है। बिना गुरि सबद मंने सिखु नहीं बणदा, नाहीं साधु बणदा है, भामे कितने बाणे बणावे कोई, पर गुरि सबद मंने बिना कुछ बी नहीं है! ह्य आउदा, ऐहु सरब सास्त्रां का मतु है।

जिस जिस ने कूकिआं के साथ विरोधु कीता है, देख लैणा इनां के कैसा ठिठु पउगा किऊँ जो कूके गुरू के हुकम नाल होए है। ऐना लोकां दा तां दावा गुरु साथ पै गिआ। अगे जो गुरू जी को भावै। होरू हीरे मिसर को हमारी निमसकारि बाचणी। होरू सुणा है जो मिसर हीरा सिरू मुंहु मुंन के रखदा है। परमेसर दे भजन बिना तां कुछ कमु नहीं सरदा, न मुने ते न केसां ते। होरू माई।५। रोकु भेजे हैन सो लंगर पा देने। अरु सभ को हुकम देणा जो भजनु बाणी जो तकड़े हो के करो आपणा भला चाहुंदा है सभ कोई, नहीं तां समां बड़ा करड़िआ करड़ा लिखा है गुरु जी ने साखिआं में। बिना प्रमेसर के सिमरन बहुत अउखा होऊगा। अरु ऐधर आउण ते सभ को मने करिना। छेती ना आवे कोई। अरु इकु आवे दो चारि कठे हो के न आउणा।

अरु बीबी तूँ करी जाहि भजनु बाणी तकड़ी हो के। जो तेरे आखे लगे ओस ते वी कराओ न मंने तेरा कहा ता ऊह जाणे।

जहाजु जावे ता चढि जाणा। मोरमई किने नां जाणा, ओथे वी अजुकल मिलण नहीं दिंदे।

ਮੁਠੱਡਾ ਕਲਾਂ ਕਾਨਫਰੰਸ ੧੯੨੧

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਧਾਨਗੀ ਭਾਸ਼ਣ

"ਮੇਰ ਪਿਆਰੇ ਹਿੰਦੂ ਮੁਸਲਮਾਨ ਅਤੇ ਸਿੱਖ ਸਜਣੋ, ਮੈਂ ਆਪ ਦੀ ਉਸ ਕ੍ਰਿਪਾ ਦੀ ਜਿਹੜੀ ਕਿ ਆਪ ਨੇ ਮੈਨੂੰ ਪ੍ਰਧਾਨਗੀ ਦੀ ਉੱਚ ਪਦਵੀ ਦਾ ਆਦਰ ਬਖਸ਼ਣ ਵਿਚ ਮੇਰੇ ਉਤੇ ਕੀਤਾ ਹੈ, ਅਤੀ ਧੰਨਵਾਦੀ ਹਾਂ।"

"ਸਭ ਥੀਂ ਪਹਿਲਾਂ ਮੈ ਆਪ ਦੀ ਸੇਵਾ ਵਿਚ ਇਹ ਦੱਸ ਦੇਣਾ ਯੋਗ ਸਮਝਦਾ ਹਾਂ ਕਿ ਸਾਡਾ ਇਕੱਤ੍ਰਤਾ ਕਰਨ ਦਾ ਕੀ ਕਾਰਣ ਅਤੇ ਕੀ ਮੰਤਵ ਹੈ ? ਕੀ ਅਸੀ ਏਥੇ ਇਸ ਲਈ ਇਕੱਠੇ ਹੋਏ ਹਾਂ ਕਿ ਕਿਸੇ ਹਸਤੀ ਦੀ ਯਾ ਕਿਸੇ ਸ਼ਰੇਣੀ ਦੀ ਯਾ ਕਿਸੇ ਹਕੂਮਤ ਦੀ ਅਯੋਗ ਵਿਰੋਧਤਾ ਕਰੀਏ ? ਕੀ ਸਾਡੇ ਏਥੇ ਇਕੱਠਿਆਂ ਹੋਣ ਦਾ ਕਾਰਣ ਇਹ ਹੈ ਕਿ ਅਸੀ ਦੇਸ਼ ਵਿਚ ਫੁਟ ਈਰਖਾ ਅਤੇ ਰਾਗ ਦਵੈਖ ਦਾ ਪਰਚਾਰ ਕਰਕੇ ਹਿੰਦੁਸਤਾਨ ਦੀ ਅਸਲੀ ਹਸਤੀ ਨੂੰ ਨਸ਼ਟ ਕਰੀਏ ? ਪਿਆਰਿਓ ! ਨਹੀ, ਕਦੀ ਨਹੀਂ। ਸਾਡੇ ਏਥੇ ਇਕੱਠਿਆਂ ਹੋਣ ਦਾ ਵਿਸ਼ੇਸ਼ ਕਾਰਨ ਉਨ੍ਹਾ ਨਾਮਧਾਰੀ ਸਿੱਖ ਸ਼ਹੀਦਾਂ ਦੀ ਸ਼ਹਾਦਤ ਅਥਵਾ ਕੁਰਬਾਨੀ ਤੋਂ ਸਿਖਿਆ ਪ੍ਰਾਪਤ ਕਰਨ ਦਾ ਹੈ ਜਿਹੜੇ ਜਨਵਰੀ ਸੰਨ ੧੮੭੨ ਈਸਵੀ ਵਿਚ ਆਪਣੀ ਆਜ਼ਾਦੀ ਭਾਵ ਸੁਤੰਤਰਤਾ ਦੇ ਦੇਵਤਾ ਨੂੰ ਪਰਸੰਨ ਕਰਨ ਹਿਤ ਮਲੇਰ ਕੋਟਲੇ ਵਿਖੇ ਕਾਵਨ ਡਿਪਟੀ ਕਮਿਸ਼ਨਰ ਅੰਬਾਲਾ ਦੀ ਫਾਸੀ ਦਾ ਅਤੀ ਪਰਸੰਨਤਾ ਨਾਲ ਸ਼ਿਕਾਰ ਹੋਏ ਅਤੇ ਏਸ ਲਈ ਕਿ ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ ਦਾ ਭਾਰਤ ਦੇਸ਼ ਅਤੇ ਧਰਮ ਨੂੰ ਸੁਤੰਤਰ ਕਰਨ ਹਿਤ ਆਪਣੇ ਪਰਮ ਪਵਿਤਰ ਜੀਵਨ ਨੂੰ, ਆਪਣੇ ਸਰਬੰਸ, ਆਪਣੇ ਦੇਸ਼, ਆਪਣੀ ਕੌਮ ਅਤੇ ਆਪਣੀ ਸੰਗਤ ਤੋਂ ਵਿਛੋੜ ਕੇ ਪਰਦੇਸ ਵਿਚ ਲੈ ਜਾਣ ਭਾਵ ਦੂਜੇ ਅਰਥਾਂ ਵਿਚ ਉਸ ਸਮੇ ਦੀ ਸਰਕਾਰ ਦੇ ਕਥਨ ਅਨੁਸਾਰ ਜਲਾਵਤਨ ਹੋ ਜਾਣ ਤੋਂ ਸਬਕ ਹੈ। ਜੇ ਕੋਈ ਪੁਰਸ਼ ਇਹ ਗਲਤੀ ਨਾਲ ਆਖਣ ਦੀ ਦਲੇਰੀ ਕਰੇ ਕਿ ਸਿੱਖਾਂ ਨੂੰ ਤੋਪਾਂ ਦੇ ਨਿਸ਼ਾਨੇ ਬਣਾ ਕੇ ਅਤੇ ਉਨ੍ਹਾਂ ਨੂੰ ਫਾਂਸੀ ਦੇ ਸ਼ਿਕਾਰ ਕਰਕੇ ਅਰ ਸਤਿਗੁਰੂ ਰਾਮ ਸਿੰਘ ਜੀ ਨੂੰ ਸਮੇਤ ਉਨ੍ਹਾਂ ਦੇ ਸੂਬਿਆਂ ਦੇ ਜਲਾਵਤਨ ਕਰਕੇ ਉਨ੍ਹਾਂ ਦੀ ਜਾਰੀ ਕੀਤੀ ਹੋਈ ਨਾ ਮਿਲਵਰਤਣ ਦੀ ਲਹਿਰ ਨੂੰ ਨਸ਼ਟ ਕਰ ਦਿੱਤਾ ਗਿਆ ਸੀ ਜੋ ਕਿ ਸਤਿਗੁਰੂ ਦੀ ਦਰਗਾਹ ਵਿਚੋਂ ਹਿੰਦੁਸਤਾਨ ਨੂੰ ਗੁਲਾਮੀ ਦੀਆਂ ਬੇੜੀਆ ਤੋਂ ਮੁਕਤ ਕਰਨ ਲਈ ਧਰਮ ਦਾ ਪਰਚਾਰ ਅਤੇ ਜ਼ਾਲਮਾਂ ਅਭਿਮਾਨੀਆਂ ਦਾ ਅਭਿਮਾਨ ਨਵਿਰਤ ਕਰਨ ਹਿਤ ਅਰ ਹਿੰਦੂ ਮੁਸਲਿਮ ਅਤੇ ਸਿੱਖ ਇਤਿਹਾਦ ਦੀ ਇਸਥਿਤੀ ਆਪਣੇ ਨਾਲ ਲੈ ਕੇ ਆਏ। ਪਰੰਤੂ ਕੋਈ ਸਮਝਦਾਰ ਪੁਰਸ਼ ਇਹ ਮੰਨਣ ਲਈ ਕਦੇ ਤਿਆਰ ਨਹੀ। ਮੇਰਾ ਨਿਸ਼ਚਾ ਹੈ ਕਿ ਅੱਜ ਭਾਵ ਵਰਤਮਾਨ ਕਾਲ ਵਿਚ ਜੇਹੜੀ ਲਹਿਰ ਮਹਾਤਮਾ ਗਾਂਧੀ ਦੀ ਰਾਹੀਂ ਜਾਰੀ ਹੋਈ ਹੈ ਅਜੇ ਉਹ ਉਸ ਮੰਜ਼ਿਲ ਤਕ ਨਹੀਂ ਪੁਜੀ ਕਿ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਸੰਮਤ ੧੯੨੮ ਵਿਚ ਹੀ ਪੁਜ ਗਏ ਸਨ। ਹੁਣ ਮੈਂ ਏਥੇ ਥੋੜੀ ਜਿਹੀ ਚਰਚਾ ਇਸ ਉਕਤ ਕਥਨ ਦੀ ਸਿੱਧੀ ਹਿੱਤ ਕਰ ਦੇਣੀ ਅਤੀ ਯੋਗ ਅਨੁਭਵ ਕਰਦਾ ਹਾਂ। 'ਜਰਨਾਂ' ਮਹਾਤਮਾ ਗਾਂਧੀ ਦਾ ਨਾ ਮਿਲਵਰਤਣ ਨੂੰ ਕਾਮਯਾਬ ਬਣਾਣ ਲਈ ਮੁਖ ਅਸੂਲ ਹੈ ਜੇਹੜਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ੧੮੭੨ ਤੋਂ ਹੀ ਸਰਕਾਰ ਤੇ ਪੁਲਿਸ ਦੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਧਾਰਨ ਕਰੀ ਆ ਰਹੇ ਹਨ। ਦੂਜਾ ਅਸੂਲ ਮਹਾਤਮਾ ਜੀ ਦਾ ਨਾ ਮਿਲਵਰਤਣ ਦੀ ਲਹਿਰ ਨੂੰ ਸਿਰੇ ਚਾੜ੍ਹਨ ਹਿਤ ਹਿੰਦੂ ਮੁਸਲਿਮ ਅਤੇ ਸਿੱਖ ਕੌਮ ਦਾ ਮਿਲਾਪ ਹੈ। ਸੋ ਇਸ ਦੀ ਰੌ ਮਹਾਰਾਜ ਜੀ ਨੇ ਸਰਬੱਤ ਲਈ ਸਾਂਝਾ ਲੰਗਰ ਜਾਰੀ ਕਰਕੇ ਚਲਾਈ ਅਤੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਕੋਈ ਮਨੁੱਖ ਭਾਵੇ ਕਿਸੇ ਜਾਤੀ ਦਾ ਹੋਵੇ ਉਸਨੂੰ ਆਪਣਾ ਭਾਰਤ ਨਿਵਾਸੀ ਵੀਰ ਅਤੇ ਆਪਣਾ ਅੰਗ ਸਮਝਦੇ ਹੋਏ ਲੰਗਰ ਵਿਚੋਂ ਪਰਸ਼ਾਦਾ ਦਿਓ। ਅਤੇ ਜਦੋਂ ਤੁਹਾਨੂੰ ਕਿਸੇ ਦੇ ਦੁਖ ਤਕਲੀਫ ਔਕੜ ਅਤੇ ਬਿਪਤਾ ਦਾ ਪਤਾ ਲਗੇ ਤਾਂ ਜਥਾ ਸ਼ਕਤ ਉਸਦਾ ਦਰਦ ਵੰਡਾਓ। ਇਸ ਵੇਲੇ ਮਹਾਤਮਾ ਜੀ ਦੀ ਇੱਛਾ ਸਰਕਾਰੀ ਨੌਕਰੀ, ਸਰਕਾਰੀ ਸਕੂਲਾਂ ਕਾਲਜਾਂ ਅਤੇ ਸਰਕਾਰੀ ਅਦਾਲਤਾਂ ਦਾ ਤਿਆਗ ਕਰਕੇ ਸਵਰਾਜ ਦੇ ਉੱਚੇ ਆਦਰਸ਼ ਉੱਤੇ ਪੁੱਜਣ ਦੀ ਹੈ, ਪਰੰਤੂ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਮਹਾਤਮਾ ਜੀ ਦੀ ਉਕਤ ਇੱਛਾ ਦਾ ਪ੍ਰਤੱਖ ਨਮੂਨਾ ਹਨ। ਕੋਈ ਨਾਮਧਾਰੀ ਸਰਕਾਰੀ ਨੌਕਰ ਨਹੀਂ ਹੈ ਅਤੇ ਨਾ ਨੌਕਰੀ ਨੂੰ ਪਸੰਦ ਕਰਦਾ ਹੈ। ਕੋਈ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਅਖਵਾਉਂਦਾ ਹੋਇਆ ਸਰਕਾਰੀ ਅਦਾਲਤ ਵਿਚ ਜਾਣਾ ਨਹੀ ਚਾਹੁੰਦਾ, ਆਪਣੀਆਂ ਪੰਥਕ ਪੰਚਾਇਤਾਂ ਵਿਚ ਹੀ ਹਰ ਕਿਸਮ ਦੇ ਫੈਸਲੇ ਹੁੰਦੇ ਹਨ। ਕੋਈ ਨਾਮਧਾਰੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਨੇ ਪਾ ਕੇ ਉਨ੍ਹਾਂ ਦੇ ਅਮੋਲਕ ਜੀਵਨ ਨੂੰ ਨਸ਼ਟ ਨਹੀ ਕਰਦਾ। ਇਹ ਤਿੰਨੇ ਹੀ ਗੱਲਾਂ-ਜਿਨ੍ਹਾਂ ਦੀ ਪੂਰਤੀ ਵਿਚ ਅਜੇ ਮਹਾਤਮਾ ਜੀ ਨੂੰ ਸਫਲਤਾ ਪ੍ਰਾਪਤ ਨਹੀਂ ਹੋਈ ਉਹ ਨਾਮਧਾਰੀ ਸਿੱਖਾਂ ਨੂੰ ੧੮੭੨ ਈਸਵੀ ਤੋਂ ਮਲੇਰ ਕੋਟਲੇ ਵਾਲੀਆਂ ਅਤੇ ਹੋਰ ਕਈ ਇਕ ਸਿੱਖਾਂ ਦੀਆਂ ਕੁਰਬਾਨੀਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਆਤਮ ਸ਼ਕਤੀ ਦੇ ਅਸਰ ਕਾਰਨ ਹੋ ਚੁਕੀ ਹੈ।

ਇਹ ਮੰਜ਼ਿਲ ਹੈ ੧੮੭੨ ਦੀ ਨਾ-ਮਿਲਵਰਤਨ ਦਾ ਸਿੱਟਾ ਜਿਹੜਾ ਕਿ ਵਰਤਮਾਨ ਨਾਂ-ਮਿਲਵਰਤਨ ਅਜੇ ਪ੍ਰਾਪਤ ਨਹੀਂ ਕਰ ਸਕੀ। ਏਸ ਗੱਲ ਨੂੰ ਸਿੱਧ ਕਰਨ ਹਿਤ ਮੈਨੂੰ ਬਹੁਤੇ ਪ੍ਰਮਾਣ ਦੇਣ ਦੀ ਲੋੜ ਨਹੀ, ਕਿਉਂਕਿ ਕਲਕੱਤੇ ਦੇ ਪੁਰਾਣੇ ਅਰ ਦੇਸ਼ ਦੇ ਪ੍ਰਸਿਧ ਸੇਵਕ 'ਅੰਮ੍ਰਿਤ ਬਾਜ਼ਾਰ ਪਤ੍ਰਿਕਾ' ਵਰਗੇ ਅਖ਼ਬਾਰ ਇਸ ਗੱਲ ਉੱਤੇ ਚਾਨਣਾ ਪਾ ਚੁਕੇ ਹਨ। ਮੇਰਾ ਇਹ ਦਾਅਵਾ ਹੈ ਕਿ ਅਜ ਕਲ ਦੀ ਬੇਦਾਰੀ ਭਾਵ ਜਾਗ੍ਰਤ ਵਿਚ ਸਭ ਤੋਂ ਬਹੁਤਾ ਭਾਗ ਮਲੇਰ ਕੋਟਲੇ ਦੇ ਸ਼ਹੀਦਾਂ ਦੀਆਂ ਸ਼ਹਾਦਤਾਂ ਅਤੇ ਸਤਿਗੁਰਾਂ ਦੇ ਪ੍ਰਦੇਸ ਗਮਨ ਦਾ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੀ ਇੱਜ਼ਤ ਕਰੀਏ ਅਤੇ ਐਸ ਵੇਲੇ ਉਨ੍ਹਾਂ ਦੀ ਇੱਜ਼ਤ ਕੇਵਲ ਇਹ ਹੈ ਕਿ ਅਸੀਂ ਉਨ੍ਹਾਂ ਦੀਆਂ ਸ਼ਹਾਦਤਾਂ ਦੇ ਮੂਲ ਕਾਰਨ ਦੇਸ ਰੱਖਿਅਕ ਅਸੂਲਾਂ ਉੱਤੇ ਡਟ ਜਾਈਏ।"

ਸਤਿਜੁਗ

ਸਤਿਜੁਗ ਦਾ

ਇਤਿਹਾਸਿਕ ਸਮਗਰੀ ਅੰਕ ੨੦੫੮

(੨੧ ਮਾਰਚ ਤੋਂ ੧੦ ਅਪ੍ਰੈਲ) ੨੦੦੨
ਮਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੭
ਜਿਲਦ ੧੦
ਨੰਬਰ ੬, ੭, ੮

ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-੧੧੦੦੧੫
ਫੋਨ: ੫੧੫੬੬੨੫, ੫੧੯੧੧੨੨
E:mail: satjug@vsnl.com

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਹਰਵਿੰਦਰ ਸਿੰਘ ਹੰਸਪਾਲ ਦੇ ਪ੍ਰਬੰਧ ਨਾਲ,
ਰਵਿੰਦਰਾ ਆਫਸੈਟ ਪ੍ਰੈਸ, ਨਰਾਇਣਾ
ਨਵੀਂ ਦਿੱਲੀ ਵਿੱਚ ਛਪਿਆ,
ਦਫ਼ਤਰ ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫
ਤੋਂ ਪ੍ਰਕਾਸ਼ਤ ਹੋਇਆ।
(ਨਾਮਧਾਰੀ ਦਰਬਾਰ ਵਾਸਤੇ)

THE SATJUG
Namdhari Gurdwara
Ramesh Nagar, New Delhi-15
RNI No. 55658/93........
Postal Regd.No. DL-11303/2002
Licence No.U(C)-169/2002 to post without pre-payment at New Delhi PSO

ਇਕ ਸਾਲ : ਦੇਸ - ੧੫੦ ਰੁ.
: ਪ੍ਰਦੇਸ - ੨੨ ਪੌਂਡ
ਪੰਜ ਸਾਲ : ਦੇਸ - ੬੦੦ ਰੁ.
ਪ੍ਰਦੇਸ - ੯੦ ਪੌਂਡ

Designed and Typeset at
CADCON_INC, New Delhi
cadcon_inc@yahoo.com
Ph: 5524527, 9810196274

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫

ਤਤਕਰਾ

ਤਤਕਰਾ

THE KUKA OF TODAY

The sect is known by the name of the "Kukas" or "Shouters," because, unlike the ordinary Sikhs, they permit themselves to fall into a state of Wajad or frenzy during their religious exercises, shaking their heads and reciting their prayers in a loud voice. They finish prayer with a loud cry of "Sat Sri Akal".—"God is true," and their religious meetings are said to have often ended in disgusting orgies. They differ also from the Sikhs generally in the manner of wearing the turban (sidha pag) and in carrying a necklace of woollen cord tied in knots, which serve as beads for prayer.

-CENSUS OF INDIA, 1891

His Holiness Satguru Jagjit Singh Ji represents the great humanitarian message of Guru Nanak Dev and the spirit of justic of Guru Gobind Singh. He represents the revolutionary ideals of freedom of man given by the great Satguru Ram Singh. Millions consider him the incarnation and inheritor of the spiritual crown and throne of all these great masters. To understand what he represents and what is his mission, one must be acquainted with the tradition and the values he upholds.

ਇਕ ਹੋਰ ਨਵੇਕਲਾ ਅੰਕ

ਸਤਿਜੁਗ ਸੱਚੀਆਂ ਸੁੱਚੀਆਂ ਸਤਿਜੁਗੀ ਕਦਰਾਂ ਕੀਮਤਾਂ ਦਾ ਪ੍ਰਤੀਕ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨੇ ਸਦਾ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣ ਵਾਲੀਆਂ ਕਦਰਾਂ ਕੀਮਤਾਂ ਨੂੰ ਦ੍ਰਿੜਾਇਆ ਹੈ। ਗੁਰਸਿੱਖਾਂ ਨੇ ਹਮੇਸ਼ਾਂ ਆਪ ਜੀ ਦੇ ਦੱਸੇ ਮਾਰਗ ਨੂੰ ਅਪਣਾ ਕੇ ਆਪਣੀ ਜ਼ਿੰਦਗੀ ਨੂੰ ਮਾਣ ਮੱਤਾ ਬਣਾਇਆ ਹੈ। ਇਤਿਹਾਸ ਐਸੀਆਂ ਘਟਨਾਵਾਂ ਨੂੰ ਸੰਭਾਲੀ ਬੈਠਾ ਹੈ। ਸਤਿਜੁਗ ਸਪਤਾਹਿਕ ਐਸੇ ਇਤਿਹਾਸ ਨੂੰ ਪੇਸ਼ ਕਰਨ ਦਾ ਇੱਕ ਉੱਤਮ ਵਸੀਲਾ ਹੈ।

ਪਿਛਲੇ ੮੨ ਸਾਲਾਂ ਤੋਂ ਸਤਿਜੁਗ, ਇਸ ਤਰ੍ਹਾਂ ਦੀ ਵਿਸ਼ੇਸ ਸਮਗਰੀ ਪ੍ਰਕਾਸ਼ਿਤ ਕਰ ਰਿਹਾ ਹੈ, ਜਿਸ ਨੂੰ ਪੜ੍ਹ ਕੇ ਆਪਣੇ ਇਤਿਹਾਸ 'ਤੇ ਮਾਣ ਹੁੰਦਾ ਹੈ ਅਤੇ ਵਰਤਮਾਨ ਚੰਗੇਰਾ ਚੰਗੇਰਾ ਨਜ਼ਰ ਆਉਂਦਾ ਹੈ। ਇਸ ਰਾਹੀਂ ਸਿੱਖੀ ਮਾਰਗ ਨੂੰ, ਗੁਰਬਾਣੀ ਅਨੁਸਾਰ, ਪ੍ਰਚਾਰਨ-ਪ੍ਰਸਾਰਨ ਦਾ ਉਪਰਾਲਾ ਕੀਤਾ ਜਾਂਦਾ ਹੈ।

ਇਸ ਸਾਲ ਦਾ ਸਤਿਜੁਗ ਦਾ ਵਿਸ਼ੇਸ ਅੰਕ ਕਿਸ ਤਰ੍ਹਾਂ ਦਾ ਹੋਵੇ, ਇਸ ਬਾਰੇ ਵਿਚਾਰ ਕਰਨ ਲਈ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੀ ਵਿਸ਼ੇਸ ਬੈਠਕ ਕੀਤੀ ਗਈ। ਵਿਚਾਰ ਤਾਂ ਇਹ ਸੀ ਕਿ ਸਮੁੱਚੇ ਇਤਿਹਾਸ ਨੂੰ ਤਰਤੀਬਵਾਰ ਅਤੇ ਸਹੀ ਰੂਪ ਵਿੱਚ ਪੇਸ਼ ਕੀਤਾ ਜਾਏ। ਪਰ ਇਕੱਤਰਤਾ ਵਿੱਚ ਫੈਸਲਾ ਇਹ ਹੋਇਆ ਕਿ ਪਹਿਲਾਂ ਇਤਿਹਾਸਿਕ ਸਮਗਰੀ ਵਿਸ਼ੇਸ ਅੰਕ ਛਾਪਿਆ ਜਾਵੇ, ਇਸ ਵਿੱਚ ਨਾਮਧਾਰੀ ਇਤਿਹਾਸ ਸੰਬੰਧੀ ਸਮਗਰੀ ਪੇਸ਼ ਕੀਤੀ ਜਾਏ ਜੋ ਇਤਿਹਾਸ ਲਿਖਣ ਲਈ ਯਤਨਸ਼ੀਲ ਕਿਸੇ ਵੀ ਵਿਅਕਤੀ ਦੇ ਕੰਮ ਆ ਸਕੇ।

ਇਤਿਹਾਸਿਕ ਸਮਗਰੀ ਤਿਆਰ ਕਰਨ ਲਈ ਵੱਖ-ਵੱਖ ਸਾਧਨਾਂ ਤੋਂ ਸਮਗਰੀ ਇਕੱਤਰ ਕੀਤੀ ਗਈ। ਕੁਝ ਪੁਰਾਣੇ ਵਡਮੁੱਲੇ ਲੇਖ ਅਤੇ ਦਸਤਾਵੇਜ਼ ਪ੍ਰਾਪਤ ਕੀਤੇ ਗਏ, ਐਨਸਾਈਕਲੋਪੀਡਿਆ ਬ੍ਰਟੇਨਿਕਾ ਤੇ ਵਿਸ਼ਵ ਦੀਆਂ ਧਾਰਮਿਕ ਡਿਕਸ਼ਨਰੀਆਂ ਨੂੰ ਫਰੋਲਣ ਨਾਲ ਇਹ ਗੱਲ ਸਮਝਣ ਵਿੱਚ ਕੋਈ ਭੁਲੇਖਾ ਨਾ ਰਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਨਾਮਧਾਰੀ ਇਤਿਹਾਸ ਦੇਸ ਭਗਤਾਂ ਅਤੇ ਵਿਦਵਾਨਾਂ ਦੇ ਧਿਆਨ ਦਾ ਕੇਂਦਰ ਰਿਹਾ ਹੈ। ਭਗਤ ਸਿੰਘ ਵਰਗੇ ਦੇਸ ਭਗਤਾਂ ਨੂੰ ਇਸ ਗੱਲ ਦਾ ਗਿਲਾ ਵੀ ਰਿਹਾ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਇਤਿਹਾਸ ਨਾਲ ਨਿਆਂ ਨਹੀ ਹੋਇਆ।

ਸਰਕਾਰੀ ਦਸਤਾਵੇਜ਼ਾਂ ਵਿਚੋਂ, ਇਹ ਗੱਲ ਕਿਸੇ ਤਰ੍ਹਾਂ ਵੀ ਲੁਕੀ ਨਹੀਂ ਰਹਿੰਦੀ ਕਿ ਸਤਿਗੁਰੂ ਰਾਮ ਸਿੰਘ ਸਿੱਖਾਂ ਦੇ, ਸਤਿਗੁਰੂ ਸੱਚੇ ਪਾਤਸ਼ਾਹ ਸਨ। ਉਹ ਵਿਦੇਸ਼ੀ ਹਾਕਮਾਂ ਨੂੰ ਦੇਸ਼ 'ਚੋਂ ਬਾਹਰ ਕੱਢਣ ਲਈ ਪੂਰੀ ਤਰ੍ਹਾਂ ਨਾਲ ਸੰਗਠਨ ਅਤੇ ਸ਼ਕਤੀ ਤਿਆਰ ਕਰ ਚੁੱਕੇ ਸਨ। ਇਹ ਦਸਤਾਵੇਜ਼ ਬੇਸ਼ੱਕ ਸੌ ਸਵਾ ਸੌ ਸਾਲ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਸਨ ਜਾਂ ਸਰਕਾਰੀ ਰਿਕਾਰਡ ਦੀਆਂ ਫਾਈਲਾਂ ਵਿੱਚ ਸੰਭਾਲੇ ਪਏ ਸਨ ਫਿਰ ਵੀ ਇਨ੍ਹਾਂ ਨੂੰ ਪੇਸ਼ ਕਰਨ ਨਾਲ ਪਾਠਕਾਂ ਸਾਹਮਣੇ ਕਈ ਮਹੱਤਵ ਪੂਰਨ ਪੱਖ ਸਾਹਮਣੇ ਆ ਜਾਂਦੇ ਹਨ। ਸ. ਨਾਹਰ ਸਿੰਘ ਐਮ. ਏ. ਅਤੇ ਸ. ਜਸਵਿੰਦਰ ਸਿੰਘ ਨੇ ਨਾਮਧਾਰੀ ਇਤਿਹਾਸ ਸੰਬੰਧੀ ਸਰਕਾਰੀ ਰਿਕਾਰਡ ਵਿੱਚੋਂ ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਕੁਝ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਹਨ। ਪਰ ਸਧਾਰਨ ਪਾਠਕ ਨੂੰ ਉਨ੍ਹਾਂ ਵਿੱਚੋਂ ਵੀ ਚੋਣ ਕਰਨ ਦੀ ਲੋੜ ਹੈ। ਇਹ ਚੋਣ ਵੀ ਇਸ ਅੰਕ ਵਿੱਚ ਪੇਸ਼ ਕੀਤੀ ਗਈ ਹੈ।

ਇਸ ਅੰਕ ਵਿੱਚ ਪੇਸ਼ ਕੀਤੀ ਗਈ ਸਮਗਰੀ ਵਿੱਚ, ਜਿਥੇ ਲੇਖਕ ਦੀ ਰਾਏ ਸਹੀ ਨਹੀਂ ਸੀ ਉਥੇ ਬਰੈਕਟ ਵਿੱਚ ਉਸ ਰਾਏ ਦਾ ਸਹੀ ਰੂਪ ਅਤੇ ਉਸ ਘਟਨਾ ਦੇ ਸਹੀ ਵੇਰਵੇ ਦੇਣ ਵੱਲ ਸੰਕੇਤ ਕੀਤਾ ਗਿਆ ਹੈ। ਅੰਗਰੇਜ਼ੀ ਦਸਤਾਵੇਜ਼ਾਂ ਦੇ ਹੈਡਿੰਗ ਵੀ ਆਪ ਲਾਏ ਗਏ ਹਨ ਤਾਂਕਿ ਪਾਠਕ ਛੇਤੀ ਹੀ ਉਸ ਦਸਤਾਵੇਜ਼ ਦੇ ਨੇੜੇ ਹੋ ਸਕੇ। ਕੁਝ ਰਚਨਾਵਾਂ ਗੈਰਨਾਮਧਾਰੀ ਇਤਿਹਾਸਕਾਰਾਂ ਦੁਆਰਾ ਲਿਖੀਆਂ ਹੋਣ ਕਰਕੇ ਜ਼ਰੂਰੀ ਨਹੀਂ ਕਿ ਨਾਮਧਾਰੀ ਮਾਪਦੰਡ ਅਨੁਸਾਰ ਪੂਰੀ ਤਰ੍ਹਾਂ ਸਹੀ ਹੋਣ ਪਰ ਉਨ੍ਹਾਂ ਦੀ ਇਤਿਹਾਸਿਕ ਮਹੱਤਵ ਹੈ। ਕਿਉਂਕਿ ਉਹਨਾਂ ਜੋ ਵੀ ਲਿਖਿਆ, ਇੱਕ ਸਦੀ ਪਹਿਲਾਂ ਇਸ ਬਾਰੇ ਪ੍ਰਾਪਤ ਜਾਣਕਾਰੀ ਅਨੁਸਾਰ, ਚੰਗੇਰੀ ਭਾਵਨਾ ਨਾਲ ਲਿਖਿਆ ਹੈ। ਸਹਿਜੇ ਹੀ ਇਸ ਗੱਲ ਸਾਹਮਣੇ ਆ ਜਾਂਦੀ ਹੈ ਕਿ ਉਸ ਸਮੇਂ ਹੀ ਘਰ-ਘਰ ਰਾਮ ਸਿੰਘ ਪੈਦਾ ਹੋ ਚੁੱਕਾ ਸੀ, ਤਾਂ ਹੀ ਇਤਿਹਾਸ ਉਨ੍ਹਾਂ ਦੇ ਧਿਆਨ ਦਾ ਕੇਂਦਰ ਬਣਿਆ ਜਿਥੋਂ ਵੀ, ਜਿਸ ਤਰ੍ਹਾਂ ਦੀ ਜਾਣਕਾਰੀ ਅਤੇ ਸਮਗਰੀ ਉਨ੍ਹਾਂ ਨੂੰ ਪ੍ਰਾਪਤ ਹੋਈ, ਉਹ ਸਮਗਰੀ ਸਚਮੁੱਚ ਇਤਿਹਾਸਿਕ ਮਹੱਤਤਾ ਵਾਲੀ ਸੀ।

ਇਸ ਮਹੱਤਤਾ ਨੂੰ ਧਿਆਨ ਵਿੱਚ ਰੱਖਦਿਆਂ ਨਮੂਨੇ ਵਜੋਂ ਕੁਝ ਦਸਤਾਵੇਜ਼ਾਂ ਦੀ ਹੂਬਹੂ ਨਕਲ ਵੀ ਸਕੈਨ ਕਰਾ ਕੇ ਪੇਸ਼ ਕੀਤੀ ਹੈ। ਭਾਵੇਂ ਉਹ ਲਿਖਤ ਗੁਰਮੁਖੀ, ਉਰਦੂ, ਅੰਗਰੇਜ਼ੀ ਆਦਿ ਕਿਸੇ ਭਾਸ਼ਾ ਦੀ ਵੀ ਹੈ।

ਇਸ ਅੰਕ ਦਾ ਕਾਰਜ ਕਰਨ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਸ਼ੀਰਵਾਦ ਦੇਣ ਦੀ ਕਿਰਪਾ ਕੀਤੀ। ਦੁਰਲੱਭ ਸਮਗਰੀ ਇਕੱਤਰ ਕਰਨ ਵਿੱਚ ਸੇਵਕ ਹਰਪਾਲ ਸਿੰਘ, ਸ. ਜਸਵਿੰਦਰ ਸਿੰਘ, ਸ੍ਰੀ. ਦਵਿੰਦਰ ਸਿੰਘ ਗਿੱਲ ਜੀਆ ਨੱਥਾ ਆਦਿ ਨੇ ਵਿਸ਼ੇਸ਼ ਹਿੱਸਾ ਪਾਇਆ ਹੈ। ਸ. ਜਸਵਿੰਦਰ ਸਿੰਘ ਹੁਰਾਂ ਤਾਂ ਸਾਰੀ ਸਮਗਰੀ ਨੂੰ ਥਾਂ ਸਿਰ ਪੇਸ਼ ਕਰਨ ਵਾਸਤੇ ਵੀ ਭਰਪੂਰ ਸਹਿਯੋਗ ਦਿੱਤਾ ਹੈ। ਸ੍ਰੀ ਅਮਰ ਭਾਰਤੀ ਜੀ ਸਮੇਂ-ਸਮੇਂ ਅਪਣੀਆਂ ਵਡਮੁੱਲੀਆਂ ਰਾਵਾਂ ਦੇਂਦੇ ਰਹੇ ਹਨ। ਸ੍ਰੀ ਹੰਸਪਾਲ ਜੀ ਦੀ ਅਗਵਾਈ ਹੇਠ ਸਤਿਜੁਗ ਸਟਾਫ ਦੀ ਸਮੁੱਚੀ ਟੀਮ-ਇੰਦਰਜੀਤ ਸਿੰਘ, ਤਰੋਲਚਨ ਸਿੰਘ, ਗੁਰਦੇਵ ਸਿੰਘ ਅਤੇ ਸੰਤੋਖ ਸਿੰਘ ਆਦਿ ਨੇ ਦਿਨ ਰਾਤ ਇੱਕ ਕੀਤਾ ਹੈ। ਸ. ਹਰਕੀਰਤ ਸਿੰਘ ਦਾ ਲੇਜ਼ਰ ਟਾਈਪ ਸੈਟਿੰਗ ਲਈ, ਸ. ਜਸਵਿੰਦਰ ਸਿੰਘ ਆਰਟਿਸਟ ਦਾ ਟਾਈਟਲ ਦੀ ਡਿਜ਼ਾਇਨਿੰਗ ਲਈ ਅਤੇ ਸ੍ਰੀ ਰਾਮ ਕਿਸ਼ੋਰ ਕਟਾਰੀਆ ਦਾ ਜਿਲਦ ਬੰਦੀ ਲਈ ਕੀਤਾ ਕਾਰਜ ਸਲਾਹੁਣਯੋਗ ਹੈ।

ਇਹ ਅੰਕ ਕਿੰਨਾ ਕੁ ਮਹੱਤਵਪੂਰਨ ਹੈ ਇਹ ਤੁਸੀਂ, ਪਾਠਕ ਹੀ ਦੱਸ ਸਕਦੇ ਹੋ ਪਰ ਅਦਾਰਾ ਸਤਿਜੁਗ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਪਾਠਕਾਂ ਅੱਗੇ ਇਕ ਹੋਰ ਨਵੇਕਲਾ ਅੰਕ ਪੇਸ਼ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।

-ਤਾਰਾ ਸਿੰਘ ਅਨਜਾਣ

CORRECT PERSPECTIVE OF SIKH HISTORY

Sikhism was at the lowest ebb in the Sikh history after the regime of Maharaja Ranjit Singh. Britishers had completely taken over India socially, morally, and politically and were interfering and playing with the religious and spiritual sentiments of every countryman to their advantage and were firmly establishing the hold on Indic for their permanent stay. Indian masses accepted them as the will of God and started living the lives of slaves.

Sikhism was almost at the stage of extinction, when Guru Ram Singh appeared on the scene in Punjab. Guru Ram Singh thought about it and revived the basic concept of Sikhism and its initiation by Guru Gobind Singh. He created Sant Khasla with rejuvenated spirit in the second half of the nineteenth century, when India was passing through the darkest period of history.

Guru Ram Singh had to face triple challenge of the internal evil represented by the priestly classes, British imperialism and pro British rule of Indian states. Exactly one month before the war of Independence in 1857 Guru Ram Singh unfurled the white flag with a new meaning and prescribed a new pledge. Revived Sikhism with a new vigour and made a new beginning, adding socio - political angle to the Sikh religion to fight the imperialist power through non-violent means. Guru Ram Singh adopted Swadeshi in the truest sense and completely boycotted the British goods and its services totally. He launched the civil disobedience movement to such an extent that the Sikhs revolted everything that had even the remotest support of the Britishers.

The scare of the movement was so great in the minds of Britishers that their Government was shaken to its roots. The Swadeshi, non-violent and non - cooperation movement of Sikhs was later on adopted by Mahatma Gandhi as a means of exterminating the Britishers from India.

During the period of 1857 to 1867 in ten years, according to records dug out from National Archives by the eminent scholars, Britishers recorded that the disciples of Guru Ram Singh rose to seven lakhs. It was the revival of Sikhism in true sense and it became greater danger for the stability of Britishers in India. They suppressed the movement terrorised Sikhs and exiled Guru Ram Singh in 1872 to Burma. Thereafter they played their game of divide and rule and broke Sikhs into bits and pieces. They interfered in the religious matters of Sikhs brutally and altered even the basic concepts of the Sikhism. They tempered with the original written works of Sikhs. The originals were destroyed. The contemporary records of the Sikh history are now no more available.

The revival of Sikhism and the movement started by Guru Ram Singh known, as Kuka Movement in the records of Britishers has yet not seen the light of the day. It has yet to be published properly so as to be known by every Sikh and be proud of it. Every Indian should know the sacrifices made by Sikhs and their families for the sake of independence of the country and how dear is India to Sikhs.

The word Kuka used by the Britishers in their records for the Sikhs revived by the Guru Ram Singh was definitely not used out of respect for Sikhs. Their effort had always been to demoralise Sikhs and not to glorify them or their deeds. The Ludhiana District Gazetteer - 1904 says ' The truth is that it is not possible for a Kuka to be a loyal subject of the British Government.' They could have very easily said that ' The truth is that it is not possible for a Sikh to be a loyal subject of the British Government. But it did not suit them to consolidate and unite the Sikhs. Their effort had always been to divide the Sikhs and keep them busy in smaller groups and provoke them to fight and quarrel with each other on menial matters.

Guru Ram Singh always worked for the revival of Sikh rule. The Britishers confessed and it can now be ascertained from the records that he wanted to establish Khalsa Raj in 1860's. Historians better know in those days there was no divide in Sikhs like Singh Sabhias, Chief Khalsa, Nihangs, Kukas, and Namdharis or for

that matter Akalis. It was the systematic creation of Britishers to break us in bits and pieces to weaken the otherwise very bold and energetic Sikhs baptised by Guru Gobind Singh and later revived by Guru Ram Singh.

Thousands of Sikhs revived by Guru Ram Singh whose unity, one-ness of purpose, love for their Guru and moral attitude was so strong that the Britishers felt shaken. The first clash occurred in June 1863, when Guru Ram Singh held big gathering of Sikhs at village Khote and performed simple and inexpensive mass marriages of six couples. The Britishers had already set its secret agents on Sikhs. One British agent reported," Ram Singh wishes the Sikh rule back." Another spy wrote, " Guru Ram Singh showed his determination to fight and defeat the Britishers and to establish the Khalsa Raj." The Governor of Punjab in 1864 felt," Guru Ram Singh was organizing the war like Sikhs for political purposes under the cloak of social and religious reforms."

R.G.Taylor the Commissioner of Ambala in 1866 reported," Guru Ram Singh wanting to recover there much loved freedom and restore the glories of the Sikhs. It is my thorough belief that these lads (Sikhs) mean war sooner or later and I strongly recommend my Government to be before hand with them."

Mr. Donovan from Doraha warned in 1868 and wrote to Governor General that, " A most dreadful thing was going on in the country; and that Guru Ram Singh had gathered two lakh Sikhs to rebel us —— and finally to expel us from the Punjab". He further warned, " An insurrection is expected to take place sometime in the early part of next year."

Mr. Donovan quoted Guru Ram Singh as having addressed the following words to an assembly of Sikhs, " Brethren - by the word of our God, and according to the doctrines of Guru Gobind Singh, we have met at this time to consult about the best mode of expelling all the Britishers from the country."

Mr. Donovan remonstrated in the concluding part of his report that, "The Kuka Sikhs are daily expected to rise and all native chiefs are sworn in to join them. The cry of rebellion has gone through out India; so let us not be lenient. Let us now hang, confiscate, reward, disarm, pull down or transport. The Malwa country in general stink with rebellion and whole place is now boiling for British blood."

Guru Ram Singh wanted Britishers to leave India and therefore expanded Kuka Movement to Kashmir, Nepal, Afghanistan, Bhutan and Russia. Contacts with their rulers were made through the important emissaries of Guru Ram Singh. Britishers suspected help to Sikhs from the maharajas of the countries and it was under these circumstances that the year 1872 proved to be fatal for the Kuka Movement and Guru Ram Singh was exiled to Burma.

The divide started by the Britishers in Sikhs have gone so deep that as on today we stand divided in dozens of sections of Sikhs, which in my opinion is deplorable. In the present context when democracy is the cry of the day, everything you wish to achieve depends on the head count. For head count unity is the prime consideration. Consolidation of total Sikh energy is the necessity of the day.

The research scholars and intellectuals need to go deeper on this subject and dig out the original material and do their work afresh instead of continue to work on the material made available to us by the Britishers. The concept of Guru Sahibs given to us, creation of Sikhism and Sikh history in toto needs to be reviewed thoroughly.

Satjug in its Annual Number this year is reproducing in its English section some of the original documents with a view to bring out the hidden facts and literature of the Sikh history of Guru Ram Singh period. We shall try to put the historical facts in the correct perspective on the basis of records, which was otherwise blemished by the Britishers. Our endeavour is to make the history interesting for the common reader.

This would give insight about the freedom movement pioneered by Guru Ram Singh and contributions made by Sikhs in the freedom struggle. This will also benefit the present day generation, would add to their knowledge and they would be able to know about the sacrifices and sufferings borne by our ancestors. Because of their fortitude and renunciation we are enjoying today the fruits of freedom.

We are producing the documents in original even about the death controversy of Satguru Ram Singh. The views of authors are given without editing them, which may not be according to the Namdhari faith and belief.

Readers would please accept the humble beginning by SATJUG of publishing the source material.

-H.S. Hanspal

ਸਿੱਖਾਂ ਦਾ ਕੂਕਾ ਨਾਂ ਦਾ ਨਵਾਂ ਫਿਰਕਾ

ਪੰਡਤ ਦੇਬੀ ਪ੍ਰਸ਼ਾਦ

ਇਹ ਲੇਖ ਪੰਡਤ ਦੇਬੀ ਪ੍ਰਸਾਦ ਦੀ ੧੮੭੨ ਈ. ਵਿਚ ਲਿਖੀ ਉਰਦੂ ਭਾਸ਼ਾ ਦੀ ਪੁਸਤਕ 'ਗੁਲਸ਼ਨ-ਏ -ਪੰਜਾਬ' ਵਿਚੋਂ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਤੋਂ ੧੮੭੨ ਈ. ਤਕ ਦਾ ਸਿਖ ਇਤਿਹਾਸ ਦਰਜ ਹੈ। ਇਸ ਰਚਨਾ ਨੂੰ ਮਹੱਤਵ ਪੂਰਨ ਮੰਨਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਜਾਬੀ ਵਿਚ ਨੇ ਛਪਵਾਇਆ। ਇਸ ਵਿਚ ਦੋ ਥਾਈਂ ਸਫ਼ਾਂ ੨੨੨ ਅਤੇ ਸਫ਼ਾ ੨੯੭ ਉੱਤੇ ਨਾਮਧਾਰੀ ਪੰਥ ਬਾਰੇ ਜੋ ਜਾਣਕਾਰੀ ਦਿਤੀ ਹੋਈ ਹੈ, ਛਾਪੀ ਜਾ ਰਹੀ ਹੈ। -ਸੰਪਾਦਕ

ਪੰਨਾ ੨੨੨

ਇਸ ਫਿਰਕੇ ਦੀ ਬੁਨਿਆਦ ੧੮੪੭ ਵਿਚ ਪਈ। ਹਜ਼ਰੋ ਜ਼ਿਲਾ ਰਾਵਲਪਿੰਡੀ ਦਾ (ਸਤਿਗੁਰੂ) ਬਾਲਕ ਸਿੰਘ ਨਾਮੀ ਇਕ ਆਦਮੀ ਇਸਦਾ ਬਾਨੀ ਸੀ। ਉਸਨੇ ਬਹੁਤ ਸਾਰੇ ਮੁਰੀਦ ਬਣਾ ਲਏ ਅਤੇ ੧੮੬੩ (੧੮੬੨ ਈ.) ਵਿਚ ਸਵਰਗਵਾਸ ਹੋ ਗਿਆ। ਇਸ ਫਿਰਕੇ ਦੇ ਲੋਕਾਂ ਦੀ ਇੱਛਾ ਅਨੁਸਾਰ ਜ਼ਿਲਾ ਲੁਧਿਆਣਾ ਦੇ ਪਿੰਡ ਭੈਣੀ ਦਾ (ਸਤਿਗੁਰੂ) ਰਾਮ ਸਿੰਘ ਤਰਖਾਣ ਜਾਤੀ ਦਾ ਇਕ ਆਦਮੀ ਉਸਦਾ ਉਤਰ ਅਧਿਕਾਰੀ ਬਣਿਆ। ਉਸਦੇ ਗੱਦੀ ਤੇ ਬੈਠਣ ਨਾਲ ਇਸ ਫਿਰਕੇ ਦੀ ਬੜੀ ਉਨਤੀ ਹੋਈ।

ਉਨ੍ਹਾਂ ਦੇ ਅਸੂਲਾਂ ਅਨੁਸਾਰ ਇਸ ਫਿਰਕੇ ਵਿਚ ਹਿੰਦੂ ਤੇ ਮੁਸਲਮਾਨ ਦੋਵੇ ਹੀ ਸ਼ਾਮਿਲ ਹੋ ਸਕਦੇ ਹਨ। ਪਰ ਇਸ ਫਿਰਕੇ ਵਿਚ ਜ਼ਿਆਦਾਤਰ ਨੀਵੀਆਂ ਜਾਤੀਆਂ ਦੇ ਲੋਕ, ਜਿਵੇ ਕਿ ਤਰਖਾਣ, ਲੁਹਾਰ ਅਤੇ ਕੰਮੀ ਲੋਕ ਅਤੇ ਜੱਟ ਹੀ ਸ਼ਾਮਿਲ ਹਨ।

ਇਸ ਫਿਰਕੇ ਦਾ ਪਹਿਰਾਵਾ ਇਹ ਹੈ ਕਿ ਉਹ ਇਕ ਉਨੀ ਸਿਹਰਾ (ਮਾਲਾ) ਅਤੇ ਬਿਨਾਂ ਵਲ ਪਗੜੀ ਬੰਨ੍ਹਦੇ ਹਨ। ਹੱਥ ਵਿਚ ਸੋਟੀ ਰਖਦੇ ਹਨ ਪਰ ਇਕ ਛੁਰੀ ਅਤੇ ਇਕ ਛੋਟਾ ਜਿਹਾ ਬਸੂਲਾ (ਸੇਲਾ) ਆਪਣੇ ਪਾਸ ਰਖਣਾ ਹਰ ਆਦਮੀ ਲਈ ਜ਼ਰੂਰੀ ਹੈ।

(ਗੁਰੂ) ਰਾਮ ਸਿੰਘ ਦੇ ਅਸੂਲ ਅਤੇ ਬਚਨ ਨਾਨਕ ਸ਼ਾਹ (ਗੁਰੂ ਨਾਨਕ ਦੇਵ ਜੀ) ਵਰਗੇ ਹਨ। ਉਹ ਇਕ ਰੱਬ ਨੂੰ ਮੰਨਦਾ ਹੈ, ਕੌਮਾਂ ਵਿੱਚ ਭਿੰਨ ਭੇਦ, ਉਸਦੇ ਬਚਨਾਂ ਅਨੁਸਾਰ ਇਕ ਫਜ਼ੂਲ ਜਿਹੀ ਚੀਜ਼ ਹੈ ਅਤੇ ਬੁਤ ਪੂਜਾ ਬਿਲਕੁਲ ਬਕਵਾਸ ਹੈ।

ਉਸਦੇ ਅਸੂਲਾਂ ਅਨੁਸਾਰ ਸੰਤੋਖ, ਸ਼ਰਮ ਅਤੇ ਰਬ ਦਾ ਸਹਾਰਾ ਮਹਾਨ ਗਲਾਂ ਹਨ। ਉਹ ਝੂਠ ਬੋਲਣ, ਚੋਰੀ ਕਰਨ ਅਤੇ ਇਸਤਰੀਆਂ ਨਾਲ ਵਿਭਚਾਰ ਕਰਨ ਨੂੰ ਬੁਰਾ ਸਮਝਦੇ ਹਨ ਅਤੇ ਜੋ ਕੋਈ ਅਜਿਹਾ ਕੰਮ ਕਰਦਾ ਹੈ, ਉਸ ਨੂੰ ਫਿਰਕੇ ਵਿਚੋਂ ਕੱਢ ਦੇਣਾ ਉਚਿਤ ਸਮਝਦੇ ਹਨ। ਇਨ੍ਹਾਂ ਦੇ ਫਿਰਕੇ ਵਿਚ ਧੀਆਂ ਨੂੰ ਵਿਆਹ ਦੇ ਮੰਤਵ ਲਈ ਵੇਚਣਾ, ਜਿਵੇਂ ਕਿ ਆਮ ਜੱਟ ਕੌਮਾਂ ਵਿਚ ਹੁੰਦਾ ਹੈ, ਅਤੇ ਸ਼ਰਾਬ ਤੇ ਹੁੱਕਾ ਪੀਣਾ ਵਰਜਤ ਹਨ। ਉਸਦਾ ਕਹਿਣਾ ਹੈ ਕਿ ਮਨੁੱਖ ਮਿਹਨਤ ਕਰਨ ਲਈ ਬਣਾਇਆ ਗਿਆ ਹੈ, ਇਸ ਲਈ ਬ੍ਰਾਹਮਣ, ਸੋਢੀ ਅਤੇ ਬੇਦੀ ਜੋ ਦਾਨ ਤੇ ਗੁਜ਼ਾਰਾ ਕਰਦੇ ਹਨ, ਧੋਖੇਬਾਜ਼ ਹਨ।

ਉਸਦੇ ਬਚਨਾਂ ਦਾ ਵੇਰਵਾ ਉਸ ਇਸ਼ਤਿਹਾਰ (ਰਹਿਤਨਾਮਾ) ਤੋਂ ਪਤਾ ਲਗੇਗਾ ਜੋ ਉਸ ਨੇ ਆਪਣੇ ਮੁਰੀਦਾਂ ਵਿਚਕਾਰ ਵੰਡਿਆ ਸੀ। ਉਹ ਗੱਲ ਇਸ ਪ੍ਰਕਾਰ ਹੈ ਕਿ ਨੇਕੀ ਅਤੇ ਪਵਿੱਤਰ ਜੀਵਨ ਬਤੀਤ ਕਰੋ ਅਤੇ ਅੱਠੇ ਪਹਿਰ ਰੱਬ ਨੂੰ ਚੇਤੇ ਕਰੋ। ਦੂਜਿਆਂ ਦੀਆਂ ਧੀਆਂ, ਭੈਣਾਂ ਨੂੰ ਆਪਣੀਆਂ ਧੀਆਂ, ਭੈਣਾਂ ਸਮਝੋ। ਕਿਸੇ ਨੂੰ ਦੂਜੇ ਦੀ ਨਿੰਦਿਆ ਨਾ ਕਰਨ ਦਿਓ, ਸ਼ਾਂਤੀ ਨਾਲ ਰਹੋ। ਜੇ ਕੋਈ ਤੁਹਾਨੂੰ ਮਾਰੇ ਤਾਂ ਵੀ ਬਰਦਾਸ਼ਤ ਕਰ ਜਾਵੋ, ਕਿਉਂ ਕਿ ਰੱਬ ਤੁਹਾਡਾ ਸਹਾਈ ਹੈ। ਆਪਣੇ ਚੰਗੇ ਕੰਮਾਂ ਨੂੰ ਸਦਾ ਲੁਕਾ ਕੇ ਰਖੋ। ਕੋਈ ਆਦਮੀ ਵਿਭਚਾਰ ਜਾਂ ਚੋਰੀ ਕਰਦਾ ਹੈ ਤਾਂ ਉਸਨੂੰ ਆਪਣੇ ਵਿਚ ਸ਼ਾਮਿਲ ਨ ਕਰੋ। ਨਾ ਮਾਸ ਖਾਓ, ਨਾ ਸ਼ਰਾਬ ਪੀਓ। ਆਪਣੇ ਦਿਲ ਵਿਚ ਰੱਬ ਦਾ ਡਰ ਰਖੋ।

ਉਸਦੇ ਬਚਨਾਂ ਦਾ ਵੇਰਵਾ ਉਸ ਇਸ਼ਤਿਹਾਰ (ਰਹਿਤਨਾਮਾ) ਤੋਂ ਪਤਾ ਲਗੇਗਾ ਜੋ ਉਸ ਨੇ ੧੮੬੬ ਵਿਚ ਆਪਣੇ ਮੁਰੀਦਾਂ ਵਿਚਕਾਰ ਵੰਡਿਆ ਸੀ। ਉਹ ਗੱਲ ਇਸ ਪ੍ਰਕਾਰ ਹੈ ਕਿ ਨੇਕੀ ਅਤੇ ਪਵਿਤਰ ਜੀਵਨ ਬਤੀਤ ਕਰੋ ਅਤੇ ਅੱਠੇ ਪਹਿਰ ਰੱਬ ਨੂੰ ਚੇਤੇ ਕਰੋ। ਦੂਜਿਆਂ ਦੀਆਂ ਧੀਆਂ, ਭੈਣਾਂ ਨੂੰ ਆਪਣੀਆਂ ਧੀਆਂ, ਭੈਣਾਂ ਸਮਝੋ। ਕਿਸੇ ਨੂੰ ਦੂਜੇ ਦੀ ਨਿੰਦਿਆ ਨਾ ਕਰਨ ਦਿਓ, ਸ਼ਾਂਤੀ ਨਾਲ ਰਹੋ। ਜੇ ਕੋਈ ਦੂਜਾ ਆਦਮੀ ਭੈੜੇ ਸ਼ਬਦ ਆਖੇ ਤਾਂ ਉਸਨੂੰ ਠੀਕ ਤਰ੍ਹਾਂ ਬੋਲਣ ਲਈ ਕਹੋ। ਜੇ ਕੋਈ ਤੁਹਾਨੂੰ ਮਾਰੇ ਤਾਂ ਵੀ ਬਰਦਾਸ਼ਤ ਕਰ ਜਾਵੋ, ਕਿਉਂ ਕਿ ਰੱਬ ਤੁਹਾਡਾ ਸਹਾਈ ਹੈ। ਆਪਣੇ ਚੰਗੇ ਕੰਮਾਂ ਨੂੰ ਸਦਾ ਲੁਕਾ ਕੇ ਰਖੋ। ਕੋਈ ਆਦਮੀ ਵਿਭਚਾਰ ਜਾਂ ਚੋਰੀ ਕਰਦਾ ਹੈ ਤਾਂ ਉਸਨੂੰ ਆਪਣੇ ਵਿਚ ਸ਼ਾਮਿਲ ਨ ਕਰੋ। ਆਪਣੀਆਂ ਧੀਆਂ ਜਾਂ ਭੈਣਾਂ ਦੀ ਸ਼ਾਦੀ ਵਿਚ ਰੁਪਿਆ ਨਾ ਲਵੋ। ਹਰ ਵੇਲੇ ਰੱਬ ਨੂੰ ਯਾਦ ਰਖੋ। ਨਾ ਮਾਸ ਖਾਓ, ਨਾ ਸ਼ਰਾਬ ਪੀਓ। ਆਪਣੇ ਦਿਲ ਵਿਚ ਰੱਬ ਦਾ ਡਰ ਰਖੋ।

ਇਹ ਕੌਮ ਅਮਨ ਚਾਹੁੰਦੀ ਹੈ ਭਾਵੇਂ ਇਹ ਗੱਲ ਵਖਰੀ ਹੈ ਕਿ ਇਸ ਕੌਮ ਦੇ ਕਈ ਆਦਮੀਆਂ ਨੇ ਕਈ ਵਾਰ ਲੋਕਾਂ ਦੇ ਹੁੱਕੇ ਭੰਨ ਸੁੱਟੇ ਅਤੇ ਹੋਰ ਚੀਜ਼ਾਂ ਇਸ ਕਾਰਣ ਤੋੜ ਦਿਤੀਆਂ ਕਿ ਉਹ ਉਨ੍ਹਾਂ ਨੂੰ ਵੀ ਮੂਰਤੀ ਪੂਜਾ ਸਮਝਦੇ ਸਨ। ਸਰਕਾਰ ਨੂੰ ਇਹ ਸ਼ੱਕ ਪੈਦਾ ਹੋ ਗਿਆ ਸੀ ਕਿ ਇਹ ਲੋਕ ਮਿਲ ਕੇ ਕੋਈ ਫਸਾਦ ਵੀ ਕਰ ਸਕਦੇ ਹਨ। ਇਸ ਲਈ ਚਾਰ ਸਾਲ ਤਕ ਗੁਰੂ ਰਾਮ ਸਿੰਘ ਦੀ ਨਿਗਰਾਨੀ ਕੀਤੀ ਜਾਂਦੀ ਰਹੀ। ਅੰਤ ਵਿਚ ਉਸਦੀ ਨੇਕ ਚਲਨੀ ਸੰਬੰਧ ਤਸੱਲੀ ਹੋ ਗਈ। ਪਰ ਇਨ੍ਹਾਂ ਲੋਕਾਂ ਬਾਰੇ ਸਰਕਾਰ ਦੀ ਇਹ ਤਸੱਲੀ ਬਿਲਕੁਲ ਗਲਤ ਸਾਬਤ ਹੋਈ, ਕਿਉਂਕਿ ਇਤਿਹਾਸ ਦੇ ਦੂਜੇ ਭਾਗ ਨੂੰ ਪੜ੍ਹਣ ਤੇ ਪਤਾ ਲਗਾ ਹੈ ਕਿ ਉਨ੍ਹਾਂ ਨੇ ਕਿਸ ਤਰਾਂ ਇੱਕਠੇ ਵਿੱਚ ਨਵਾਬ ਮਲੇਰ ਕੋਟਲਾ ਅਤੇ ਮਹਾਰਾਜਾ ਪਟਿਆਲਾ ਦੇ ਇਲਾਕੇ ੧੮੭੨ ਦੇ ਸ਼ੁਰੂ ਵਿਚ ਫਸਾਦ ਕੀਤਾ। ਇਸ ਲਈ ਗੁਰੂ ਰਾਮ ਸਿੰਘ ਅਤੇ ਇਸ ਫਿਰਕੇ ਦੇ ਕੁਝ ਹੋਰ ਪਤਵੰਤਿਆਂ ਨੂੰ ਕੈਦ ਕਰਕੇ ਅਲਾਹਾਬਾਦ ਭੇਜਿਆ ਗਿਆ ਜਿਥੇ ਉਹ ਹੁਣ ਤਕ ਨਜ਼ਰਬੰਦ ਹਨ।

ਪੰਨਾ ੨੧੭

੧੪ ਜਨਵਰੀ ੧੮੭੨ ਸੋਮਵਾਰ ਦੀ ਰਾਤ ਨੂੰ ਕੂਕਾ ਕੌਮ ਦੇ ਇਕ ਸੌ ਆਦਮੀਆਂ ਨੇ ਮਾਲਵਾ (ਮਲੌਦ) ਨਾਮੀ ਥਾਂ ਤੇ ਸਰਦਾਰ ਬਦਨ ਸਿੰਘ ਦੇ ਇਲਾਕੇ ਉਤੇ ਹਮਲਾ ਕੀਤਾ ਅਤੇ ਉਨ੍ਹਾਂ ਪਾਸੋਂ ਹਥਿਆਰ ਮੰਗੇ। ਉਸ ਰਈਸ ਨੇ ਹਥਿਆਰ ਦੇਣ ਤੋਂ ਇਨਕਾਰ ਕਰ ਦਿਤਾ, ਤਾਂ ਉਨ੍ਹਾਂ ਨੇ ਕਰੋਧ ਵਿਚ ਆ ਕੇ ਹਮਲਾ ਕੀਤਾ ਅਤੇ ਸਰਦਾਰ ਮਿਤ ਸਿੰਘ ਦੇ ਪੁਤਰ ਸਰਦਾਰ ਬਦਨ ਸਿੰਘ ਨੂੰ ਸਖਤ ਜ਼ਖਮੀ ਕਰ ਦਿਤਾ। ਪਰ ਰਈਸ ਦੇ ਕਰਮਚਾਰੀਆਂ ਨੇ ਬੜੀ ਬਹਾਦਰੀ ਨਾਲ ਉਨਾਂ ਦਾ ਮੁਕਾਬਲਾ ਕੀਤਾ ਤੇ ਕਈ ਆਦਮੀਆਂ ਨੂੰ ਜ਼ਖਮੀ ਅਤੇ ਕਤਲ ਕਰ ਦਿਤਾ। ਇਸ ਪਾਸੇ ਵੀ ਸਰਦਾਰ ਬਦਨ ਸਿੰਘ ਤੋਂ ਇਲਾਵਾ ਕੁਝ ਹੋਰ ਆਦਮੀ ਜ਼ਖਮੀ ਹੋਏ। ਇਹ ਜੱਥਾ ਇਥੋਂ ਅਸਫਲ ਹੋ ਕੇ ਮਲੇਰਕੋਟਲੇ ਵਲ ਤੁਰ ਪਿਆ। ਇਥੋਂ ਰਵਾਨਾ ਹੋਣ ਤੋਂ ਪਹਿਲਾਂ ਕੂਕਾ ਕੌਮ ਦੀ ਰਵਾਨਗੀ ਦੀ ਖਬਰ ਭੇਜੀ ਜਾ ਚੁੱਕੀ ਸੀ। ਇਸ ਲਈ ਸ਼ਹਿਰ ਦੇ ਦਰਵਾਜ਼ੇ ਬੰਦ ਸੀ, ਪਰ ਉਹ ਸਿਆਣਪ ਤੋਂ ਕੰਮ ਲੈ ਕੇ ਫਿਰਵੀ ਸ਼ਹਿਰ ਦੇ ਦਰਵਾਜੇ ਤਕ ਜਾ ਪੁਜੇ ਅਤੇ ਦਰਵਾਜ਼ਾ ਖੋਲ੍ਹ ਦਿਤਾ। ਦੂਜੇ ਪਾਸਿਓਂ ਵੀ ਮੁਕਾਬਲਾ ਹੋਇਆ। ਭਾਵੇਂ ਬਾਜ਼ਾਰ ਦੇ ਲੋਕਾਂ ਨੇ ਬਹੁਤ ਇੱਟ ਪੱਥਰ ਮਾਰੇ ਅਤੇ ਰਈਸ ਦੇ ਕੁਝ ਕਰਮਚਾਰੀਆਂ ਨੇ ਵੀ ਯਤਨ ਕੀਤਾ ਪਰ ਸਫਲ ਨਾ ਹੋ ਸਕੇ। ਇਸ ਤਰ੍ਹਾਂ ਮੁਕਾਬਲਾ ਕਰਨ ਨਾਲ ਦੋਹਾਂ ਪਾਸਿਆਂ ਦੇ ਕੁਝ ਆਦਮੀ ਜ਼ਖਮੀ ਹੋਏ ਅਤੇ ਕੁਝ ਮਾਰੇ ਗਏ।

ਅੰਤ ਵਿਚ ਇਹ ਮਹਾਰਾਜਾ ਪਟਿਆਲੇ ਦੇ ਇਲਾਕੇ ਸ਼ੇਰ ਗੜ੍ਹ ਵਲ ਭਜ ਗਏ। ਮਿਤੀ ੧੫-੧੬ ਨੂੰ ਜਦੋਂ ਇਹ ਖਬਰ ਮਹਾਰਾਜਾ ਪਟਿਆਲਾ ਨੂੰ ਮਿਲੀ ਜੋ ਇਸ ਸਮੇਂ ਅੰਗਰੇਜ਼ ਫੌਜ ਦੀ ਕਵਾਇਦ ਦੇ ਮੌਕੇ ਤੇ ਦਿੱਲੀ ਆਏ ਹੋਏ ਸਨ, ਤਾਂ ਉਹ ਤੁਰੰਤ ਹੀ ਖਲੀਫਾ ਮੁਹੰਮਦ ਹੁਸੈਨ ਨੂੰ ਨਾਲ ਲੈ ਕੇ ਪਟਿਆਲੇ ਵਲ ਤੁਰ ਪਏ ਅਤੇ ਜਿਸ ਸਮੇਂ ਰਾਜਪੁਰਾ ਸਟੇਸ਼ਨ ਤੇ ਪੁਜੇ ਤਾਂ ਕੌਮ ਦੇ ਨੇਤਾ ਮੰਗਲ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿਤਾ। ਉਸ ਨੂੰ ਤੁਰੰਤ ਗ੍ਰਿਫਤਾਰ ਕਰਕੇ ਬਹਾਦਰ ਗੜ੍ਹ ਕਿਲੇ ਵਿਚ ਬੰਦ ਕੀਤਾ ਗਿਆ। ੧੬ ਜਨਵਰੀ ਨੂੰ ਪਟਿਆਲੇ ਪੁਜਦੇ ਸਾਰ ਹੀ ਮਹਾਰਾਜਾ ਸਾਹਿਬ ਨੇ ਕੁਝ ਫੌਜ ਸ਼ੇਰ ਗੜ੍ਹ ਵਲ ਭੇਜੀ ਅਤੇ ਅੰਗਰੇਜ਼ੀ ਫੌਜ ਵੀ ਫਸਾਦੀਆਂ ਨੂੰ ਸਜਾ ਦੇਣ ਲਈ ਕਈ ਥਾਵਾਂ ਤੋਂ ਚਲ ਪਈ। ਪਰ ਇਸ ਤੋਂ ਪਹਿਲਾਂ ਕਿ ਇਸ ਫੌਜ ਅਤੇ ਦੁਸ਼ਮਣਾਂ ਵਿਚਕਾਰ ਮੁਕਾਬਲਾ ਹੋਵੇ, ਮਹਾਰਾਜਾ ਸਾਹਿਬ ਦਾ ਕਰਮਚਾਰੀ ਨਿਆਜ਼ ਮੁਹੰਮਦ ਖਾਂ, (ਸਯਦ ਨਿਆਜ਼ ਅਲੀ) ਇਹ ਖਬਰ ਸੁਣਕੇ ਕਿ ਕੂਕਾ ਕੌਮ ਸ਼ੇਰ ਗੜ੍ਹ ਦੇ ਲਾਗੇ ਬੈਠੀ ਹੈ, ਕੁਝ ਸਿਪਾਹੀਆਂ ਸਮੇਤ ਉਥੇ ਪੁਜਾ ਅਤੇ ਸਿਆਣਪ ਨਾਲ ਉਨ੍ਹਾਂ ਦੇ ਹਥਿਆਰ ਲੈ ਲਏ। ਲੋੜੀਂਦੀ ਜਾਂਚ-ਪੜਤਾਲ ਕਰਨ ਤੋਂ ਬਾਦ ੬੦ (੧੭ ਜਨਵਰੀ ਨੂੰ ੪੯ ਤੋਪਾਂ ਨਾਲ ਉਡਾਏ ਗਏ ਤੇ ਇਕ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ।) ਆਦਮੀਆਂ ਨੂੰ ਉਸੇ ਦਿਨ ਅਤੇ ਅੱਠ (੧੬) ਆਦਮੀਆਂ ਨੂੰ ਦੂਜੇ ਦਿਨ ਤੋਪ ਨਾਲ ਉਡਾ ਦਿਤਾ ਗਿਆ। ਬਾਕੀ ਦੋਸ਼ੀਆਂ ਦੀ ਭਾਲ ਜਾਰੀ ਹੈ। ਕੂਕਾ ਕੌਮ ਦਾ ਗੁਰੂ ਰਾਮ ਸਿੰਘ ੧੭ ਜਨਵਰੀ ਨੂੰ ਰਾਤੀ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਸਾਹਿਬ ਦੇ ਸਾਹਮਣੇ ਆਪਣੇ ਆਪ ਹਾਜ਼ਰ ਹੋ ਗਿਆ। ਉਸਨੂੰ ਉਚਿਤ ਪ੍ਰਬੰਧ ਹੇਠ, ਵਿਸ਼ੇਸ਼ ਤੌਰ ਤੇ ਕੈਦ ਕਰਕੇ ਦਸ ਸੂਬਿਆਂ ਅਰਥਾਤ ਉਸ ਕੌਮ ਦੇ ਦਸ ਅਫਸਰਾਂ ਸਮੇਤ ਅਲਾਹਾਬਾਦ ਦੇ ਕਿਲ੍ਹੇ ਵਿਚ ਭੇਜ ਦਿਤਾ ਗਿਆ।

ਅਸਲ ਮਜ਼੍ਹਬ ਸਿਖੋਂ ਕਾ

ਮੌਲਵੀ ਗੁਲਾਮ ਭੀਖ ਜਲੰਧਰੀ

ਮੌਲਵੀ ਜੀ ਨੇ ੧੮੯੨ ਈ. ਵਿੱਚ ਤਾਰੀਖ ਵਾਕਰੀ ਕਿਤਾਬ ਪੂਰੀ ਕੀਤੀ। ਇਸ ਵਿਚ ਲਿਖੇ ਨਾਮਧਾਰੀ ਸਿੱਖਾਂ ਸੰਬੰਧੀ ਵਿਚਾਰਾਂ ਨੂੰ ਮਹਤਵਪੂਰਨ ਸਮਝਦਿਆਂ ਏਥੇ ਛਾਪਿਆ ਜਾ ਰਿਹਾ ਹੈ। – ਸੰਪਾਦਕ

ਮੈ ਖੁਦ ਭੈਣੀ ਗਿਆ ਔਰ ਦੇਖਾ। ਕੂਕਿਓ ਨੇ ਜੋ ਤਰੀਕਾ ਅਖਤਿਆਰ ਕੀਆ ਹੈ, ਵੁਹ ਔਰ ਕੁਛ ਨਹੀਂ ਹੈ, ਵੁਹ ਅਸਲ ਮਜ਼ੁਬ ਸਿਖੋਂ ਕਾ ਹੀ ਹੈ, ਔਰ ਉਸੇ ਉਨਹੋਂ ਨੇ ਦੋਬਾਰਾ ਰੌਨਕ ਦੀ ਹੈ। ਮੇਲਾਨ ਉਨ ਕੀ ਤਬੀਅਤ ਕਾ ਅਸਲੀ ਰੁਖ ਸਿੱਖ ਮਜ਼ੁਬ ਕੀ ਜਾਨਬ ਹੈ, ਪਰ ਉਨ ਕੇ ਤਰੀਕੇ ਔਰ ਡੇਢ ਲਾਖ ਆਦਮੀਓਂ ਸੇ ਭੀ ਜ਼ਿਆਦਾ ਗਰੋਹ ਕੇ ਇਤਫਾਕ ਸੇ ਯਿਹ ਭੀ ਇਯਾਂ ਹੈ, ਕਿ ਯਿਹ ਲੋਗ ਗੁਰੂ ਗੋਬਿੰਦ ਸਿੰਘ ਕੇ ਤਰੀਕੇ ਪਰ ਚਲਤੇ ਹੈਂ। ਉਨਕੀ ਜੋਲਾਨੀਏ ਤਬਅ, ਸਖਤ ਗੁਜ਼ਰਾਨ, ਨੀਮ ਸ਼ਬੀ ਪੰਚਾਇਤੇਂ ਔਰ ਸਪਾਹੀਯਾਨਾ ਵਜਅ ਕੋ ਦੇਖ ਕਰ ਗੌਰਮਿੰਟ ਪੰਜਾਬ ਕੀ ਨਜ਼ਰ ਉਨਕੇ ਊਪਰ ਹੁਈ, ਔਰ ਉਨਹੋਂ ਨੇ ਉਨਕੇ ਸਰਗਰੋਹ ਕੋ ਨਿਗਾਹ ਮੇਂ ਰਖਾ ਥਾ।

ਨਾਨਕ ਸ਼ਾਹ ਕੀ ਤਰ੍ਹਾਂ ਰਾਮ ਸਿੰਘ ਭੀ ਹਰ ਕੌਮ ਔਰ ਹਰ ਜ਼ਾਤ ਕੇ ਆਦਮੀ ਕੋ ਆਪਣੇ ਮਜ਼ਹਬ ਵਾ ਫਿਰਕੇ ਮੇਂ ਮਿਲਾ ਲੇਤਾ ਰਹਾ। ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਅਕਾਇਦ ਉਨਕੇ ਸਾਫ ਔਰ ਆਸਾਨ ਹੈ, ਯਅਨੀ ਬੁਤ ਪ੍ਰਸਤੀ ਕਿਸੀ ਤਰਾ ਕੀ ਜਾਇਜ਼ ਨਹੀਂ । ਕਿਸੀ ਜ਼ਾਤ ਕੀ ਕੈਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਕੋ ਆਪਨਾ ਦੇਵਤਾ ਮਾਨਤੇ ਹੈਂ। ਚੋਰੀ, ਜ਼ਨਾਕਾਰੀ, ਸ਼ਰਾਬਖੋਰੀ ਔਰ ਕੁਲ ਮੁਸਕਰਾਤੇਫਸਾਦ, ਗੋਸ਼ਤ ਔਰ ਝੂਟ ਉਨ ਕੇ ਕਤਈ ਮਨਅ ਹੈ। ਜੋ ਕੋਈ ਕੂਕਾ ਹੋਤਾ ਹੈ, ਔਰ ਯਿਹ ਮਜ਼ਹਬ ਅਖਤਿਆਰ ਕਰਤਾ ਹੈ, ਉਸ ਕੇ ਊਪਰ ਅਤਾਇਤ ਗੁਰੂ ਕੀ, ਔਰ ਪਾਬੰਦੀ ਅਕਾਇਦ ਕੀ ਔਰ ਜਫਾਕਸ਼ੀ ਔਰ ਜਾਨਫ਼ਸਾਨੀ ਜਬਰਨ ਲਾਜ਼ਮ ਕਰਾਤੇ ਹੈਂ। ਬੜਾ ਮਕੂਲਾ ਉਨਕਾ ਯਿਹ ਹੈ, "ਮਰਨਾ ਕਬੂਲ ਕਰੋ, ਜੀਨੇ ਕੀ ਖਾਹਸ਼ ਛੋੜੋ, ਅਪਣੇ ਤਈਂ ਖਾਕ ਸਮਝੋ, ਤਬ ਕੂਕਾ ਬਨੋ।"

ਕੂਕਿਓ ਕਾ ਰੋਜ਼ ਰਾਤ ਕੇ ਤੀਨ ਬਜੇ ਉਠ ਕਰ ਨਹਾਨਾ ਹੋਤਾ ਹੈ, ਔਰ ਨਹਾ ਧੋ ਕਰ ਗਰੰਥ ਕੇ ਅਸ਼ਲੋਕ ਪੜ੍ਹਤੇ ਹੈਂ। ਉਨਕੋ ਤਮਾਮ ਉਮਰ ਨੇਕੀ ਔਰ ਨੇਕਚਲਨੀ ਕੀ ਤਾਕੀਦ ਕੀ ਜਾਤੀ ਹੈ....ਕੂਕਾ ਕੇ ਫਿਰਕੇ ਮੇਂ ਕਿਸੀ ਨੇ ਮੱਕਾਰ ਔਰ ਬਦਇਖਲਾਕ ਕਮ ਦੇਖਾ ਹੋਗਾ। ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਕਰ ਮਅਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ। ਗਾਓਂ ਕੇ ਗਾਓਂ ਔਰ ਮੌਜ਼ਿਆ ਕੇ ਮੌਜ਼ਿਆ ਕੂਕੇ ਹੋ ਗਏ। ਜਿਸ ਵਕਤ ਗੁਰੂ ਨਾਨਕ ਜੀ, ਜੋ ਮੁਜਦ ਥੇ, ਨੇ ਸਿਲਸਲਾ ਅਰਸ਼ਾਦ ਸ਼ੁਰੂ ਕੀਆ, ਉਨ ਕੋ ਯਿਹ ਨਸੀਬ ਨਾ ਹੂਆ, ਕਿ ਦਸ ਬਰਸ ਮੇਂ ਭੀ ਏਕ ਹਜ਼ਾਰ ਆਦਮੀ ਉਨਕੇ ਚੇਲੋਂ ਮੇਂ ਹੋਤਾ। ਉਸਕੇ ਮਜ਼ਹਬ ਕਾ ਅਰੂਜ ਪਿਛਲੇ ਮਸਨਦ ਨਸ਼ੀਨੋਂ ਕੇ ਵਕਤ ਮੇਂ ਹੂਆ ਥਾ। ਇਸ ਮੁਜਦ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।

ਜਬਕਿ ਗੁਰੂ ਕੋ ਕੋਈ ਨਿਆ ਗਸ਼ਤੀ ਹੁਕਮ ਜਾਰੀ ਕਰਨਾ ਮਨਜ਼ੂਰ ਹੋਤਾ ਹੈ, ਤੋ ਵੁਹ ਲਿਖ ਕਰ ਏਕ ਕੂਕੇ ਕੋ ਦੇ ਦੇਤਾ ਹੈ, ਵੁਹ ਉਸ ਹੁਕਮ ਕੋ ਲੇਕਰ ਜਿਤਨਾ ਉਸਸੇ ਦੌੜਾ ਜਾਤਾ ਹੈ, ਖਬਰ ਕਰਤਾ ਹੂਆ ਦੌੜਤਾ ਹੈ, ਔਰ ਫਰਮਾਂਬਰਦਾਰੀ ਆਪਨੇ ਗੁਰੂ ਕੀ ਆਪਨੇ ਉਪਰ ਫਰਜ਼ ਜਾਨਤਾ ਹੈ। ਜਬ ਵੁਹ ਥਕ ਕਰ ਚਲਨੇ ਕੇ ਕਾਬਲ ਨਹੀਂ ਰਹਿਤਾ, ਕਿਸੀ ਦੂਸਰੇ ਕੂਕੇ ਕੋ ਦੇ ਦੇਤਾ ਹੈ। ਜਬ ਵੁਹ ਭੀ ਦੌੜਤਾ ਕੂਕਾਓਂ ਕੋ ਉਸ ਗਸ਼ਤੀ ਹੁਕਮ ਸੇ ਮਤਲਅ ਕਰਤਾ ਹੂਆ ਥਕ ਜਾਤਾ ਹੈ, ਤੋ ਵੁਹ ਭੀ ਕਿਸੀ ਦੂਸਰੇ ਕੂਕੇ ਕੋ ਦੇਤਾ ਹੈ, ਵੁਹ ਭੀ ਇਸੀ ਤਰ੍ਹਾਂ ਅਮਲ ਕਰਤਾ ਹੈ। ਗਰਜ਼ ਇਸ ਤਰ੍ਹਾਂ ਵੁਹ ਹੁਕਮ ਅਜਬ ਸੁਰਅਤ ਕੇ ਸਾਥ ਕੂਕਾਓਂ ਮੇਂ ਪਹੁੰਚ ਜਾਤਾ ਹੈ। ਚੇਲੇ ਉਸ ਕੇ ਰੋਜ਼ ਬਰੋਜ਼ ਜ਼ਿਆਦਾ ਹੋਤੇ ਗਏ, ਔਰ ਬਿਲਾਸ਼ਕ ਇਖਲਾਕ ਉਸਕੇ ਚੇਲੋਂ ਕਾ ਸਿਖੋਂ ਕੀ ਨਿਸਬਤ ਬਿਹਤਰ ਹੋਤਾ ਚਲਾ ਥਾ। ਗਰਜ਼ ਕੂਕਾ ਸਿਖੋਂ ਮੇਂ ਐਸੇ ਹੋ ਗਏ, ਕਿ ਜੈਸੇ ਮੁਸਲਮਾਨੋਂ ਮੇਂ ਵਹਾਬੀ....

ਰਾਜ-ਪਲਟੌਣ ਦੀ ਪਹਿਲੀ ਕੋਸ਼ਿਸ਼

ਕੂਕਾ ਬਗਾਵਤ

ਵਿਦਰੋਹੀ

ਇਸ ਲੇਖ ਨੂੰ ਪਹਿਲੀ ਵਾਰ ਅਕਤੂਬਰ ੧੯੨੮ ਈ. ਵਿਚ ਛਾਪਿਆ ਗਿਆ। ਵਿਦਰੋਹੀ ਗੁਪਤ ਨਾਂ ਹੈ। ਲੇਖਕ ਦਾ ਸਹੀ ਨਾਂ (ਸ਼ਹੀਦ) ਭਗਤ ਸਿੰਘ ਹੈ। ਉਹ ਬੀ. ਐਸ. ਸੰਧੂ ਦੇ ਗੁਪਤ ਨਾਂ ਹੇਠ ਵੀ ਲਿਖਦੇ ਰਹੇ। ਉਹਨਾਂ ਮਹਾਂਰਥੀ ਰਸਾਲੇ ਨੂੰ ਨਾਮਧਾਰੀ ਲਹਿਰ ਬਾਰੇ ਹੋਰ ਲੇਖ ਤੇ ਚਿੱਠੀਆਂ ਵੀ ਲਿਖੀਆਂ। ਜੁਗ ਪਲਟਾਊ ਨਾਮਧਾਰੀ ਲਹਿਰ ਦਾ ਇਹ ਇਤਿਹਾਸ ਸੁਤੰਤਰਤਾ ਸੰਗਰਾਮੀਆਂ ਨੂੰ ਉਤਸ਼ਾਹ ਦੇਣ ਦਾ ਸੂਚਕ ਹੈ। -ਸੰਪਾਦਕ

ਅੱਜ ਅਸੀ ਪੰਜਾਬ ਦੀ ਰਾਜ-ਪਲਟਾਊ ਲਹਿਰ ਅਤੇ ਪੋਲੀਟੀਕਲ ਜਾਗ੍ਰਿਤਾ ਦਾ ਇਤਿਹਾਸ ਪਾਠਕਾਂ ਅੱਗੇ ਰੱਖ ਰਹੇ ਹਾਂ। ਪੰਜਾਬ ਵਿਚ ਸਭ ਤੋਂ ਪਹਿਲੀ ਪੋਲੀਟੀਕਲ ਹਲ-ਚਲ ਕੂਕਾ ਤਹਿਰੀਕ ਨਾਲ ਪੈਦਾ ਹੁੰਦੀ ਹੈ। ਉਂਝ ਤਾਂ ਉਹ ਤਹਿਰੀਕ ਮਜਹਬੀ ਜਹੀ ਨਜ਼ਰ ਆਉਂਦੀ ਹੈ।ਪਰ ਜ਼ਰਾ ਗੌਰ ਨਾਲ ਦੇਖੀਏ ਤਾਂ ਉਹ ਬੜੀ ਭਾਰੀ ਪੋਲੀਟੀਕਲ ਲਹਿਰ ਸੀ। ਜਿਸ ਵਿਚ ਕਿ ਮਜ਼ਹਬ ਭੀ ਮਿਲਿਆ ਸੀ, ਜਿਸ ਤਰ੍ਹਾਂ ਦੀ ਸਿੱਖ ਤਹਿਰੀਕ ਪਹਿਲੋਂ ਧਾਰਮਿਕ ਪੋਲੀਟੀਕਲ ਮਿਲੀ ਹੋਈ ਸੀ। ਖੈਰ ! ਅਸੀ ਦੇਖਦੇ ਹਾਂ ਕਿ ਸਾਡੀ ਆਪੋ ਵਿਚੀ ਦੀ ਫਿਰਕੇ-ਬੰਦੀ ਅਤੇ ਤੰਗ-ਦਿਲੀ ਦਾ ਨਤੀਜਾ ਏਹ ਨਿਕਲਦਾ ਹੈ ਕਿ ਅਸੀਂ ਆਪਣੇ ਬੜੇ-ਬੜੇ ਮਹਾਪੁਰਸ਼ਾਂ ਨੂੰ ਇਸ ਤਰ੍ਹਾਂ ਭੁਲਾ ਦੇਂਦੇ ਹਾਂ ਜਿਵੇਂ ਕਿ ਉਹ ਹੋਏ ਹੀ ਨਾ ਹੋਣ, ਜਾਂ ਉਹਨਾਂ ਦੀ ਕੋਈ ਇਤਿਹਾਸ ਵਿਚ ਉੱਚੀ ਥਾਂ ਹੀ ਨਾ ਹੋਵੇ। ਏਹੋ ਹਾਲਤ ਅਸੀਂ ਆਪਣੇ ਬੜੇ ਭਾਰੇ ਮਹਾਂਪੁਰਸ਼ "ਗੁਰੂ" ਰਾਮ ਸਿੰਘ ਦੇ ਬਾਰੇ ਵਿਚ ਦੇਖਦੇ ਹਾਂ। ਅਸੀ "ਗੁਰੂ" ਨਹੀਂ ਕਹਿ ਸਕਦੇ ਅਤੇ ਉਹ ਗੁਰੂ ਕਹਿੰਦੇ ਹਨ। ਇਸ ਕਰਕੇ ਸਾਡਾ ਉਹਨਾਂ ਨਾਲ ਕੋਈ ਤਅੱਲਕ ਨਹੀ, ਵਗੈਰਾ ਗੱਲਾਂ ਕਹਿਕੇ ਅਸੀ ਉਹਨਾਂ ਨੂੰ ਪਰ੍ਹਾਂ ਸੁੱਟ ਦਿੱਤਾ ਹੋਇਆ ਹੈ। ਏਹੋ ਹੀ ਪੰਜਾਬ ਦਾ ਸਭ ਤੋਂ ਵੱਡਾ ਘਾਟਾ ਹੈ। ਬੰਗਾਲ ਦੇ ਜਿਤਨੇ ਭੀ ਵੱਡੇ ਵੱਡੇ ਆਦਮੀ ਹੋਏ ਹਨ, ਉਹਨਾਂ ਦੀਆਂ ਹਰ ਸਾਲ ਬਰਸੀਆਂ ਮਨਾਈਆਂ ਜਾਂਦੀਆਂ ਹਨ, ਸਾਰੇ ਅਖਬਾਰਾਂ ਵਿੱਚ ਉਹਨਾਂ ਦੇ ਮਜ਼ਮੂਨ ਲਿਖੇ ਜਾਂਦੇ ਹਨ। ਇਹ ਸਮਝਿਆਂ ਜਾਂਦਾ ਹੈ। ਮੌਕਿਆਂ ਮਿਲਿਆ ਤੇ ਇਸ ਪੁਰ ਮੁੜ ਵਿਚਾਰ ਕਰਾਂਗੇ ਅਤੇ ਜੋ ਮਸਾਲਾ ਮਿਲਿਆ ਉਹ ਪਾਠਕਾਂ ਅੱਗੇ ਰਖਾਂਗੇ।

ਪੰਜਾਬ ਨੂੰ ਸੁਤਿਆਂ ਥੋੜ੍ਹਾ ਹੀ ਚਿਰ ਹੋਇਆ ਸੀ। ਪਰ ਨੀਂਦਰ ਖੂਬ ਘੂਕ ਆਈ। ਪਰ ਹੁਣ ਮੁੜ ਹੋਸ਼ ਵਿਚ ਔਣ ਲੱਗ ਪਈ। ਬੜੀ ਭਾਰੀ ਤਹਿਰੀਕ ਉੱਠੀ। ਉਸਨੂੰ ਦਬੌਣ ਦੀ ਕੋਸ਼ਸ਼ ਕੀਤੀ ਗਈ। ਕੁਝ ਰੱਬ ਨੇ ਸਾਮਾਨ ਭੀ ਐਸੇ ਹੀ ਪੈਦਾ ਕਰ ਦਿੱਤੇ। ਉਹ ਤਹਿਰੀਕ ਭੀ ਕੁਚਲ ਦਿਤੀ ਗਈ। ਉਸ ਤਹਿਰੀਕ ਦਾ ਨਾਮ ਸੀ 'ਕੂਕਾ ਲਹਿਰ', ਕੁਝ ਮਜਹਬੀ, ਕੁਝ ਸਮਾਜਿਕ ਰੰਗ-ਰੂਪ ਰਖਦਿਆਂ ਹੋਇਆਂ ਭੀ ਉਹ ਤਹਿਰੀਕ ਇਕ ਰਾਜ ਪਲਟਾਊ ਨਹੀਂ ਜੋ ਜੁਗ ਪਲਟਾਊ ਤਹਿਰੀਕ ਸੀ।

ਚੂੰਕਿ ਹੁਣ ਤੀਕ ਸਭਨਾਂ ਤਹਿਰੀਕਾਂ ਦਾ ਇਤਿਹਾਸ ਇਹੋ ਹੀ ਦੱਸਦਾ ਸੀ, ਕਿ ਆਜ਼ਾਦੀ ਵਾਸਤੇ ਲੜਨ ਵਾਲੇ ਲੋਕਾਂ ਦੀ ਜਮਾਇਤ ਇਕ ਵੱਖਰੀ ਬਣ ਜਾਇਆ ਕਰਦੀ ਸੀ, ਜਿਹਨਾ ਵਿਚ ਨਾ ਦੁਨੀਆਂ ਦਾ ਮੋਹ ਹੁੰਦਾ ਸੀ ਤੇ ਨਾ ਪਾਖੰਡੀ ਸਾਧੂਆਂ ਵਰਗਾ ਦੁਨੀਆਂ ਦਾ ਤਿਆਗ ਹੀ। ਜੋ ਸਿਪਾਹੀ ਤੇ ਹੁੰਦੇ ਸਨ, ਪਰ ਤਨਖਾਹਾਂ ਖ਼ਾਤਰ ਲੜਨ ਵਾਲੇ ਨਹੀ, ਬਲਕਿ ਕੇਵਲ ਆਪਣੇ ਫ਼ਰਜ਼ ਲਈ ਕਹੋ, ਜਾਂ ਕਿਸੇ ਕੰਮ ਲਈ ਕਹੋ, ਉਹ ਨਿਸ਼ਕਾਮ ਭਾਵ ਨਾਲ ਲੜਦੇ ਅਤੇ ਮਰਦੇ ਸਨ। ਸਿੱਖ ਇਤਿਹਾਸ ਇਹੋ ਕੁਝ ਸੀ, ਮਰਹੱਟਿਆਂ ਦੀ ਤਹਿਰੀਕ ਭੀ ਇਹੋ ਕੁਝ ਦਸਦੀ ਹੈ। ਰਾਣਾ ਪ੍ਰਤਾਪ ਦੇ ਸਾਥੀ ਰਾਜਪੂਤ ਇਸੇ ਹੀ ਤਰ੍ਹਾਂ ਦੇ ਲੜਾਕੇ ਸਨ। ਬੁੰਦੇਲਖੰਡ ਦੇ ਵੀਰ ਸੱਤਰ ਸਾਲ ਦੇ ਸਾਥੀ ਭੀ ਐਸੇ ਹੀ ਸਨ।

ਐਸੇ ਹੀ ਲੋਕਾਂ ਦੀ ਇਕ ਜਮਾਇਤ ਪੈਦਾ ਕਰਨ ਵਾਸਤੇ ਬਾਬਾ ਰਾਮ ਸਿੰਘ ਨੇ ਪਰਚਾਰ ਅਤੇ ਜਥੇਬੰਦੀ ਸ਼ੁਰੂ ਕੀਤੀ।

ਬਾਬਾ ਰਾਮ ਸਿੰਘ ਦਾ ਜਨਮ ੧੮੨੪ (੧੮੧੬ ਈ.) ਵਿਚ ਲੁਧਿਆਣੇ ਜ਼ਿਲੇ ਵਿਚ ਭੈਣੀ ਰਾਈਆਂ ਨਗਰ ਵਿਚ ਹੋਇਆ ਸੀ। ਆਪ ਦਾ ਜਨਮ ਤਰਖਾਣ ਘਰਾਣੇ ਵਿਚ ਹੋਇਆ। ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਕੀਤੀ। ਪਰਮਾਤਮਾ ਦੀ ਭਗਤੀ ਜ਼ਿਆਦਾ ਹੋਣ ਕਰਕੇ ਨੌਕਰੀ-ਨੁਕਰੀ ਛੱਡ ਕੇ ਪਿੰਡ ਜਾ ਰਹੇ। ਨਾਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ।

੧੮੫੭ ਦੇ ਗ਼ਦਰ ਵਿਚ ਜੋ ਜੋ ਜ਼ੁਲਮ ਹੋਏ ਸਨ, ਉਹ ਸਭ ਦੇਖ ਕੇ ਅਤੇ ਪੰਜਾਬ ਦੀ ਗ਼ਦਾਰੀ ਦੇਖ ਕੇ ਕੁਝ ਕੁ ਅਸਰ ਜਰੂਰ ਹੋਇਆ ਹੋਣਾ ਹੈ। ਗੱਲ ਕੀ ਕਿ ਬਾਬਾ ਰਾਮ ਸਿੰਘ ਹੋਰੀ ਉਪਦੇਸ਼ ਸ਼ੁਰੂ ਕਰ ਦਿੱਤਾ। ਨਾਲ-ਨਾਲ ਦੱਸਦੇ ਚਲੇ ਗਏ ਕਿ ਫਰੰਗੀ ਕੋਲੋਂ ਪੰਜਾਬ ਦਾ ਛੁਟਕਾਰਾ ਕਰੌਣਾ ਬੜਾ ਜ਼ਰੂਰੀ ਹੈ। ਉਹਨਾਂ ਦਾ ਓਦੋਂ ਹੀ ਉਸ ਨਾਮਿਲਵਰਤਣ ਦਾ ਪ੍ਰਚਾਰ ਕੀਤਾ, ਜਿਵੇਂ ਕਿ ੧੯੨੦ ਵਿਚ ਮਹਾਤਮਾ ਗਾਂਧੀ ਨੇ ਕੀਤਾ। ਉਹਨਾਂ ਦੇ ਪ੍ਰੋਗਰਾਮ ਵਿਚ ਅੰਗਰੇਜ਼ੀ ਰਾਜ ਦੀ ਕਚੈਹਿਰੀਆਂ, ਨੌਕਰੀ ਤਾਲੀਮ ਆਦਿ ਦਾ ਅਤੇ ਬਦੇਸ਼ੀ ਚੀਜ਼ਾਂ ਦਾ ਬਾਈਕਾਟ ਤਾਂ ਹੈ ਹੀ ਸੀ, ਨਾਲ ਹੀ ਰੇਲ ਅਤੇ ਤਾਰ ਦਾ ਭੀ ਬਾਈਕਾਟ ਕੀਤਾ ਗਿਆ ਸੀ।

ਪਹਿਲੋਂ-ਪਹਿਲ ਕੇਵਲ ਨਾਮ ਦਾ ਹੀ ਉਪਦੇਸ਼ ਹੁੰਦਾ ਸੀ। ਹਾਂ ! ਇਤਨਾ ਜ਼ਰੂਰ ਕਿਹਾ ਜਾਂਦਾ ਸੀ ਕਿ ਸ਼ਰਾਬ ਮਾਸ ਦਾ ਇਸਤੇਮਾਲ ਬੰਦ ਕਰ ਦਿੱਤਾ ਜਾਵੇ। ਲੜਕੀਆਂ ਆਦਿ ਵੇਚਣ ਦੀਆਂ ਸਮਾਜਿਕ ਕੁਰੀਤੀਆਂ ਦੇ ਬਰਖਿਲਾਫ ਭੀ ਪ੍ਰਚਾਰ ਹੁੰਦਾ ਸੀ। ਪਰ ਪਿਛੋਂ ਉਹਨਾਂ ਦਾ ਪ੍ਰਚਾਰ ਪੋਲੀਟੀਕਲ ਰੰਗ ਵਿਚ ਰੰਗਿਆ ਗਿਆ।

ਪੰਜਾਬ ਸਰਕਾਰ ਦੇ ਪੁਰਾਣੇ ਕਾਗਜ਼ਾਂ ਵਿਚ ਇਕ ਸਵਾਮੀ ਰਾਮ ਦਾਸ ਦਾ ਜ਼ਿਕਰ ਔਂਦਾ ਹੈ, ਜਿਸਨੂੰ ਕਿ ਸਰਕਾਰ ਅੰਗਰੇਜ਼ੀ ਇਕ ਪੋਲੀਟੀਕਲ ਆਦਮੀ ਸਮਝਦੀ ਸੀ ਅਤੇ ਜਿਸ ਦੀ ਦੇਖ-ਰੇਖ ਰੱਖੀ ਜਾਂਦੀ ਸੀ। ੧੮੫੭ ਦੇ ਬਾਦ ਜਲਦੀ ਹੀ ਉਸ ਦਾ ਰੂਸ ਵਲ ਜਾਣ ਦਾ ਪਤਾ ਲਗਦਾ ਹੈ। ਮੁੜ ਕੋਈ ਖ਼ਬਰ ਨਹੀਂ ਮਿਲਦੀ। ਉਸੀ ਆਦਮੀ ਦੇ ਮੁਤੱਲਕ ਕਿਹਾ ਜਾਂਦਾ ਹੈ ਕਿ ਉਸ ਨੇ ਇਕ ਦਿਨ ਬਾਬਾ ਰਾਮ ਸਿੰਘ ਨੂੰ ਕਿਹਾ ਕਿ ਹੁਣ ਪੰਜਾਬ ਵਿੱਚ ਰਾਜਨੀਤਿਕ ਪ੍ਰੋਗਰਾਮ ਅਤੇ ਪ੍ਰਚਾਰ ਦੀ ਲੋੜ ਹੈ। ਇਸ ਵੇਲੇ ਮੁਲਕ ਨੂੰ ਆਜ਼ਾਦ ਕਰੌਣਾ ਬੜਾ ਜ਼ਰੂਰੀ ਹੈ। ਉਸ ਵੇਲੇ ਤੋਂ ਆਪ ਨੇ ਸਾਫ ਤੌਰ ਤੇ ਆਪਣੇ ਉਪਦੇਸ਼ ਵਿਚ ਇਸ ਨਾਮਿਲਵਰਤਨ ਨੂੰ ਸ਼ਾਮਲ ਕਰ ਲਿਆ।

ਟੀ.ਡੀ. ਫਾਰਸਿਥ ਨੇ ਜੋ ਕਿ ੧੮੬੩ ਵਿਚ ਪੰਜਾਬ ਸਰਕਾਰ ਦੇ ਚੀਫ ਸਕੱਤਰ ਸਨ, ਆਪਣੀ ਜੀਵਨੀ ਵਿਚ ਲਿਖਿਆ ਹੈ ਕਿ ੧੮੬੩ ਵਿਚ ਹੀ ਮੈਂ ਸਮਝ ਗਿਆ ਸੀ ਕਿ ਏਹ ਮਜ਼ਹਬੀ ਜੇਹੀ ਤਹਿਰੀਕ ਕਿਸੇ ਦਿਨ ਬੜਾ ਭੜਥੂ ਪਾ ਦੇਊਗੀ। ਇਸ ਕਰਕੇ ਉਸ ਭੈਣੀ ਦੇ ਗੁਰਦੁਆਰੇ ਬਹੁਤ ਆਦਮੀਆਂ ਦਾ ਔਣਾ ਜਾਣਾ ਅਤੇ ਇਕੱਠਾ ਹੋਣਾ ਬੰਦ ਕਰ ਦਿੱਤਾ। (ਸ੍ਰੀ ਸਤਿਗੁਰੂ ਜੀ ਨੂੰ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ ਗਿਆ।) ਇਸ ਪੁਰ ਮਹਾਤਮਾ ਜੀ ਨੇ ਭੀ ਆਪਣਾ ਕੰਮ ਕਰਨ ਦਾ ਤਰੀਕਾ ਬਦਲ ਲਿਆ। ਪੰਜਾਬ ਦੇਸ਼ ਨੂੰ ੨੨ ਜ਼ਿਲ੍ਹਿਆਂ ਵਿਚ ਵੰਡ ਲਿਆ। ਹਰੇਕ ਜ਼ਿਲੇ ਦਾ ਮੋਹਰੀ ਇਕ-ਇਕ ਆਦਮੀ ਮੁਕਰਰ ਕਰ ਦਿੱਤਾ ਜਿਸ ਨੂੰ ਕਿ ਸੂਬਾ ਕਿਹਾ ਜਾਂਦਾ ਸੀ। ਹੁਣ ਉਹਨਾਂ ਸੂਬਿਆਂ ਵਿਚ ਪ੍ਰਚਾਰ ਅਤੇ ਜਥੇਬੰਦੀ ਦਾ ਕੰਮ ਸ਼ੁਰੂ ਕਰ ਦਿੱਤਾ, ਪਰ ਗੁਪਤ ਤਰੀਕਿਆਂ ਨਾਲ ਆਜ਼ਾਦੀ ਦਾ ਪ੍ਰਚਾਰ ਭੀ ਸ਼ੁਰੂ ਕਰੀ ਰੱਖਿਆ, ਜਥੇਬੰਦੀ ਵਧਦੀ ਚਲੀ ਗਈ, ਹਰੇਕ ਨਾਮਧਾਰੀ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਆਪਣੇ ਧਰਮ ਲਈ ਦਾਨ ਕਰਨ ਲੱਗ ਪਿਆ। ਪਰ ਬਾਹਰਲਾ ਰੌਲਾ-ਰੱਪਾ ਬੰਦ ਹੋ ਜਾਣ ਕਰਕੇ ਸਰਕਾਰ ਦਾ ਸ਼ੱਕ ਦੂਰ ਹੋ ਗਿਆ ਅਤੇ ੧੮੬੭ ਵਿਚ ਸਾਰੀਆਂ ਬੰਦਸ਼ਾਂ ਦੂਰ ਕਰ ਦਿੱਤੀਆਂ ਗਈਆਂ। ਬੰਦਸ਼ਾਂ ਦੂਰ ਹੁੰਦਿਆਂ ਹੀ ਵਾਹਵਾ ਜੋਸ਼ ਖਰੋਸ਼ ਵਧਿਆ।

ਅੰਮ੍ਰਿਤਸਰ ਹਰਿਮੰਦਰ ਸਾਹਿਬ ਕੋਲ ਬੁੱਚੜ ਹਿੰਦੂਆਂ, ਸਿੱਖਾਂ ਨੂੰ ਤੰਗ ਕਰਨ ਖਾਤਿਰ ਉਹਨਾਂ ਦੀਆਂ ਅੱਖੀਆਂ ਦੇ ਸਾਹਮਣੇ ਗਊ-ਹਤਿਆ ਕਰਦੇ ਹਨ। ਕੂਕੇ ਗਊ ਦੇ ਤਾਂ ਬੜੇ ਭਗਤ ਸਨ ਹੀ, ਇਕ ਰਾਤ ਉਹਨਾਂ ਬੁੱਚੜ ਮਾਰ ਸੁਟੇ ਅਤੇ ਕੁਝ ਭੈਣੀ ਦੀ ਰਾਹ ਲਈ। ਬਹੁਤ ਸਾਰੇ ਹਿੰਦੂ ਪਕੜੇ ਗਏ। ਗੁਰੂ ਜੀ ਨੇ ਸਾਰੀ ਕਹਾਣੀ ਸੁਣੀ। ਸਭ ਨੂੰ ਵਾਪਸ ਘੱਲ ਦਿੱਤਾ, ਕਿ ਨਿਰਦੋਸ਼ ਆਦਮੀਆਂ ਨੂੰ ਛਡੌਣ ਅਤੇ ਆਪਣਾ ਕਸੂਰ ਮੰਨ ਲੈਣ। ਇਸ ਤਰ੍ਹਾਂ ਹੋਇਆ, ਉਹ ਲੋਕੀ ਆ ਕੇ ਫਾਂਸੀ ਲੱਗ ਗਏ। ਇਹੋ ਜਿਹਾ ਹੀ ਕੋਈ ਵਾਕਿਆ ਫਿਰੋਜ਼ਪੁਰ ਜ਼ਿਲੇ ਵਿਚ ਭੀ ਹੋ ਗਿਆ। ਫਾਂਸੀਆਂ ਨਾਲ ਜੋਸ਼ ਹੋਰ ਭੀ ਵਧ ਗਿਆ। ਉਸ ਵੇਲੇ ਉਹਨਾਂ ਲੋਕਾਂ ਸਾਹਮਣੇ ਆਦਰਸ਼ ਸੀ, ਪੰਜਾਬ ਵਿਚ ਸਿੱਖ ਰਾਜ ਕਾਇਮ ਕਰਨ ਅਤੇ ਗਊ ਦੀ ਰਖਿਆ ਉਹ ਆਪਣਾ ਸਭ ਤੋਂ ਵੱਡਾ ਧਰਮ ਸਮਝਦੇ ਸਨ। ਇਸੇ ਆਦਰਸ਼ ਦੀ ਪੂਰਤੀ ਵਾਸਤੇ ਉਹ ਯਤਨ ਕਰਦੇ ਰਹੇ।

੧੩ ਜਨਵਰੀ ੧੮੭੨ ਨੂੰ ਭੈਣੀ ਵਿਚ ਮਾਘੀ ਦਾ ਮੇਲਾ ਹੋਣ ਵਾਲਾ ਸੀ। ਦੂਰ-ਦੂਰ ਤੋਂ ਲੋਕ ਆ ਰਹੇ ਸਨ। ਇਕ ਕੂਕਾ ਮਾਲੇਰ ਕੋਟਲੇ ਵਿਚੋਂ ਲੰਘ ਰਿਹਾ ਸੀ। ਇਕ ਮੁਸਲਮਾਨ ਨਾਲ ਝਗੜਾ ਹੋ ਜਾਣ ਪਰ ਉਸ ਨੂੰ ਪਕੜ ਕੇ ਕੋਤਵਾਲੀ ਵਿਚ ਲੈ ਗਏ ਅਤੇ ਉਸਨੂੰ ਬਹੁਤ ਮਾਰਿਆ ਪਿਟਿਆ ਅਤੇ ਇਕ ਬੈਲ ਉਸ ਦੇ ਸਾਹਮਣੇ ਕਤਲ ਕੀਤਾ ਗਿਆ। ਉਹ ਬੇਚਾਰਾ ਦੁਖੀ ਹੋਇਆ ਹੋਇਆ ਭੈਣੀ ਪੁੱਜਾ। ਉਥੇ ਜਾ ਕੇ ਉਸ ਨੇ ਆਪਣੀ ਦੁੱਖ-ਕਥਾ ਕਹਿ ਸੁਣਾਈ। ਲੋਕਾਂ ਨੂੰ ਬਹੁਤ ਜੋਸ਼ ਆ ਗਿਆ, ਬਦਲਾ ਲੈਣ ਦਾ ਖਿਆਲ ਜ਼ੋਰ ਪਕੜ ਗਿਆ। ਜਿਸ ਬਗ਼ਾਵਤ

ਦਾ ਅੰਦਰੋਂ ਅੰਦਰੀ ਪ੍ਰਚਾਰ ਕੀਤਾ ਗਿਆ ਸੀ, ਉਹੀ ਖੜੀ ਕਰ ਦੇਣ ਦਾ ਖਿਆਲ ਜ਼ੋਰ ਫੜਨ ਲੱਗ ਪਿਆ। ਪਰ ਹਾਲੇ ਮਰਜ਼ੀ ਮੁਤਾਬਿਕ ਤਿਆਰੀ ਭੀ ਨਹੀ ਸੀ ਹੋ ਸਕੀ। ਬਾਬਾ ਰਾਮ ਸਿੰਘ ਐਸੀ ਹਾਲਤ ਵਿਚ ਕੀ ਕਰਦੇ ? ਜੇ ਉਹਨਾਂ ਨੂੰ ਮਨ੍ਹਾਂ ਕਰਦੇ ਹਨ ਤਾਂ ਉਹ ਮੰਨਦੇ ਨਹੀ ਤੇ ਜੇ ਉਹਨਾਂ ਦਾ ਸਾਥ ਦੇਂਦੇ ਹਨ ਤਾਂ ਕੀਤਾ ਕਤਰਿਆ ਸਾਰਾ ਤਬਾਹ ਹੁੰਦਾ ਹੈ। ਕੀ ਕਰਨ ! ਆਖਰ ਜਦ ਉਹ ੧੫੦ ਆਦਮੀ ਤੁਰ ਹੀ ਪਏ ਤਾਂ ਆਪਨੇ ਪੁਲਿਸ ਪਾਸ ਖਬਰ ਘੱਲ ਦਿੱਤੀ ਕਿ ਇਹ ਆਦਮੀ ਰੌਲਾ ਪਾ ਰਹੇ ਹਨ ਤੇ ਸ਼ਾਇਦ ਕੋਈ ਖ਼ਰਾਬੀ ਕਰਨ। ਮੈਂ ਜ਼ੁੰਮੇਵਾਰ ਨਹੀ ਹੋਵਾਂਗਾ। ਖਿਆਲ ਸੀ ਕਿ ਹਜ਼ਾਰਾਂ ਆਦਮੀਆਂ ਦੀ ਜਥੇਬੰਦੀ ਵਿਚੋਂ ਸੌ ਡੂਢ ਸੌ ਆਦਮੀ ਮਾਰੇ ਗਏ ਤੇ ਬਾਕੀ ਜਥੇਬੰਦੀ ਬਚੀ ਰਹੀ ਤਾਂ ਇਹ ਕਮੀ ਤਾਂ ਮੁੜ ਪੂਰੀ ਹੋ ਜਾਵੇਗੀ ਤੇ ਜਲਦੀ ਹੀ ਫੇਰ ਸਭ ਤਿਆਰੀ ਹੋ ਜਾਣ ਪੁਰ ਬਗ਼ਾਵਤ ਹੋ ਸਕੇਗੀ। ਪਰ ਅਸੀ ਏਹ ਦੇਖਦੇ ਹਾਂ, ਕਿ ਦੁਨੀਆ ਵਿਚ End justifies the means (ਨਤੀਜੇ ਨਾਲ ਹੀ ਫੈਸਲਾ ਹੁੰਦਾ ਹੈ, ਕਿ ਤਰੀਕੇ ਜਾਇਜ਼ ਸਨ ਕਿ ਨਾਜਾਇਜ਼) ਵਾਲਾ ਅਸੂਲ ਰਾਜਨੀਤੀ ਦੇ ਮੈਦਾਨ ਵਿਚ ਆਮ ਤੌਰ ਤੇ ਲਾਗੂ ਹੁੰਦਾ ਹੈ। ਅਰਥਾਤ ਜੇ ਤੇ ਕਾਮਯਾਬੀ ਹੋ ਜਾਵੇ ਅਤੇ ਕੰਮ ਪੂਰਾ ਹੋ ਜਾਵੇ ਤਦ ਤੇ ਚਾਲਾਂ ਨੇਕ-ਨੀਅਤੀ ਦੀਆਂ ਭਰੀਆਂ ਹੋਈਆਂ ਅਤੇ ਸਮਝ ਸੋਚ ਕੇ ਚਲੀਆਂ ਗਈਆਂ ਕਹੌਂਦੀਆਂ ਹਨ। ਤੇ ਜੇ ਕਿਧਰੇ ਹੋ ਜਾਵੇ ਨਾਕਾਮਯਾਬੀ ਤੇ ਬਸ ਫੇਰ ਕੁਝ ਭੀ ਨਾਂ। ਬੇਵਕੂਫ-ਬਦਨੀਅਤ ਆਦਿਕ ਖਿਤਾਬ ਲੀਡਰ ਨੂੰ ਮਿਲਦੇ ਹਨ। ਏਹੋ ਗੱਲ ਐਥੇ ਅਸੀ ਦੇਖਦੇ ਹਾਂ, ਜੋ ਚਾਲ (ਸਤਿਗੁਰੂ) ਰਾਮ ਸਿੰਘ ਨੇ ਆਪਣੀ ਤਹਿਰੀਕ ਨੂੰ ਬਚੌਣ ਖਾਤਰ ਚੱਲੀ ਸੀ, ਉਹ ਚੂੰਕਿ ਕਾਮਯਾਬ ਨਾ ਹੋਈ ਕਰਕੇ ਹੁਣ ਉਹਨਾਂ ਨੂੰ ਕੋਈ ਕਾਇਰ ਅਤੇ ਬੁਜ਼ਦਿਲ ਕਹਿੰਦਾ ਹੈ, ਕੋਈ ਬਦਨੀਅਤ ਅਤੇ ਕਮਜ਼ੋਰ ਕੌਹਦਾ ਹੈ। ਖੈਰ !

ਅਸੀਂ ਤਾਂ ਸਮਝਦੇ ਹਾਂ ਕਿ ਉਹ ਰਾਜਨੀਤੀ ਦੀ ਇਕ ਚਾਲ ਸੀ। ਉਹਨਾਂ ਪੁਲਿਸ ਨੂੰ ਖ਼ਬਰ ਦਿੱਤੀ ਤਾਂ ਕਿ ਉਹ ਕੋਈ ਐਸਾ ਇਲਾਜ ਕਰ ਲੈਣ ਜਿਸ ਨਾਲ ਕੋਈ ਬੜੀ ਖਰਾਬੀ ਪੈਦਾ ਨਾ ਹੋ ਸਕੇ, ਪਰ ਸਰਕਾਰ ਉਹਨਾਂ ਦੀ ਏਸ ਵੱਡੀ ਭਾਰੀ ਤਹਿਰੀਕ ਕੋਲੋਂ ਬਹੁਤ ਡਰਦੀ ਸੀ ਅਤੇ ਉਸ ਨੂੰ ਪੀਹ ਸੁਟਣ ਦਾ ਮੌਕਾ ਚਾਹੁੰਦੀ ਸੀ। ਉਹਨਾਂ ਕੋਈ ਖਾਸ ਕਾਰਵਾਈ ਨਾ ਕੀਤੀ ਅਤੇ ਉਹਨਾਂ ਨੂੰ ਮਰਜ਼ੀ ਮੁਤਾਬਿਕ ਜਾਣ ਦਿੱਤਾ ਗਿਆ।

ਪਰ ੧੫ ਜਨਵਰੀ ਦੇ ਖੱਤ ਵਿਚ ਮਿ: ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਏਹ ਗੱਲ ਕਮਿਸ਼ਨਰ ਨੂੰ ਲਿਖ ਘੱਲੀ ਕਿ ਰਾਮ ਸਿੰਘ ਨੇ ਉਹਨਾਂ ਲੋਕਾ ਨਾਲ ਬੇਤੁਅਲਕੀ ਜ਼ਾਹਿਰ ਕੀਤੀ ਹੈ ਅਤੇ ਉਹਨਾਂ ਦੇ ਮੁਤਅਲਿਕ ਸਾਨੂੰ ਭੀ ਖ਼ਬਰਦਾਰ ਕਰ ਦਿੱਤਾ ਹੈ। ਖੈਰ ! ਉਹ ੧੫੦ ਨਾਮਧਾਰੀ ਸਿੰਘ ਉਥੋਂ ਬੜੇ ਜੋਸ਼ ਖਰੋਸ਼ ਨਾਲ ਚੱਲ ਪਏ।

ਜਦੋਂ ਉਹ ੧੫੦ ਆਦਮੀ ਉਥੋਂ ਬਦਲਾ ਲੈਣ ਦੇ ਵਿਚਾਰ ਨਾਲ ਟੁਰ ਪਏ, ਤਦੋਂ ਪੁਲੀਸ ਨੂੰ ਪਹਿਲੋਂ ਹੀ ਦਸਿਆ ਜਾ ਚੁੱਕਾ ਸੀ ਪਰ ਸਰਕਾਰ ਨੇ ਕੋਈ ਬੰਦੋਬਸਤ ਨਾ ਕੀਤਾ। ਕਿਉ ? ਕਿਉਕਿ ਉਹ ਚਾਹੁੰਦੇ ਸੀ ਕਿ ਕੋਈ ਛੋਟੀ-ਮੋਟੀ ਖ਼ਰਾਬੀ ਹੋ ਜਾਵੇ ਤੇ ਬਹਾਨਾ ਮਿਲ ਜਾਵੇ, ਜਿਸ ਨਾਲ ਕਿ ਉਹ ਉਸ ਸਾਰੀ ਤਹਿਰੀਕ ਨੂੰ ਪੀਹ ਸੁਟਣ ਸੋ ਹੁਣ ਮਿਲ ਗਿਆ।

ਉਹ ਕੂਕੇ ਬੀਰ ਉਦਣ ਤਾਂ ਪਟਿਆਲਾ ਰਾਜ ਦੀ ਹੱਦ ਤੇ ਇਕ ਪਿੰਡ ਰੱਬੋਂ ਵਿਚ ਪਏ ਰਹੇ। ਅਗਲੇ ਦਿਨ ਭੀ ਉਹ ਉਥੇ ਹੀ ਟਿਕੇ ਰਹੇ। (ਕੂਕੇ ਸਿੰਘ ਸਿਧੇ ਮਲੌਦ ਗਏ)੧੪ ਜਨਵਰੀ ੧੮੭੨ ਦੀ ਸ਼ਾਮ ਨੂੰ ਉਹਨਾਂ ਨੇ ਮਲੌਦ ਦੇ ਕਿਲ੍ਹੇ ਤੇ ਧਾਵਾ ਬੋਲ ਦਿੱਤਾ। ਉਹ ਕਿਲ੍ਹਾ ਕੁਝ ਸਿੱਖ ਸਰਦਾਰਾਂ ਦਾ ਹੈ ਸੀ। ਪਰ ਇਨ੍ਹਾਂ ਇਸ ਪੁਰ ਹਮਲਾ ਕਿਉਂ ਕੀਤਾ ? ਏਸ ਬਾਰੇ ਵਿਚ ਡਿਸਟ੍ਰਿਕਟ ਗੈਜ਼ੇਟਿਅਰ ਵਿਚ ਲਿਖਿਆ ਹੋਇਆ ਹੈ ਕਿ ਉਨ੍ਹਾਂ ਨੂੰ ਉਮੈਦ ਸੀ ਕਿ ਮਲੌਦ ਸਰਦਾਰ ਉਹਨਾਂ ਦੇ ਬਗਾਵਤ ਵਿਚ ਲੀਡਰ ਬਨਣਗੇ। ਪਰ ਉਹਨਾਂ ਨਾਂਹ ਕਰ ਦਿੱਤੀ ਅਤੇ ਇਹਨਾਂ ਹਮਲਾ ਕਰ ਦਿੱਤਾ। ਬਹੁਤ ਮੁਮਕਿਨ ਹੈ ਕਿ ਬਾਬਾ ਰਾਮ ਸਿੰਘ ਦੀ ਬੜੀ ਭਾਰੀ ਤਿਆਰੀ ਵਿਚ ਮਲੌਦ ਸਰਦਾਰ ਮੱਦਦ ਦੇਣ ਦਾ ਵਾਹਿਦਾ ਕੀਤਾ ਹੀ ਹੋਵੇ ਪਰ ਜਦੋ, ਉਹਨਾਂ ਦੇਖਿਆ ਕਿ ਬਗਾਤਵ ਤਾਂ ਅਗੇਤਰੀ ਹੀ ਉੱਠ ਖਲੋਤੀ ਹੈ, ਅਤੇ ਬਾਬਾ ਰਾਮ ਸਿੰਘ ਹੋਰੀ ਭੀ ਨਾਲ ਨਹੀਂ ਅਤੇ ਸਾਰੀਆਂ ਸੰਗਤਾਂ ਭੀ ਸੱਦੀਆਂ ਨਹੀ ਗਈਆਂ, ਤਦੋਂ ਉਹਨਾਂ ਨਾਂਹ ਕਰ ਦਿੱਤੀ ਹੋਵੇ। ਖੈਰ ! ਜੋ ਕੁਝ ਭੀ ਹੋਵੇ ਉਥੇ ਲੜਾਈ ਹੋਈ। ਕੁਝ ਘੋੜੇ, ਹਥਿਆਰ ਲੈ ਕੇ ਉਹ ਉਥੋਂ ਚਲੇ ਗਏ। ਦੋਹਾਂ ਪਾਸਿਆਂ ਦੇ ਕਈ ਆਦਮੀ ਮਰ ਗਏ ਤੇ ਕੁਝ ਫੱਟੜ ਹੋ ਗਏ।

ਅਗਲੇ ਦਿਨ ਸਵੇਰ ਨੂੰ ੭ ਬਜੇ ਉਹ ਮਲੇਰ-ਕੋਟਲੇ ਪੁੱਜ ਗਏ। ਅੰਗਰੇਜ਼ੀ ਸਰਕਾਰ ਨੇ ਮਲੇਰ ਕੋਟਲਾ ਸਰਕਾਰ ਨੂੰ ਪਹਿਲੋਂ ਹੀ ਇਤਲਾਹ ਦੇ ਦਿੱਤੀ ਹੋਈ ਸੀ। ਉਧਰ ਬੜੀਆਂ ਤਿਆਰੀਆਂ ਕੀਤੀਆਂ ਗਈਆਂ ਸਨ। ਫੌਜਾਂ ਹਥਿਆਰ ਲਈ ਖਲੋਤੀਆਂ ਸਨ। ਪਰ ਇਹਨਾਂ ਵੀਰਾਂ ਐਡੀ ਬਹਾਦਰੀ ਨਾਲ ਹਮਲਾ ਕੀਤਾ ਕਿ ਫੌਜਾਂ ਤੇ ਪੁਲਸ ਦੀ ਕੋਈ ਪੇਸ਼ ਨਾਂ ਗਈ। ਹਮਲਾ ਕਰਕੇ ਉਹ ਸ਼ਹਿਰ ਦੇ ਅੰਦਰ ਘੁਸ ਗਏ, ਅਤੇ ਜਾ ਕੇ ਮਹੱਲ ਤੇ ਹਮਲਾ ਕਰ ਦਿੱਤਾ। ਉਥੇ ਭੀ ਫੌਜਾਂ ਉਹਨਾਂ ਨੂੰ ਨਾ ਰੋਕ ਸਕੀਆਂ। ਉਹ ਜਾ ਕੇ ਖਜ਼ਾਨਾ ਭੰਨਣ ਲੱਗ ਪਏ। ਭੰਨ ਹੀ ਲਿਆ ਹੁੰਦਾ ਪਰ ਬਦਕਿਸਮਤੀ ਨਾਲ ਉਹ ਇਕ ਹੋਰ ਦਰਵਾਜ਼ਾ ਭੰਨਦੇ ਰਹੇ, ਜਿਸ ਨਾਲ ਕਿ ਉਨ੍ਹਾਂ ਦਾ ਬਹੁਤ ਸਾਰਾ ਵਕਤ ਜ਼ਾਇਆ ਹੋ ਗਿਆ ਅਤੇ ਅੰਦਰੋਂ ਕੁਝ ਭੀ ਨਾਂ ਮਿਲਿਆ।

ਉਧਰੋਂ ਫੌਜ ਨੇ ਬੜੇ ਜ਼ੋਰਾਂ ਨਾਲ ਧਾਵਾ ਬੋਲ ਦਿੱਤਾ। ਆਖਿਰ ਲੜਦਿਆਂ-ਲੜਦਿਆਂ ਉਹਨਾਂ ਨੂੰ ਉਥੋਂ ਮੁੜਨਾ ਪਿਆ। ਉਸ ਲੜਾਈ ਵਿਚ ਉਹਨਾਂ ਨੇ ੮ ਸਿਪਾਹੀ ਮਾਰੇ ਅਤੇ ੧੫ ਜ਼ਖਮੀ ਕੀਤੇ। ਉਹਨਾਂ ਦੇ ਸੱਤ ਆਦਮੀ ਮਾਰੇ ਗਏ ਉਥੇ ਭੀ ਕੁਝ ਹਥਿਆਰ ਅਤੇ ਕੁਝ ਘੋੜੇ ਲੈ ਕੇ ਭੱਜ ਵੱਗੇ ਅੱਗੇ-ਅੱਗੇ ਉਹ ਤੇ ਪਿੱਛੇ ਪਿੱਛੇ ਮਲੇਰ-ਕੋਟਲਾ ਦੀ ਫੌਜ। ਅਤੇ

A sort of running fight was kept along. Shots fired, and many more Kookas were wounded till both the parties reached the village of Rurr in the Patiala State, the Kookas carrying most of the wounded with them.

ਯਾਨੀ ਨਾਲੇ ਭੱਜਦੇ ਜਾਂਦੇ ਸਨ ਤੇ ਨਾਲੇ ਲੜਦੇ ਜਾਂਦੇ ਸਨ। ਉਹਨਾਂ ਦੇ ਹੋਰ ਕਈ ਆਦਮੀ ਜ਼ਖਮੀ ਹੋ ਗਏ ਅਤੇ ਉਹ ਉਹਨਾਂ ਨੂੰ ਭੀ ਨਾਲ ਹੀ ਚੁੱਕ ਕੇ ਭੱਜਦੇ ਜਾਂਦੇ ਸਨ। ਆਖਿਰ ਪਟਿਆਲਾ ਰਾਜ ਦੇ ਰੱੜ ਪਿੰਡ ਵਿਚ ਪੁੱਜ ਗਏ ਅਤੇ ਉਹ ਜੰਗਲ ਵਿਚ ਲੁਕ ਗਏ ।ਕੁਝ ਘੰਟੇ ਬਾਦ ਸ਼ਿਵਪੁਰ ਦੇ ਨਾਜ਼ਿਮ ਨੇ ਮੁੜ ਹਮਲਾ ਬੋਲ ਦਿੱਤਾ (ਮਲੇਰ ਕੋਟਲੇ ਦੀ ਘਟਨਾ ਦੇ ਇਹ ਵੇਰਵਾ ਸਹੀ ਨਹੀਂ। ਨਾ ਸਿੰਘਾਂ ਨੂੰ ਫ਼ੌਜ ਨੇ ਰੋਕਿਆ, ਨਾ ਉਹ ਭੱਜੇ। ਸਗੋਂ ਉਹਨਾਂ ਭਾਜੜਾਂ ਪਾਈਆਂ ਅਤੇ ਰਾਤ ਆ ਕੇ ਰੜ ਪਿੰਡ ਰਹੇ ਜਿਥੋਂ ਅਗਲੇ ਦਿਨ ਸ਼ੇਰ ਪੁਰ ਜਾ ਕੇ ਆਪ ਗ੍ਰਿਫ਼ਤਾਰੀ ਦਿੱਤੀ।) ਲੜਾਈ ਛਿੜ ਪਈ ਪਰ ਬੇਚਾਰੇ ਕੂਕੇ ਥੱਕੇ ਟੁੱਟੇ ਸਨ। ਆਖਿਰ ੬੮ ਆਦਮੀ ਪਕੜੇ ਗਏ। ਉਹਨਾਂ ਵਿਚੋਂ ਦੋ ਤੀਵੀਆਂ ਸਨ। ਉਹ ਤਾਂ ਪਟਿਆਲਾ ਰਾਜ ਨੂੰ ਦੇ ਦਿੱਤੀਆਂ ਗਈਆਂ।

ਇਸੇ ਗੱਲ ਨੂੰ ਬਗਾਵਤ ਕਿਹਾ ਜਾਂਦਾ ਹੈ। ਮਿ: ਕਾਵਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਉਸ ਦਿਨ ਇਕ ਖੱਤ ਵਿਚ ਲਿਖਿਆ ਸੀ -

"It looks like the commencement of an insurrection....."

ਯਾਨੀ ਏਹ ਇਕ ਬਗਾਵਤ ਵਾਂਗੂ ਨਜ਼ਰ ਔਂਦੀ ਹੈ।

ਅੱਗੇ ਜਾ ਕੇ ਲਿਖਿਆ ਹੈ ਕਿ ਮੇਰਾ ਇਰਾਦਾ ਹੈ ਕਿ ਇਹਨਾਂ ਸਭਨਾਂ ਨੂੰ ਮਲੇਰ-ਕੋਟਲਾ ਵਿਚ ਫਾਂਸੀ ਲਾ ਦਿੱਤਾ ਜਾਵੇ, ਕਿਉਂਕਿ ਇਹਨਾਂ ਆਦਮੀਆਂ ਦਾ ਕਸੂਰ ਕੋਈ ਛੋਟਾ ਜਿਹਾ ਨਹੀਂ। ਉਹਨਾਂ ਬਗਾਵਤ ਸ਼ੁਰੂ ਕੀਤੀ ਸੀ ਅਤੇ ਉਹਨਾਂ ਨੂੰ ਕਾਮਯਾਬੀ ਹੋ ਜਾਂਦੀ ਅਤੇ ਖਜ਼ਾਨਾ ਉਹਨਾਂ ਦੇ ਹੱਥ ਆ ਜਾਂਦਾ ਤਾਂ ਉਹਨਾਂ ਦੀ ਚੜ੍ਹ ਮੱਚਣੀ ਸੀ ਅਤੇ ਫੇਰ ਉਹਨਾਂ ਨਾਲ ਹੋਰ ਭੀ ਬਹੁਤ ਸਾਰੇ ਲੋਕਾਂ ਨੇ ਆ ਮਿਲਣਾ ਸੀ। ਮੁੜ ਉਹਨਾਂ ਨੂੰ ਦਬੌਣਾ ਬੜਾ ਮੁਸ਼ਕਿਲ ਹੋ ਜਾਣਾ ਸੀ।

ਅਗਲੇ ਦਿਨ (੧੭ ਜਨਵਰੀ ੧੮੭੨) ਮਲੇਰਕੋਟਲੇ ਵਿਚ ਲਿਆ ਕੇ ਤੋਪਾਂ ਗੱਡ ਦਿੱਤੀਆਂ ਗਈਆਂ ਅਤੇ ਇਕ ਇਕ ਕਰਕੇ ੫੯ ਕੂਕੇ ਬਹਾਦਰ ਤੋਪ ਅੱਗੇ ਉਡਾ ਦਿਤੇ ਗਏ। ਹਰ ਇਕ ਬਹਾਦਰੀ ਨਾਲ ਆਪਣੀ ਆਪਣੀ ਵਾਰੀ ਸਿਰ ਤੋਪ ਅੱਗੇ ਜਾਂਦਾ ਅਤੇ ਸਤਿ ਸ੍ਰੀ ਅਕਾਲ ਕਹਿੰਦਾ ਹੋਇਆ ਤੋਪ ਨਾਲ ਉੱਡ ਜਾਂਦਾ। ਫੇਰ ਕੁਝ ਪਤਾ ਨਾ ਲੱਗਦਾ ਕਿ ਉਹ ਕਿਸ ਸੰਸਾਰ ਵਿਚ ਚਲਾ ਗਿਆ। ਇਸ ਤਰ੍ਹਾਂ ੪੯ ਆਦਮੀ ਉੜਾ ਦਿੱਤੇ ਗਏ। ਪੰਜਾਹਵਾਂ ਇਕ ਤੇਰਾਂ ਵਰ੍ਹਿਆਂ ਦਾ ਲੜਕਾ ਸੀ। ਉਸ ਕੋਲ ਝੁਕ ਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੇਵਕੂਫ, ਰਾਮ ਸਿੰਘ ਦਾ ਸਾਥ ਛੱਡ ਦੇ ਤੈਨੂੰ ਮੁਆਫ ਕਰ ਦਿੱਤਾ ਜਾਵੇਗਾ। ਪਰ ਉਹ ਬਾਲਕ ਏਹ ਗੱਲ ਨਾ ਸਹਾਰ ਸਕਿਆ ਅਤੇ ਉਛਲ ਕੇ ਉਸਨੇ ਕਾਵਨ ਦੀ ਦਾੜ੍ਹੀ ਫੜ ਲਈ ਅਤੇ ਉਦੋਂ ਤੱਕ ਨਾ ਛੱਡੀ ਜਦ ਉਸ ਦੇ ਦੋਵੇਂ ਹੱਥ ਵੱਢ ਨਾ ਦਿੱਤੇ ਗਏ। ਬਾਕੀ ਸੋਲਾਂ ਆਦਮੀ ਅਗਲੇ ਦਿਨ ਫਾਂਸੀ ਲਟਕਾ ਦਿੱਤੇ (ਤੋਪਾਂ ਨਾਲ ਉਡਾ ਦਿੱਤੇ) ਗਏ। ਉਧਰ ਬਾਬਾ ਰਾਮ ਸਿੰਘ ਨੂੰ ਉਹਨਾਂ ਦੇ ਨਾਲ ਦਸ ਸੂਬਿਆਂ ਤੇ ਗਰਿਫਤਾਰ ਕਰ ਕੇ ਪਹਿਲਾਂ ਇਲਾਹਾਬਾਦ ਤੇ ਬਾਦ ਵਿਚ ਰੰਗੂਨ ਭੇਜ ਦਿੱਤਾ ਗਿਆ। ਏਹ ਗਰਿਫਤਾਰੀ ਰੈਗੂਲੇਸ਼ਨ ੧੮੧੮ ਦੇ ਅਨੁਸਾਰ ਹੋਈ ਸੀ।

ਜਦੋਂ ਏਹ ਖਬਰ ਮੁਲਕ ਵਿਚ ਫੈਲੀ ਤਾਂ ਹੋਰ ਲੋਕੀ ਬੜੇ ਹੈਰਾਨ ਹੋਏ ਕਿ ਇਹ ਕੀ ਬਣਿਆ। ਬਗ਼ਾਵਤ ਸ਼ੁਰੂ ਕਰਕੇ ਬਾਬਾ ਜੀ ਨੇ ਸਾਨੂੰ ਭੀ ਕਿਉਂ ਨਾ ਸੱਦਿਆ ਅਤੇ ਸੈਂਕੜੇ ਲੋਕੀ ਘਰ ਬਾਰ ਛਡ ਕੇ ਭੈਣੀ ਵੱਲ ਨੂੰ ਤੁਰ ਪਏ। ਇਕ ਗਰੋਹ ਜਿਸ ਵਿਚ ਕਿ ੧੭੨ ਆਦਮੀ ਸਨ, ਕਰਨਲ ਬੇਲੀ ਨੂੰ ਮਿਲਿਆ। ਉਹ ਸੁਪਰਡੰਟ ਸੀ ਉਸ ਨੇ ਝਟ ਉਹਨਾਂ ਨੂੰ ਗਰਿਫਤਾਰ ਕਰਵਾ ਲਿਆ। ਅਤੇ ਉਹਨਾਂ ਵਿਚੋਂ ੧੨੦ ਨੂੰ ਤਾਂ ਘਰਾਂ ਨੂੰ ਮੋੜ ਦਿੱਤਾ ਪਰ ੫੦ ਐਸੇ ਸਨ ਜਿਹਨਾਂ ਦਾ ਕੋਈ ਘਰ ਘਾਟ ਨਹੀਂ ਸੀ। ਉਹ ਸਭ ਜਾਇਦਾਦ ਆਦਿਕ ਵੇਚ-ਵੂਚ ਕੇ ਲੜਨ ਮਰਨ ਲਈ ਤਿਆਰ ਹੋ ਕੇ ਆਏ ਸਨ। ਉਨ੍ਹਾਂ ਨੂੰ ਜੇਲ੍ਹ ਵਿਚ ਪਾ ਦਿੱਤਾ ਗਿਆ। ਇਸ ਤਰ੍ਹਾਂ ਉਹ ਸਾਰੀ ਤਹਿਰੀਕ ਦਬਾ ਦਿੱਤੀ ਗਈ, ਅਤੇ ਬਾਬਾ ਰਾਮ ਸਿੰਘ ਹੋਰਾਂ ਦਾ ਸਾਰਾ ਯਤਨ ਨਿਸਫਲ ਹੋ ਗਿਆ। ਬਾਅਦ ਵਿਚ ਮੁਲਕ ਭਰ ਵਿਚ ਜਿਤਨੇ ਕੂਕੇ ਸਨ, ਉਹ ਸਭੇ ਇਕ ਤਰ੍ਹਾਂ ਨਜ਼ਰਬੰਦ ਕਰ ਦਿੱਤੇ ਗਏ।ਉਹਨਾਂ ਦੀ ਹਾਜ਼ਰੀ ਲਈ ਜਾਂਦੀ ਸੀ। ਭੈਣੀ ਸਾਹਿਬ ਵਿਚ ਆਮ ਲੋਕਾਂ ਦਾ ਆਣਾ-ਜਾਣਾ ਬੰਦ ਕਰ ਦਿੱਤਾ ਗਿਆ। ਉਹ ਬੰਦਸਾਂ ੧੯੨੦ (੧੯੨੩ ਈ.)ਵਿਚ ਆ ਕੇ ਹਟਾਈਆਂ ਗਈਆਂ।

ਇਹੋ ਹੈ ਪੰਜਾਬ ਦੀ ਆਜ਼ਾਦੀ ਲਈ ਕੀਤੀ ਗਈ ਸੱਭ ਤੋਂ ਪਹਿਲੀ ਕੋਸ਼ਿਸ਼ ਦਾ ਸੰਖਿਪਤ ਇਤਿਹਾਸ ਹੈ। ■

ਕੂਕੇ (ਨਾਮਧਾਰੀ ਸਿੱਖ)

ਮਹੰਤ ਗਣੇਸ਼ਾ ਸਿੰਘ

ਇਹ ਰਚਨਾ ਮਹੰਤ ਗਣੇਸ਼ਾ ਸਿੰਘ, ਨਿਰਮਲੇ ਸੰਤ, ਦੇ ਗ੍ਰੰਥ 'ਭਾਰਤ ਮਤ ਦਰਪਣ' ਵਿਚੋਂ ਹੈ। ਇਸ ਗ੍ਰੰਥ ਵਿਚ ਭਾਰਤ ਦੇ ਦੋ ਕੁ ਸੌ ਮੱਤਾਂ ਅਤੇ ਧਾਰਮਿਕ ਸੰਪਰਦਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਨੂੰ ਪਹਿਲੀ ਵਾਰ ੧੯੨੬ ਈ. ਵਿਚ ਪ੍ਰਕਾਸ਼ਿਤ ਕਰਵਾਇਆ ਗਿਆ ਸੀ। ਨਾਮਧਾਰੀ ਸਿੱਖਾਂ ਬਾਰੇ ਸਾਰੇ ਖ਼ਿਆਨਾਂ ਤੇ ਭਾਸ਼ਾ ਨਾਲ ਸਾਡੀ ਸਹਿਮਤੀ ਜ਼ਰੂਰੀ ਨਹੀਂ ਫਿਰ ਵੀ ਇਤਿਹਾਸਕ ਮਹਤੱਵ ਕਾਰਨ ਇਹ ਛਾਪੀ ਜਾ ਰਹੀ ਹੈ। -ਸੰਪਾਦਕ

ਜੀਵਨੀ

ਭੈਣੀ, ਜ਼ਿਲਾ ਲੁਧਿਆਣਾ ਵਿਚ ੧੮੭੨ ਬਿਕਰਮੀ ਮਾਘ ਸੁਦੀ ੫ ਵੀਰਵਾਰ ਪ੍ਰਾਤਾਕਾਲ ਜੱਸੇ ਤਰਖਾਣ ਦੇ ਘਰੋਂ ਸ੍ਰੀਮਤੀ ਸੱਦਾਂ ਦੇ ਗਰਭੋਂ ਪੁਤ੍ਰ ਉਤਪੰਨ ਹੋਇਆ। ਨਾਮ ਰਾਮ ਸਿੰਘ ਰੱਖਿਆ। ਸਮੇਂ ਸਿਰ ਜਦ ਹੋਸ਼ ਸੰਭਾਲੀ ਤਾਂ ਅਲੌਕਿਕ ਪ੍ਰਭਾਵ ਵਾਲਾ ਅਰ ਚਮਤਕਾਰੀ ਜਿਹਾ ਜਾਪੇ। ਜਦ ਸੁਖ ਨਾਲ ਗਭਰੂ ਹੋਇਆ ਤਾਂ ਲਾਹੌਰ ਪਲਟਨ ਵਿਚ ਨੌਕਰ ਜਾ ਹੋਇਆ। ਉਥੇ ਸਰਕਾਰੀ ਕੰਮ ਧੰਧੇ ਤੋਂ ਵੇਹਲ ਪਾ ਕੇ ਗ੍ਰੰਥੀ ਪਾਸੋਂ ਗੁਰਮੁਖੀ ਪੜ੍ਹਦਾ ਰਹੇ। ਜਦ ਗੁਰਮੁਖੀ ਪੜ੍ਹਨ ਦਾ ਚੰਗਾ ਮੁਹਾਵਰਾ ਹੋਇਆ, ਤਾਂ ਗੁਰਬਾਣੀ ਦੀ ਰਵਤ ਵਧੇਰੇ ਹੋ ਗਈ। ਇਉਂ ਬਾਣੀ ਪੜ੍ਹਦੇ ਪੜ੍ਹਦੇ ਦਾ ਵਾਹਿਗੁਰੂ ਨੇ ਅਜੇਹਾ ਮਨ ਪ੍ਰੇਰਿਆ ਜੋ ਸੰਸਾਰ ਦੇ ਸੁੱਖਾਂ ਵਲੋਂ ਮਨ ਉਦਾਸ ਹੁੰਦਾ ਜਾਵੇ ਤੇ ਬਾਣੀ ਪੜ੍ਹਨ ਦਾ ਚਾਉ ਵਧਦਾ ਜਾਵੇ।

ਇਸ ਦੀ ਨਿਤ ਦੀ ਅਜੇਹੀ ਰਵਤ ਵੇਖਕੇ ਨਾਲ ਦੇ ਨੌਕਰਾਂ ਦੀ ਇਸ ਤੇ ਪ੍ਰੇਮ ਬੁਧੀ ਹੋ ਗਈ, ਅਰ ਅਦਬ ਕਰਿਆ ਕਰਨ। ਇਕ ਬਾਰ ਇਹ ਪਲਟਨ ਸਰਕਾਰੀ ਹੁਕਮ ਨਾਲ ਹਜਰੋ ਚਲੀ ਗਈ, ਨਾਲ ਹੀ ਰਾਮ ਸਿੰਘ, ਪਰੰਤੂ ਇਸਨੂੰ ਸਾਧਾਂ ਸੰਤਾਂ ਦੇ ਦਰਸ਼ਨ ਪਰਸਨ ਦਾ ਡਾਢਾ ਚਾਉ ਸੀ, ਜਿਥੇ ਕਿਤੇ ਭਲੇ ਆਦਮੀ ਦੀ ਕਣਸੋ ਸੁਣੇ ਓਥੇ ਜਾ ਨਿਕਲੇ।

ਏਥੇ ਹਜਰੋਂ ਵਿਚ ਇਕ (ਗੁਰੂ) ਬਾਲਕ ਸਿੰਘ ਦਾ ਲੋਕੀਂ ਬਹੁਤ ਯਸ ਕਰਿਆ ਕਰਨ, ਅਰ ਇਹ ਭੀ ਕਿਹਾ ਕਰਨ ਕਿ ਉਹ ਚੌਤੋਂ ਪਹਿਰ ਪ੍ਰਮੇਸ਼ਵਰ ਦੇ ਰੰਗ ਵਿਚ ਮਸਤ ਰਹਿੰਦਾ ਹੈ ਇਸ ਦਾ ਜਨਮ ਅਟਕ ਨਦੀ ਦੇ ਕੰਢੇ 'ਛੋਈਂ' ਪਿੰਡ ਪੋਠੋਹਾਰ ਪ੍ਰਾਂਤ ੧੮੫੬ (੧੮੪੧ ਬਿਕਰਮੀ) ਬਿਕ੍ਰਮੀ ਵਿਚ ਅਰੋੜ ਬੰਸ ਵਿਖੇ ਹੋਇਆ ਸੀ। ਅਰ ਜਦ ਤੋਂ ਸੁਰਤ ਸੰਭਾਲੀ ਸਾਧ ਸੰਗਤ ਦਵਾਰੇ ਪਰਮੇਸ਼ਵਰ ਦੇ ਨਾਮ ਜਪਣ ਦੀ ਲਟਕ ਪੈ ਗਈ। ਇਕ ਵਾਰ ੧੮੮੫ ਬਿਕ੍ਰਮੀ ਵਿਚ ਇਸਦੇ ਭ੍ਰਾਤਾ ਨੇ ਹਜਰੋ ਦੁਕਾਨ ਆਣ ਕੱਢੀ, ਇਸ ਤੇ (ਗੁਰੂ) ਬਾਲਕ ਸਿੰਘ ਭੀ ਭਾਈ ਪਾਸ ਬਹੁਤ ਆਇਆ ਜਾਇਆ ਕਰੇ। ਲੋਕ ਇਸ ਦੀ ਹਲੇਮੀ, ਨਿੰਮ੍ਰਤਾ ਅਤੇ ਪਰਮੇਸ਼ਵਰ ਦੇ ਨਾਮ ਜਪਣ ਦੀ ਰਵਤ ਦੇਖ ਕੇ ਪ੍ਰਸੰਨ ਹੋਏ। ਸੇਵਾ ਕਰਿਆ ਕਰਨ, ਜਿਸ ਤੇ ਇਹ ਵਧੇਰੇ ਏਥੇ ਹੀ ਰਹਿਣ ਲਗ ਪਿਆ। ਅਕਸਰ ਕੁਛ ਸਤਸੰਗ ਦੇ ਪ੍ਰਭਾਵ ਨਾਲ ਲੋਕ ਚੇਲੇ ਚਾਟੜੇ ਭੀ ਹੋ ਗਏ ਤਾਂ ਚੰਗਾ ਉੱਘਾ ਹੋ ਗਿਆ।

ਚੇਲਾ ਹੋਣਾ

ਇਹੋ ਕਣਸੋ ਰਾਮ ਸਿੰਘ ਦੇ ਕੰਨੀ ਪਈ ਤਾਂ ਜਾਂ ਦਰਸ਼ਨ ਕੀਤਾ। ਕਰਤਾਰ ਦੇ ਰੰਗ ਨਿਆਰੇਂ ਹਨ, ਦਰਸ਼ਨ ਕਰਦੇ ਦਾ ਹੀ ਮਨ ਖਿਚਿਆ ਗਿਆ। ਅਰ ਸੋਚਿਆ ਜੋ ਏਥੋਂ ਕੁਝ ਗੱਫੂ ਮਿਲੂ, ਇਹ ਵਿਚਾਰਕੇ ਦਿਨ ਪ੍ਰਤੀ ਆਇਆ ਜਾਇਆ ਕਰੇ। ਇਕ ਵਾਰ ਬਾਬਾ ਬਾਲਕ ਸਿੰਘ ਏਕਾਂਤ ਬੈਠੇ ਦੇ ਚਰਨ ਜਾ ਫੜੇ ਤੇ ਅਧੀਨਗੀ ਨਾਲ ਸੰਸਾਰ ਦੇ ਦੁਖਾਂ ਵਲੋਂ ਘ੍ਰਿਣਾ ਅਰ ਪ੍ਰਮਾਤਮਾ ਦੇ ਨਾਮ ਦੀ ਇਛਾ ਪ੍ਰਗਟ ਕੀਤੀ। ਬਾਬਾ ਜੀ ਜਾਤਾ ਜੋ ਅਧਿਕਾਰੀ ਹੈ ਤਾਂ 'ਸ੍ਰੀ ਵਾਹਿਗੁਰੂ' ਨਾਮ ਦਾ ਮੰਤ੍ਰ ਦੇ ਕੇ ਆਪਣਾ ਸੇਵਕ ਕਰ ਲਿਆ। ਬਾਬੇ ਰਾਮ ਸਿੰਘ ਫਿਰ ਉਸ ਮੰਤ੍ਰ ਦਾ ਅਜੇਹਾ ਅਭਿਆਸ ਕੀਤਾ ਜੋ ਪਲ ਭਰ ਭੀ ਨਾ ਭੁਲਾਯਾ। ਅੰਤ ਨੌਕਰੀ ਛਡ ਕੇ ਉਥੇ ਹੀ ਨਦੀ ਕਿਨਾਰੇ ਬੈਠ ਕੇ ਪੂਰੀ ਸਾਧਨਾ ਕੀਤੀ। (ਸ੍ਰੀ ਭੈਣੀ ਸਾਹਿਬ ਆ ਕੇ ਅਕਾਲ ਬੁੰਗੇ ਦੇ ਸਥਾਨ ਉਤੇ ਤਪ ਕੀਤਾ) ਤਾਂ ਫਿਰ ਨਾਮ ਦੀ ਦਾਸੀ ਰਿੱਧੀ ਸਿੱਧੀ

ਪ੍ਰਗਟੀ, ਜਿਸ ਤੇ ਜੋ ਬੱਤੀਆਂ ਦੰਦਾਂ ਦਵਾਰੇ ਕਹੇ ਪੂਰੀ ਹੋ ਜਾਵੇ। ਇਸ ਤਰ੍ਹਾਂ ਦੀ ਸ਼ਕਤੀ ਅਰ ਪ੍ਰਤਾਪ ਦੇਖ ਕੇ ਅਨੇਕਾਂ ਚੇਲੇ ਆਣ ਹੋਏ ਪ੍ਰਸਿੱਧੀ ਹੋ ਗਈ। ਹੈਰਾਨੀ ਇਹ ਕਿ ਜੇਹੜਾ ਗੁਰਮੰਤ੍ਰ ਲਵੇ ਉਹ ਪੂਰਾ ਪੂਰਾ ਸਿਦਕੀ ਸਿੱਖ ਹੋ ਕੇ ਤਨ ਮਨ ਧਨ ਅਰਪ ਸੇਵਾ ਕਰੇ।

ਅਨੁਮਾਨ ੨੦ ਸਾਲ ਤਕ ਹਜਰੋਂ (ਕੇ ਵਲ ਹਜਰੋਂ ਨਹੀਂ ਬਾਕੀ ਪੰਜਾਬ ਵਿਚ ਵੀ ਪ੍ਰਚਾਰ ਕੀਤਾ। ਸ੍ਰੀ ਸਤਿਗੁਰੂ ਜੀ ਨੇ ਆਪਣਾ ਨਿਵਾਸ ਸ੍ਰੀ ਭੈਣੀ ਸਾਹਿਬ ਹੀ ਰੱਖਿਆ) ਪ੍ਰਚਾਰ ਕਰਕੇ ਮੁੜ ਜਨਮ ਭੂਮੀ ਭੈਣੀ ਵਿਚ ਆ ਨਿਵਾਸ ਕੀਤਾ। ਏਥੇ ਸਗੋਂ ਪ੍ਰਚਾਰ ਵਧਦਾ ਜਾਵੇ, ਨਿਤਪ੍ਰਤੀ ਹਜ਼ਾਰਾਂ ਸਿੱਖ ਸੇਵਕ ਹੁੰਦੇ ਜਾਣ ਤੇ ਪੂਜਾ ਦਾ ਧਨ ਬੇਸ਼ੁਮਾਰ ਆਉਂਦਾ ਰਹੇ। ਅਰ ਆਪ ਬਾਬਾ ਜੀ ਲੋਹੇ ਦੀ ਦੁਕਾਨ ਕਰਕੇ ਜੋ ਬਚੇ ਉਸ ਵਿਚੋਂ ਭੋਜਨ ਖਾਇਆ ਕਰਨ। ਪੂਜਾ ਦਾ ਧਨ ਸਭ ਲੰਗਰ ਵਿਚ ਖਰਚ ਕੀਤਾ ਜਾਵੇ।

ਪ੍ਰਭਾਵ ਤੇ ਪ੍ਰਚਾਰ

ਬਾਬਾ ਜਿਸਨੂੰ ਉਪਦੇਸ਼ ਕਰੇ ਉਹ ਮਸਤ ਸ਼ਰਾਬੀ ਦੀ ਤਰ੍ਹਾਂ ਹੋ ਜਾਵੇ। ਸ਼ਬਦ ਬਾਣੀ ਦੇ ਪ੍ਰਚਾਰ ਸਮੇਂ ਸਿਰ ਦੀ ਦਸਤਾਰ ਤਕ ਭੀ ਉਤਰ ਜਾਣ ਦਾ ਧਿਆਨ ਨਾ ਰੱਖੇ। ਇਹ ਦਸ਼ਾ ਦੇਖ ਕੇ ਲੋਕੀ ਤਾਜੁਬ ਹੋਣ, ਭਈ ਇਹ ਕੰਨ ਵਿਚ ਕੀ ਫੂਕ ਮਾਰਦੇ ਹਨ, ਜਿਸ ਨਾਲ ਆਦਮੀ ਦੇ ਹੋਸ਼ ਹਵਾਸ ਭੀ ਕਾਇਮ ਨਹੀਂ ਰਹਿੰਦੇ। ਭਾਵੇਂ ਲੋਕ ਤਾਂ ਕਈ ਤਰ੍ਹਾਂ ਦੇ ਢਕੌਸਲੇ ਮਾਰਨ ਕਿ ਇਨਾਂ ਦੇ ਕੋਈ ਕਲਾਮ ਯਾਦ ਹੈ, ਉਹੋ ਦਸਦੇ ਹਨ। ਕੋਈ ਕਹੇ ਨਹੀਂ ਜੀ, ਯੱਖਣੀ ਦੀ ਕਾਰ ਹੈ। ਪਰੰਤੂ ਇਹ ਸਭ ਅਫਵਾਹਾਂ ਸਨ, ਆਪ ਦਾ ਨਿਜ ਮੰਤ੍ਰ 'ਸ੍ਰੀ ਵਾਹਿਗੁਰੂ' ਹੀ ਸੀ। ਇਨ੍ਹਾਂ ਦਾ ਪੱਕਾ ਸੰਕੇਤ ਇਹ ਸੀ ਕਿ ਕੀ ਮਜਾਲ ਹੈ ਜੋ ਕੋਈ ਕਿਤੇ ਚੇਲਾ ਸੁੰਧਕ ਭੀ ਕਢ ਜਾਵੇ। ਇਸ ਗੱਲ ਦੀ ਦੇਸ਼ ਭਰ ਵਿਚ ਧੁੰਮ ਪੈ ਗਈ, ਦਿਨ ਪ੍ਰਤੀ ਮਾਲਵੇ, ਮਾਝੇ, ਪੋਠੋਹਾਰ, ਅਰ ਦੁਆਬੇ ਆਦਿ ਪ੍ਰਾਂਤਾਂ ਦੇ ਅਨੇਕਾਂ ਹੀ ਜਗਿਆਸੂ ਆਇਆ ਜਾਇਆ ਕਰਨ ਅਰ ਨਾਮ ਲੈ ਲੈ ਸੇਵਕ ਹੁੰਦੇ ਜਾਣ। ਜਦ ਇਸ ਤਰ੍ਹਾਂ ਪ੍ਰਚਾਰ ਵਧ ਗਿਆ ਤਾਂ ਆਪ ਨੇ ੨੨ ਸੂਬੇ ਅਕਬਰ ਦੀ ਤਰ੍ਹਾਂ ਨੀਯਤ ਕੀਤੇ। ਅਰ ਹੁਕਮ ਦਿਤਾ ਕਿ ਜਿਸ ਅਧਿਕਾਰੀ ਨੂੰ ਜੇਹੜਾ ਸੂਬਾ ਨੇੜੇ ਹੋਵੇ ਓਥੇ ਹੀ ਚੇਲਾ ਹੋ ਜਾਵੇ। ਸੂਬੇ ਤੋਂ ਬਿਨਾਂ ਹੋਰ ਕਿਸੀ ਨੂੰ ਮੰਤਰ ਦੇਣ ਲੈਣ ਦਾ ਅਧਿਕਾਰ ਨਹੀਂ ਸੀ। ਇਸ ਰੀਤੀ ਨਾਲ ਭੀ ਚੰਗਾ ਪ੍ਰਚਾਰ ਹੋਣ ਲਗਾ। ਆਪ ਜੇਹੀ ਹੀ ਤਾਸੀਰ ਸੂਬਿਆਂ ਦੇ ਗੁਰਮੰਤਰ ਵਿਚ ਹੋਈ।

ਇਸ ਤਰ੍ਹਾਂ ਅਣਗਿਣਤ ਆਦਮੀਆਂ ਨੂੰ ਅੰਮ੍ਰਿਤ ਛਕਾਇਆ, ਕੇਸ ਰਖਾਏ, ਹੁੱਕੇ ਛੁਡਾਏ, ਭੰਗ, ਪੋਸਤ, ਅਫ਼ੀਮ ਆਦਿ ਨਸ਼ਿਆਂ ਦੀ ਭੈੜੀ ਆਦਤ ਬੰਦ ਕੀਤੀ। ਥਾਂ ਥਾਂ ਢੋਲਕ ਛੈਣਿਆਂ ਨਾਲ ਗੁਰੂ ਜੀ ਦੇ ਸ਼ਬਦਾਂ ਦਾ ਪੜ੍ਹਨਾ ਆਰੰਭ ਹੋਇਆ। ਗੰਦੇ ਗੀਤ ਜਾਂ ਬੋਲੀਆਂ ਦਾ ਕੋਈ ਨਾਮ ਤਕ ਨਾ ਲਵੇ। ਸਮੇਂ ਸਮੇਂ ਪਰ ਹਵਨ, ਗੁਰੂ ਗਰੰਥ ਸਾਹਿਬ ਦੇ ਅਖੰਡ ਪਾਠ ਅਰ ਜੋੜ-ਮੇਲੇ ਹੋਇਆ ਕਰਨ। ਗੱਲ ਕਾਹਦੀ ਇਕ ਵਾਰ ਕਲਜੁਗ ਵਿਚ ਸਤਜੁਗ ਦੀ ਲੜੀ ਵਰਤਾ ਦਿਤੀ।

ਬਾਬਾ ਜਿਸਨੂੰ ਉਪਦੇਸ਼ ਕਰੇ ਉਹ ਮਸਤ ਸ਼ਰਾਬੀ ਦੀ ਤਰ੍ਹਾਂ ਹੋ ਜਾਵੇ। ਸ਼ਬਦ ਬਾਣੀ ਦੇ ਪ੍ਰਚਾਰ ਸਮੇਂ ਸਿਰ ਦੀ ਦਸਤਾਰ ਤਕ ਭੀ ਉਤਰ ਜਾਣ ਦਾ ਧਿਆਨ ਨਾ ਰੱਖੇ। ਇਹ ਦਸ਼ਾ ਦੇਖ ਕੇ ਲੋਕੀਂ ਤਾਜੁਬ ਹੋਣ, ਭਈ ਇਹ ਕੰਨ ਵਿਚ ਕੀ ਫੂਕ ਮਾਰਦੇ ਹਨ, ਜਿਸ ਨਾਲ ਆਦਮੀ ਦੇ ਹੋਸ਼ ਹਵਾਸ ਭੀ ਕਾਇਮ ਨਹੀਂ ਰਹਿੰਦੇ। ਭਾਵੇਂ ਲੋਕ ਤਾਂ ਕਈ ਤਰ੍ਹਾਂ ਦੇ ਢਕੌਸਲੇ ਮਾਰਨ ਕਿ ਇਨਾਂ ਦੇ ਕੋਈ ਕਲਾਮ ਯਾਦ ਹੈ, ਉਹੋ ਦਸਦੇ ਹਨ। ਕੋਈ ਕਹੇ ਨਹੀਂ ਜੀ, ਯੱਖਣੀ ਦੀ ਕਾਰ ਹੈ। ਪਰੰਤੂ ਇਹ ਸਭ ਅਫਵਾਹਾਂ ਸਨ, ਆਪ ਦਾ ਨਿਜ ਮੰਤ੍ਰ 'ਸ੍ਰੀ ਵਾਹਿਗੁਰੂ' ਹੀ ਸੀ। ਇਨ੍ਹਾਂ ਦਾ ਪੱਕਾ ਸੰਕੇਤ ਇਹ ਸੀ ਕਿ ਕੀ ਮਜਾਲ ਹੈ ਜੋ ਕੋਈ ਕਿਤੇ ਚੇਲਾ ਸੁੰਧਕ ਭੀ ਕਢ ਜਾਵੇ। ਇਸ ਗੱਲ ਦੀ ਦੇਸ਼ ਭਰ ਵਿਚ ਧੁੰਮ ਪੈ ਗਈ, ਦਿਨ ਪ੍ਰਤੀ ਮਾਲਵੇ, ਮਾਝੇ, ਪੋਠੋਹਾਰ, ਅਰ ਦੁਆਬੇ ਆਦਿ ਪ੍ਰਾਂਤਾਂ ਦੇ ਅਨੇਕਾਂ ਹੀ ਜਗਿਆਸੂ ਆਇਆ ਜਾਇਆ ਕਰਨ ਅਰ ਨਾਮ ਲੈ ਲੈ ਸੇਵਕ ਹੁੰਦੇ ਜਾਣ। ਜਦ ਇਸ ਤਰ੍ਹਾਂ ਪ੍ਰਚਾਰ ਵਧ ਗਿਆ ਤਾਂ ਆਪ ਨੇ ੨੨ ਸੂਬੇ ਅਕਬਰ ਦੀ ਤਰ੍ਹਾਂ ਨੀਯਤ ਕੀਤੇ। ਅਰ ਹੁਕਮ ਦਿਤਾ ਕਿ ਜਿਸ ਅਧਿਕਾਰੀ ਨੂੰ ਜੇਹੜਾ ਸੂਬਾ ਨੇੜੇ ਹੋਵੇ ਓਥੇ ਹੀ ਚੇਲਾ ਹੋ ਜਾਵੇ। ਸੂਬੇ ਤੋਂ ਬਿਨਾਂ ਹੋਰ ਕਿਸੀ ਨੂੰ ਮੰਤਰ ਦੇਣ ਲੈਣ ਦਾ ਅਧਿਕਾਰ ਨਹੀਂ ਸੀ। ਇਸ ਰੀਤੀ ਨਾਲ ਭੀ ਚੰਗਾ ਪ੍ਰਚਾਰ ਹੋਣ ਲਗਾ। ਆਪ ਜੇਹੀ ਹੀ ਤਾਸੀਰ ਸੂਬਿਆਂ ਦੇ ਗੁਰਮੰਤਰ ਵਿਚ ਹੋਈ।

ਰੀਤੀ ਰਸਮ

ਸਫ਼ੈਦ ਬਸਤਰ, ਸਿੱਧੀ ਦਸਤਾਰ, ਚਿੱਟੀ ਉੱਨ ਦੀ ਮਾਲਾ, ਚਿੱਟੇ ਉੱਨ ਦੇ ਆਸਨ, ਸਿੱਧੀ ਦਾੜ੍ਹੀ, ਕਰਦ, ਕੜਾ, ਕੱਛ ਆਦਿ ਸੰਕੇਤ ਰੱਖਣੇ, ਸਕੇਸ ਸ਼ਨਾਨ ਕਰਨਾ, ਮਦ ਮਾਸ ਨਹੀਂ ਖਾਣਾ, ਇਸਤ੍ਰੀਆਂ ਨੂੰ ਭੀ ਅੰਮ੍ਰਿਤ ਛਕਾਣਾ, ਨੱਕ ਕੰਨ ਨਾ ਵਿੰਨ੍ਹਣਾ, ਸਿਰ ਤੇ ਦਸਤਾਰ ਪਹਿਨਾਉਣੀ, ਬਿਨਾਂ ਗੁਰੂ ਜੀ ਤੋਂ ਹੋਰ ਕਿਸੀ ਨੂੰ ਨਹੀਂ ਮੰਨਣਾ, ਇਤਆਦਿ ਨਿਜ ਮਰਿਯਾਦਾ ਦਾ ਪੱਕਾ ਸੰਕੇਤ ਕਰ ਲਿਆ।

ਕੀ ਮਜਾਲ ਸੀ ਜੋ ਕੋਈ ਬ੍ਰਾਹਮਣ, ਸਾਧੂ, ਦੇਵ ਮੰਦਰ, ਤੀਰਥ, ਪੁਰਾਣ ਆਦਿ ਨੂੰ ਭੀ ਮੰਨ ਜਾਵੇ। ਦਾਨ-ਪੁੰਨ ਜੋ ਭੀ ਕੁਛ ਹੋਵੇ ਆਪਸ ਵਿਚ। ਗੱਲ ਕਾਹਦੀ ਕਿ ਰੋਟੀ ਬੇਟੀ ਦੀ ਸਾਂਝ ਤਕ ਭੀ ਕਿਸੇ ਨਾਲ ਨਾ ਰੱਖੀ। ਪਾਠ, ਜਪ, ਹੋਮ ਆਦਿ ਪੁੰਨਾਂ ਦੇ ਫਲ ਦੀ ਏਹੋ ਆਸ਼ਾ ਕਿ ਸਾਡਾ ਸੁਰਾਜ ਹੋਵੇ। ਮ੍ਰਿਤਕ ਸਮੇਂ ਅਰ ਵਿਆਹ ਕਾਰਜਾਂ ਵਿਚ ਭੀ ਆਪਸ ਵਿਚ ਹੀ ਅਨੰਦ ਪੜ੍ਹਾਕੇ ਅਨੰਦ ਹੋਣਾ, ਇਤਿਆਦੀ ਹੋਰ ਬਾਬੇ ਦੇ ਮੂੰਹੋਂ ਜੋ ਨਿਕਲੇ ਉਸ ਦੇ ਪਾਲਨ ਵਿਚ ਕੀ ਮਜਾਲ ਸੀ ਜੋ ਵਿਲ ਹੋਵੇ। ਸੇਵਕ ਬਾਬੇ ਨੂੰ ਜ਼ਾਹਰਾ ਪੀਰ ਮੰਨਦੇ ਸਨ।

ਅਜੇਹਾ ਪ੍ਰਚਾਰ ਦੇਖਕੇ ਬ੍ਰਾਹਮਣ ਅਰ ਗੁਰਦਵਾਰਿਆਂ ਦੇ ਪੁਜਾਰੀ ਬਹੁਤੇ ਦੁਖੀ ਹੋਏ, ਕੁਝ ਅਣਹੋਈਆਂ ਕਹਿਕੇ ਨਿੰਦਿਆਂ ਭੀ ਕਰਨ, ਪਰ ਖੁੱਸਾ ਕੁਝ ਨਾ।

ਯਾਤਰਾ

ਬਾਬਾ ਯਾਤਰਾ ਕਰਨ ਜਿਧਰ ਜਾਵੇ, ਹਜ਼ਾਰਾਂ ਰੁਪਿਆ ਭੇਟ ਪੂਜਾ ਦੇ ਦੇ ਹਜ਼ਾਰਾਂ ਹੀ ਸਿੱਖ ਹੋ ਕੇ ਸਾਥੀ ਹੋ ਜਾਣ। ਦਮਦਮੇ, ਮੁਕਤਸਰ ਅਰ ੧੯੨੨-੨੩ ਬਿਕ੍ਰਮੀ ਵਿਚ ਅਨੰਦਪੁਰ ਯਾਤਰਾ ਕੀਤੀ। ਅਰ ੧੯੨੪ ਬਿਕ੍ਰਮੀ ਵਿਚ ਅੰਮ੍ਰਿਤਸਰ ਦੀਪਮਾਲਾ ਦੇ ਸਮੇਂ ਚਾਟੀਵਿੰਡ ਦਰਵਾਜ਼ੇ ਦੇ ਬਾਹਰ ਆਣ ਡੇਰਾ ਜਮਾਇਆ। ਅੰਦਾਜ਼ਾ ੨੦ ਹਜ਼ਾਰ ਕੂਕੇ ਸਿੱਖ ਸਾਥ, ਹੋਰ ਡਾਂਡਾ-ਖਾਂਡਾ, ਦੰਗ-ਦੁਆਲ ਦੇਖ ਕੇ ਸਮੇਂ ਦੇ ਹਾਕਮ ਦਹਿਲ ਗਏ। ਜਿਸ ਤੇ ਡਿਪਟੀ ਕਮਿਸ਼ਨਰ, ਕੋਤਵਾਲ (ਥਾਣੇਦਾਰ) ਪੇਸ਼ਵਾਈ ਵਾਸਤੇ ਨਿਯਤ ਹੋਏ। ਆਪ ਦਰਬਾਰ ਸਾਹਿਬ ਗਏ ਤਾਂ ਪੁਜਾਰੀਆਂ ਅਰਦਾਸ ਨਾ ਕੀਤੀ, ਪਰੰਤੂ ਫਿਰ ਭੀ ਪ੍ਰਭਤਾ ਵਿਚ ਫਰਕ ਨਹੀਂ ਪਿਆ।

ਧਰਮ ਰੱਖਿਆ

੧੯੨੦-੩੦ ਬਿਕ੍ਰਮੀ ਦੇ ਸਮੇਂ ਥਾਂ ਥਾਂ ਗੋ-ਬਧ ਹੁੰਦੇ ਜਾਣਕੇ ਹਿੰਦੂ ਬਹੁਤ ਦੁਖਤ ਹੋਣ, ਪਰ ਚਾਰਾ ਕੁਝ ਨਾ, ਓਥੇ ਮਲੇਰਕੋਟਲੇ ਦੀ ਤੁਰਕਾਨੀ ਇਨ੍ਹਾਂ ਦੇ ਵਿਰੁਧ ਹੋਈ, ਪਰੰਤੂ ਇਨ੍ਹਾਂ ਲੜ ਕੇ ਮੂੰਹ ਭੁਆ ਦਿਤਾ। ਅਗੋਂ ਪਟਲੇਸੁਰ ਜਾਵੇ। ਤਾਂ ਇਨ੍ਹਾਂ ਆਪਸ ਵਿਚ ਸੰਮਤੀ ਕਰਕੇ ਬਹੁਤੇ ਥਾਵਾਂ ਤੇ ਬੁੱਚੜ ਮਾਰੇ। ਇਸ ਪਰ ਅੰਮ੍ਰਿਤਸਰ ਆਦਿ ਸਥਾਨਾਂ ਦੇ ਹਿੰਦੂ ਮੁਖੀਏ ਸਰਕਾਰ ਫੜਕੇ ਬਹੁਤ ਦੁਖੀ ਕੀਤੇ ਕਿ ਬੁੱਚੜ ਹਿੰਦੂਆਂ ਮਾਰੇ ਹਨ। ਜਦ ਹਿੰਦੂਆਂ ਵਾਸਤੇ ਫ਼ਾਂਸੀਆਂ ਦਾ ਹੁਕਮ ਹੋਇਆ ਤਾਂ ਕੂਕੇ ਆਪਣਾ ਕਾਤਲਾਂ ਦਾ ਸਬੂਤ ਦੇ ਕੇ ਖੁਸ਼ੀ ਨਾਲ ਫ਼ਾਂਸੀਆਂ ਲੈਣ। ਇਉਂ ਬਹੁਤਿਆਂ ਧਰਮ ਹੇਤ ਸਿਰ ਲਾਏ।

ਮਲੇਰਕੋਟਲੇ ਦੀ ਰਿਆਸਤ ਵਿਚ ਭੀ ਕੂਕਿਆਂ ਨੇ ਜਾਨ ਤਲੀ ਤੇ ਧਰਕੇ ਬੁੱਚੜ ਮਾਰ ਕੇ ਗਊਆਂ ਬਚਾਈਆਂ। ਫ਼ੌਜ ਨੇ ਦਗ਼ਾ ਦੇ ਕੇ ਫੜ ਲਿਆ, ਜਿਸ ਤੇ ਸਰਕਾਰੀ ਹੁਕਮ ਨਾਲ ਇਨ੍ਹਾਂ ੬੬ ਕੂਕੇ ਸਿੰਘਾਂ ਤੇ ਤੋਪ ਦਮਕਾਈ। ਇਨ੍ਹਾਂ ਧਰਮ ਹੇਤ ਬਾਣੀ ਪੜ੍ਹਦਿਆਂ ਸੀਸ ਕੁਰਬਾਨ ਕੀਤੇ। ਅਜੇਹੀ ਹਿੰਮਤ ਅਰ ਹੌਸਲਾ ਦੇਖ ਕੇ ਸਰਕਾਰ, ਮੁਸਾਹਬ ਅਸਚਰਯ ਰਹਿ ਗਏ।

ਦੇਸ਼ ਨਿਕਾਲਾ

ਇਸੇ ਤੂਫ਼ਾਨ ਵਿਚ ਬਾਬਾ ਰਾਮ ਸਿੰਘ ਨੂੰ ਜਲਾਵਤਨ (ਦੇਸ਼-ਨਿਕਾਲਾ) ਦੇ ਕੇ ਬਰ੍ਹਮਾ ਦੇਸ਼ ਦੇ ਰੰਗੂਨ ਸ਼ਹਿਰ ਕੱਢ ਦਿਤਾ, ਬਾਕੀ ੨੨ ਦੇ ਸੂਬਿਆਂ ਦਾ ਵੀ ਧਰੁਵਾ ਤੋੜ ਦਿਤਾ।

ਗੱਦੀ

ਬਾਬੇ ਰਾਮ ਸਿੰਘ ਦੇ ਪਿੱਛੋਂ (ਗੁਰੂ) ਹਰੀ ਸਿੰਘ, ਪ੍ਰਸਿਧ ਬਾਬਾ ਬੁੱਧ ਸਿੰਘ ਸਕਾ ਭਾਈ ਗੱਦੀ ਪਰ ਨਿਯਤ ਹੋਇਆ। (ਗੁਰੂ) ਬੁੱਧ ਸਿੰਘ ਦੇ ਪਿਛੋਂ (ਗੁਰੂ) ਪ੍ਰਤਾਪ ਸਿੰਘ ਆਪਦਾ ਪੁਤਰ ਭੈਣੀ ਦਾ ਗੱਦੀ-ਨਸ਼ੀਨ ਹੈ।

ਇਸ਼ਟ ਉਪਾਸ਼ਨਾ

ਮੁਖ ਪੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੈ, ਭੈਣੀ ਸਭ ਤੋਂ ਵਧ ਕੇ ਤੀਰਥ ਹੈ, ਇਹ ਭੈਣੀ ਨੂੰ ਭੈਣੀ ਸਾਹਿਬ ਬੋਲਦੇ ਹਨ। ਮੰਤ੍ਰ ਸ੍ਰੀ ਵਾਹਿਗੁਰੂ ਹੈ। ਦਸਾਂ ਗੁਰਾਂ ਤੋਂ ਪਿਛੋਂ ਆਪਣੇ ਨਿਜ ਨਾਮ ਭੀ ਅਰਦਾਸ ਵਿਚ ਲੈਂਦੇ ਹਨ। (ਇਨਾਂ ਨੂੰ ਸਿੱਖ ਅਯੋਗ ਆਖਦੇ ਹਨ)।

ਸੰਪ੍ਰਦਾਈ ਨਾਮ

'ਕੋਸੋ ਕੋਸੋ ਕੂਕੀਏ ਨਾ ਸੋਈਏ ਅਸਾਰ' ਇਸ ਸ਼ਬਦ ਦੇ ਬਹੁਤਾ ਪੜ੍ਹਨ ਕਰਕੇ ਜਾਂ ਸ਼ਬਦ ਪੜ੍ਹਨ ਦੇ ਸਮੇਂ ਕੂਕਾਂ ਮਾਰਨੇ ਤੇ ਕੂਕੇ ਕਹੇ ਜਾਂਦੇ ਹਨ। 'ਨਾਮ ਧਰੀਕ ਝੂਠੇ ਸਭ ਸਾਕਾ' ਇਸ ਦਾ ਅਧਿਕ ਪਾਠ ਕਰਨੇ ਤੇ, ਅਰ ਨਾਮ ਲੈਣੇ ਤੇ 'ਨਾਮਧਾਰੀਏ' ਕਹੇ ਜਾਂਦੇ ਹਨ। ਆਪਣੀ ਕ੍ਰਿਤ ਕਰਕੇ ਖਾਣਾ, ਦਸਵੰਧ ਭੈਣੀ ਭੇਜਣਾ, ਅੰਮ੍ਰਿਤ ਛਕਣਾ, ਸਫੇਦ ਬਸਤਰ ਓਢਣੇ, ਉੱਨ ਦੀ ਮਾਲਾ ਆਦਿ ਪੂਰੇ ਸੰਕੇਤ ਹਨ।

ਭੈਣੀ ਜਾਣ ਵਾਸਤੇ ਨਾ: ਵੈ: ਰੇਲਵੇ ਦਾ ਦੁਰਾਹਾ ਸਟੇਸ਼ਨ ਹੈ। ਉਥੋਂ ਨੇੜੇ ਹੀ ਹੈ। ਬਾਬੇ ਰਾਮ ਸਿੰਘ ਦੇ ਸਥਾਨ ਆਦਿ ਦਾ ਦਰਸ਼ਨ ਹੈ। ਲੰਗਰ ਆਏ ਗਏ ਨੂੰ ਹਰ ਸਮੇਂ ਮਿਲਦਾ ਹੈ, ਕੂਕੇ ਪ੍ਰੇਮੀ ਅਰ ਮਿਲਾਪੜੇ ਹੁੰਦੇ ਹਨ। ਭੈਣੀ ਦਾ ਠਾਟ ਬਾਠ ਦੇਖਣੇ ਯੋਗ ਹੈ। ■

ਰੂਸ ਦਰਬਾਰ ਵਿੱਚ ਕੂਕਾ ਨੇਤਾ

ਗੁਰਚਰਨ ਸਿੰਘ

ਪੀ. ਸੀ. ਰਾਏ

ਸ੍ਰੀ ਰਾਏ ਭਾਰਤ ਦੇ ਕੇਂਦਰੀ ਸੂਚਨਾ ਵਿਭਾਗ ਵਿੱਚ ਰਿਸਰਚ ਅਫਸਰ ਸਨ। ਭਾਰਤੀ ਇਤਿਹਾਸ ਰਿਕਾਰਡ ਕਮਿਸ਼ਨ ਦੇ ਸਲਾਨਾ ਸੰਮੇਲਨ ਦੌਰਾਨ ਤ੍ਰਿਵੇਂਦਰਮ ਵਿਖੇ ੧੯੫੮ ਈ. ਵਿਚ ਬੰਗਾਲੀ ਭਾਸ਼ਾ ਵਿਚ ਪੜ੍ਹੇ ਗਏ ਲੇਖ ਦਾ ਪੰਜਾਬੀ ਅਨੁਵਾਦ ਡਾ. ਅਮਰ ਭਾਰਤੀ ਨੇ ਕੀਤਾ। -ਸੰਪਾਦਕ

ਉਨ੍ਹੀਵੀ ਸਦੀ ਦੇ ਅੱਧ ਵਿਚ ਬ੍ਰਿਟਿਸ਼ ਕਬਜ਼ੇ ਹੇਠਲੇ ਪੰਜਾਬ ਵਿਚ ਆਮ ਸਿਖਾਂ ਵਲੋਂ ਆਜ਼ਾਦੀ ਲਈ ਸੰਗਰਾਮ ਕੂਕਾ ਵਿਦਰੋਹ ਤੋਂ ਸ਼ੁਰੂ ਹੋਇਆ। ਨਾਮਧਾਰੀ ਸੰਪਰਦਾ ਹੀ ਕੂਕਾ ਨਾਮ ਨਾਲ ਪਰਸਿਧ ਹੈ। ਗੁਰੂ ਨਾਨਕ ਵਲੋਂ ਚਲਾਏ ਸਿਖ ਧਰਮ ਦੀ ਰਖਵਾਲੀ ਤੇ ਪਰਚਾਰ ਦੇ ਉਦੇਸ਼ ਨਾਲ ਹਜ਼ਰੋਂ ਦੇ ਵਾਸੀ ਗੁਰੂ ਬਾਲਕ ਸਿੰਘ ਨੇ ਇਸ ਸੰਪਰਦਾ ਦੀ ਰਚਨਾ ਕੀਤੀ।

ਨਿਰੋਲ ਧਰਮ-ਪ੍ਰੇਰਨਾ ਦੇ ਅਧੀਨ ਸੰਗਠਨ ਬਣਨ ਤੇ ਵੀ ਭਾਰਤ ਦੇ ਆਜ਼ਾਦੀ ਲਈ ਸੰਗਰਾਮ ਦੇ ਇਤਿਹਾਸ ਵਿਚ ਕੂਕਿਆਂ ਦੇ ਦਾਨ ਨੇ ਇਕ ਉਜਲੇ ਅਧਿਆਏ ਦੀ ਰਚਨਾ ਕੀਤੀ ਹੈ।

ਪੁਰਾਤਨ ਧਰਮ ਵਿਚ ਪੁਰਾਣਾਂ ਦਾ ਸੰਚਾਰ ਕਰਕੇ ਉਸ ਵੇਲੇ ਸਿਖ ਸੰਪਰਦਾ ਵਿਚੋਂ ਇਕ ਬੇ-ਮਿਸਾਲ ਰਾਜਨੀਤਕ ਚੇਤਨਾ ਦ੍ਰਿਸ਼ਟੀ ਗੋਚਰ ਹੋਈ। ਅਨੇਕਾਂ ਤਰ੍ਹਾਂ ਦੇ ਇਤਿਹਾਸਕ ਉਤਾਰਾਂ ਚੜ੍ਹਾਵਾਂ ਹਮਲਿਆਂ ਤੇ ਜਵਾਬੀ ਹਮਲਿਆਂ ਦੇ ਨਤੀਜੇ ਵਜੋਂ ਪੰਜਾਬ ਦੀ ਹਾਲਤ ਵਿਚ ਏਨੀ ਤੇਜ਼ੀ ਨਾਲ ਤਬਦੀਲੀ ਆਈ ਕਿ ਮਜਬੂਰੀ ਵਿਚ ਧਰਮ ਸੰਪਰਦਾ ਨੂੰ ਵੀ ਹਥਿਆਰਬੰਦ ਹੋਣਾ ਪਿਆ। ਬ੍ਰਿਟਿਸ਼ ਪੰਜੇ ਵਿਚੋਂ ਆਪਣੀ ਤੇ ਭਾਰਤ ਦੀ ਆਜ਼ਾਦੀ ਲਈ ਇਕ ਬਦੇਸ਼ੀ ਰਾਜ ਨਾਲ ਸੰਬੰਧ ਜੋੜ ਕੇ ਉਸਦੀ ਸਹਾਇਤਾ ਹਾਸਲ ਕਰਨ ਦਾ ਜਤਨ ਕਰਨਾ ਪਿਆ। ਸਿਖ ਰਾਜ ਦੇ ਖਾਤਮੇ ਕਰਕੇ ਖਾਲਸਾ ਫੌਜ ਦੇ ਬਹੁਤੇ ਸਿਖ ਬੇਕਾਰ ਹੋ ਗਏ। ਉਨ੍ਹਾਂ ਲਈ ਨਿਰਾ ਖੇਤੀਬਾੜੀ ਉਤੇ ਨਿਰਭਰ ਰਹਿਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਮੰਦੇ ਦਿਨਾਂ ਵਿਚ ਗੁਜ਼ਾਰਾ ਕਰਨ ਲਈ ਖੇਤੀ ਬਾੜੀ ਦਾ ਕੰਮ ਸ਼ੁਰੂ ਕਰਨ ਤੇ ਵੀ ਇਕ ਫੌਜੀ ਜਾਤੀ ਲਈ ਇਸ ਕੰਮ ਵਿਚ ਪੂਰੀ ਤਰ੍ਹਾਂ ਮਨ ਲਗਾਉਣਾ ਸੰਭਵ ਨਹੀਂ। ਖਾਸ ਕਰਕੇ ਬਹੁਤੇ ਲੋਕ ਬੇਜ਼ਮੀਨੇ ਹਲਵਾਹਕ ਸਨ - ਸੋ ਇਸ ਕੰਮ ਰਾਹੀਂ ਪਰਵਾਰ ਦਾ ਗੁਜ਼ਾਰਾ ਚਲਾਉਣਾ ਅਸੰਭਵ ਹੋ ਗਿਆ ਸੀ। ਸੋ ਇਸ ਜਾਤੀ ਵਿਚ ਬਹੁਤ ਹੀ ਜ਼ਿਆਦਾ ਬੇਚੈਨੀ ਦੀ ਹਾਲਤ ਪੈਦਾ ਹੋ ਗਈ। ਇਸ ਅਸੰਤੋਖ ਦੀ ਅੱਗ ਵਿਚ ਬਾਲਣ ਪਾਇਆ ਅੰਗਰੇਜ਼ਾਂ ਦੀ ਲੁਟ-ਘਸੁਟ ਦੀ ਨੀਤੀ ਨੇ ਬੇਜ਼ਮੀਨ ਕਿਸਾਨ ਸਮਾਜ ਨੇ ਨਾਮਧਾਰੀ ਸੰਪਰਦਾ ਦੇ ਇਸ ਮੁੜ ਜਾਗਰਨ ਦੀ ਯੋਜਨਾ ਵਿਚ ਪੂਰੀ ਤਰ੍ਹਾਂ ਮਨ ਲਗਾਇਆ ਤੇ ਇਸ ਅੰਦੋਲਨ ਵਿਚੋਂ ਆਪਣਾ ਆਜ਼ਾਦੀ ਦਾ ਰਾਹ ਲੱਭਿਆ ਤੇ ਖਾਸ ਕਰਕੇ ਕੂਕਾ ਸੰਪਰਕ ਦੇ ਜਨਕ ਗੁਰੂ ਬਾਲਕ ਸਿੰਘ ਦੇ ਉਤਰਾਧਿਕਾਰੀ ਜ਼ਿਲਾ ਲੁਧਿਆਣਾ ਦੇ ਗੁਰੂ ਰਾਮ ਸਿੰਘ ਜੀ ਦੀ ਅਸਾਧਾਰਨ ਸੰਗਠਨ ਪ੍ਰਤਿਭਾ, ਭਾਸ਼ਣ ਕਲਾ ਤੇ ਅਡੋਲ ਸਿਦਕ ਨੇ ਇਸ ਅੰਦੋਲਨ ਦੀ ਨੀਂਹ ਪੱਕੀ ਕਰ ਦਿਤੀ ਤੇ ਹੌਲੀ ਹੌਲੀ ਕੂਕਾ ਅੰਦੋਲਨ ਕਿਸਾਨ ਸਮਾਜ ਦਾ ਆਪਣਾ ਅੰਦੋਲਨ ਬਣ ਗਿਆ।

ਸਿਖਾਂ ਦੇ ਇਸ ਸੰਗਠਨ ਕਰਕੇ ਪੰਜਾਬ ਦੇ ਉਸ ਵੇਲੇ ਦੇ ਅੰਗਰੇਜ਼ ਹਾਕਮ ਬਹੁਤ ਹੀ ਘਬਰਾਏ। ਪੰਜਾਬ ਦੇ ਜਾਸੂਸੀ

ਮਹਿਕਮੇ ਨੂੰ ਕੂਕਿਆਂ ਦੀਆਂ ਸਰਗਰਮੀਆਂ ਨੂੰ ਧਿਆਨ ਵਿਚ ਰਖਣ ਦਾ ਹੁਕਮ ਦਿਤਾ ਗਿਆ। ਗੁਰੂ ਰਾਮ ਸਿੰਘ ਜੀ ਦੇ ਬਾਹਰ ਅੰਦਰ ਜਾਣ ਆਉਣ ਉਤੇ ਪਾਬੰਦੀ ਲਗਾ ਦਿਤੀ ਗਈ। ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਦਸਿਆ ਕਿ ਕੂਕੇ ਗੁਪਤ ਅੰਦੋਲਨ ਚਲਾ ਰਹੇ ਹਨ। ਇਹ ਫਸਾਦੀ ਹਨ ਤੇ ਪੰਜਾਬ ਦੇ ਅਮਨ ਲਈ ਖਤਰਾ ਹਨ। ਨਤੀਜੇ ਵਜੋਂ ਤੁਛ ਕਾਰਨ ਤੋਂ ਰਾਜ-ਸ਼ਕਤੀ ਨਾਲ ਕੂਕਿਆਂ ਦਾ ਸੰਘਰਸ਼ ਅਰੰਭ ਹੋ ਗਿਆ। ਅੰਗਰੇਜ਼ ਹਾਕਮਾਂ ਵਲੋਂ ਗਊ ਹੱਤਿਆ ਬੰਦ ਕਰਨ ਦਾ ਇਕਰਾਰ ਤੋੜਨ ਤੇ ਮਲੇਰਕੋਟਲੇ ਵਿਚ ਕੂਕਿਆਂ ਵਲੋਂ ਜਿਹੜਾ ਸੁੱਤੇ ਸਿੱਧ ਵਿਰੋਧ ਉਠਿਆ, ਹਾਕਮਾਂ ਵਲੋਂ ਉਸਨੂੰ ਦਬਾਉਣ ਲਈ ਪਰਚੰਡ ਦਮਨ ਨੀਤੀ ਅਪਨਾਏ ਜਾਣ ਕਰਕੇ ਉਹ ਝਗੜਾ ਵਿਆਪਕ ਵਿਦਰੋਹ ਦਾ ਰੂਪ ਧਾਰ ਗਿਆ।

ਅਨੇਕਾਂ ਵਿਦਰੋਹੀ ਕੂਕਿਆਂ ਨੇ ਸ਼ਹੀਦੀਆਂ ਪਾਈਆਂ ਇਕ ਅਦਾਲਤੀ ਢੌਂਗ ਰਚ ਕੇ ਉਸਦੇ ਫੈਸਲੇ ਅਨੁਸਾਰ ਬਹੁਤ ਸਾਰੇ ਵਿਦਰੋਹੀਆਂ ਨੂੰ ਅੱਗ ਉਗਲਦੀਆਂ ਤੋਪਾਂ ਅਗੇ ਖਲਿਹਾਰ ਕੇ ਉੜਾ ਦਿਤਾ ਗਿਆ। ਕੁਛ ਦੇਸ਼ ਭਗਤਾਂ ਨੂੰ ਜੇਹਲਾਂ ਦੀਆਂ ਕੰਧਾਂ ਪਿਛੇ ਡੱਕ ਦਿਤਾ ਗਿਆ ਅਤੇ ਅੰਤ ਵਿਚ ਕੂਕਾ ਨੇਤਾ ਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਬਰਮਾ ਦੀ (ਪਹਿਲੇ ਰੰਗੂਨ ਫਿਰ ਮਰਗੋਈ) ਜੇਲ੍ਹ ਵਿਚ ਭੇਜ ਦਿਤਾ।

ਬਦੇਸ਼ੀ ਹਾਕਮਾਂ ਦੇ ਜ਼ੁਲਮਾਂ ਨਾਲ ਅੰਦੋਲਨ ਦੀ ਰਫਤਾਰ ਕੁਝ ਰੁਕ ਜਾਣ ਤੇ ਵੀ ਉਸ ਦੀ ਧਾਰਾ ਫਲਗੂ ਨਦੀ ਵਾਂਗ ਲੋਕ-ਅੱਖਾਂ ਤੋਂ ਉਹਲੇ ਉਹਲੇ ਵਹਿੰਦੀ ਰਹੀ। ਇਸ ਗੁਪਤ ਅੰਦੋਲਨ ਦੀ ਅਗਵਾਈ ਗੁਰੂ ਰਾਮ ਸਿੰਘ ਜੀ ਦੇ ਭਰਾਤਾ ਬੁਧ ਸਿੰਘ ਜੀ ਨੇ ਸੰਭਾਲ ਲਈ। ਮਰਗੋਈ ਜੇਲ੍ਹ ਨਿਰਵਾਸਿਤ ਗੁਰੂ ਨਾਲ ਚਿੱਠੀ ਪਤਰ ਦੇ ਸੰਬੰਧ ਜੋੜਨੇ ਅਤੇ ਵਿਰੋਧੀ ਸੰਗਰਾਮ ਵਿਚ ਰੂਸੀ ਸ਼ਕਤੀ ਦੀ ਸਹਾਇਤਾ ਪ੍ਰਾਪਤੀ ਦੇ ਜਤਨ ਕੂਕਾ ਅੰਦੋਲਨ ਕਾਰੀਆਂ ਵਲੋਂ ਬਾਅਦ ਵਿਚ ਅਪਨਾਈ ਜਾਣ ਵਾਲੇ ਗੁਪਤ ਦਾਅ ਪੇਚਾਂ ਦੀ ਖਾਸ ਮਹਾਨਤਾ ਹੈ।

ਅਜੇਹੇ ਸਮੇਂ ਅੰਗ੍ਰੇਜ਼ ਅਫਗਾਨ ਜੰਗ ਨੇ ਇਸ ਨਵੇਂ ਤਰੀਕੇ ਨੂੰ ਅਮਲ ਵਿਚ ਲਿਆਉਣ ਵਿਚ ਕਾਫੀ ਮਦਦ ਕੀਤੀ। ਮੁਸਲਿਮ ਧਰਮ ਨੂੰ ਮੰਨਣ ਵਾਲੇ ਅਫਗਾਨ, ਸਿਖਾਂ ਲਈ ਭਾਵੇਂ ਕਿੰਨੇ ਵੀ ਓਪਰੇ ਹੋਣ ਪਰ ਅੰਗਰੇਜ਼ਾਂ ਨੂੰ ਕਢਣ ਦੇ ਮਾਮਲੇ ਵਿਚ ਉਹ ਸਿਖਾਂ ਦੇ ਭਾਈ ਬਣ ਗਏ। ਜੰਗ ਵਿਚ ਥੱਕੇ ਹਾਰੇ ਅੰਗਰੇਜ਼ਾਂ ਨੂੰ ਇਸ ਸੰਕਟ ਵੇਲੇ ਅੰਤਿਮ ਸੱਟ ਮਾਰਨ ਲਈ ਕੂਕਾ ਨੇਤਾਵਾਂ ਨੇ ਤਿਆਰੀ ਕੀਤੀ। ਮੱਧ ਏਸ਼ੀਆ ਵਿਚ ਰੂਸੀ ਸਾਮਰਾਜ ਦੇ ਲਗਾਤਾਰ ਪਸਾਰੇ ਦੀ ਗੱਲ ਕੂਕਿਆਂ ਤੋਂ ਲੁਕੀ ਨਹੀਂ ਸੀ ਹੋਈ।

ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਅੰਗਰੇਜ਼ੀ ਹਕੂਮਤ ਦਾ ਖਾਤਮਾ ਕਰਨ ਲਈ ਅਫਗਾਨਿਸਤਾਨ ਦੇ ਰਾਹੀਂ ਰੂਸ ਕਿਸੇ ਨਾ ਕਿਸੇ ਦਿਨ ਜ਼ਬਰਦਸਤ ਹਮਲਾ ਕਰੇਗਾ। ਨੇਤਾਵਾਂ ਨੇ ਫੈਸਲਾ ਕੀਤਾ-ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਦੂਤ ਘੱਲ ਕੇ ਰੂਸ ਦੇ ਹਾਕਮਾਂ ਨੂੰ ਭਰੋਸਾ ਦਿਵਾਇਆ ਜਾਵੇ ਕਿ ਉਨ੍ਹਾਂ ਵਲੋਂ ਭਾਰਤ ਵਿਚ ਅੰਗਰੇਜ਼ੀ ਰਾਜ ਉਤੇ ਹਮਲਾ ਕਰਦਿਆਂ ਹੀ ਸਾਰੇ ਭਾਰਤ ਵਾਸੀ ਉਨ੍ਹਾਂ ਦੀ ਇਸ ਅੰਗਰੇਜ਼ ਵਿਰੋਧੀ ਲੜਾਈ ਵਿਚ ਪੂਰਾ ਪੂਰਾ ਸਾਥ ਦੇਣਗੇ। ਕੂਕਾ-ਰੂਸ ਸਹਿਯੋਗਤਾ ਨਾਲ ਭਾਰਤ ਵਰਸ਼ ਵਿਚੋਂ ਅੰਗਰੇਜ਼ਾਂ ਦਾ ਰਾਜ ਖਤਮ ਹੋ ਜਾਏਗਾ। ਇੰਜ ਮਹਾਰਾਜਾ ਰਣਜੀਤ ਸਿੰਘ ਦਾ ਪੁਤਰ ਦਲੀਪ ਸਿੰਘ ਮੁੜ ਪੰਜਾਬ ਦਾ ਰਾਜ ਸਿੰਘਾਸਨ ਹਾਸਿਲ ਕਰੇਗਾ ਤੇ ਦੂਜੇ ਬੰਨੇ ਪੱਛਮ ਵਿਚ ਰੂਸੀ ਸ਼ਕਤੀ ਸ਼ਰੋਮਣੀ ਸ਼ਕਤੀ ਬਣ ਜਾਏਗੀ।

ਪਰ ਇਸ ਯੋਜਨਾ ਨੂੰ ਉਨ੍ਹਾਂ ਹਾਲਤਾਂ ਵਿਚ ਅਮਲੀ ਰੂਪ ਦੇਣਾ ਇਕ ਬਹੁਤ ਹੀ ਔਖਾ ਕੰਮ ਸੀ। ਇਕ ਤਾਂ ਮਧ ਏਸ਼ੀਆ ਦੇ ਬਿਖੜੇ ਅਲੰਘ ਰਾਹਾਂ ਨੂੰ ਪਾਰ ਕਰਕੇ ਜਾਣਾ ਔਖਾ ਸੀ, ਦੂਜਾ ਭਾਰਤਵਰਸ਼ ਦੀ ਉਸ ਵੇਲੇ ਦੀ ਵਿਸ਼ੇਸ਼ ਰਾਜਨੀਤਕ ਪ੍ਰਸਥਿਤੀ ਦਾ ਵਿਸ਼ਲੇਸ਼ਣ ਕਰਕੇ ਰੂਸ ਦੇ ਹਾਕਮਾਂ ਨੂੰ ਅੰਗਰੇਜ਼ ਵਿਰੋਧੀ ਚੜ੍ਹਾਈ ਲਈ ਤਿਆਰ ਕਰਨਾ ਵੀ ਸੌਖਾ ਨਹੀਂ ਸੀ।

ਅੰਗਰੇਜ਼ ਤੇ ਅਫਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚ ਕੇ ਜੰਗ ਨਾਲ ਤਬਾਹ ਹੋਏ ਦੇਸ਼ ਦੇ ਵਿਚੋਂ ਦੀ ਲੰਘ ਕੇ ਜਾਣ ਲਈ ਖਾਸ ਕਿਸਮ ਦੀ ਦਲੇਰੀ ਤੇ ਬੁੱਧੀਮਤਾ ਦੀ ਲੋੜ ਸੀ। ਕੂਕਾ ਅੰਦੋਲਨ ਦੇ ਅੰਤਿਮ ਅਧਿਆਇ (ਅੰਦੋਲਨ ਉਸਤੋਂ ਬਾਅਦ ਵੀ ਚਲਦਾ ਰਿਹਾ) ਦੇ ਨਾਇਕ ਬਾਬਾ ਗੁਰਚਰਨ ਸਿੰਘ ਨੇ ਆਪਣਾ ਸਿਰ ਤਲੀ 'ਤੇ ਧਰ ਕੇ ਇਹ ਵਡੀ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਨਾਨਕ ਦੇ ਸਿਖ ਤੇ ਸਹਿਯੋਗੀ ਭਾਈ ਪਿਰਾਨਾ, ਗੁਰਚਰਨ ਸਿੰਘ ਦੇ ਪੁਰਖਿਆਂ ਵਿਚੋਂ ਸਨ। ਭਾਈ ਪਿਰਾਨਾ ਨੇ ਸਿਖੀ ਦੇ ਪ੍ਰਚਾਰ ਲਈ ਕਾਬਲ ਵਿਚ ਇਕ ਧਰਮਸ਼ਾਲਾ ਬਣਾਈ ਸੀ। ਓਥੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਚੇਲੇ ਬਣ ਗਏ ਸਨ। ਛੋਟੇ ਹੁੰਦਿਆਂ ਤੋਂ ਹੀ ਕਾਬਲ ਵਿਚ ਜਾਂਦੇ ਆਉਂਦੇ ਗੁਰਚਰਨ ਸਿੰਘ ਨੇ ਉਤਰਾਧਿਕਾਰ ਦੇ ਸਿਲਸਲੇ ਵਿਚ ਧਰਮਸ਼ਾਲਾ ਦੇ ਰਖਸ਼ਕ ਤੇ ਧਰਮ ਉਪਦੇਸ਼ਕ ਦੀ ਥਾਂ ਸੰਭਾਲੀ ਤੇ ਉਸਦਾ ਕਾਬੁਲ ਆਉਣਾ ਜਾਣਾ ਬਣਿਆ ਰਿਹਾ। ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਹਿਣ ਤੋਂ ਬਾਦ ਵੀ ਉਸ ਦਾ ਕਾਬੁਲ ਵਿਚ ਆਉਣ ਜਾਣਾ ਬਰਾਬਰ ਜਾਰੀ ਰਿਹਾ। ਸੰਨ ੧੮੪੯ ਵਿਚ ਹੋਰ ਸਿਖ

ਫੌਜੀਆਂ ਦੇ ਨਾਲ ਉਸ ਕੋਲੋਂ ਵੀ ਹਥਿਆਰ ਲੈ ਲਏ ਗਏ ਸਨ ਤੇ ਉਹ ਜ਼ਿਲਾ ਸਿਆਲਕੋਟ ਦੇ ਪਿੰਡ ਚੱਕ ਰਾਮਦਾਸ ਵਿਚ ਅਪਣੇ ਜੱਦੀ ਘਰ ਵਿਚ ਜਾ ਕੇ ਵਾਹੀ ਦੇ ਕੰਮ ਵਿਚ ਵਿਚ ਲਗ ਗਿਆ ਸੀ। ਲਗਪਗ ਸੰਨ ੧੯੭੦ ਦੇ ਲਾਗੇ ਚਾਗੇ ਗੁਰੂ ਰਾਮ ਸਿੰਘ ਜੀ ਨੇ ਧਰਮ ਪਰਚਾਰ ਦੇ ਸਿਲਸਲੇ ਵਿਚ ਆਇਆਂ ਹੋਇਆਂ ਗੁਰਚਰਨ ਸਿੰਘ ਦੇ ਘਰ ਦਰਸ਼ਨ ਦਿਤੇ ਤੇ ਉਸ ਦੀ ਸੇਵਾ ਅਤੇ ਨਿਮਰਤਾ ਤੇ ਖੁਸ਼ ਹੋ ਕੇ ਉਸ ਨੂੰ ਕੂਕਾ ਮਹੰਤ ਦੀ ਪਦਵੀ ਦਿਤੀ।

ਕੂਕਾ ਵਿਦਰੋਹ ਵਿਚ ਗੁਰਚਰਨ ਸਿੰਘ ਦਾ ਕੋਈ ਹਿਸਾ ਨਹੀਂ ਸੀ; ਕਿਉਂਕਿ ਵਿਦਰੋਹ ਵੇਲੇ ਉਹ ਕਾਬੁਲ, ਗਜ਼ਨੀ ਆਦਿ ਥਾਵਾਂ ਤੇ ਘੁੰਮ ਰਿਹਾ ਸੀ ਤੇ ਪੰਜਾਬ ਤੋਂ ਬਾਹਰ ਸੀ। ਘਰ ਮੁੜ ਕੇ ਕੂਕਾ ਵਿਦਰੋਹ ਦੀ ਨਾਕਾਮੀ ਨੂੰ ਦਿਲੋਂ ਪਰਵਾਨ ਕਰਨਾ ਉਸ ਲਈ ਅਸੰਭਵ ਹੋ ਗਿਆ। ਆਪਣੇ ਦੇਸ਼ ਤੇ ਆਪਣੀ ਜਾਤੀ ਦੀ ਖੁੱਸ ਚੁਕੀ ਮਰਯਾਦਾ ਨੂੰ ਮੁੜ ਹਾਸਿਲ ਕਰਨ ਲਈ ਉਸਨੇ ਕਮਰਕੱਸੇ ਕਰ ਲਏ। ਮੌਕਾ ਮਿਲਦਿਆਂ ਹੀ ਗੁਰੂ ਰਾਮ ਸਿੰਘ ਜੀ ਵਲੋਂ ਲਿਖਵਾਏ ਸੁਨੇਹੇ ਨੂੰ ਲੈ ਕੇ ਬਿਨਾਂ ਝਿਜਕ ਉਸ ਨੇ ਮਧ ਏਸ਼ੀਆ ਦੇ ਬਿਖੜੇ ਰਾਹਾਂ ਨੂੰ ਪਾਰ ਕਰਨਾ ਸ਼ੁਰੂ ਕਰ ਦਿੱਤਾ। ਘਰ ਦਾ ਮੋਹ ਬਿਰਧ ਨੂੰ ਥੋੜ੍ਹਾ ਹੀ ਸੀ। ਬਦੇਸ਼ ਯਾਤਰਾ ਤੋਂ ਪਹਿਲਾਂ ਘਰ ਵਾਲਿਆਂ ਨੂੰ ਉਸ ਸਿਰਫ ਏਨਾ ਹੀ ਆਖ ਗਿਆ ਕਿ ਇਸ ਵਾਰ ਵੀ ਉਹ ਪਹਿਲਾਂ ਵਾਂਗ ਕਾਬੁਲ ਹੀ ਜਾਏਗਾ।

ਅੰਗਰੇਜ਼ ਤੇ ਅਫਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚਦਾ ਹੋਇਆ ਗੁਰਚਰਨ ਸਿੰਘ ੯ ਮਈ ੧੮੭੯ ਨੂੰ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ ਕੁਟਾਕੁਰਗਾਨ ਵਿਚ ਜਾ ਪਹੁੰਚਾ। ਇਸ ਬਿਰਧ ਸਿਖ ਦੀ ਆਮਦ ਅਤੇ ਖਾਸ ਕਰਕੇ ਉਸ ਦੇ ਹੱਥ ਵਿਚਲੀ ਚਿੱਠੀ ਨੇ ਸ਼ਹਿਰ ਵਾਸੀਆਂ ਵਿਚ ਕਾਫੀ ਹਲਚਲ ਮਚਾ ਦਿਤੀ। ਜਰਾਵਾਸਗਸਕ ਦੇ ਹਾਕਮ ਮੇਅਰ ਜਨਰਲ ਐਨ.ਈ.ਈਵਾਨੋਵ ਕੋਲ ਖਬਰ ਪਹੁੰਚਣ ਲਈ ਸੱਦਾ ਘੱਲਿਆ, ਪਰ ਈਵਾਨੋਵ ਨੂੰ ਗੁਰਮੁਖੀ ਅੱਖਰਾਂ ਵਿਚ ਲਿਖੀ ਚਿੱਠੀ ਦਾ ਭਾਵ ਸਮਝਾਉਣਾ ਭਾਸ਼ਾ ਦੀ ਦੂਰੀ ਕਰਕੇ ਗੁਰਚਰਨ ਸਿੰਘ ਲਈ ਲਗਪਗ ਅਸੰਭਵ ਹੋ ਗਿਆ। ਖੁਸ਼ਕਿਸਮਤੀ ਨੂੰ ਸਮਰਕੰਦ ਦਰਬਾਰ ਵਿਚ ਗਏ ਹੋਏ ਇਕ ਭਾਰਤੀ ਵਪਾਰੀ ਨੇ ਪਹਿਲਾਂ ਉਸ ਚਿੱਠੀ ਦਾ ਫਾਰਸੀ ਭਾਸ਼ਾ ਵਿਚ ਤਰਜਮਾ ਕੀਤਾ। ਫ਼ਾਰਸੀ ਤੋਂ ਰੂਸੀ ਭਾਸ਼ਾ ਵਿਚ ਉਲਥਾਉਣਾ ਓਨਾਂ ਔਖਾ ਕੰਮ ਨਹੀਂ ਸੀ ਕਿਉਂਕਿ ਮੱਧ ਏਸ਼ੀਆ ਵਿਚ ਫਾਰਸੀ ਤੇ ਰੂਸੀ ਭਾਸ਼ਾਵਾਂ ਜਾਨਣ ਵਾਲੇ ਬਹੁਤ ਸਨ। ਇਸ ਚਿੱਠੀ ਵਿਚ ਰੂਸੀ ਹਾਕਮ ਨੂੰ ਸੰਬੋਧਨ ਕਰਕੇ ਲਿਖਿਆ ਸੀ -

'ਸੰਤ ਖਾਲਸੇ ਵਲੋਂ ਸਤਿ ਸ੍ਰੀ ਅਕਾਲ ਪਹੁੰਚੇ। ਮੈਂ ਆਪਣੇ ਸਹਿਯੋਗੀ ਗੁਰਚਰਨ ਸਿੰਘ ਨੂੰ ਆਪ ਵੱਲ ਭੇਜ ਰਿਹਾ ਹਾਂ। ਇਹ ਆਪ ਨੂੰ ਸਾਰੀ ਗੱਲ ਖੋਹਲ ਕੇ ਦਸੇਗਾ।

ਗੁਰੂ ਗੋਬਿੰਦ ਸਿੰਘ ਜੀ ਬਹੁਤ ਚਿਰ ਪਹਿਲਾਂ ਆਖ ਗਏ ਹਨ - ਔਰੰਗਜ਼ੇਬ ਦੇ ਅਤਿਆਚਾਰ ਤੋਂ ਖਾਲਸੇ ਦੇ ਮੁਕਤ ਹੋ ਜਾਣ ਤੇ ਵੀ ਅੰਗਰੇਜ਼ ਉਸ ਨੂੰ ਹਰਾ ਕੇ ਰਾਜ ਕਰਨਾ ਸ਼ੁਰੂ ਕਰ ਦੇਣਗੇ। ਉਸ ਤੋਂ ਬਾਅਦ ਰੂਸ ਆਏਗਾ, ਉਹ ਜਿੱਤੇਗਾ ਤੇ ਅੰਗਰਜ਼ਾਂ ਨੂੰ ਭਾਜੜਾਂ ਪੈਣਗੀਆਂ। ਗੁਰੂ ਨਾਨਕ ਨੇ ਆਪ ਆਖਿਆ ਹੈ - ਪਵਿਤਰ ਧਰਮ ਰਖਿਆ ਲਈ ਮੈਂ ਫਿਰ ਦੇਹ ਰੂਪ ਵਿਚ ਆਵਾਂਗਾ। ਸ਼ੇਸ਼ ਨਾਗ ਪ੍ਰਿਥਵੀ ਦਾ ਆਸਰਾ ਹੈ, ਉਸ ਦਾ ਅੰਤ ਹੈ, ਪਰ ਬਰ੍ਹਮਾ ਤੇ ਵਿਸ਼ਨੂੰ ਜਿਨ੍ਹਾਂ ਦਾ ਆਧਾਰ ਸਤਿ ਤੇ ਦਇਆ ਹੈ ਉਨ੍ਹਾਂ ਦਾ ਅੰਤ ਨਹੀਂ। ਮੈਂ ਇਕ ਖੂਨੀ ਸੰਗਰਾਮ ਸ਼ੁਰੂ ਕਰਾਂਗਾ। ਸਾਧੂ ਸੱਜਣ ਇਸ ਲਹੂ ਦੇ ਹੜ੍ਹ ਨੂੰ ਵੇਖ ਕੇ ਨਹੀ ਡਰਨਗੇ, ਕਿਉਂਕਿ ਛੁਟਕਾਰਾ ਲਹੂ-ਵਹਿਣ ਰਾਹੀਂ ਆਵੇਗਾ। ਲਾਹੌਰ ਵਿਚ ਜਦੋਂ ਜੰਗ ਹੋਵੇਗੀ ਉਦੋਂ ਲਹੂ ਦੀ ਨਦੀ ਚੱਲੇਗੀ। ਦੁਸ਼ਮਨ ਨੂੰ ਹਥਿਆਰ ਤੇ ਘੋੜੇ ਨਹੀਂ ਲੱਭਣਗੇ। ਇਕ ਦਿਨ ਲਈ ਇਕ ਰੁਪਇਆ ਦੇਣਾ ਮੰਨਣ ਤੇ ਵੀ ਉਨ੍ਹਾਂ ਨੂੰ ਭਾੜੇ ਦੇ ਸਿਪਾਹੀ ਨਹੀਂ ਮਿਲਣਗੇ। ਅਕਾਲ-ਪੁਰਖ ਸਾਡੀ ਸਹਾਇਤਾ ਤੇ ਆਏਗਾ ਉਸਦੀ ਜੈ ਹੋਵੇਗੀ ਹੀ।

ਸਾਡੇ ਹੱਥ ਵਿਚ ਤਿੰਨ ਲਖ ਪੰਦਰਾਂ ਹਜ਼ਾਰ ਫੌਜ ਹੈ। ਲੋੜ ਪੈਣ ਤੇ ਹੋਰ ਵੀ ਇਕੱਠੀ ਕਰਨੀ ਮੁਸ਼ਕਿਲ ਨਹੀਂ ਹੋਵੇਗੀ। ਅਗਰੇਜ਼ ਭਾਰਤਵਰਸ਼ ਉਤੇ ਚੌਤੀ ਸਾਲ ਰਾਜ ਕਰੇਗਾ। ਬੱਤੀ ਸਾਲ ਬੀਤੇ ਗਏ ਸਨ, ਬਾਕੀ ਹਨ ਸਿਰਫ ਦੋ ਸਾਲ। ਅਕਾਲ-ਪੁਰਖ ਆਪ ਅੰਗਰੇਜ਼ਾਂ ਦੀਆਂ ਬੈਰਕਾਂ ਖਾਲੀ ਕਰਾਏਗਾ-ਅਸੀਂ ਜੰਗ ਕਰਾਂਗੇ।

ਜਿਸ ਥਾਂ ਤੇ ਜਿੰਨੇ ਨਾਮਧਾਰੀ ਸਿਖ ਹਨ ਉਹ ਸਾਰੇ ਇਸ ਮੁਕਤੀ ਸੰਗਰਾਮ ਵਿਚ ਨਿਤਰਨਗੇ। ਇਸ ਜੁਧ ਵਿਚ ਨਾਮਧਾਰੀ ਸਿੰਘਾਂ ਨਾਲ ਰਲਕੇ ਜਿਹੜੇ ਅੰਗਰੇਜ਼ ਦੀ ਗੋਲੀ ਨਾਲ ਸ਼ਹੀਦ ਹੋਣਗੇ, ਉਹ ਅਕਾਲਪੁਰਖ ਦੇ ਸੱਚੇ ਸੇਵਕ ਹੋਣਗੇ।

ਗੁਰੂ ਨਾਨਕ ਨੇ ਦ੍ਰਿੜ੍ਹਤਾ ਨਾਲ ਐਲਾਨ ਕੀਤਾ ਸੀ, ਤੁਸੀਂ ਜ਼ਰੂਰ ਹੀ ਸਾਡੀ ਸਹਾਇਤਾ ਕਰੋਗੇ। ਤਿੰਨ ਲਖ ੧੫ ਹਜ਼ਾਰ ਸਿਖ ਤੁਹਾਡੇ ਨਾਲ ਹੋਣਗੇ, ਹੋਰ ਵੀ ਬੇਅੰਤ ਰਲ ਜਾਣਗੇ। ਤੁਸੀ ਆਣਕੇ ਸਾਨੂੰ ਜਿਵੇਂ ਚਲਾਓਗੇ, ਅਸੀ ਓਸੇ ਤਰ੍ਹਾਂ ਹੀ ਚਲਾਂਗੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪੁਛਿਆ ਗਿਆ ਸੀ ਕਿ ਜੁੱਧ ਕਿਥੇ ਹੋਵੇਗਾ? ਉਨ੍ਹਾਂ ਨੇ ਜਵਾਬ ਵਿਚ ਕਿਹਾ ਸੀ - ਪਹਿਲਾਂ ਕਾਬੁਲ ਪਹਾੜ ਤੇ ਫਿਰ ਖਾਸ ਕਾਬੁਲ ਵਿਚ। ਉਸ ਤੋਂ ਬਾਦ ਜਮਰੌਦ, ਜੰਮੂ, ਲਾਹੌਰ ਤੇ ਫੀਰੋਜ਼ਪੁਰ।

ਅੰਤਮ ਜੁੱਧ ਲੁਧਿਆਣੇ ਵਿਚ ਹੋਵੇਗਾ।

ਬਾਬਾ ਬੁਧ ਸਿੰਘ ਸਭ ਕੁਝ ਜਾਣਦੇ ਹਨ। ਉਹ ਪਿਛੇ ਹਨ। ੩੪ ਸੂਬੇ ਉਨ੍ਹਾਂ ਦੇ ਹੁਕਮ ਵਿਚ ਹਨ।

ਇਸ ਚਿੱਠੀ ਨੇ ਰੂਸ ਦਰਬਾਰ ਵਿਚ ਰੂਸੀ ਹਾਕਮਾਂ ਨੂੰ ਦੰਗ ਕਰ ਦਿਤਾ; ਕਿਉਂਕਿ ਇਸ ਤੋਂ ਪਹਿਲਾਂ ਜਿਹੜੇ ਮਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਭਾਰਤਵਰਸ਼ ਦੀ ਪ੍ਰਤੀਨਿਧਤਾ ਕਰਨ ਲਈ ਆਏ ਸਨ ਉਹ ਕਸ਼ਮੀਰ ਤੇ ਇੰਦੌਰ ਦੇ ਰਾਜਿਆਂ ਵਲੋਂ ਘੱਲੇ ਹੋਏ ਦੂਤ ਸਨ। ਗੁਰਚਰਨ ਸਿੰਘ ਇਕ ਬੇਪਛਾਣ ਆਮ ਹਿੰਦੋਸਤਾਨੀਆਂ ਦਾ ਪ੍ਰਤੀਨਿਧੀ ਸੀ। ਸੋ ਹਿੰਦੁਸਤਾਨ ਦੀ ਅਸਲ ਹਾਲਤ ਅਤੇ ਇਸ ਚਿੱਠੀ ਦੇ ਘਲਣ ਦੇ ਮੂਲ ਉਦੇਸ਼ ਬਾਰੇ ਗੁਰਚਰਨ ਸਿੰਘ ਨੂੰ ਅਨੇਕਾਂ ਤਰ੍ਹਾਂ ਦੇ ਸਵਾਲ ਪੁਛੇ ਗਏ। ਸਰਕਾਰੀ ਹਾਕਮ ਐਨ.ਏ. ਕਰੋਲਵਕੋਵ ਦੇ ਸਵਾਲਾਂ ਦੇ ਜਵਾਬ ਵਿਚ ਗੁਰਚਰਨ ਸਿੰਘ ਨੇ ਕਿਹਾ ਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ ਬਾਅਦ ਉਨ੍ਹਾਂ ਦੇ ਭਰਾਤਾ ਬੁਧ ਸਿੰਘ ਜੀ ਨੇ ਕੂਕਾ ਸੰਪਰਦਾ ਦੀ ਅਗਵਾਈ ਸੰਭਾਲੀ ਹੈ। ਰੂਸੀ ਹਾਕਮਾਂ ਤਕ ਚਿੱਠੀ ਪੁਚਾ ਦੇਣ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਆਪ ਗੁਰਚਰਨ ਸਿੰਘ ਨੂੰ ਸੌਂਪੀ ਹੈ। ਕਰੋਲਕੋਵ ਨੇ ਗੁਰਚਰਨ ਸਿੰਘ ਬਾਰੇ ਕਿਹਾ –

'ਗੁਰਚਰਨ ਸਿੰਘ ਦਾ ਅਟੁਟ ਵਿਸ਼ਵਾਸ ਹੈ ਕਿ ਰੂਸੀ ਫ਼ੌਜ ਦੇ ਭਾਰਤ ਵਰਸ਼ ਵਿਚ ਪੈਰ ਰਖਦਿਆਂ ਹੀ ਹਰ ਇਕ ਭਾਰਤ ਵਾਸੀ ਬਿਨਾਂ ਜਾਤ-ਧਰਮ ਦਾ ਵਿਚਾਰ ਕੀਤਿਆਂ ਅੰਗਰੇਜ਼ਾਂ ਦੇ ਖਿਲਾਫ ਬਗਾਵਤ ਕਰੇਗਾ। ਇਸ ਵਿਸ਼ਵਾਸ ਦੇ ਮੂਲ ਵਿਚ ਫਿਰੰਗੀ (ਅੰਗਰੇਜ਼ੀ) ਦੇ ਪੰਜਾਬ ਉਤੇ ਕਬਜ਼ੇ ਤੋਂ ਬਹੁਤ ਪਹਿਲਾਂ ਸਾਧੂ-ਸੰਤਾਂ ਦੀ ਭਵਿੱਖ ਬਾਣੀ ਹੈ।"

ਕਰੋਲਕੋਵ ਦੀ ਇਸ ਰਾਏ ਵਿਚ ਖਾਸ ਕਰਕੇ ਇਹ ਦਸਿਆ ਗਿਆ ਹੈ ਕਿ ਗੁਰਚਰਨ ਸਿੰਘ ਆਪਣੇ ਦੇਸ਼ ਦੇ ਦੂਸਰੇ ਲੋਕਾਂ ਵਾਂਗ ਹੀ ਵਿਸ਼ਵਾਸ ਕਰਦਾ ਹੈ ਕਿ ਭਾਰਤ ਵਰਸ਼ ਉਤੇ ਕਬਜ਼ਾ ਕਰ ਲੈਣ ਤੇ ਵੀ ਰਾਜ ਭਾਗ ਸੰਭਾਲਣ ਜਾਂ ਭੋਗਣ ਦੀ ਇਛਿਆ ਰੂਸੀਆਂ ਵਿਚ ਨਹੀਂ ਹੈ। ਅੰਗਰੇਜ਼ਾਂ ਨਾਲ ਆਹਮੋ ਸਾਹਮਣੀ ਜੰਗ ਵਿਚ ਜਿੱਤ-ਹਾਰ ਦਾ ਇਕ ਅੰਤਿਮ ਫੈਸਲਾ ਕਰਨਾ ਹੀ ਭਾਰਤ ਉਤੇ ਰੂਸ ਦੀ ਚੜ੍ਹਾਈ ਦਾ ਮੁੱਖ ਉਦੇਸ਼ ਹੈ। ਕਿਉਂਕਿ ਸਮੁੰਦਰ ਦੇ ਘੇਰੇ ਵਿਚਲੇ ਦੀਪ ਵਿਚ ਰਹਿਣ ਵਾਲੇ ਅੰਗਰੇਜ਼ਾਂ ਨੂੰ ਸਿਧਿਆਂ ਕਰਨ ਜੋਗੀ ਸਬਲ ਸ਼ਕਤੀ ਰੂਸੀ ਅਜ ਤਕ ਇਕੱਠੀ ਨਹੀਂ ਕਰ ਸਕੇ। ਭਾਰਤ ਵਰਸ਼ ਵਿਚੋਂ ਅੰਗਰੇਜ਼ੀ ਹਕੂਮਤ ਖਤਮ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਤੇ ਉਤਰਾਧਿਕਾਰੀ ਦਲੀਪ ਸਿੰਘ ਨੂੰ ਪੰਜਾਬ ਦਾ ਰਾਜ ਅਰਪਨ ਕਰਕੇ ਰੂਸੀ ਭਾਰਤ ਵਰਸ਼ ਵਿਚੋਂ ਚਲੇ ਜਾਣਗੇ।

ਮੇਜਰ ਜਨਰਲ ਈਵਾਨੋਵ ਵੀ ਗੁਰਚਰਨ ਸਿੰਘ ਨਾਲ ਗੱਲਬਾਤ ਕਰਨ ਤੋਂ ਬਾਅਦ ਗੁਰਚਰਨ ਸਿੰਘ ਦੀ ਤਜਵੀਜ਼ ਉਤੇ ਬੇ-ਵਿਸ਼ਵਾਸੀ ਕਰਨ ਦਾ ਕੋਈ ਕਾਰਨ ਨਾ ਲੱਭ ਸਕਿਆ, ਸਗੋਂ ਉਸ ਨੇ ਅਨੁਭਵ ਕੀਤਾ ਕਿ ਆਜ਼ਾਦੀ ਹਾਸਲ ਕਰਨ ਦੀ ਗੁਲਾਮ ਭਾਰਤ ਦੀ ਚਾਹ ਕਿੰਨੀ ਜ਼ਬਰਦਸਤ ਹੈ। ਗੁਰਚਰਨ ਸਿੰਘ ਵਿਚੋਂ ਉਸ ਨੇ ਬੰਦੀ ਤੇ ਮਜ਼ਲੂਮ ਭਾਰਤ ਦੀ ਮੁਕਤ ਆਤਮਾ ਦੇ ਦਰਸ਼ਨ ਕੀਤੇ। ਸੋ ਸਮਰਕੰਦ ਵਿਚ ਗੁਰਚਰਨ ਸਿੰਘ ਨਾਲ ਵਾਰਤਾਲਾਪ ਦਾ ਸਾਰਾ ਵੇਰਵਾ ਤੇ ਗੁਰੂ ਰਾਮ ਸਿੰਘ ਜੀ ਵਲੋਂ ਭੇਜੀ ਗਈ ਚਿੱਠੀ ਉਪਰਲੇ ਹਾਕਮਾਂ ਦੀ ਸੋਚ-ਵਿਚਾਰ ਲਈ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਕਾਰਡ ਕਮਿਆਨ ਕੋਲ ਭੇਜੇ। ਕਾਰਡ ਕਮਿਆਨ ਉਨ੍ਹਾਂ ਦਿਨਾਂ ਵਿਚ ਸੇਂਟ ਪੀਟਰਸਬਰਗ ਵਿਚ ਸਨ। ਭਾਰਤ ਵਰਸ਼ ਬਾਬਤ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਭਾਰਤ ਵਰਸ਼ ਬਾਰੇ ਚੰਗੀ ਤਰ੍ਹਾਂ ਪ੍ਰੋਫੈਸਰ ਮਿਆਏਫ਼ ਦੀ ਰਾਏ ਜਾਨਣ ਦਾ ਜਤਨ ਕੀਤਾ। ਮਿਆਏਫ਼ ਨੇ ਉਨ੍ਹਾਂ ਨੂੰ ਕੂਕਾ ਅੰਦੋਲਨ ਦਾ ਆਰੰਭ, ਵਿਸਥਾਰ ਤੇ ਬਾਅਦ ਦੀ ਬਗਾਵਤ ਨੂੰ ਅੰਗਰੇਜ਼ਾਂ ਵਲੋਂ ਕੁਚਲੇ ਜਾਣ ਦੀ ਸਾਰੀ ਗੱਲ ਦਸੀ। ਆਜ਼ਾਦੀ ਹਾਸਿਲ ਕਰਨ ਦੇ ਜਤਨ ਸਰੂਪ ਗੁਰੂ

'ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਗੁਰਚਰਨ ਸਿੰਘ ਭਾਰਤ ਸਰਕਾਰ ਦਾ ਦੁਸ਼ਮਨ ਹੈ। ਬਿਰਧ ਹੋਣ ਦੇ ਬਾਵਜੂਦ ਉਸ ਦੇ ਸਰੀਰ ਵਿਚ ਬਹੁਤ ਤਾਕਤ ਹੈ ਤੇ ਉਹ ਵਧ ਤੋਂ ਵਧ ਕਸ਼ਟ ਸਹਿ ਸਕਦਾ ਹੈ। ਸਿਖ ਫੌਜੀਆਂ ਦੀਆਂ ਸਾਰੀਆਂ ਸਿਫਤਾਂ ਉਸ ਵਿਚ ਹਨ – ਉਸ ਦਾ ਪਤਲਾ ਸਰੀਰ ਇਸ ਗੱਲ ਦਾ ਸਾਖੀ ਹੈ।

"ਗੁਰਚਰਨ ਸਿੰਘ ਨੂੰ ਜੇ ਕੈਦ ਨਾ ਕੀਤਾ ਜਾਵੇ ਤਾਂ ਉਸਨੂੰ ਰੂਸ ਵਲੋਂ ਜਿਹੜਾ ਆਦਰ ਸਨਮਾਨ ਮਿਲਿਆ ਹੈ ਉਸ ਦੀ ਮਰਯਾਦਾ ਕਾਇਮ ਰਖਣ ਲਈ ਉਹ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਵੇਗਾ – ਖਾਸ ਕਰਕੇ ਰੂਸ ਜੇ ਕਿਧਰੇ ਪੰਜਾਬ ਉਤੇ ਹਮਲਾ ਕਰ ਦੇਵੇ ਤਾਂ।"

ਰਾਮ ਸਿੰਘ ਜੀ ਵਲੋਂ ਮੱਧ ਏਸ਼ੀਆ ਵਿਚ ਦੂਤ ਘੱਲਣਾ ਉਨਾਂ ਨੂੰ ਅਤੀ ਸੁਭਾਵਕ ਜਾਪਿਆ।

ਉਨ੍ਹਾਂ ਨੇ ਕਿਹਾ, ਗੁਰੂ ਨਾਨਕ ਪੰਦਰਵੀਂ ਸਦੀ ਵਿਚ ਹੋਏ ਹਨ। ੧੯ਵੀਂ ਸਦੀ ਵਿਚ ਰੂਸ ਵਲੋਂ ਭਾਰਤ ਉਤੇ ਹਮਲੇ ਬਾਰੇ ਉਨ੍ਹਾਂ ਦੀ ਭਵਿਖ ਬਾਣੀ ਵਿਸ਼ਵਾਸ ਯੋਗ ਨਹੀਂ ਇਹ ਆਧੁਨਿਕ ਰਚਨਾ ਹੈ। ਮਿਨਾਇਫ਼ ਦੀ ਰਾਏ ਨੇ ਕਾਰਡ ਕਮਿਆਨ ਦੇ ਫੈਸਲੇ ਨੂੰ ਕਿੰਨਾ ਕੁ ਪਰਭਾਵਤ ਕੀਤਾ ਸੀ ਇਹ ਦੱਸਣਾ ਔਖਾ ਹੈ। ਪਰ ਇਹ ਗੱਲ ਮੰਨਣ ਵਾਲੀ ਨਹੀਂ ਕਿ ਉਸ ਜ਼ਮਾਨੇ ਦੀ ਰੂਸੀ ਬਦੇਸ਼ ਨੀਤੀ ਅਨੁਸਾਰ ਅੰਗਰੇਜ਼ਾਂ ਨਾਲ ਕਿਸੇ ਝਗੜੇ ਵਿਚ ਫਸਣਾ ਕਾਰਡ ਕਮਿਆਨ ਨੂੰ ਮੁਨਾਸਿਬ ਨਹੀਂ ਜਾਪਿਆ। ਉਸ ਦੇ ਹੁਕਮ ਅਨੁਸਾਰ ਗੁਰਚਰਨ ਸਿੰਘ ਦੇ ਹੱਥੀਂ ਹੇਠ ਲਿਖਿਆ ਜਵਾਬ ਘੱਲਿਆ ਗਿਆ।

'ਗੁਰੂ ਰਾਮ ਸਿੰਘ ਤੇ ਬਾਬਾ ਬੁੱਧ ਸਿੰਘ ਜੀ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵਲੋਂ ਨਮਸਕਾਰ ਪਹੁੰਚੇ। ਗੁਰਚਰਨ ਸਿੰਘ ਦੀ ਮਾਰਫਤ ਆਪ ਦੀ ਚਿੱਠੀ ਸਾਨੂੰ ਮਿਲ ਗਈ ਹੈ ਅਤੇ ਉਸ ਦਾ ਭਾਵ ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ। ਇਸ ਤੱਥ ਪੂਰਨ ਖਬਰ ਘੱਲਣ ਲਈ ਅਸੀ ਆਪ ਦਾ ਧੰਨਵਾਦ ਕਰਦੇ ਹਾਂ। ਪਰ ਭਾਰਤ ਵਰਸ਼ ਦੀ ਪ੍ਰਸਥਿਤੀ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ।

ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੀ ਭਵਿਖ ਬਾਣੀ ਬਾਰੇ ਸਾਨੂੰ ਜਾਣਕਾਰੀ ਮਿਲ ਗਈ ਹੈ। ਸਭ ਕੁਝ ਅਕਾਲ ਪੁਰਖ ਦੀ ਇਛਿਆ ਅਨੁਸਾਰ ਹੀ ਹੋਵੇਗਾ। ਇਹ ਗਲ ਮਹਾਂ ਪੁਰਖ ਹੀ ਸਮਝ ਸਕਦੇ ਹਨ ਕਿ ਮੁਕਤੀ ਦਾ ਲਗਨ ਕਿਸ ਵੇਲੇ ਆ ਜਾਏ।'

ਅਕਤੂਬਰ ਦੇ ਪਹਿਲੇ ਪੱਖ ਵਿਚ ਗੁਰਚਰਨ ਸਿੰਘ ਮੁੜਿਆ। ਫਿਰ ਓਹੋ ਮੁਸੀਬਤਾਂ ਭਰੇ ਰਾਹ। ਪਰ ਹੁਣ ਗੁਰਚਰਨ ਸਿੰਘ ਖੁਸ਼ੀ ਨਾਲ ਫੂਲਿਆ ਨਹੀਂ ਸੀ ਸਮਾਉਂਦਾ। ਕਿਉਂਕਿ ਮੱਧ ਏਸ਼ੀਆ ਵਿਚ ਉਸ ਦੀ ਯਾਤਰਾ ਸਫਲ ਹੋ ਗਈ ਸੀ। ਉਥੇ ਸਵਾਗਤ ਤੇ ਆਦਰ ਭਰਪੂਰ ਉਤਰ ਮਿਲਿਆ। ਉਸ ਦੀ ਲੰਮੀ ਗੈਰ ਹਾਜ਼ਰੀ ਵਿਚ ਉਹਦੀ ਪਤਨੀ ਤੇ ਪਰਵਾਰ ਦੇ ਜੀਅ ਕਿਵੇਂ ਆਰਥਕ ਮੁਸੀਬਤਾਂ ਦੇ ਦਿਨ ਕੱਟਦੇ ਹੋਣਗੇ ਤੇ ਇਸ ਵਾਰ ਪਰਦੇਸ ਵਿਚੋਂ ਉਸ ਨੇ ਇਕ ਵੀ ਚਿੱਠੀ ਆਪਣੇ ਘਰ ਨਹੀਂ ਸੀ ਪਾਈ ਇਸ ਲਈ ਉਸ ਦੇ ਘਰ ਵਾਲੇ ਕਿੰਨੇ ਫਿਕਰਮੰਦ ਹੋਣਗੇ – ਇਹ ਸਭ ਕੁਝ ਸੋਚਣ ਦਾ ਸਮਾਂ ਗੁਰਚਰਨ ਸਿੰਘ ਕੋਲ ਨਹੀਂ ਸੀ। ਉਹ ਕੂਕਾ ਅੰਦੋਲਨ ਦੇ ਉਜਲੇ ਭਵਿਖ ਦੀ ਸੰਭਾਵਨਾ ਬਾਰੇ ਸੋਚ ਵਿਚ ਵੀ ਮਸਤ ਤੇਜ਼ੀ ਨਾਲ ਅਗਾਂਹ ਵਧਦਾ ਰਿਹਾ। ਇਸ ਮਸਤੀ ਵਿਚ ਉਹ ਇਹ ਵੀ ਨਾ ਜਾਣ ਸਕਿਆ ਕਿ ਬ੍ਰਿਟਿਸ਼ ਸਰਕਾਰ ਦਾ ਜਾਸੂਸ ਗੁਲਾਮ ਖਾਂ ਉਸ ਦਾ ਪਿਛਾ ਕਰ ਰਿਹਾ ਹੈ।

ਗੁਰਚਰਨ ਸਿੰਘ ਦਾ ਮੱਧ ਏਸ਼ੀਆ ਵਿਚ ਆਗਮਨ, ਗੁਰੂ ਰਾਮ ਸਿੰਘ ਜੀ ਦੀ ਚਿੱਠੀ, ਰੂਸ ਸਰਕਾਰ ਵਲੋਂ ਆਦਰ ਸਤਿਕਾਰ ਤੇ ਚਿੱਠੀ ਦੇ ਉਤਰ ਬਾਰੇ ਸਾਰੀ ਗਲਬਾਤ ਗੁਲਾਮ ਖਾਂ ਨੇ ਕੁੱਟਾ ਕੁਰਗਾਨ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਦੱਸ ਘੱਲੀ ਸੀ। ਅੰਗਰੇਜ਼ ਹਾਕਮਾਂ ਦੇ ਹੁਕਮ ਨਾਲ ਗੁਲਾਮ ਖਾਂ ਨੇ ਗੁਰਚਰਨ ਸਿੰਘ ਦਾ ਪਿੱਛਾ ਕਰਨਾ ਸ਼ੁਰੂ ਕੀਤਾ। ਪਿਸ਼ਾਵਰ ਦੀ ਇਕ ਸਰਾਂ ਵਿਚ ਉਸਨੇ ਗੁਰਚਰਨ ਸਿੰਘ ਨਾਲ ਗੱਲਬਾਤ ਸ਼ੁਰੂ ਕੀਤੀ ਤੇ ਆਪਣੇ ਆਪ ਨੂੰ ਰੂਸੀ ਜਾਸੂਸ ਦਸਿਆ। ਗੱਲਬਾਤ ਵਿਚ ਉਸ ਨੇ ਗੁਰਚਰਨ ਸਿੰਘ ਨੂੰ ਦਸਿਆ ਕਿ ਉਹ ਰੂਸੀ ਤੁਰਕਿਸਤਾਨ ਨੂੰ ਮੁੜ ਕੇ ਜਾ ਰਿਹਾ ਹੈ। ਗੁਰਚਰਨ ਸਿੰਘ ਨੇ ਦੋ ਚਿੱਠੀਆਂ ਗੁਲਾਮ ਖਾਂ ਦੇ ਹੱਥ ਰੂਸੀ ਹਾਕਮਾਂ ਨੂੰ ਦੇਣ ਲਈ ਲਿਖ ਕੇ ਦੇ ਦਿੱਤੀਆਂ।

ਇਸ ਤੋਂ ਬਾਅਦ ਪੰਜਾਬ ਪੁਲਿਸ ਨੂੰ ਪੱਕਾ ਯਕੀਨ ਹੋ ਗਿਆ ਕਿ ਇਸ ਸਾਰੀ ਸਾਜ਼ਸ਼ ਦੀ ਜੜ੍ਹ ਗੁਰਚਰਨ ਸਿੰਘ ਹੀ ਹੈ, ਹਾਲਾਂ ਕਿ ਪੁਲਿਸ ਆਪਣੀ ਹਿਰਾਸਤ ਵਿਚ ਗੁਰਚਰਨ ਸਿੰਘ ਉਤੇ ਬਹੁਤ ਜ਼ਿਰ੍ਹਾ ਕਰਨ ਤੇ ਵੀ ਉਸ ਕੋਲੋਂ ਕੋਈ ਗਲ ਨਹੀਂ ਸੀ ਮਨਵਾ ਸਕੀ। ਪੁਛ ਗਿਛ ਕਰਨ ਵਾਲੇ ਪੁਲਿਸ ਅਫਸਰ ਚਾਰਲਸ ਬ੍ਰਾਊਨ ਨੇ ਦੁਖ ਨਾਲ ਆਪਣੀ ਡਾਇਰੀ ਵਿਚ ਲਿਖਿਆ ਸੀ – ਗੁਰਚਰਨ ਸਿੰਘ ਦੀ ਯਾਦਦਾਸ਼ਤ ਏਨੀ ਤਿੱਖੀ ਹੈ ਕਿ ਵੇਖ ਕੇ ਅਸਚਰਜ ਹੁੰਦਾ ਹੈ ਪਰ ਪਿਛਲੇ ਢਾਈ ਸਾਲਾਂ ਤੋਂ ਉਹ ਅਫਗਾਨਿਸਤਾਨ ਵਿਚ ਕਿਸ ਕਿਸ ਥਾਂ ਤੇ ਘੁੰਮਿਆ ਫਿਰਿਆ ਹੈ ਉਸ ਬਾਰੇ ਉਸ ਨੂੰ ਮੂਲੋਂ ਹੀ ਚੇਤਾ ਨਹੀਂ ਆ ਰਿਹਾ।

ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਸਰ ਰਾਬਰਟ ਈਗਾਰਟਨ ਨੇ ਗੁਰਚਰਨ ਸਿੰਘ ਦੀ ਨਕਲੋ ਹਰਕਤ ਵਲ ਉਚੇਚਾ ਧਿਆਨ ਦਿਤਾ। ਉਸਨੇ ਖਿਆਲ ਕੀਤਾ ਕਿ ਗੁਰਚਰਨ ਸਿੰਘ ਨੂੰ ਕਾਫੀ ਲੰਮੇ ਸਮੇਂ ਤਕ ਜੇਹਲ ਵਿਚ ਰਖਣ ਤੋਂ ਬਿਨਾ ਚਿਠੀਆਂ ਵਿਚ ਉਸਨੇ ਰੂਸੀ ਹਾਕਮਾਂ ਨੂੰ ਲਿਖਿਆ ਕਿ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਭਵਿਖ ਬਾਣੀ ਉਤੇ ਬੇਵਿਸ਼ਵਾਸੀ ਕਰਨ ਦੀ ਵਜਾਹ ਨਹੀਂ ਕਿਉਂਕਿ ਗੁਰੂਆਂ ਦੀ ਗੱਲ ਅੱਖਰ ਅੱਖਰ ਫਲਣੀ ਸ਼ੁਰੂ ਹੋ ਗਈ ਹੈ। ਅਫ਼ਗਾਨਾਂ ਨੇ ਅੰਗਰੇਜ਼ਾਂ ਉਤੇ ਜ਼ਬਰਦਸਤ ਹਮਲਾ ਕੀਤਾ ਹੈ ਤੇ ਅੰਗਰੇਜ਼ ਆਪਣੀ ਫੌਜ ਆਦਿ ਸਮੇਤ ਕਾਬੁਲ ਤੋਂ ਪਿਛੇ ਹਟ ਗਏ ਹਨ। ਆਪਣੇ ਬਾਰੇ ਉਸ ਨੇ ਲਿਖਿਆ ਕਿ ਉਹ ਪੂਰੀ ਤਰ੍ਹਾਂ ਸੁਰਖਸ਼ਤ ਹੈ ਤੇ ਗੁਰੂ ਰਾਮ ਸਿੰਘ ਜੀ ਨੂੰ ਚਿੱਠੀ ਦੇਣ ਲਈ ਛੇਤੀ ਹੀ ਬਰ੍ਹਮਾ ਨੂੰ ਜਾਏਗਾ ਤੇ ਗੁਰੂ ਜੀ ਦਾ ਉਤਰ ਲਿਆਵੇਗਾ।

ਗੁਲਾਬ ਖਾਂ ਨੇ ਗੁਰਚਰਨ ਸਿੰਘ ਦੀਆਂ ਚਿੱਠੀਆਂ ਪਿਸ਼ਾਵਰ ਦੇ ਕਮਿਸ਼ਨਰ ਨੂੰ ਜਾ ਦਿਤੀਆਂ। ਨਤੀਜੇ ਵਜੋਂ ਲਾਹੌਰ ਪਹੁੰਚਦਿਆਂ ਹੀ ਗੁਰਚਰਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਕਿਹਾ ਗਿਆ ਕਿ ਪੁਲਿਸ ਦੀ ਆਗਿਆ ਤੋਂ ਬਿਨਾਂ ਉਹ ਲਾਹੌਰ ਤੋਂ ਬਾਹਰ ਨਾ ਜਾਵੇ। ਗੁਰਚਰਨ ਸਿੰਘ ਪੁਲਿਸ ਦੇ ਹੁਕਮ ਦੀ ਉਲੰਘਣਾ ਕਰਕੇ ਵਲਵੇਂ ਰਾਹ ਭੈਣੀ ਸਾਹਿਬ ਜਾ ਕੇ ਬਾਬਾ ਬੁਧ ਸਿੰਘ ਜੀ ਨੂੰ ਮਿਲਿਆ ਤੇ ਕੂਕੇ ਸੇਵਕਾਂ ਰਾਹੀਂ ਰੂਸੀ ਹਾਕਮਾਂ ਦੀ ਚਿੱਠੀ ਬਰ੍ਹਮਾ ਗੁਰੂ ਰਾਮ ਸਿੰਘ ਜੀ ਕੋਲ ਪੁਚਾਣ ਦਾ ਬੰਦੋਬਸਤ ਕਰਕੇ ਆਪਣੇ ਪਿੰਡ ਚੱਕ ਪਿਰਾਨਾ ਨੂੰ ਚਲਿਆ ਗਿਆ। ਪੁਲਿਸ ਨੇ ਓਥੇ ਪੁਜਦਿਆਂ ਹੀ ਉਹਨੂੰ ਗ੍ਰਿਫਤਾਰ ਕਰਕੇ ਲਾਹੌਰ ਲੈ ਆਂਦਾ।

ਗੁਰਚਰਨ ਸਿੰਘ ਜਦੋਂ ਲਾਹੌਰ ਪੁਲਿਸ ਦੀ ਹਿਰਾਸਤ ਵਿਚ ਕਈ ਤਰ੍ਹਾਂ ਦੀ ਜਿਰਹ ਤੋਂ ਤੰਗ ਪਿਆ ਹੋਇਆ ਸੀ ਓਦੋਂ ਪੰਜਾਬ ਪੁਲਿਸ ਕੋਲ ਉਤੋੜੁੱਤੀ ਦੇ ਸੁਨੇਹੇ ਆਏ ਬ੍ਰਿਟਿਸ਼-ਬਰ੍ਹਮਾ ਦੇ ਇਨਸਪੈਕਟਰ ਜਨਰਲ ਆਫ ਪੁਲਿਸ ਨੇ ਲਿਖਿਆ ਕਿ ੨੪ ਜਨਵਰੀ (੧੮੮੧) ਨੂੰ ਦੋ ਕੂਕੇ ਮੌਲਮੀਨ ਤੋਂ 'ਸਿਆਵਜ' ਜਹਾਜ਼ ਤੇ ਚੜ੍ਹ ਕੇ ਮਰਗੋਈ ਪਹੁੰਚੇ ਹਨ - ਇਕ ਦਾ ਨਾਮ ਮੀਹਾਂ ਸਿੰਘ ਹੈ ਤੇ ਦੂਜੇ ਦਾ ਸੰਤ ਸਿੰਘ। ਪਹਿਲੇ ਦੀ ਉਮਰ ਸਤਾਈ ਹੈ ਤੇ ਦੂਜੇ ਦੀ ਪੈਂਤੀ ਸਾਲ। ਇਨ੍ਹਾਂ ਦੇ ਆਉਣ ਦੀ ਖਬਰ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਨੇ ਦੋਹਾਂ ਨੂੰ ਫੌਰਨ ਮਰਗੋਈ ਤੋਂ ਚਲੇ ਜਾਣ ਦਾ ਹੁਕਮ ਦਿਤਾ। ਦੋਹਾਂ ਨੇ ਹੀ ਅਗਲੇ ਦਿਨ ਮਰਗੋਈ ਛਡ ਜਾਣ ਦਾ ਇਕਰਾਰ ਕੀਤਾ। ਪੁਲਿਸ ਨੇ ਸਾਵਧਾਨੀ ਲਈ ਗੁਰੂ ਰਾਮ ਸਿੰਘ ਦੀ ਬੰਦੀਖ਼ਾਨਾ ਦਵਾਲੇ ਪਹਿਰਾ ਹੋਰ ਸਖਤ ਕਰ ਦਿਤਾ। ਫਿਰ ਵੀ ਅਗਲੇ ਦਿਨ ਮੀਹਾਂ ਸਿੰਘ ਨੂੰ ਗੁਰੂ ਰਾਮ ਸਿੰਘ ਜੀ ਕੋਲ ਵੇਖਿਆ ਗਿਆ। ਮੀਹਾਂ ਸਿੰਘ ਤੇ ਸੰਤ ਸਿੰਘ - ਦੋਹਾਂ ਨੂੰ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਉਸੇ ਦਿਨ ਹੀ ਦੋਹਾਂ ਨੂੰ ਕਲਕੱਤੇ ਘੱਲ ਦਿੱਤਾ ਗਿਆ।

ਕਲਕੱਤਾ ਪੁਲਿਸ ਦੇ ਡਿਪਟੀ ਕਮਿਸ਼ਨਰ ਲੈਮਬਰਟ ਨੇ ਦੂਜਾ ਸੁਨੇਹਾ ਘੱਲਿਆ। ਉਸ ਨੇ ਲਿਖਿਆ ਕਿ ਬਰ੍ਹਮਾ ਤੋਂ ਮੁੜੇ ਦੋ ਸਿੱਖ ਮੀਹਾਂ ਸਿੰਘ ਤੇ ਸੰਤ ਸਿੰਘ ਕਲਕੱਤੇ ੬ ਨੰਬਰ ਮਛੂਆ ਬਾਜ਼ਾਰ ਸਟਰੀਟ ਵਿਚ ਬਨਬਿਹਾਰੀ ਸਿੰਘ ਕੂਕੇ ਦੇ ਘਰ ਠਹਿਰੇ ਹਨ। ਇਕ ਮਹੀਨੇ ਪਹਿਲਾਂ ਕਲਕੱਤਾ ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਇਹ ਬਰ੍ਹਮਾ ਗਏ ਸਨ। ਮੀਹਾਂ ਸਿੰਘ ਦੇ ਗਲ ਹਾਂਗਕਾਂਗ ਪੁਲਿਸ ਦਾ ਲਿਬਾਸ ਸੀ। ਉਸ ਨੇ ਆਪਣੇ ਆਪ ਨੂੰ ਹਾਂਗਕਾਂਗ ਪੁਲਿਸ ਦਾ ਆਦਮੀ ਦੱਸਿਆ ਸੀ - ਜਦੋਂ ਕਿ ਅਸਲ ਵਿਚ ਉਸਨੇ ਹਾਂਗਕਾਂਗ ਪੁਲਿਸ ਵਿਭਾਗ ਵਿਚੋਂ ਦੋ ਸਾਲ ਪਹਿਲਾਂ ਅਸਤੀਫਾ ਦੇ ਦਿਤਾ ਹੋਇਆ ਸੀ। ਉਨ੍ਹਾਂ ਦਾ ਬਰ੍ਹਮਾ ਜਾਣ ਦਾ ਉਦੇਸ਼ ਸੀ - (ਗੁਰੂ) ਰਾਮ ਸਿੰਘ ਜੀ ਨੂੰ ਮਿਲਣਾ ਅਤੇ ਇਸ ਸਿਲਸਿਲੇ ਵਿਚ ਮੌਲਮੀਨ ਜੇਹਲ ਦੇ ਕਾਨਸਟੇਬਲ ਹਰਨਾਮ ਸਿੰਘ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਹੈ।

ਬਿਨਾ ਮੁਕੱਦਮਾ ਚਲਾਇਆਂ ਕੈਦ ਰੱਖਣਾ ਉਨ੍ਹਾਂ ਦਿਨਾਂ ਵਿਚ ਸਿਰਫ ੧੮੧੮ ਦੀ ਧਾਰਾ ਨੰਬਰ ੩ ਦੀ ਸਹਾਇਤਾ ਨਾਲ ਹੀ ਸੰਭਵ ਹੁੰਦਾ ਸੀ। ਈਗਰਟਨ ਦੇ ਸੁਝਾਅ ਅਨੁਸਾਰ ਪੰਜਾਬ ਸਰਕਾਰ ਦੇ ਸਕਤਰ ਨੇ ਭਾਰਤ ਸਰਕਾਰ ਨੂੰ ਗੁਰਚਰਨ ਸਿੰਘ ਬਾਰੇ ਸਭ ਕੁਝ ਦਸਿਆ ਅਤੇ ਉਸ ਨੂੰ ਬਿਨਾਂ ਮੁਕੱਦਮਾ ਚਲਾਇਆਂ ਕੈਦ ਰੱਖਣ ਲਈ ਵਰੰਟ ਮੰਗ ਘੱਲੇ। ਪੰਜਾਬ ਸਰਕਾਰ ਦੇ ਕਾਗਜ਼ ਪਤਰਾਂ ਵਿਚ ਗੁਰਚਰਨ ਸਿੰਘ ਵਿਰੁਧ ਵਡੇ ਵਡੇ ਇਲਜ਼ਾਮ ਲਗਾਏ ਗਏ। ਉਸ ਬਾਰੇ ਦੁਸ਼ਮਨੀ ਦੀ ਭਾਵਨਾ ਦਾ ਹੇਠ ਲਿਖੇ ਵਰਨਣ ਤੋਂ ਵੀ ਪਤਾ ਲਗਦਾ ਹੈ-

"ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਗੁਰਚਰਨ ਸਿੰਘ ਭਾਰਤ ਸਰਕਾਰ ਦਾ ਦੁਸ਼ਮਨ ਹੈ। ਬਿਰਧ ਹੋਣ ਦੇ ਬਾਵਜੂਦ ਉਸ ਦੇ ਸਰੀਰ ਵਿਚ ਬਹੁਤ ਤਾਕਤ ਹੈ ਤੇ ਉਹ ਵਧ ਤੋਂ ਵਧ ਕਸ਼ਟ ਸਹਿ ਸਕਦਾ ਹੈ। ਸਿਖ ਫੌਜੀਆਂ ਦੀਆਂ ਸਾਰੀਆਂ ਸਿਫਤਾਂ ਉਸ ਵਿਚ ਹਨ - ਉਸ ਦਾ ਪਤਲਾ ਸਰੀਰ ਇਸ ਗੱਲ ਦਾ ਸਾਖੀ ਹੈ।

"ਗੁਰਚਰਨ ਸਿੰਘ ਨੂੰ ਜੇ ਕੈਦ ਨਾ ਕੀਤਾ ਜਾਵੇ ਤਾਂ ਉਸਨੂੰ ਰੂਸ ਵਲੋਂ ਜਿਹੜਾ ਆਦਰ ਸਨਮਾਨ ਮਿਲਿਆ ਹੈ ਉਸ ਦੀ ਮਰਯਾਦਾ ਕਾਇਮ ਰਖਣ ਲਈ ਉਹ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਵੇਗਾ - ਖਾਸ ਕਰਕੇ ਰੂਸ ਜੇ ਕਿਧਰੇ ਪੰਜਾਬ ਉਤੇ ਹਮਲਾ ਕਰ ਦੇਵੇ ਤਾਂ।"

ਐਚ. ਐਮ. ਡੂਰੰਡ ਓਦੋਂ ਭਾਰਤ ਸਰਕਾਰ ਦੇ ਬਦੇਸ਼ੀ ਮਹਿਕਮੇ ਵਿਚ ਸਕੱਤਰ ਸਨ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਪ੍ਰਸਤਾਵ ਦੀ ਪੂਰਨ ਹਮਾਇਤ ਕਰਦਿਆਂ ਹੋਇਆਂ ਬੜੀ ਸਖਤ ਭਾਸ਼ਾ ਵਿਚ ਲਿਖਿਆ -

'ਮੈਨੂੰ ਇਸ ਵਿਚ ਭੋਰਾ ਵੀ ਸ਼ੱਕ ਨਹੀਂ ਕਿ ਗੁਰਚਰਨ ਸਿੰਘ ਨੂੰ ਜਿਸ ਦੋਸ਼ ਅਧੀਨ ਦੋਸ਼ੀ ਬਣਾਇਆ ਗਿਆ ਹੈ ਉਹ ਸਚ ਮੁਚ ਹੀ ਉਸ ਦਾ ਦੋਸ਼ੀ ਹੈ। ਸਿਰਫ ਗੁਰਚਰਨ ਸਿੰਘ ਦੀ ਕੋਸ਼ਿਸ਼ ਸਦਕਾ ਹੀ ਰੂਸ ਤੇ ਗੁਰੂ ਰਾਮ ਸਿੰਘ ਵਿਚਕਾਰ ਚਿੱਠੀ ਪੱਤਰ ਹੋ ਸਕਿਆਂ ਹੈ। ੧੮੧੮ ਦੀ ਧਾਰਾ ਨੰਬਰ ੩ ਦੇ ਅਧੀਨ ਗ੍ਰਿਫਤਾਰੀ ਦਾ ਪਰਵਾਨਾ ਜਾਰੀ ਕਰਨ ਦਾ ਅਰਥ ਭਾਵੇਂ ਉਮਰ ਕੈਦ ਹੈ ਤਾਂ ਵੀ ਮੈਂ ਪੰਜਾਬ ਸਰਕਾਰ ਦੇ ਪ੍ਰਸਤਾਵ

ਦੀ ਹਮਾਇਤ ਹੀ ਕਰਦਾ ਹਾਂ। ਗੁਰਚਰਨ ਸਿੰਘ ਕੂਕਾ ਮਹੰਤ ਹੈ। ਕੂਕਿਆਂ ਨਾਲ ਉਹ ਅਟੁਟ ਬੰਧਨ ਵਿਚ ਬੱਝਾ ਹੋਇਆ ਹੈ। ਉਹ ਜ਼ਿੰਦਗੀ ਭਰ ਕੂਕਾ ਹੀ ਰਹੇਗਾ। ਸਾਡਾ ਜਿੰਨਾ ਨੁਕਸਾਨ ਕਰ ਸਕਦਾ ਹੈ ਜ਼ਰੂਰ ਕਰੇਗਾ। ਜੇ ਅਸੀਂ ਇਹ ਸਾਜ਼ਸ਼ ਨਾਕਾਮ ਕਰਨੀ ਚਾਹੁੰਦੇ ਹਾਂ ਤਾਂ ਗੁਰਚਰਨ ਸਿੰਘ ਨੂੰ ਉਮਰ ਭਰ ਕੈਦ ਰਖਣ ਤੋਂ ਬਿਨਾਂ ਮੈਨੂੰ ਹੋਰ ਕੋਈ ਚਾਰਾ ਨਹੀ ਦਿਸਦਾ।"

ਉਸ ਜ਼ਮਾਨੇ ਦੇ ਵਡੇ ਲਾਟ ਲਾਰਡ ਰਿਪਨ ਲਿਬਰਲ ਪਾਰਟੀ ਦੇ ਮੈਂਬਰ ਸਨ। ਵਿਕਟੋਰੀਆ ਜੁਗ ਦੇ ਉਦਾਰ ਜਨਤੰਤਰ ਤੇ ਵਿਅਕਤੀ ਦੀ ਆਜ਼ਾਦੀ ਦੇ ਆਦਰਸ਼, ਉਪਨਿਵੇਸ਼ਕ ਹਾਕਮ ਦੀ ਗਦੀ ਉਤੇ ਬੈਠ ਕੇ ਵੀ ਸਹਿਜੇ ਹੀ ਭੁਲ ਜਾਣਾ ਉਸ ਲਈ ਦੁਖਦਾਈ ਹੋਇਆ ਸੀ। ਉਨ੍ਹਾਂ ਨੇ ਕੁਝ ਦੁਚਿਤੀ ਜਿਹੀ ਨਾਲ ਪੰਜਾਬ ਸਰਕਾਰ ਕੋਲੋਂ ਜਾਨਣਾ ਚਾਹਿਆ-ਭਾਰਤ ਸਰਕਾਰ ਵਲੋਂ ਵਾਰੰਟ ਦੇਣੇ ਹੀ ਬੜੇ ਹੀ ਜ਼ਰੂਰੀ ਹਨ? ਮੁਚਲਕੇ ਨਾਲ ਗੁਰਚਰਨ ਸਿੰਘ ਨੂੰ ਕੈਦੀ ਰਖਣਾ ਸੰਭਵ ਹੈ ਕਿ ਨਹੀ?

> *ਇਹ ਗਲ ਮੰਨਣੀ ਹੀ ਪਏਗੀ ਕਿ ਗੁਰਚਰਨ ਸਿੰਘ ਦੇ ਕੰਮ ਨੇ ਉਨੀਵੀਂ ਸਦੀ ਦੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਸੇਂਟਪੀਟਰਸਬਰਗ ਤੋਂ ਬਰਮਾ ਤਕ ਫੈਲਾ ਦਿਤਾ ਸੀ ਅਤੇ ਆਜ਼ਾਦੀ ਲਈ ਲੜਾਈ ਦੇ ਇਤਿਹਾਸ ਵਿਚ ਗੁਰੂ ਰਾਮ ਸਿੰਘ, ਮੋਲਮੀਨ ਜੇਹਲ ਦੇ ਕਾਂਸਟੇਬਲ ਹਰਨਾਮ ਸਿੰਘ, ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ, ਸਿਰੋਲੀ ਦੇ ਮੀਂਹਾਂ ਸਿੰਘ, ਸੰਤ ਸਿੰਘ, ਮਛੂਆ ਬਾਜ਼ਾਰ ਸਟਰੀਟ ਦੇ ਬਿਹਾਰੀ ਸਿੰਘ, ਚਕ ਪਰਾਨਾ ਦੇ ਗੁਰਚਰਨ ਸਿੰਘ ਰੂਸੀ ਹਾਕਮ ਕਰਡਕਮਿਆਨ, ਕਰੋਲਕੋਵ ਤੇ ਈਵਾਨੋਵ-ਸਭਨਾਂ ਨੇ ਰਲਕੇ ਇਕ ਹੈਰਾਨ ਕਰਨ ਵਾਲੇ ਅਧਿਆਏ ਦੀ ਰਚਨਾ ਕੀਤੀ ਹੈ।*

ਪੰਜਾਬ ਸਰਕਾਰ ਨੇ ਦਸਿਆ ਕਿ ਸਭ ਕੁਝ ਹੀ ਸੰਭਵ ਹੈ ਪਰ ਵਾਰੰਟ ਉਸ ਨੂੰ ਚਾਹੀਦੇ ਹੀ ਹਨ। ਕਿਉਂਕਿ ਕਿਸੇ ਵੀ ਵੇਲੇ ਗੁਰਚਰਨ ਸਿੰਘ ਨੂੰ ਬਿਨਾ ਮੁਕੱਦਮਾ ਚਲਾਏ ਉਮਰ ਕੈਦ ਕਰਨ ਦੀ ਤਾਕਤ ਹੱਥ ਵਿਚ ਨਾ ਹੋਣ ਤੇ ਉਸਨੂੰ ਸੂਤ ਕਰਨਾ ਪੰਜਾਬ ਸਰਕਾਰ ਲਈ ਅਸੰਭਵ ਹੋਵੇਗਾ। ਇਸ ਦੇ ਨਤੀਜੇ ਵਜੋਂ ਲਾਰਡ ਰਿਪਨ ਨੂੰ ਵਿਅਕਤੀ ਸਵਾਧੀਨਤਾ ਦੀ ਨੀਤੀ ਭੁਲਾਉਣੀ ਪਈ। ਸੈਕਰੇਟਰੀ ਲੀਏਜ਼ ਦੇ ਨਾਮ ਹੇਠ ਪਚੱਤਰ ਸਾਲ ਦੇ ਬਿਰਧ ਗੁਰਚਰਨ ਸਿੰਘ ਲਈ ਬਿਨਾਂ ਮੁਕੱਦਮਾ ਚਲਾਏ ਉਮਰ ਕੈਦ ਦਾ ਹੁਕਮ ਪੰਜਾਬ ਸਰਕਾਰ ਨੂੰ ਘੱਲ ਦਿੱਤਾ ਗਿਆ। ਲਾਹੌਰ ਤੋਂ ਗੁਰਚਰਨ ਸਿੰਘ ਨੂੰ ਮੁਲਤਾਨ ਭੇਜ ਦਿੱਤਾ ਗਿਆ। ਜ਼ਿਲਾ ਗੁਜਰਾਂ ਵਾਲਾ ਦੇ ਦੋ ਵਿਅਕਤੀਆਂ ਜੀਵਨ ਸਿੰਘ ਤੇ ਇਕ ਹੋਰ ਨੇ ਗੁਰਚਰਨ ਸਿੰਘ ਦੀ ਜ਼ਮਾਨਤ ਦਿਤੀ। ਮੁਲਤਾਨ ਦੇ ਥਾਣੇ ਕੋਲ ਗੁਰਚਰਨ ਸਿੰਘ ਦੀ ਜ਼ਮਾਨਤ ਦਿਤੀ। ਮੁਲਤਾਨ ਦੇ ਥਾਣੇ ਕੋਲ ਗੁਰਚਰਨ ਸਿੰਘ ਨੂੰ ਰਹਿਣਾ ਪਿਆ ਤੇ ਸਾਤੇ ਵਿਚ ਦੋ ਵਾਰੀ ਉਹ ਥਾਣੇ ਹਾਜ਼ਰੀ ਭਰਦਾ। ਸੰਨ ੧੮੮੬ ਵਿਚ ਲਗਭਗ ਸੱਤ ਸਾਲ ਦੀ ਨਜ਼ਰਬੰਦੀ ਤੋਂ ਬਾਅਦ ਗੁਰਚਰਨ ਸਿੰਘ ਰਿਹਾ ਹੋਇਆ। ਪਰ ਉਸ ਰਿਹਾਈ ਨਾਲ ਵੀ ਇਹ ਸ਼ਰਤ ਸੀ ਕਿ ਗੁਰਚਰਨ ਸਿੰਘ ਭੈਣੀ ਸਾਹਿਬ ਨਹੀ ਜਾ ਸਕੇਗਾ।

ਇਸ ਤੋਂ ਬਾਅਦ ਦਾ ਇਤਿਹਾਸ ਸੰਖੇਪ ਹੋਣ ਤੇ ਵੀ ਵਰਨਣ ਯੋਗ ਹੈ। ਸੰਨ ੧੮੮੭ ਦੇ ਅਪਰੈਲ ਮਹੀਨੇ ਵਿਚ ਗੁਰਚਰਨ ਸਿੰਘ ਨੇ ਅਫਗਾਨਿਸਤਾਨ ਤੇ ਮੱਧ ਏਸ਼ੀਆ ਵਿਚ ਜਾਣ ਲਈ ਦਰਖਾਸਤ ਦਿਤੀ। ਪੰਜਾਬ ਦੇ ਹਾਕਮਾਂ ਨੂੰ ਇਜਾਜ਼ਤ ਦੇਣ ਵਿਚ ਕੋਈ ਇਤਰਾਜ਼ ਨਹੀ ਸੀ, ਪਰ ਕੇਂਦਰੀ ਸਰਕਾਰ ਵਲੋਂ ਸਖਤੀ ਨਾਲ ਇਨਕਾਰ ਹੋਣ ਕਰਕੇ ਪੰਜਾਬ ਸਰਕਾਰ ਨੇ ਉਹ ਦਰਖਾਸਤ ਰੱਦ ਕਰ ਦਿੱਤੀ। ਇਸ ਅੱਸੀ ਸਾਲ ਤੇ ਵੱਧ ਉਮਰ ਦੇ ਬਿਰਧ ਨੂੰ ਬ੍ਰਿਟਿਸ਼ ਸਰਕਾਰ ਉਸਦੇ ਮਰਨ ਤਕ ਸ਼ੱਕ ਦੀ ਨਜ਼ਰ ਨਾਲ ਵੇਖਦੀ ਰਹੀ। ਮੱਧ ਏਸ਼ੀਆ ਵਿਚ ਰੂਸੀ ਜਾਸੂਸ ਸ਼ੰਕਰ ਰਾਏ ਨੂੰ ਜਦੋਂ ਗ੍ਰਿਫਤਾਰ ਕਰਕੇ ਬੰਦੀ ਕਰ ਲਿਆ ਗਿਆ ਓਦੋਂ ਬ੍ਰਿਟਿਸ਼ ਸਰਕਾਰ ਦਾ ਖਿਆਲ ਬਣਿਆ ਕਿ ਸ਼ੰਕਰ ਰਾਏ ਗੁਰਚਰਨ ਸਿੰਘ ਦੇ ਪ੍ਰਭਾਵ ਹੇਠ ਹੈ। ਬਦੇਸ਼ੀ ਹਾਕਮਾਂ ਦੀ ਤਿੱਖੀ ਨਜ਼ਰ ਦੇ ਸਾਹਮਣੇ ਕੂਕਾ ਨੇਤਾ ਗੁਰਚਰਨ ਸਿੰਘ ਦਾ ਜੀਵਨ ਦੀਪ ਇਕ ਦਿਨ ਬੁੱਝ ਗਿਆ।

ਭਾਰਤ ਵਰਸ਼ ਵਿਚ ਅੰਗਰੇਜ਼ ਵਿਰੋਧੀ ਅੰਦੋਲਨ ਵਿਚ ਕੂਕਿਆਂ ਨੇ ਆਪਣਾ ਸ਼ਾਨਦਾਰ ਹਿੱਸਾ ਪਾਇਆ ਹੈ - ਭਾਵੇਂ ਕਿ ਉਸ ਤੋਂ ਬਹੁਤ ਲੋਕ ਵਾਕਿਫ਼ ਨਹੀ ਸਨ। ੧੮੫੭ ਦੇ ਗਦਰ ਦੀ ਇਤਿਹਾਸਕ ਪਰਸਿੱਧੀ ਕੂਕਿਆਂ ਨੇ ਹਾਸਿਲ ਨਹੀ ਕੀਤੀ। ਪਰ ਧਰਮ ਦੀ ਪਰੇਰਨਾ ਹੇਠ ਚਲਦਿਆਂ ਹੋਇਆਂ

ਕੂਕਾ ਅੰਦੋਲਨ ਦਾ ਰਾਜਨੀਤਕ ਨਤੀਜਾ ਬਹੁਤ ਹੀ ਮਹੱਤਤਾ ਭਰਿਆ ਹੈ। ੧੮੫੭ ਦੇ ਗਦਰ ਦੀ ਵਾਂਗਡੋਰ ਜਗੀਰਦਾਰੀ ਰਾਜਤੰਤਰ ਦੇ ਪ੍ਰਤੀਨਿਧਾਂ ਦੇ ਹੱਥ ਸੀ ਪਰ ਕੂਕਾ ਵਿਦਰੋਹ ਦੀ ਅਗਵਾਈ ਕੀਤੀ ਹੈ ਦੌਲਤ ਹੀਨ ਸਾਧਾਰਨ ਕਿਰਸਾਨੀ ਨੇ। ਬਰਮਾ ਵਿਚ ਨਿਰਵਾਸਿਤ ਬਹਾਦੁਰਸ਼ਾਹ ਸਾਹ ਸਤ ਹੀਨ ਚੁੱਪ ਹੈ - ਪਰ ਮਰਗੋਈ ਜੇਹਲ ਵਿਚ ਚਿਰਾਂ ਲਈ ਬੰਦੀ ਨੇਤਾ ਗੁਰੂ ਰਾਮ ਸਿੰਘ ਸਰਗਰਮੀ ਨਾਲ ਬ੍ਰਿਟਿਸ਼ ਵਿਰੋਧੀ ਗੋਂਦਾਂ ਵਿਚ ਲਗੇ ਹੋਏ ਸਨ। ਕੂਕਿਆਂ ਦੇ ਰਾਜਨੀਤਕ ਕੰਮਾਂ ਤੇ ਢੰਗਾਂ ਦਾ ਬਾਅਦ ਦੇ ਭਾਰਤੀ ਰਾਜਨੀਤਕ ਅੰਦੋਲਨ ਦੀ ਰਫਤਾਰ ਨਾਲ ਅਸਚਰਜ ਰੂਪ ਵਿਚ ਮੇਲ ਦਿਸਦਾ ਹੈ। ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ, ਅੰਗਰੇਜ਼ੀ ਵਿਦਿਆ ਦੇਣ ਵਾਲੀਆਂ ਸ਼ਿਖਸ਼ਾ ਸੰਸਥਾਵਾਂ ਦਾ ਬਾਈਕਾਟ ਕੂਕਾ ਅੰਦੋਲਨ ਦਾ ਮੂਲ ਮੰਤਰ ਸੀ। ਭਾਰਤ ਦੀ ਨਾਮਿਲਵਰਤਣ ਲਹਿਰ ਵਿਚ ਕੂਕਿਆਂ ਦੀ ਨੀਤੀ ਨੇ ਅਦਿੱਖ ਰੂਪ ਵਿਚ ਅਤੇ ਅਨਜਾਣਿਆਂ ਹੀ ਕੰਮ ਕੀਤਾ ਹੈ ਜਦੋਂ ਕਿ ਦੋਹਾਂ ਵਿਚ ਆਜ਼ਾਦੀ ਹਾਸਿਲ ਕਰਨ ਦੀ ਜ਼ਬਰਦਸਤ ਚਾਹ ਤੋਂ ਬਿਨਾਂ ਹੋਰ ਕੋਈ ਮਿਲਣ ਸੂਤਰ ਲੱਭਣਾ ਔਖਾ ਹੈ। ਸਭ ਤੋਂ ਉਪਰ ਕੂਕਾ ਅੰਦੋਲਨ ਗੁਰਚਰਨ ਸਿੰਘ ਦੇ ਮਹਾਨ ਜਤਨਾਂ ਦੀ ਇਤਿਹਾਸਕਤਾ ਨੂੰ ਲੈ ਕੇ ਚਲ ਰਿਹਾ ਹੈ। ਗੁਲਾਮੀ ਤੋਂ ਆਜ਼ਾਦੀ ਦੀ ਆਸ਼ਾ ਵਿਚ ਗੁਰਚਰਨ ਸਿੰਘ ਨੇ ਜਿਨ੍ਹਾਂ ਰਾਹਾਂ ਤੋਂ ਭਾਰਤ ਦੀ ਸਰਹੱਦ ਪਾਰ ਕੀਤੀ - ਵੀਹਵੀ ਸਦੀ ਵਿਚ ਨੇਤਾ ਜੀ ਸੁਭਾਸ਼ ਚੰਦਰ ਵੀ ਉਨ੍ਹਾਂ ਰਾਹਾਂ ਥਾਣੀ ਹੀ ਗਏ ਹਨ। ਆਜ਼ਾਦੀ ਦੀ ਲੜਾਈ ਵਿਚ ਬਦੇਸ਼ੀ ਸ਼ਕਤੀ ਦੀ ਸਹਾਇਤਾ ਹਾਸਿਲ ਕਰਨ ਦੀ ਆਸ ਨੇ ਸਿਰਫ ਅਪਰਸਿਧ ਗੁਰਚਰਨ ਸਿੰਘ ਨੂੰ ਹੀ ਪ੍ਰਭਾਵਤ ਨਹੀ ਕੀਤਾ ਸਗੋਂ ਉਸ ਤੋਂ ਬਹੁਤ ਸਾਲ ਬਾਅਦ ਭਾਰਤ ਦੇ ਅਨੇਕਾਂ ਇਨਕਲਾਬੀਆਂ ਉਸੇ ਇਕੋ ਆਸ ਨਾਲ ਬਦੇਸ਼ੀ ਸ਼ਕਤੀਆਂ ਦੀ ਸਹਾਇਤਾ ਲਈ ਹੈ।

ਇਹ ਗਲ ਮੰਨਣੀ ਹੀ ਪਏਗੀ ਕਿ ਗੁਰਚਰਨ ਸਿੰਘ ਦੇ ਕੰਮ ਨੇ ਉਨੀਵੀਂ ਸਦੀ ਦੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਸੇਂਟਪੀਟਰਸਬਰਗ ਤੋਂ ਬਰਮਾ ਤਕ ਫੈਲਾ ਦਿਤਾ ਸੀ ਅਤੇ ਆਜ਼ਾਦੀ ਲਈ ਲੜਾਈ ਦੇ ਇਤਿਹਾਸ ਵਿਚ ਗੁਰੂ ਰਾਮ ਸਿੰਘ, ਮੋਲਮੀਨ ਜੇਹਲ ਦੇ ਕਾਂਸਟੇਬਲ ਹਰਨਾਮ ਸਿੰਘ, ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ, ਸਿਰੋਲੀ (ਸਰਹਾਲੀ) ਦੇ ਮੀਹਾਂ ਸਿੰਘ, ਸੰਤ ਸਿੰਘ, ਮਛੂਆ ਬਾਜ਼ਾਰ ਸਟਰੀਟ ਦੇ ਬਿਹਾਰੀ ਸਿੰਘ, ਚਕ ਪਰਾਨਾ ਦੇ ਗੁਰਚਰਨ ਸਿੰਘ ਰੂਸੀ ਹਾਕਮ ਕਰਡਕਮਿਆਨ, ਕਰੋਲਕੋਵ ਤੇ ਈਵਾਨੋਵ-ਸਭਨਾਂ ਨੇ ਰਲਕੇ ਇਕ ਹੈਰਾਨ ਕਰਨ ਵਾਲੇ ਅਧਿਆਏ ਦੀ ਰਚਨਾ ਕੀਤੀ ਹੈ। ■

੧੧੬ ਸਾਲ ਪਹਿਲਾਂ ਕੂਕਾ ਰੂਸੀਆਂ ਦੀ ਨਜ਼ਰ ਵਿਚ

ਰੂਸ ਦੇ ਇਕ ਵਿਦਵਾਨ ਮਿਨਾਇਫ ਈਸਵੀ ਸੰਨ ੧੮੭੪-੭੫ ਤੇ ੧੮੮੦-੮੫-੮੬ ਵਿਚ ਬੁੱਧ ਧਰਮ ਅਧਿਐਨ ਲਈ ਭਾਰਤ ਆਏ।

ਮਿਸਟਰ ਮਿਨਾਇਫ ਨੂੰ ਭਾਰਤ ਦੇ ਵੱਖ ਵੱਖ ਹਿਸਿਆਂ ਦਾ ਦੌਰਾ ਕਰਦਿਆਂ ਹੋਇਆ ਰੂਸ ਸੰਬੰਧੀ ਭਾਰਤ ਵਾਸੀਆਂ ਦੀ ਰਾਏ ਵੀ ਸੁਨਣ ਨੂੰ ਮਿਲਦੀ ਰਹਿੰਦੀ ਸੀ। ਉਸੇ ਰਾਏ ਦਾ ਜ਼ਿਕਰ ਮਿਸਟਰ ਮਿਨਾਇਫ ਨੇ ਆਪਣੀ ਪੁਸਤਕ 'ਟਰੈਵਲਸ ਇਨ ਇੰਡੀਆ ਐਂਡ ਡਾਇਰੀਜ਼ ਆਫ ਇੰਡੀਆ ਐਂਡ ਬਰਮਾ' ਵਿਚ ਕੀਤਾ ਸੀ। ਆਪ ਲਿਖਦੇ ਹਨ -

ਰੂਸ ਸਰਕਾਰ ਭਾਵੇਂ ਭਾਰਤਵਰਸ਼ ਵਿਚ ਰੂਸੀਆਂ ਵਿਰੁਧ ਬੜਾ ਜ਼ੋਰਦਾਰ ਭੰਡੀ ਪਰਚਾਰ ਕਰ ਰਹੀ ਸੀ ਪਰ ਉਸਦਾ ਅਸਰ ਉਲਟਾ ਹੋ ਰਿਹਾ ਸੀ - ਭਾਰਤ ਵਾਸੀ ਰੂਸੀਆਂ ਵਲ ਹੋਰ ਵੀ ਜ਼ਿਆਦਾ ਖਿੱਚੇ ਜਾ ਰਹੇ ਸਨ, ਉਨ੍ਹਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿਤਾ ਸੀ ਕਿ ੧੮੫੭ ਦੇ ਗਦਰ ਦੇ ਨੇਤਾ 'ਨਾਨਾ ਸਾਹਿਬ' ਭਜ ਕੇ ਰੂਸ ਚਲੇ ਗਏ ਹਨ ਅਤੇ ਜਨਰਲ 'ਸਕੋਸਕੋਬੇ' ਹੋਰ ਕਈ ਨਹੀ - ਖੁਦ ਨਾਨਾ ਸਾਹਿਬ ਹੀ ਹਨ।

"ਲੁਧਿਆਣੇ ਵਿਚ ਬਹੁਤ ਸਾਰੇ ਕੂਕੇ ਇਕ ਭਵਿੱਖ-ਬਾਣੀ ਤੇ ਵਿਸ਼ਵਾਸ ਕਰਦੇ ਹਨ। ਉਹ ਭਵਿਖ ਬਾਣੀ ਹੈ ਕਿ ਰੂਸ ਭਾਰਤ ਵਿਚ ਆਏਗਾ ਤੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਭਾਰਤ ਨੂੰ ਆਜ਼ਾਦ ਕਰਾਏਗਾ।"

ਮਿਨਾਇਫ ਨੇ ਲਿਖਿਆ ਹੈ:

"ਬਹੁਤ ਵਾਰੀ ਕਈਆਂ ਨੇ ਆਣਕੇ ਮੈਨੂੰ ਭਰੋਸਾ ਦਿਵਾਇਆ ਹੈ ਕਿ ਜੇ ਰੂਸ ਭਾਰਤ ਉਤੇ ਹਮਲਾ ਕਰੇ ਤਾਂ ਬਹੁਤ ਸਾਰੇ ਅਸੰਤੁਸ਼ਟ ਭਾਰਤਵਾਸੀ ਰੂਸ ਦੇ ਪੱਖ ਵਿਚ ਲੜਨਗੇ।"

ਨਾਮਧਾਰੀ ਲਹਿਰ ਅਤੇ ਸੋਵੀਅਤ ਆਲਮ

ਵੀ. ਬੋਗੋਸਲੋਵਸਕੀ

ਰੂਸੀ ਵਿਦਵਾਨ "ਵੀ: ਬੋਗੋਸਲੋਵਕੀ" ਦਾ ਇਹ ਲੇਖ ਰੂਸ ਦੇ ਮੈਗਜ਼ੀਨ "ਸੋਵੀਅਤ ਦੇਸ" ਪੰਜਾਬੀ ਦੇ ਪੰਨਾ ੨੨ ਅਤੇ ੨੩ ਉਤੇ ਕੁਝ ਸਾਲ ਪਹਿਲਾਂ ਛਪਿਆ ਸੀ। "ਸਤਿਜੁਗ" ਦੇ ਪਾਠਕਾਂ ਲਈ ਉਸੇ ਪਰਚੇ ਵਿਚੋਂ ਧੰਨਵਾਦ ਸਹਿਤ ਪ੍ਰਕਾਸ਼ਤ ਕਰ ਰਹੇ ਹਾਂ। ਲਿਖਾਰੀ ਦੇ ਲਿਖਣ ਦਾ ਦ੍ਰਿਸ਼ਟੀਕੋਨ ਆਪਣਾ ਹੈ। ਇਸ ਵਾਸਤੇ ਇਹ ਜ਼ਰੂਰੀ ਨਹੀਂ ਕਿ ਅਸੀਂ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਹੋਈਏ। ਸੋਵੀਅਤ ਰੂਸ ਦੀ ਨਾਮਧਾਰੀ ਲਹਿਰ ਨਾਲ ਜੋ ਦਿਲਚਸਪੀ ਸੀ ਉਹ ਇਹਨਾਂ ਸਤਰਾਂ ਤੋਂ ਭਲੀ ਪਰਕਾਰ ਸਮਝ ਆ ਸਕਦੀ ਹੈ "ਨਾਮਧਾਰੀ ਲਹਿਰ...ਬਹੁਤ ਸਾਰੇ ਸੋਵੀਅਤ ਮਾਹਿਰਾਂ ਦੀ ਖੋਜ ਦਾ ਵਿਸ਼ਾ ਬਣ ਗਈ ਹੈ। ਪ੍ਰੋ: ਆਈਂਗਰ ਰੇਸਨਰ ਸਿਖ ਇਤਿਹਾਸ ਦੇ ਬਹੁਤ ਹੀ ਉਘੇ ਆਲਮ ਸਨ, ਉਹਨਾਂ ਇਸ ਲਹਿਰ ਦੀ ਉਤਪਤੀ ਅਤੇ ਵਿਕਾਸ ਦੇ ਵਖ ਵਖ ਮਸਲਿਆਂ ਸੰਬੰਧੀ ਬਹੁਤ ਸਾਰੀਆਂ ਲਿਖਤਾਂ ਲਿਖੀਆਂ ਹਨ। ਇਸ ਤੋਂ ਛੁਟ ਹਿੰਦ ਦੇ ਇਤਿਹਾਸ ਬਾਰੇ ਕਈ ਆਮ ਲਿਖਤਾਂ ਵਿਚ ਪੂਰੇ ਦੇ ਪੂਰੇ ਹਿੱਸੇ ਨਾਮਧਾਰੀ ਲਹਿਰ ਬਾਰੇ ਹਨ।" -ਸੰਪਾਦਕ

ਹਿੰਦੋਸਤਾਨੀ ਲੋਕਾਂ ਨੇ ਆਪਣੀ ਆਜ਼ਾਦੀ ਅਤੇ ਸਵਤੰਤਰਤਾ ਲਈ ਜਿਹੜਾ ਘੋਲ ਕੀਤਾ ਉਹ ਸਦਾ ਸੋਵੀਅਤ ਹਿੰਦ ਵਿਗਿਆਨੀਆਂ ਦੇ ਧਿਆਨ ਦਾ ਕੇਂਦਰ ਰਿਹਾ। ਸੋਵੀਅਤ ਖੋਜੀਆਂ ਨੇ ਇਸ ਘੋਲ ਦੇ ਵੱਖ ਵਖ ਪੜਾਵਾਂ ਬਾਰੇ ਜਿਹੜੀਆਂ ਵਿਗਿਆਨਕ ਲਿਖਤਾਂ ਲਿਖੀਆਂ ਹਨ ਉਨ੍ਹਾਂ ਵਿਚ ਪੰਜਾਬ ਦੇ ਇਤਿਹਾਸ ਬਾਰੇ ਕਿਰਤਾਂ ਨੂੰ ਅਹਿਮ ਥਾਂ ਪ੍ਰਾਪਤ ਹੈ। ਇਹ ਕੋਈ ਹੈਰਾਨ ਕਰਨ ਵਾਲੀ ਗੱਲ ਨਹੀਂ ਕਿਉਂਕਿ ਕਈ ਦਹਾਕਿਆਂ ਵਿਚ ਬਰਤਾਨਵੀ ਹਕੂਮਤ ਵਿਰੁਧ ਜਿਹੜਾ ਘੋਲ ਲੜਿਆ ਗਿਆ ਉਹਦੇ ਵਿਚ ਹਿੰਦ ਦਾ ਇਹ ਇਲਾਕਾ ਸਦਾ ਕੌਮੀ ਆਜ਼ਾਦੀ ਦੀ ਲਹਿਰ ਦਾ ਗੜ੍ਹ ਰਿਹਾ ਹੈ।

ਨਾਮਧਾਰੀ ਲਹਿਰ, ਜਿਹੜੀ ਸਿੱਖ ਰਿਆਸਤ ਦੀ ਹੋਂਦ ਦੇ ਸਮੇਂ ਹੋਂਦ ਵਿਚ ਆ ਚੁਕੀ ਸੀ, ਨੌਆਬਾਦਿਆਤੀ ਹਾਕਮਾਂ ਵਿਰੁਧ ਖੁਲ੍ਹੀ ਹਥਿਆਰਬੰਦ ਬਗਾਵਤ ਵਿਚ ਤਬਦੀਲ ਹੋ ਗਈ। ਇਹ ਬਹੁਤ ਸਾਰੇ ਸੋਵੀਅਤ ਮਾਹਿਰਾਂ ਦੀ ਖੋਜ ਦਾ ਵਿਸ਼ਾ ਬਣ ਗਈ ਹੈ। ਸਵਰਗਵਾਸੀ ਪ੍ਰੋ: ਆਇਗੁਰ ਰੇਸਨਰ ਸਿਖ ਇਤਿਹਾਸ ਦੇ ਬਹੁਤ ਹੀ ਉਘੇ ਆਲਮ ਸਨ, ਉਨ੍ਹਾਂ ਇਸ ਲਹਿਰ ਦੀ ਉਤਪਤੀ ਅਤੇ ਵਿਕਾਸ ਦੇ ਵਖ ਵਖ ਮਸਲਿਆਂ ਸੰਬੰਧੀ ਬਹਤ ਸਾਰੀਆਂ ਲਿਖਤਾਂ ਲਿਖੀਆਂ ਹਨ। ਉਨ੍ਹਾਂ ਦੀ ਸ਼ਾਗਿਰਦ ਐਨ. ਸੇਮਿਓਨੋਵਾ, ਐਮ.ਐਸ.ਸੀ(ਇਤਿਹਾਸ) ਅਤੇ ਪ੍ਰਸਿਧ ਸੋਵੀਅਤ ਆਲਮਾਂ ਐਨ. ਗੋਲਦਨਬਰਗ ਅਤੇ ਕੇ. ਬੈਨੀਦਿਕਤੋਵ ਦੀਆਂ ਬਹੁਤ ਸਾਰੀਆਂ ਕਿਰਤਾਂ ਇਸ ਲਹਿਰ ਬਾਰੇ ਖੋਜ ਨੂੰ ਸਮਰਪਤ ਹਨ। ਇਸ ਤੋਂ ਛੁਟ ਹਿੰਦ ਦੇ ਇਤਿਹਾਸ ਬਾਰੇ ਕਈ ਆਮ ਲਿਖਤਾਂ ਵਿਚ ਪੂਰੇ ਦੇ ਪੂਰੇ ਹਿੱਸੇ ਨਾਮਧਾਰੀ ਲਹਿਰ ਬਾਰੇ ਹਨ।

ਸੋਵੀਅਤ ਆਲਮਾਂ ਦੇ ਵਿਚਾਰ ਵਿਚ ਨਾਮਧਾਰੀ ਲਹਿਰ ਹਿੰਦ ਦੀ ਕੌਮੀ ਲਹਿਰ ਦੀ ਇਕ ਅਹਿਮ ਅਤੇ ਸ਼ਾਨਦਾਰ ਘਟਨਾ ਹੈ। ਪਰ ਉਹ ਸਭੇ ਇਸ ਗੱਲ ਤੇ ਸਹਿਮਤ ਹਨ ਕਿ ਆਪਣੀ ਹੋਂਦ ਦੇ ਸਮੇਂ ਵਿਚ ਇਹ ਲਹਿਰ ਸਦਾ ਇਕਸਾਰ ਅਤੇ ਸਥਿਰ ਨਹੀਂ ਰਹੀ। ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਨੇ ਜਿਹੜਾ ਪਰਚਾਰ ਕੀਤਾ ਉਹਦੇ ਵਿਚ ਨਾਮਧਾਰੀ ਸਿਖਿਆ ਖਾਲਸ ਧਾਰਮਕ ਸੁਧਾਰ ਦੇ ਚੌਖਟੇ ਤੋਂ ਬਾਹਰ ਨਹੀਂ ਸੀ ਗਈ। ਇਸ ਸਮੇਂ ਵਿਚ (ਲਗਭਗ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤਕ) ਹੋਰਨਾਂ ਸੰਪਰਦਾਵਾਂ ਵਾਂਗ ਨਾਮਧਾਰੀ ਲਹਿਰ ਵੀ ਸਾਮੰਤੀ (ਜਾਗੀਰਦਾਰੀ) ਸਮਾਜ ਵਿਰੁਧ ਇਕ ਰੋਸ

ਸੀ, ਪਰ ਇਹ ਰੋਸ ਅਸਾਧਾਰਨ ਤੌਰ ਤੇ ਮੱਧਮ ਅਤੇ ਨਾ ਮੁਕੰਮਲ ਸੀ ਅਤੇ ਸਪੱਸ਼ਟ ਤੌਰ ਤੇ ਪੰਜਾਬ ਦੀ ਮੁਕਾਬਲਤਨ ਕਮਜ਼ੋਰ ਜਿਹੀ ਦਸਤਕਾਰ ਵਸੋਂ ਦੇ ਰੋਸ ਨੂੰ ਪ੍ਰਗਟ ਕਰਦਾ ਸੀ।

ਨਾਮਧਾਰੀ ਲਹਿਰ ਦਾ ਦੂਜਾ ਪੜਾਅ ਅਤੇ ਇਹ ਦੇ ਇਕ ਜਨਤਕ ਲਹਿਰ ਬਣਨ ਦਾ ਸਮਾਂ ਬਿਖੜੇ ਸਮਿਆਂ ਦਾ ਹੈ, ਜਿਹੜਾ ਸੋਵੀਅਤ ਖੋਜੀਆਂ ਅਨੁਸਾਰ ਮਹਾਰਾਜਾ ਸ਼ੇਰ ਸਿੰਘ ਦੀ ਮੌਤ ਨਾਲ ਸ਼ੁਰੂ ਹੋਇਆ। ਸਾਮੰਤੀ ਸਰਦਾਰਾਂ ਦੀ ਆਪਹੁਦਰੇਸ਼ਾਹੀ, ਕਿਸਾਨੀ ਅਤੇ ਦਸਤਕਾਰਾਂ ਦੀ ਵਧੀ ਲੁਟਚੋਂਘ ਕਾਰਨ ਵਸੋਂ ਦੇ ਵਿਸ਼ਾਲ ਤੋਂ ਵਿਸ਼ਾਲ ਹਿੱਸਿਆਂ ਵਿਚ ਅਸੰਤੁਸ਼ਟਤਾ ਫੈਲ ਗਈ।

ਨਾਮਧਾਰੀ ਲਹਿਰ ਦੀ ਸਿਖਿਆ ਇਹ ਸੀ ਕਿ ਗੁਰੂ ਗੋਬਿੰਦ ਸਿੰਘ ਦੇ ਸਮੇਂ ਦਾ ਪਬੰਧ ਮੁੜ ਸਥਾਪਤ ਕੀਤਾ ਜਾਵੇ, ਇਸ ਕਾਰਨ ਅਤੇ ਆਪਣੀ ਧਾਰਮਿਕ ਕਰੜਾਈ ਅਤੇ ਜਮਹੂਰੀਅਤ ਕਾਰਨ, ਨਾਮਧਾਰੀ ਲਹਿਰ ਨੇ ਪੇਂਡੂ ਅਤੇ ਸ਼ਹਿਰੀ ਗਰੀਬਾਂ ਦੇ ਬਹੁਤ ਵਿਸ਼ਾਲ ਹਿੱਸਿਆਂ ਨੂੰ ਆਪਣੇ ਘੇਰੇ ਵਿਚ ਲੈ ਲਿਆ। ਇਹਦਾ ਪਰਚਾਰ ਖਾਲਸਾ ਫੌਜ ਦੇ ਸਿਪਾਹੀਆਂ ਵਿਚ ਖਾਸ ਤੌਰ ਤੇ ਹਰ-ਮਨ-ਪਿਆਰਾ ਹੋ ਗਿਆ ਕਿਉਂਕਿ ਉਨ੍ਹਾਂ ਨੂੰ ਉਪਰਲੀ ਫੌਜੀ ਸਾਮੰਤੀ ਜੁੰਡੀ ਦੇ ਭ੍ਰਿਸ਼ਟਾਚਾਰ ਅਤੇ ਵੈਲਾਂ ਦੀ ਬਹੁਤ ਨੇੜਵੀ ਵਾਕਫੀ ਸੀ।

ਇਸ ਸਮੇਂ ਵਿਚ ਪੰਜਾਬ ਹਿੰਦ ਵਿਚ ਅਖੀਰੀ ਸਵਤੰਤਰ ਰਿਆਸਤ ਰਹਿ ਗਿਆ ਸੀ ਅਤੇ ਨੌਆਬਾਦਿਆਤੀ ਹਾਕਮ ਇਸ ਉਤੇ ਕਬਜ਼ਾ ਕਰਨ ਲਈ ਬਸ ਕੋਈ ਬਹਾਨਾ ਹੀ ਉਡੀਕ ਰਹੇ ਸਨ। ਇਸ ਸਮੇਂ ਵਿਚ ਨਾਮਧਾਰੀ ਲਹਿਰ ਸਿੱਖ ਸਮਾਜ ਦੇ ਉਸ ਵਧੇਰੇ ਜਮਹੂਰੀ ਹਿੱਸੇ ਦੇ ਨੇੜੇ ਰਹੀ ਜਿਹੜਾ ਬਰਤਾਨੀਆਂ ਅਤੇ ਆਪਣੇ ਲੋਕਾਂ ਨੂੰ ਦਬਾਉਣ ਅਤੇ ਵੇਚਣ ਵਾਲੇ ਸਾਮੰਤੀ ਸਰਦਾਰਾਂ, ਦੋਹਾਂ ਵਿਰੁਧ ਆਪਣੇ ਵਤਨ ਦੀ ਦ੍ਰਿੜ੍ਹਤਾ ਨਾਲ ਰੱਖਿਆ ਲਈ ਨਿਤਰਿਆ।

ਜਦੋਂ ਖਾਲਸਾ ਫੌਜਾਂ ਨੂੰ ਹਾਰ ਹੋ ਗਈ ਅਤੇ ਦੁਸ਼ਮਨ ਦੀ ਵਧੇਰੇ ਸ਼ਕਤੀ ਅਤੇ ਚੰਗੇਰੇ ਫੌਜੀ ਟੈਕਨੀਕ ਕਾਰਨ ਅਤੇ ਉਹਦੇ ਆਪਣੇ ਫੌਜੀ ਨੇਤਾਵਾਂ ਵੀ ਗਦਾਰੀ ਕਾਰਨ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤਾਂ ਆਮ ਲੋਕ ਇਕ ਦਮ ਉਸ ਨਵੀਂ ਹਾਲਤ ਨੂੰ ਨਾ ਸਮਝ ਸਕੇ ਜਿਹੜੀ ਪੈਦਾ ਹੋ ਗਈ ਸੀ। ਸੋਵੀਅਤ ਖੋਜੀਆਂ ਨੇ ਇਸ ਗੱਲ ਵਲ ਧਿਆਨ ਦਿਵਾਇਆ ਹੈ ਕਿ ਬਰਤਾਨਵੀ ਹਾਕਮ ਅਖੀਰ ਸਿਖ ਜਾਗੀਰਦਾਰਾਂ ਦੇ ਬਹੁਤ ਵੱਡੇ ਹਿੱਸੇ ਨੂੰ ਆਪਣੇ ਵਲ ਖਿੱਚਣ ਵਿਚ ਸਫਲ ਹੋ ਗਏ ਅਤੇ ਉਨ੍ਹਾਂ ਕੋਲ ਜਿਹੜੀਆਂ ਜਗੀਰਾਂ ਆਰਜ਼ੀ ਵਰਤੋਂ ਲਈ ਸਨ, ਨਵੇਂ ਹਾਕਮਾਂ ਨੇ ਉਨ੍ਹਾਂ ਨੂੰ ਉਨ੍ਹਾਂ ਦਾ ਪੱਕਾ ਮਾਲਕ ਬਣਾ ਦਿੱਤਾ। ਇਹਦੇ ਨਾਲ ਹੀ ਨਾਲ ਆਪਣੇ ਰਵੈਤੀ ਧੋਖੇਬਾਜ਼ ਤਰੀਕੇ ਵਰਤ ਕੇ ਨੌਆਬਦਿਆਲਤੀ ਹਾਕਮਾਂ ਨੇ ਟੈਕਸ ਘਟ ਕਰ ਦਿਤੇ, ਜਿਸ ਨਾਲ ਆਰਜ਼ੀ ਤੌਰ ਤੇ ਕਿਸਾਨਾਂ ਦੀ ਹਾਲਤ ਚੰਗੀ ਹੋ ਗਈ। ਸੋਵੀਅਤ ਆਲਮਾਂ ਦਾ ਵਿਚਾਰ ਹੈ ਕਿ ਪੰਜਾਬ ਦੀ ਜਿੱਤ ਤੋਂ ਪਿਛੋਂ ਕੁਝ ਸਮੇਂ ਲਈ ਨਾਮਧਾਰੀ ਲਹਿਰ ਨੂੰ ਕੁਝ ਸੰਕਟ ਦਾ ਸਾਹਮਣਾ ਕਰਨਾ ਪਿਆ।

ਪਰ ਜਦੋਂ ਜਨਤਾ ਨੇ ਬਰਤਾਨਵੀ ਹਕੂਮਤ ਦਾ ਖਾਸਾ ਸਮਝ ਲਿਆ ਤਾਂ ਹਾਲਤ ਵਿਚ ਬੁਨਿਆਦੀ ਤਬਦੀਲੀ ਆ ਗਈ। ਪੰਜਾਬ ਦੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਕੁਝ ਹੀ ਸਾਲ ਪਿਛੋਂ, ਜਿਹਾ ਕਿ ਐਨ. ਸੇਮਿਓਨੋਵਾ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ, ਟੈਕਸਾਂ ਵਿਚ ਕੁਝ ਦਿਸਦੀ ਘਾਟ ਦੇ ਬਾਵਜੂਦ ਪੰਜਾਬੀ ਕਿਸਾਨਾਂ ਨੂੰ ਆਪਣਾ ਹਿੱਸਾ ਨਦੀ ਦੇ ਰੂਪ ਵਿਚ ਦੇਣ ਵਿਚ ਅਥਾਹ ਮੁਸ਼ਕਲਾਂ ਪੇਸ਼ ਆਉਣ ਲਗ ਪਈਆਂ। ਇਹਦੇ ਨਾਲ ਹੀ ਨਾਲ ਬਰਤਾਨੀਆ ਦੇ ਕਾਰਖਾਨਿਆਂ ਦਾ ਬਣਿਆ ਹੋਇਆ ਮਾਲ ਸਦਾ ਵਧੇਰੇ ਮਾਤਰਾ ਵਿਚ ਸ਼ਹਿਰ ਆਉਣ ਲਗ ਪਿਆ, ਜਿਸ ਕਾਰਨ ਪੰਜਾਬ ਦੀਆਂ ਰਵੈਤੀ ਦਸਤਕਾਰੀਆਂ ਤਬਾਹ ਹੋਣੀਆਂ ਸ਼ੁਰੂ ਹੋ ਗਈਆਂ ਅਤੇ ਇਸ ਨਾਲ ਪਿੰਡਾਂ ਦਾ ਭਾਈਚਾਰਾ ਤਬਾਹ ਹੋ ਗਿਆ।

ਸੋਵੀਅਤ ਵਿਗਿਆਨੀਆਂ ਅਨੁਸਾਰ ਪਿਛਲੀ ਸਦੀ ਦੇ ਸਤਵੇਂ ਅਤੇ ਨੌਵੇਂ ਦਹਾਕੇ ਵਿਚ ਕੇਵਲ ਪੰਜਾਬ ਨੂੰ ਹੀ ਨਹੀਂ ਸਗੋਂ ਸਾਰੇ ਹਿੰਦ ਨੂੰ ਬਰਤਾਨਵੀ ਮਾਲ ਦੀ ਮੰਡੀ ਬਣਾਉਣ ਦਾ ਅਮਲ ਤੇਜ਼ ਕਰ ਦਿਤਾ ਗਿਆ। ਹਿੰਦੋਸਤਾਨੀ ਸਨਅਤ ਦੀ ਤਬਾਹੀ, ਸੂਦ ਖੋਰ ਸਰਮਾਏ ਦੇ ਵਿਕਾਸ ਅਤੇ ਛੋਟੀ ਕਿਸਾਨੀ ਦੀ ਤਬਾਹੀ - ਇਹ ਸਭ ਕੁਝ ਨੌਆਬਦਿਆਤੀ ਨੀਤੀ ਦਾ ਸਿੱਟਾ ਸੀ। ਅਤੇ ਇਹਦੇ ਕਾਰਨ ਦੇਸ ਨੂੰ ਤਬਾਹੀ ਦਾ ਸਾਹਮਣਾ ਕਰਨ ਪਿਆ। ਇਹੋ ਨਹੀਂ, ਬਰਤਾਨਵੀ ਸਰਕਾਰ ਨੂੰ ਦੇਸ ਦੀ ਸਿੱਧੀ ਲੁਟ ਵਿਚ ਕੋਈ ਝਿਜਕ ਅਨੁਭਵ ਨਹੀਂ ਸੀ ਹੁੰਦੀ। ਕਾਰਲ ਮਾਰਕਸ ਨੇ ਬੜੇ ਧਿਆਨ ਅਤੇ ਹਮਦਰਦੀ ਨਾਲ ਹਿੰਦ ਦੇ ਲੋਕਾਂ ਦੇ ਜੀਵਨ ਦਾ ਅਧਿਐਨ ਕੀਤਾ। ੧੮੮੧ ਵਿਚ ਉਨ੍ਹਾਂ ਲਿਖਿਆ :-

"ਬਰਤਾਨਵੀ ਹਾਕਮ ਹਿੰਦ ਤੋਂ ਹਰ ਸਾਲ ਲਗਾਨ, ਰੇਲਾਂ ਦੇ ਨਫੇ...ਆਦਿ ਦੇ ਰੂਪ ਵਿਚ ਜੋ ਕੁਝ ਲੈ ਜਾਂਦੇ ਹਨ - ਉਹ ਬਦਲੇ ਵਿਚ ਕੁਝ ਦਿਤੇ ਬਿਨਾਂ ਹਿੰਦ ਤੋਂ ਜੋ ਕੁਝ ਲੈ ਜਾਂਦੇ ਹਨ, ਜੇ ਉਹ ਕੁਝ ਨਾ ਵੀ ਗਿਣੀਏ ਜਿਹੜਾ ਉਹ ਹਿੰਦ ਵਿਚ ਹਰ ਸਾਲ ਹਥਿਆ ਲੈਂਦੇ ਹਨ ਅਰਥਾਤ ਉਹ ਮਾਲ ਜਿਹੜਾ ਹਰ ਸਾਲ ਬਿਨਾਂ ਕਿਸੇ ਮੁਲ ਦੇ ਹਿੰਦੁਸਤਾਨੀਆਂ ਨੂੰ ਬਰਤਾਨੀਆਂ ਨੂੰ ਦੇਣਾ ਪੈਂਦਾ ਹੈ - ਤਾਂ ਇਹ ਹਿੰਦ ਦੇ ੬ ਕਰੋੜ ਖੇਤੀ ਅਤੇ ਸਨਅਤੀ ਕਾਮਿਆਂ ਦੀ ਸਾਲਾਨਾ ਆਮਦਨਾਂ ਤੋਂ ਵਧ ਹੈ। ਇਹ ਖੂਨ ਚੂਸਣ ਦੀ ਅਸਲੀ ਮਿਸਾਲ ਹੈ। ਇਹ ਬੜੀ ਹੀ ਸ਼ਰਮਨਾਕ ਗੱਲ ਹੈ।"

ਪਰ ਇਸ ਬੇਮਿਸਾਲ ਜਬਰ ਅਤੇ ਲੁਟਚੋਂਘ ਦਾ ਪ੍ਰਤੀਕਰਮ ਪੰਜਾਬ ਦੀ ਜੰਤਾ ਵਿਚ ਖਾਸ ਤੌਰ ਤੇ ਤਿੱਖਾ ਸੀ।

ਪੰਜਾਬ ਵਿਚ ਇਕ ਸਵਤੰਤਰ ਅਤੇ ਬਲਵਾਨ ਸਿਖ ਰਿਆਸਤ ਦੀਆਂ ਯਾਦਾਂ ਅਜੇ ਸਜਰੀਆਂ ਸਨ ਅਤੇ ਉਥੋਂ ਦੇ ਬਹੁਤ ਸਾਰੇ ਕਿਸਾਨ ਕਰੜੇ ਫ਼ੌਜੀ ਘੋਲਾਂ ਵਿਚੋਂ ਲੰਘੇ ਸਨ। ਪੰਜਾਬ ਦੀ ਜਨਤਾ ਨੇ ਅਨੁਭਵ ਕੀਤਾ ਕਿ ਸਾਮੰਤੀ ਸ਼ਕਤੀਆਂਅਤੇ ਬਰਤਾਨਵੀ ਹਾਕਮ ਦੋਵੇਂ ਇਕੋ ਤਰ੍ਹਾਂ ਉਨ੍ਹਾਂ ਦੇ ਵਿਰੋਧੀ ਸਨ। ਸ਼ਹਿਰਾਂ ਦੇ ਦਸਤਕਾਰਾਂ ਅਤੇ ਕਿਸਾਨਾਂ ਨੇ ਜਿਨ੍ਹਾਂ ਦੀਆਂ ਜ਼ਮੀਨਾਂ ਕਰਜ਼ੇ ਕਾਰਨ ਖੁਸ ਗਈਆਂ ਸਨ, ਜਾਬਰਾਂ ਵਿਰੁਧ ਘੋਲ ਦੇ ਰਾਹ ਢੰਗ ਲਭਣੇ ਸ਼ੁਰੂ ਕਰ ਦਿਤੇ। ਪਿਛਲੀ ਸਦੀ ਦੇ ਸਤਵੇਂ ਅਤੇ ਅਠਵੇਂ ਦਹਾਕੇ ਵਿਚ ਉਨ੍ਹਾਂ ਵਿਚੋਂ ਬਹੁਤ ਸਾਰੇ ਨਾਮਧਾਰੀ ਲਹਿਰ ਵਿਚ ਸ਼ਾਮਲ ਹੋ ਗਏ। ਹੁਣ ਤਕ ਸੋਵੀਅਤ ਆਲਮਾਂ ਕੋਲ ਮਹਾਰਾਜ ਰਾਮ ਸਿੰਘ ਦੇ ਪੈਰੋਕਾਰਾਂ ਦੀਆਂ ਉਸ ਸਮੇਂ ਦੀਆਂ ਸਰਗਰਮੀਆਂ ਬਾਰੇ ਵਾਕਫ਼ੀ ਪ੍ਰਾਪਤ ਕਰਨ ਦੇ ਬਹੁਤ ਥੋੜੇ ਵਸੀਲੇ ਸਨ। ਪਰ ਬਹੁਤ ਸਾਰੀ ਵਾਕਫੀ ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਨੇ ਬਹੁਤ ਸੋਹਣੀ ਅਤੇ ਉਕਾ ਹੀ ਗੁਪਤ ਜਥੇਬੰਦਕ ਬੁਨਿਆਦ ਕਾਇਮ ਕਰ ਦਿਤੀ ਕਿ ਨਾਮਧਾਰੀ ਹਿੰਦ ਵਿਚ ਬਰਤਾਨੀਆਂ ਦੀ ਫੌਜ ਦੇ ਸਿਪਾਹੀਆਂ ਵਿਚ ਬਹੁਤ ਸੋਹਣੀ ਤਰ੍ਹਾਂ ਘੁਸ ਗਏ. (ਇਹ ਤਥ ਸਹੀ ਨਹੀਂ। ਨਾਮਧਾਰੀ ਲਹਿਰ ਨੇ ਤਾਂ ਅੰਗਰੇਜ਼ ਨੌਕਰੀਆਂ, ਕਚਹਿਰੀਆਂ, ਕਪੜਿਆਂ, ਸਕੂਲਾਂ, ਰੇਲਾਂ, ਡਾਕ ਪ੍ਰਬੰਧ ਆਦਿ ਦਾ ਪੂਰਨ ਬਾਈਕਾਟ ਕੀਤਾ।) ਕਿ ਇਹ ਇਕ ਲੋਕ ਲਹਿਰ ਬਣ ਗਈ ਜਿਹਨੇ ਬਰਤਾਨਵੀ ਹਾਕਮਾਂ ਵਿਚ ਬਹੁਤ ਡਰ ਪੈਦਾ ਕਰ ਦਿਤਾ। ਜਿਹ ਕਿ ਸੋਵੀਅਤ ਆਲਮਾਂ ਨੇ ਇਹਦੀ ਵਿਆਖਿਆ ਕੀਤੀ ਹੈ, ਇਹ ਇਕ ਅਜੇਹੀ ਲਹਿਰ ਸੀ, ਜਿਹੜਾ ਖਾਸਾ ਜਮਹੂਰੀ ਸੀ, ਪਰ ਇਹਨੂੰ ਸਾਮੰਤੀ ਧਾਰਮਕ ਲਬਾਦੇ ਵਿਚ ਲਪੇਟਿਆ ਗਿਆ ਸੀ। ੧੮੬੮-੬੯ ਵਿਚ ਪੰਜਾਬ ਵਿਚ ਜਿਹੜਾ ਭਿਆਨਕ ਕਾਲ ਪਿਆ, ਉਹਦੀ ਮਿਸਾਲ ਨਹੀਂ ਮਿਲਦੀ। ਉਹਨੇ ਪੰਜਾਬ ਵਿਚ ਗੁਸੇ ਨੂੰ ਛੇਤੀ ਹੀ ਵਧਾ ਦਿਤਾ। ਨਾਮਧਾਰੀ ਲਹਿਰ ਦੇ ਵਧੇਰੇ ਗਰਮ-ਖਿਆਲ ਹਾਮੀਆਂ ਨੇ ਬਿਨਾਂ-ਸ਼ੱਕ ਅੰਮ੍ਰਿਤਸਰ ਦੇ ਇਲਾਕੇ ਵਿਚ ੧੮੬੮ ਦੀ ਕਿਸਾਨ ਗੜਬੜ ਵਿਚ ਹਿੱਸਾ ਲਿਆ, "ਪੰਜਾਬ ਇਕ ਬੇਚੈਨ ਅਤੇ ਕਾਫੀ ਖ਼ਤਰਨਾਕ ਰਾਜ ਸੀ" ਇਕ ਬਰਤਾਨਵੀ ਅਫਸਰ ਨੇ ੧੮੭੨ ਵਿਚ ਲਿਖਿਆ।

ਪਰ ਉਸੇ ਸਾਲ ਹੀ ੧੪ ਜਨਵਰੀ ਨੂੰ ਜਿਹੜੀ ਬਗਾਵਤ ਸ਼ੁਰੂ ਹੋਈ, ਉਹਦੀ ਤਿਆਰੀ ਪੂਰੀ ਤਰ੍ਹਾਂ ਨਹੀਂ ਸੀ ਕੀਤੀ ਗਈ। ਨਾਮਧਾਰੀਆਂ ਵਲੋਂ ਬਹਾਦਰਾਨਾ ਮੁਕਾਬਲੇ ਦੇ ਬਾਵਜੂਦ ਬਰਤਾਨਵੀ ਫੌਜੀ ਦਸਤਿਆਂ ਨੇ, ਜਿਹੜੇ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਸਨ, ਬਾਗੀਆਂ ਨੂੰ ਹਰਾ ਦਿਤਾ। ਜਲਾਦ ਕਾਵਨ ਨੇ ਨਾਮਧਾਰੀਆਂ ਵਿਰੁਧ ਖੂਨੀ ਬਦਲਾ-ਲਊ ਨੀਤੀ ਅਪਣਾਈ ਅਤੇ ੬੬ ਨਾਮਧਾਰੀ ਤੋਪਾਂ ਨਾਲ ਉਡਾ ਦਿਤੇ ਗਏ। ਇਹ ਜ਼ੁਲਮ ਕਿਸੇ ਵੀ ਸਭਿਅ ਮਨੁੱਖ ਦਾ ਸਖਤ ਤੋਂ ਸਖਤ ਗੁਸਾ ਜਗਾਏ ਬਿਨਾਂ ਨਹੀਂ ਰਹਿ ਸਕਦਾ। ਪੰਜਾਬ ਦੇ ਜਿਨ੍ਹਾਂ ਸੂਰਮਾ ਪੁਤਰਾਂ ਨੇ

ਆਪਣੇ ਦੇਸ ਦੀ ਖੁਸ਼ੀ ਲਈ ਆਪਣੀਆਂ ਜਾਨਾਂ ਵਾਰੀਆਂ ਉਹ ਆਪਣੇ ਉਨ੍ਹਾਂ ਪੁਤਰ ਪੋਤਰਿਆਂ ਲਈ ਇਕ ਮਿਸਾਲ ਬਣ ਗਏ ਜਿਨ੍ਹਾਂ ਨੇ ਹਿੰਦ ਦੀ ਅਜਾਦੀ ਜਿੱਤੀ। ਪਰ ਨਾਮਧਾਰੀ ਲਹਿਰ ਵਿਚ ਹਿੱਸਾ ਲੈਣ ਵਾਲੇ ਸੂਰਮਿਆਂ ਨੂੰ ਕੇਵਲ ਹਿੰਦ ਵਿਚ ਹੀ ਯਾਦ ਨਹੀਂ ਰੱਖਿਆ ਜਾਂਦਾ। ਉਹਨਾਂ ਦੀ ਯਾਦ ਹਰ ਉਸ ਥਾਂ ਪਵਿਤਰ ਸਮਝੀ ਜਾਂਦੀ ਜਿਥੇ ਮਨੁਖ ਜਜ਼ਬਿਆਂ ਵਿਚੋਂ ਇਕ ਸਭ ਤੋਂ ਉਚ ਜਜ਼ਬਾ - ਦੇਸ਼ ਭਗਤੀ ਦਾ ਜਜ਼ਬਾ, ਆਪਣੇ ਦੇਸ਼ ਲਈ ਪਿਆਰ ਜਜ਼ਬਾ - ਸਤਿਕਾਰਿਆ ਅਤੇ ਪਿਆਰਿਆ ਜਾਂਦਾ ਹੈ। ਸੋਵੀਅਤ ਲੋਕਾਂ ਨੂੰ ਵੀ ਉਨ੍ਹਾਂ ਬਾਰੇ ਵਾਕਫ਼ੀ ਹੈ। ਉਹਨਾਂ ਨੂੰ ਇਹ ਗੱਲ ਚੇਤੇ ਹੈ ਕਿ ਪੰਜਾਬ ਵਿਚ ਹੋਈ ਇਹ ਬਗਾਵਤ ਨੌਆਬਾਦਿਆਤੀ ਹਾਕਮਾਂ ਵਿਰੁਧ ਉਨ੍ਹਾਂ ਬਗਾਵਤਾਂ ਦੀ ਲੜੀ ਵਿਚੋਂ ਪਹਿਲੀ ਸੀ, ਜਿਹੜੀਆਂ ਪਿਛਲੀ ਸਦੀ ਦੇ ਅਠਵੇਂ ਅਤੇ ਨੌਵੇਂ ਦਹਾਕੇ ਵਿਚ ਸਾਰੇ ਦੇਸ਼ ਵਿਚ ਫੈਲ ਗਈਆਂ। ਉਹ ਉਨ੍ਹਾਂ ਲੋਕਾਂ ਦੀ ਬਹਾਦਰੀ ਅਤੇ ਬੇਮਿਸਾਲ ਸੂਰਮਤਾਈ ਦੀ ਡੂੰਘੀ ਕਦਰ ਕਰਦੇ ਹਨ ਜਿਹੜੇ ਲਗਭਗ ਨਿਹੱਥੇ ਹੀ ਬਾਕਾਇਦਾ ਫ਼ੌਜ ਵਿਰੁਧ ਮੈਦਾਨ ਵਿਚ ਨਿਤਰੇ।

ਪ੍ਰਸਿੱਧ ਰੂਸੀ ਚਿਤਰਕਾਰ ਅਤੇ ਮਨੁੱਖਤਾਵਾਦੀ ਵੇਰੇਸ਼ਚਾਗਿਨ ਨੇ ਇਕ ਚਿਤਰ ਬਣਾਇਆ ਜਿਹਨੂੰ ਉਹਨੇ "ਹਿੰਦ ਵਿਚ ਬਰਤਾਨਵੀ ਕਤਲ" ਦਾ ਨਾਂ ਦਿਤਾ। ਤਸਵੀਰ ਵਿਚ ਉਹ ਲੋਕ ਵਿਖਾਏ ਗਏ ਹਨ ਜਿਹੜੇ ਤੋਪਾਂ ਦੇ ਮੂੰਹਾਂ ਅਗੇ ਖੜੇ ਹੋਏ ਹਨ ਅਤੇ ਇਕ ਮਿੰਟ ਵਿਚ ਹੀ ਤੋਪ ਨਾਲ ਉਡਾਏ ਜਾਣ ਵਾਲੇ ਹਨ। ਹਿੰਦ ਦੇ ਇਸ ਮਹਾਨ ਮਿੱਤਰ ਦੀ ਇਕ ਸ਼ਾਨਦਾਰ ਕਿਰਤ ਗੁਸੇ, ਪੀੜ ਅਤੇ ਦੁਖ ਨਾਲ ਭਾਰੀ ਹੋਈ ਹੈ। ਜਲਾਦਾਂ ਦੇ ਚਿਹਰੇ ਜ਼ਾਲਮ ਅਤੇ ਕਿਸੇ ਤਰ੍ਹਾਂ ਦੇ ਪ੍ਰਭਾਵ ਤੋਂ ਰਹਿਤ ਹਨ। ਕਤਲ ਕੀਤੇ ਜਾਣ ਵਾਲੇ ਦੇਸ ਭਗਤਾਂ ਦੇ ਚਿਹਰੇ ਦਲੇਰੀ ਅਤੇ ਗੁੱਸੇ ਨਾਲ ਭਰੇ ਹੋਏ ਸਨ। ਬੜੇ ਸਮੇਂ ਤਕ ਇਹ ਖ਼ਿਆਲ ਕੀਤਾ ਜਾਂਦਾ ਰਿਹਾ ਕਿ ਵੇਰੇਸ਼ਚਾਗਿਨ ਦੀ ਇਹ ਕਿਰਤ ੧੮੫੭-੫੯ ਦੇ ਗਦਰ ਵਿਚ ਸ਼ਾਮਲ ਹੋਏ ਲੋਕਾਂ ਵਿਰੁਧ ਬਰਤਾਨੀਆਂ ਦੇ ਬਦਲੇ ਨੂੰ ਪ੍ਰਗਟ ਕਰਦੀ ਹੈ। ਪਰ ਪਿਛੇ ਜਿਹੇ ਸੋਵੀਅਤ ਕਲਾ-ਖੋਜੀਆਂ ਅਤੇ ਹਿੰਦ ਵਿਗਿਆਨੀਆਂ ਨੇ ਸਾਬਤ ਕੀਤਾ ਕਿ ਵੇਰੇਸ਼ਚਾਗਿਨ ਨੇ ਨਾਮਧਾਰੀਆਂ, ਕੂਕਿਆਂ ਦੇ ਕਤਲ ਨੂੰ ਹੀ ਚਿਤਰਿਆ ਹੈ। ਲੰਮੇਂ ਸਮੇਂ ਲਈ ਵੇਰੇਸ਼ਚਾਗਿਨ ਦੀ ਕਿਰਤ ਨੌਆਬਾਦਿਆਤੀ ਨਜ਼ਾਮ ਵਿਰੁਧ ਇਕ ਦਸਤਾਵੇਜ਼ ਅਤੇ ੧੮੭੨ ਦੀ ਬਗਾਵਤ ਦੀ ਇਕ ਸਦੀਵੀ ਯਾਦਗਾਰ ਰਹੇਗੀ।

■

ਕੂਕੇ ਸਿੰਘਾਂ ਦੀ ਕਥਾ

ਗਿਆਨੀ ਗਿਆਨ ਸਿੰਘ

ਗਿਆਨੀ ਜੀ ਪ੍ਰਸਿੱਧ ਸਿੱਖ ਇਤਿਹਾਸਕਾਰ ਸਨ। ਉਹਨਾਂ ਦੇ ਲਿਖੇ ਗ੍ਰੰਥ ਅੱਜ ਵੀ ਪ੍ਰਮਾਣੀਕ ਸਮਝੇ ਜਾਂਦੇ ਹਨ। ਪੰਥ ਪ੍ਰਕਾਸ਼ ਗ੍ਰੰਥ ਪਹਿਲੀ ਵਾਰ ੧੮੮੯ ਈ. ਵਿੱਚ ਚਰਚਿਤ ਹੋਇਆ। ਕੂਕੇ ਸਿੰਘਾਂ ਦੀ ਵਿਥਿਆ ਉਸ ਗ੍ਰੰਥ ਵਿੱਚੋਂ ਹੈ। -ਸੰਪਾਦਕ

ਕਬਿੱਤ।।

ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ,
ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ।
ਸ਼ਬਦ ਕੀ ਮਸਤੀ ਮੈ ਹਾਲ ਤੇ ਬਿਹਾਲ ਹੋਇ
ਸਿਰ ਤੈ ਉਤਰ ਜਾਤ ਦਸਤਾਰ ਤਾਨ ਹੈਂ।
ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ,
ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈ।
ਏਕ ਦਸਤਾਰ ਕੇ ਉਤਾਰ ਬਿਨੁ ਔਰ ਰੀਤਿ,
ਚਾਹੀਯਤ ਜੈਸੀ ਤੈਸੀ ਤਿਨ ਮੈ ਪ੍ਰਧਾਨ ਹੈ।। ੨੦੫।।
ਭਏ ਕੂਕੇ ਜੈਸ ਅਬਿ ਸੁਨ ਲੇਹੁ ਤੈਸ ਸਭਿ,
ਰਾਜ ਸਿੰਘ ਬੈਸ ਜਬਿ ਦੇਸ ਏਸ ਸਾਵਤੈਂ।
ਅਟਕ ਦਰਜਾਉ ਤਟ ਛੋਈ ਨਾਮ ਗ੍ਰਾਮ ਮਾਂਹਿ,
ਪੋਠੋਹਾਰ ਦੇਸ ਮਾਂਹਿ ਸਮ ਅਮਰਾਵਤੈਂ।
ਸੰਮਤ ਅਠਾਰਾਂ ਸੌ ਛਿਪੰਜਾ ([illegible]) ਮੈ ਬਾਲਕ ਸਿੰਘ,
ਭਯੋ ਅਵਤਾਰ ਤਹਿਂ ਈਸ਼ ਅੰਸ਼ ਭਾਵਤੈ।
ਜਾਤਿ ਕਾ ਅਰੋੜਾ ਭਯੋ ਭਗਤ ਅਮੋੜਾ,
ਨਾਮ ਜਪਜੋ ਨ ਥੋੜਾ ਤੋੜਾ ਵਿਸ਼ੇਰਸ ਯਾਵਤੈਂ।।੨੦੬।।
ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਯਾਗੀ ਹੈਂ।
ਤਾਲਕ ਰਖੇ ਹੈਂ ਏਕ ਖਾਲਕ ਸੈਂ ਸਾਲਕ ਸੇ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ,
ਸਜ-ਮਤ ਭਗਤਿ ਵਿਰਕਤਿ ਅਦਾਗੀ ਹੈਂ।
ਕੀਰਤਨ ਕਥਾ ਸਤਸੰਗ, ਜਥਾ ਜੋਗ ਤਥਾ
ਰਾਖਤ ਥਾ, ਭਾਖਤ ਥਾ ਭਜਨ ਸਜਾਗੀ ਹੈ।।੨੦੭।।
ਸੰਮਤ ਪਚਾਸੀਏ ਮੈਂ ਹਜਰੋ ਗਰਾਮ ਮਾਂਹਿ,
ਭਾਈ ਤਾਂਹਿ ਕੇ ਦੁਕਾਨ ਆਇ ਤਹਾਂ ਜੋ ਕਈ।
ਯਾਂਹਿ ਹੇਤ ਬਾਲਕ ਮ੍ਰਿਗੇਸ ਭੀ ਬਿਸੇਸ ਤਹਾਂ,
ਆਇ ਕੈ ਨਿਵਾਸ ਕੀਨ ਕ੍ਰਿਤ ਕਰਿ ਕੈ ਖਈ।
ਤਾਂਹਿ ਕੇ ਪ੍ਰਤਾਪ ਕਰਿ ਹਜਰੋ ਅਮਾਪ ਵਰ,
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ।
ਭਏ ਲੋਗ ਬਡ ਭਾਗੀ ਭਗਤੀ ਮੈਂ ਮਤਿ ਪਾਗੀ,
ਸੰਤ ਸੰਗ ਮਾਂਹਿ ਜਾਗੀ ਸੰਤ ਸੇਵਹੂੰ ਠਈ।।੨੦੮।।
ਬਾਲਕ ਮ੍ਰਿਗੇਸ ਤੈ ਵਿਸੇਸ ਉਪਦੇਸ਼ ਨਾਮ,
ਯਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ,
ਨਾਮ ਦੈ ਉਧਾਰ ਕਰਿ ਜੀਵਨ ਕਾ ਤੂੰ ਖਰੇ।
ਐਪੇ ਗੁਰੁ ਦਸਮ ਦਰਸ ਦੈ ਜੋ ਕਹਯੋ ਤਾਂਹਿ,
ਮੇਰੋ ਅਵਤਾਰ-ਅੰਸ ਰਾਮ ਸਿੰਘ ਹੈ ਭਰੇ।
ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ
ਨਿਜ ਸ਼ਕਤਿ ਰਖਾਈ, ਗੁਰੁ ਵਾਕ ਦਿਢ ਥੇ ਧਰੇ।।੨੦੯।।
ਸੋਈ ਨੇਤਿ ਫੁਰੀ ਆਇ ਸੰਮਤ ਬਹੱਤ੍ਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰੁ ਵਾਰ ਕੈ।
ਜ਼ਿਲੇ ਲੁਦਿਹਾਨੇ ਗਾਮ ਭੈਣੀ ਨਾਮ ਜਾਣੇ ਆਮ,
ਅਵਤਰੇ ਸਿੰਘ-ਰਾਮ ਕਲਮਲੈਂ ਟਾਰ ਕੈ।
ਜਾਤਿ ਤਰਖਾਨ ਜੱਸੇ ਨਾਮ ਕੇ ਅਵੱਸੇ ਘਰਿ,

ਸੱਦਾਂ ਮਾਤ ਸੈਂ ਪ੍ਰਕਾਸ਼ੇ ਨਾਮ ਪਰਚਾਰ ਕੈ।
ਬਾਲਕ ਹੀ ਪਨ ਮੈਂ ਥੇ ਈਸ਼ੁਰ ਕੋ ਮਨ ਮੈਂ
ਥੇ ਧਜਾਵਤੇ ਸਗਨ ਮੈਂ ਥੇ ਜਨੋ ਕੋ ਸੁਧਾਰ ਕੈ।।੨੧੦।।
ਬਡੇ ਥਾਇ ਜਾਇ ਕੈ ਲਹੌਰ ਪਲਟਨ ਮਾਂਹਿ,
ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ।
ਬਾਨੀ ਗੁਰੂ ਕੀ ਪਢੈ ਹੈ ਭਜਨ ਕਰੈ ਹੈਂ,
ਚੈਹੈਂ ਰਹਿਨੇ ਇਕੰਤ ਦੈਹੈਂ ਆਜਜ਼ੈ ਕੋ ਬਿੱਤ ਹੈਂ।
ਸੰਮਤ ਅਠਾਰਾਂ ਸੈ ਠਆਨਵੇਂ ਮੈਂ, ਪਲਟਨ
ਗਈ ਥੀ ਜੋ ਹਜਰੋ ਮੈਂ, ਰਾਜ ਕਾਜ ਹਿਤ ਹੈ।
ਸੰਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ,
ਰਾਮ ਸਿੰਘ ਦਰਸਾਤੇ ਯਾਂ ਤੈ ਜਾਇ ਜਿਤ ਕਿਤ ਹੈ।।੨੧੧।।
ਬਾਲਕ ਮ੍ਰਿਗੇਸ ਕਾ ਬਿਸੇਸ ਜਸ ਸੁਨ ਸੋਊ,
ਕੋਕਿਲ ਬਤਕ ਸੁਤ ਸਮ ਹੁਲਸਾਇ ਕੈ।
ਪੂਰਾ ਪੁੰਨਜ ਪੁੰਜ ਜਾਗਜੋ ਰੰਗਨ ਮੈਂ ਖੂਬ ਰਾਂਗਜੋ,
ਬਡ ਭਾਗੀ ਪ੍ਰੇਮ ਪਾਗਜੋ ਗਹੇ ਪਗ ਜਾਇ ਕੈ।
ਪੇਖ ਅਧਿਕਾਰੀ ਈਸ਼-ਅੰਸ ਅਵਤਾਰੀ,
ਤਬਿ ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਇ ਕੈ।
ਸਾਰ ਚਾਰ ਬੇਦਨ ਕੋ ਭ੍ਰਮ ਭੇਦ ਛੇਦਨ ਕੋ,
ਦਾਇ ਨਿਰਵੇਦਨ ਕੋ ਦੋਖ ਦੁਖ ਘਾਇ ਕੈ।।੨੧੨।।
ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਂਹਿ ਸਮ ਔਰ ਨਾ ਦਰਾਜ ਫਲ ਦਾਇਕੈ।
ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ,
ਸੋਊ ਸਭਿ ਕੂਰ ਹਮ ਪੇਖਜੋ ਅਜਮਾਇ ਕੈ।
ਏਹੀ ਕਲੀ ਕਾਲ ਕੀ ਕਰਾਲਤਾ ਕੁਚਾਲਤਾ ਕੋ,
ਗਾਲਤਾ ਹੈ, ਟਾਲਤਾ ਚੁਰਾਸੀ ਜੋਨਿ ਮਾਇ ਕੈ।
ਏਸ ਹੀ ਭਜਨ ਮਾਂਹਿ ਰਾਮ ਸਿੰਘ ਸ-ਉਛਾਹਿ,
ਲਾਈ ਲਿਵ ਅਧਕਾਹਿ ਰਸਨਾ ਹਲਾਇ ਕੈ।।੨੧੩।।
ਕਾਰ-ਬਾਰ ਜਗ ਕੇ ਅਸਾਰ ਲਖਿ ਡਾਰਿ ਸਭਿ,
ਧਾਰ ਸੁ-ਅਚਾਰ ਔ ਵਿਚਾਰ ਵੀਚ ਰਹਿ ਹੈਂ।
ਮਸਤ ਸ਼ਰਾਬੀ ਜਸੋਂ ਰਹਾਬੀ ਖ੍ਰਿਤਿ ਏਕ ਰਸ,
ਦਾਬੀ ਦਲਗੀਰੀ ਫਾਬੀ ਖੁਸ਼ੀ ਤੈ ਅਚਹਿ ਹੈ।
ਰੋਧ ਕਰਿ ਇੰਦ੍ਰੀ ਨਿਰੋਧ ਮਨ ਕੋ ਪ੍ਰਬੋਧ,
ਸੋਧ ਸੁੱਧ ਠੌਰ ਨਦੀ ਸਰ ਤਟ ਬਹਿ ਹੈਂ।
ਜੀਹ ਨਾਮ ਜਪ ਮਾਂਹਿ ਤਨ ਤਾਯੋ ਤਪ ਮਾਂਹਿ,
ਮਨ ਮਹਿਬੂਬ ਮਾਂਹਿ ਖੂਬ ਰਾਖਜੋ ਗਹਿ ਹੈ।।੨੧੪।।
ਬੀਸਕ ਬਰਸ ਜਬਿ ਸਰਸ ਬਿਤਾਏ ਐਸ,
ਬੰਦਗੀ ਜ਼ੁਹਦ ਜਾਪ ਕੀਨੋ ਮਨ ਲਾਇ ਕੈ।
ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿੱਧਿ ਸਿੱਧਿ ਸੋਊ,
ਭਾਸੀ ਬਾਣੀ ਮੈਂ ਤਸੀਰ ਭਜਨ ਪ੍ਰਭਾਇ ਕੈ।
ਭਈ ਤੌ ਅਕਾਸ਼ ਬਾਨੀ ਖਾਸ ਯੌ ਮਹਾਨੀ ਤਾਂਹਿ,
ਦੇਹੁ ਨਾਮ ਜੀਵਨ ਕੋ ਸੀਖ ਭੋਗ ਦਇਕੈ।
ਪੰਥ ਗੁਰੁ ਦਸਮ ਕੀ ਰਸਮ ਬਢਾਵੋ ਜਗਿ,
ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇ ਕੈ।।੨੧੫।।
ਪਾਇ ਏਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮਿਰਗੇਸ ਉਪਦੇਸ਼ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਜੋਂ ਕੇ,
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਜੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੱਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।।੨੧੬।।
ਕਰਤੋ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ,

ਠਟਤ ਭਵਾਨੀ ਕੀ ਉਪਾਸ਼ਨਾ ਪਠਤ ਬਾਨੀ,
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ।
ਸੁਕਲ ਬਸਨ ਮਾਲਾ ਸੁਧੀ ਦਸਤਾਰ ਦਾਢੀ,
ਕਰਿ ਹੈਂ ਹਮਨ ਪਾਠ ਗ੍ਰੰਥ-ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ,
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਹੇਰੇ ਜੈਸੇ ਲੱਛਨ ਹੈ ਟੇਰੇ ਤੈਸੇ ਗਜਾਨ ਸਿੰਘ,
ਐਸੇ ਪਰਸਿੱਧ ਹੀ ਅਬਿਧ ਸਿੰਘ ਕੂਕੇ ਹੈਂ।।੨੩੨।।

ਤਾਂ ਤੈ ਨਵਾ ਪਾਇ ਜੋਊ ਆਪ ਪੈਨ੍ਹੋ ਖਾਇ ਹੈ।
ਸੰਗਤ ਅਪਾਰ ਆਵੈ ਦ੍ਵਾਰ ਪੈ ਰਹਾਵੈ ਭੀਰ,
ਪੂਜਾ ਜੋ ਚੜ੍ਹਾਵੈ, ਸੋ ਤੇ ਲੰਗਰ ਮੈਂ ਪਾਇ ਹੈ।
ਲੈਹੈ ਜੋਊ ਨਾਮ ਆਇ ਸੋਊ ਤੌ ਮਸਤ ਥਾਇ,
ਦਸਤਾਰ ਡਾਰ ਦਾਇ ਹਾਲ ਚਢ ਜਾਇ ਹੈ।
ਦੇਤ ਭੇਤ ਨਾਂਹਿ ਕਾਂਹਿ ਕਬੀ ਦੂਸਰੇ ਕੋ ਵਾਹਿ,
ਯਾਹਿ ਤੈ ਕਲਾਮ ਬਹੁ ਲੋਗ ਸੋ ਬਤਾਇ ਹੈਂ। ।੨੧੭। ।
ਦੇਸਨ ਮੈ ਧੂੰਮ ਮਾਰੀ ਸਾਰੀ ਇਮ ਤਾਂਹਿ ਤਬਿ,
ਆਵੈ ਲੋਗ ਸਿੱਖ ਥਾਵੈਂ ਅਜ਼ਮਾਵੈਂ ਤੈਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈ ਅਪਾਰ,
ਥੀਏ ਸਿੱਖ ਬੇਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈ,
ਊਨ ਕੀ ਜੁਬਾਨ ਮੈਂ ਤਸੀਰ ਥਾਈ ਵੈਸ ਹੀ।
ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਹੀ। ।੨੧੮। ।
ਹਮਨ ਕਰੈਹੈਂ ਭੋਗ ਗ੍ਰੰਥ ਜੀ ਕੇ ਪੈਹੈਂ,
ਬਹੁ ਸੰਗਤੋਂ ਕੇ ਕੱਠ ਥੈਹੈ ਰੈਹੈ ਰਚਨਾ ਲਗੀ।
ਇਸ਼ਨਾਨ ਕਰਿ ਹੈਂ ਸਕੇਸ ਵੇਸ ਰਾਤ ਹੀ ਤੈ,
ਵਾਹਿਗੁਰੂ ਨਾਮ ਮਾਂਹਿ ਰਾਖੈਂ ਰਸਨਾ ਪਗੀ।
ਰਾਖ ਹੈ ਪੁਸ਼ਾਕ ਪਾਕ ਸੁਕਲ ਊਰਣ ਮਾਲ,
ਕੱਛ ਕੜਾ ਕ੍ਰਿਦ ਮਰਦ ਨਾਰਿ ਸਭਿ ਜੇਤਗੀ।
ਬਿਨਾ ਨਾਮਧਾਰੀ, ਅੰਨ ਜਲ ਰੋਟੀ ਬੇਟੀ ਵਾਰੀ
ਸਾਂਝ, ਰਾਖ ਹੈਂ ਨ ਕਾਹੂੰ ਸੰਗ ਜਗ ਮੈਂ ਸਗੀ। ।੨੧੯। ।
ਦੇਵ-ਥਾਨ ਤੀਰਥ ਪੁਰਾਨ ਸਾਧੁ ਬਿੱਪਰੋਂ ਕੋ,
ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਬੀ।
ਆਪਸ ਮੈਂ ਦੇਤ ਲੇਤ ਹੈਂ, ਸਹੇਤ ਸਾਕ ਨਾਤਾ,
ਰਾਜ ਲੈਨ ਕੇਰੀ ਇੱਛਜਾ ਮਨ ਸਭਿ ਕੇ ਫਬੀ।
ਮਰਣੇ ਔ ਪਰਣੇ ਮੈ ਬਿੱਪਰੈ ਬੁਲਾਵੈ ਨਾਂਹਿ,
ਆਨੰਦ ਪਢਾਵੈ ਰੀਤਿ ਗੁਰੂ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੁ ਅਵਤਾਰ ਪੀਰ
ਜਾਨੈ, ਜੋ ਬਖਾਨੈਂ ਵਹਿ ਸੋਊ ਮਾਨ ਹੈਂ ਸਭੀ। ।੨੨੦। ।
ਹੇਰਿ ਏਹੁ ਚਾਲ ਥੀਏ ਬਿੱਪ੍ਰ ਬਿਸਾਲ ਦੁਖੀ,
ਨਿੰਦਜਾ ਉਚਾਰੈਂ ਹਿੰਦੂ ਤੁਰਕ ਅਪਾਰੇ ਹੈਂ।

ਕਾਰਨ ਦਰਸ ਗੁਰੁਦ੍ਵਾਰਨ ਸਿਧਾਰਨ ਜੋ,
ਸ਼ਬਦ ਉਚਾਰਨ ਡਾਰਨ ਦਸਤਾਰੇ ਹੈਂ।
ਹੇਰ ਕੇ ਪੁਜਾਰੇ ਭਾਰੇ ਦੁਖੀ ਹ੍ਵੈ ਉਚਾਰੋਂ ਗਾਰੋਂ
ਸ਼ਰ੍ਹਾ ਮਨਵਾਹਿਂ, ਵਾਹਿ ਉਨ ਕੀ ਨ ਧਾਰੇ ਹੈਂ।
ਯੌਂਹੀ ਰੈਹੈ ਰੌਰਾ ਗੌਰਾ ਕੂਕਜੌਂ ਕਾ ਦੇਸਨ ਮੈਂ,
ਬਾਢੇ ਅਤਿ ਭਾਰੇ ਹਿੰਦੁ ਤੁਰਕਨ ਤੈ ਨਿਆਰੇ ਹੈਂ। । ੨੨੧। ।
ਰਾਮ ਸਿੰਘ ਜਾਇ ਜਿਤ ਸਿੱਖ ਹ੍ਵੈਂ ਹਜਾਰੋਂ ਤਿਤ,
ਭੇਟ ਦੈਹੈਂ ਪੀਨ ਧਨ ਦੀਨ ਬੋਲ ਬੈਨ ਹੈ।
ਦਮਦਮੇ ਸਾਹਿਬ ਮੁਕਤ ਸਰ ਮੇਲਜੋਂ ਪੈ,
ਗਯੋ ਜਬਿ ਥਯੋ ਦਲ ਤਾਂਹਿ ਸੰਗ ਐਨ ਹੈ।
ਹੇਰ ਕੈ ਅਰੂਜ ਤੈ ਨਮੂਜ ਤਬਿ ਤਾਂਹਿ ਬਡ,
ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।
ਡਿਪਟੀ ਕਮਿਸ਼ਨਰ ਕੋਟਵਾਲ ਠਾਨੇਦਾਰ,
ਰੈਹੈਂ ਪੇਸ਼ਵਾਈ ਮਾਂਇ ਤਾਂਹਿ ਕੇ ਸਸੈਨ ਹੈਂ। ।੨੨੨। ।
ਅਦਬ ਹਿਫਾਜ਼ਤ ਇਨਤਜ਼ਾਮ ਰਾਖੈਂ ਵਾਹਿ,
ਲੋਗ ਨਿਜ ਨਿਜ ਮਨ ਭਾਏ ਬੋਲਬੋ ਕਰੈਂ।
ਰਾਮ ਸਿੰਘ ਚਾਹਿ ਅਰਦਾਸ ਇਤਫਾਕ ਥਾਇ,
ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੌਂ ਭਰੈਂ।
ਪਰਸ਼ਾਦ ਭੇਟ ਲੈ ਕੈ ਗਯੋ ਜਬਿ ਗੁਰੁਦ੍ਵਾਰੇ,
ਮਿਲ ਕੇ ਪੁਜਾਰੀਓ ਨੈ ਕਹਜੋ ਐਸ ਹੂ ਖਰੈਂ।
ਤਾਲ ਪੱਕਾ ਕਰਵਾਇ ਦੇਹੁ ਤਨਖਾਹਿ ਏਹੁ,
ਦਸਤਾਰ ਉਤਰੈ ਨ ਹਾਲ ਕਿਸੀ ਕੋ ਚਰੈ । ।੨੨੩। ।
ਕਹਜੋ ਰਾਮ ਸਿੰਘ ਉਭੈ ਬਾਤ ਨਾਂਹਿ ਥਾਤ ਮੇ ਤੈ,
ਦੈਹੁ ਤਨਖਾਹਿ ਕਿਛੁ ਜਥਾ ਜੋਗ ਜੋ ਰਰਯੋ।
ਹੁਤੋ ਗੁਰਦ੍ਵਾਰੇ ਤੰਬੂ ਸਾਹਿਬ ਕਾ ਜੋ ਮਹੰਤ
ਮੰਗਲ-ਮ੍ਰਿਗੇਸ, ਤਾਂਹਿ ਪ੍ਰਖਬੇ ਕੌ ਯੌ ਫਰਜੋ।
ਧਾਰ ਹੈ ਨ ਕੂਕਾ ਕੋਊ ਕਬੀ ਨੀਲ ਰੰਗ ਅੰਗ,
ਨੀਲਾ ਸਿਰੇਪਾਊ ਰਾਮ ਸਿੰਘ ਆਗੇ ਲਜਾ ਧਰਜੋ।
ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ,
ਤੌ ਭੀ ਨਾਂ ਪੁਜਾਰੀਓ ਨੈ ਇਤਫਾਕ ਹੈ ਕਰਯੋ। ।੨੨੪। ।
ਐਸ ਹੀ ਅਨੰਦਪੁਰ ਗਯੋ ਜਬਿ ਰੌਰ ਰਹਜੋ,
ਸੰਮਤ ਉਨੀ ਸੈ ਬਾਈ ਤੇਈ ਮਧ ਚੰਗ ਹੈ।
ਦੀਪ ਮਾਲ ਚੋਥੀ ਸਾਲ ਹੂ ਕੀ ਪਰ ਸੁਧਾਸਰ,

ਆਯੋ ਹਾਕਮੋਂ ਨੈ ਕੀਨੀ ਖਾਤਰ ਸੁਰੰਗ ਹੈ।
ਉਤਰਯੋ ਬਾਹਰ ਚਾਟੀਪਿੰਡ ਦਰਵਾਜੇ ਹੂੰ ਤੈ,
ਬੀਸਕ ਹਜਾਰ ਕੂਕਾ ਸਿੰਘ ਥਯੋ ਸੰਗਿ ਹੈ।
ਪਰਸ਼ਾਦ ਭੇਟ ਲੈ ਅਪਾਰ ਜਬਿ ਦਰਬਾਰ ਆਯੋ,
ਤੌ ਪੁਜਾਰੀਓਂ ਨੈ ਕੀਨ ਯੌ ਕੁਢੰਗ ਹੈ।।੨੨੫।।
ਕੋਈ ਤੌ ਹਜ਼ਾਰੋਂ ਹੀ ਰੁਪੱਯਾ ਰਿਸ਼ਵਤ ਮਾਂਗੈ,
ਕੋਊ ਤਨਖਾਹਿ ਚਾਰ ਪਾਂਚ ਲਾਖ ਮੰਗ ਹੈਂ।
ਹੋਇ ਕੈ ਮਸਤ ਕੋਊ ਕੂਕਾ ਨ ਉਤਾਰੈ ਪਾਗ,
ਸਿੱਖ ਨ ਕਹਾਵੈਂ ਤੇਰੋ, ਧਾਰੈ ਨੀਲ ਰੰਗ ਹੈਂ।
ਕਹਯੋ ਰਾਮ ਸਿੰਘ ਏਹੁ ਬਾਤ ਸਭਿ ਗੁਰੂ ਵਸ,
ਸਕਤਿ ਨ ਮੋ ਮੈਂ ਏਤੀ ਫੇਰੋਂ ਮਨ ਢੰਗ ਹੈਂ।
ਤਨਖਾਹਿ ਆਹਿ ਮੋ ਮੈਂ ਚਤਰ ਬਿਧਾ ਜੇ ਕੋਊ,
ਲੇਹੁ ਦੰਡ ਵਾਹਿ ਕਰਿ ਸਹੀ ਸੋ ਨਿਸੰਗ ਹੈਂ।।੨੨੬।।
ਥੀਓ ਤਕਰਾਰ ਇਨ ਬਾਤਨ ਪੈ ਭਾਰਿ ਜਬਿ,
ਬਢਤੀ ਨਿਹਾਰਿ ਰਾਰ ਰਾਮ ਸਿੰਘ ਜੂ ਤਬੈ।
ਗੁਰੂਦ੍ਵਾਰ ਆਗੇ ਥਿਰਿ ਆਪ ਹੀ ਅਰਦਾਸ ਕਰਿ,
ਦੀਓ ਬ੍ਰਤਵਾਇ ਪਰਸ਼ਾਦ ਸਭਿ ਕੋ ਸਭੈ।
ਗਾਵਤੇ ਸ਼ਬਦ ਪ੍ਰਦੱਖਨਾ ਲੈ ਗਏ ਡੇਰੇ,
ਐਸ ਹੀ ਨ੍ਰਿਮਲਯੋਂ ਕੇ ਸਾਥ ਕੀਨ ਇਨਿ ਹੈ ਅਬੈ।
ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੈ,
ਮੇਲ ਹੋਨ ਦੇਤ ਨ ਸ਼ਰ੍ਹਈ ਮੰਦ ਯੇ ਕਬੈ।।੨੨੭।।
ਯੱਦਪਿ ਪੁਜਾਰੀ ਥੇ ਬਿਰੋਧੀ ਇਨੈ ਕੇਰ ਬਏ।
ਤੌ ਭੀ ਉਭੈ ਪੰਥ ਯੇ ਬਢਾਏ ਗੁਰੂ ਨੈ ਘਨੇ।
ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ,
ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ।
ਸੰਮਤ ਉਨੀ ਸੌ ਬੀਸ ਤੀਸ ਕੇ ਵਖਤ ਮਧ,
ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ।
ਦੇਖਿ ਦੇਖਿ ਹਿੰਦੂ ਸਭਿ ਹੋਹਿੰ ਦੁਖਯਾਰੇ ਭਾਰੇ,
ਚਾਰਾ ਜੋਰ ਸਰਕਾਰ ਸੰਗ ਕੋਊ ਨਾ ਬਨੇ।।੨੨੮।।
ਹਿੰਮਤਿ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ,
ਬੁੱਚੜ ਬਿਦਾਰੇ ਹਤਯਾਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ,
ਅੰਗ੍ਰੇਜ਼ੋਂ ਗਹਿ ਕੈ ਦੁਖਯਾਰੇ ਕੀਨੇ ਗੋਰ ਪੈ।
ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ,
ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ।।੨੨੯।।
ਕੂਕੇ ਸਿੰਘ ਸਾਠਕੋਂ ਨੈ ਠਾਟ ਕੈ ਮਰਨ ਨਿਜ,
ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ,
ਸਿੰਘਨ ਸੈਂ ਲਗੀ ਇਨੈ ਮਾਰ ਕੈ ਹਟਾਈਆ।
ਫੌਜ ਪਟਯਾਲੇ ਨੈ ਬਿਸਾਲੇ ਜਾਇ ਦਗੋ ਸੰਗ,
ਕਸਮੈਂ ਉਠਾਇ ਲਜਾਇ ਦੀਏ ਪਕਰਾਈਆ।
ਉਡੇ ਸੋਊ ਤੋਪੋਂ ਆਗੇ ਅਨੁਰਾਗੇ ਸਬਦੋਂ ਮੈਂ,
ਖੁਸ਼ੀ ਹੋਇ ਬਡਭਾਗੇ ਧਰਮ ਹਿਤਾਈਆ।।੨੩੦।।
ਸਰਦਾਰ ਰਾਜੇ ਤੈ ਮੁਸਾਹਿਬ ਸਾਹਿਬ ਬਡੇ,
ਅਚਰਜ ਥੀਏ ਹੇਰਿ ਕਾਰ ਤਿਨ ਕੇਰ ਪੈ।
ਦੋਸ਼-ਹੀਨ ਓਸ ਸਮੇਂ ਰਾਮ ਸਿੰਘ ਕੋ, ਰੰਗੂਨ
ਭੇਜ ਦੀਓ ਅੰਗ੍ਰੇਜ਼ੈਂ ਖੂਬ ਸੋਚ ਫੇਰ ਪੈ।
ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜੇ ਤੇਈ,
ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ।
*ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਂਹਿ,
ਅਬਿ ਹੈ ਮਹੰਤ ਕੰਤ ਕੂਕਯੋਂ ਕਾ ਹੇਰ ਪੈ।।੨੩੧।।
ਠਟਤ ਭਵਾਨੀ ਕੀ ਉਪਾਸ਼ਨਾ ਪਠਤ ਬਾਨੀ,
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ।
ਸੁਕਲ ਬਸਨ ਮਾਲ਼ਾ ਸੂਧੀ ਦਸਤਾਰ ਦਾਢੀ,
ਕਰਿ ਹੈਂ ਹਮਨ ਪਾਠ ਗ੍ਰੰਥ-ਗੁਰੂ ਜੂ ਕੇ ਹੈਂ।
ਦਸਮੇ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ,
ਲਾਲਸਾ ਲਲਾਮ ਰਾਜ ਲੈਬੇ ਕੀ ਅਰੂਕੇ ਹੈਂ।
ਹੇਰੇ ਜੈਸੇ ਲੱਖਨ ਹੈਂ ਟੇਰੇ ਤੈਸੇ ਗਜਾਨ ਸਿੰਘ,
ਐਸੇ ਪਰਸਿੱਧ ਹੀ ਅਬਿਧ ਸਿੰਘ ਕੂਕੇ ਹੈਂ।।੨੩੨।।
ਦੋਹਰਾ।। ਸਿੰਘ ਕੂਕਿਓਂ ਕੀ ਕਹੀ, ਕਥਾ ਜਥਾਰਥ ਸਾਰ।
ਪੰਥ ਉਦਾਸੀ ਕੀ ਕਹੌਂ, ਆਗੈ ਭਲੀ ਪ੍ਰਕਾਰ।। ੨੩੪।।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ ਕੂਕਿਓਂ ਕੀ ਕਥਾ',
ਬਰਨਨੰ ਨਾਮ ਅਠਵੰਜਮੋਂ ਬਿਸ੍ਰਾਮ।।੫੮।।

ਨਾਮਧਾਰੀ ਮੂਵਮੈਂਟ

ਬਾਬਾ ਸੋਹਨ ਸਿੰਘ ਭਕਨਾ

ਬਾਬਾ ਭਕਨਾ ਦੇਸ਼ ਦੀ ਅਜ਼ਾਦੀ ਲਈ, ਵਿਦੇਸ਼ਾਂ ਵਿਚ ਤਾਕਤ ਇਕੱਠੀ ਕਰਕੇ ਲੜਨ ਵਾਲੇ ਗਦਰ ਪਾਰਟੀ ਦੇ ਮੋਹਰੀਆਂ ਵਿਚੋਂ ਸਨ। ਨਾਮਧਾਰੀ ਸੰਤ ਕੇਸਰ ਸਿੰਘ ਮੁਹਾਵਾ ਨੇ ਉਹਨਾਂ ਦੇ ਜੀਵਨ ਵਿੱਚ ਸਕਾਰਾਤਮਕ ਤਬਦੀਲੀ ਲਿਆਂਦੀ ਸੀ। ਇਹ ਲੇਖ ਬਾਬਾ ਜੀ ਦੀ ਨਾਮਧਾਰੀ ਲਹਿਰ ਨਾਲ ਸਾਂਝ ਦੀ ਪੇਸ਼ਕਾਰੀ ਹੈ –ਸੰਪਾਦਕ

ਗਦਰ ਪਾਰਟੀ ਬਾਰੇ ਕੋਈ ਬਿਆਨ ਦੇਣ ਤੋਂ ਪਹਿਲਾਂ ਮੈਂ ਇਹ ਵੀ ਮੁਨਾਸਬ ਸਮਝਦਾ ਹਾਂ ਕਿ ਗਦਰ ਪਾਰਟੀ ਵਿਚ ਕੰਮ ਕਰਨ ਤੋਂ ਪਹਿਲਾਂ ਜਿਹਨਾਂ ਤਹਿਰੀਕਾਂ ਵਿਚ ਮੈਂ ਕੰਮ ਕੀਤਾ ਹੈ ਉਦਾਹਰਣ ਵਜੋਂ ਨਾਮਧਾਰੀ ਮੂਵਮੈਂਟ ਅਤੇ ੧੯੦੭ ਦੀ ਐਜੀਟੇਸ਼ਨ ਆਦਿ ਉਹਨਾਂ ਬਾਰੇ ਜੋ ਮੇਰਾ ਖਿਆਲ ਹੈ ਉਹ ਵੀ ਪਾਠਕਾਂ ਸਾਹਮਣੇ ਪੇਸ਼ ਕਰ ਦਿਆਂ। ਨਾਮਧਾਰੀ ਮੂਵਮੈਂਟ ਵਿਚ ੧੮੦੬ ਤੋਂ ਲੈ ਕੇ ੧੯੦੮ ਤਕ ਮੈਂ ਰਿਹਾ ਅਤੇ ਨਾਮਧਾਰੀਆਂ ਵਿਚ ਜੋ ਮਹਾਰਾਜ ਰਾਮ ਸਿੰਘ ਜੀ ਦੇ ਨਜ਼ਦੀਕੀ ਪੈਰੋਕਾਰ ਸਨ ਅਤੇ ਆਜ਼ਾਦ ਖਿਆਲ ਵੀ ਉਹਨਾਂ ਦੇ ਨੇੜੇ ਰਿਹਾ। ਇਹਨਾਂ ਆਜ਼ਾਦ ਖਿਆਲ ਮਹਾਪੁਰਸ਼ਾਂ ਵਿਚ ਅਲ ਮਾਰੂਫ ਬਾਬਾ ਕੇਸਰ ਸਿੰਘ ਇਕ ਖਾਸ ਹਸਤੀ ਸਨ ਜਿਨ੍ਹਾਂ ਦੀ ਨਾਮਧਾਰੀਆਂ ਵਿਚ ਹੁਣ ਵੀ ਪੂਰੀ ਇਜ਼ਤ ਹੈ। ਇਹ ਪਿੰਡ ਮੁਹਾਵਾ ਨੇੜੇ ਅਟਾਰੀ ਸ਼ਾਮ ਸਿੰਘ ਦੇ ਰਹਿਣ ਵਾਲੇ ਸਨ। ਨਾਮਧਾਰੀ ਮੂਵਮੈਂਟ ਸਿੱਖ ਰਾਜ ਦੇ ਤਬਾਹ ਹੋਣ ਤੋਂ ਥੋਹੜੇ ਸਾਲ ਪਿਛੋਂ ਹੀ ਜ਼ਹੂਰ ਵਿਚ ਆਈ। ਬਾਬਾ ਰਾਮ ਸਿੰਘ ਜੀ ਸਿਖ ਗੜਾਂਡੀਲ ਪਲਟਨ ਵਿਚ ਮੁਲਾਜ਼ਮ ਸਨ। ਹੋਤੀ ਮਰਦਾਨ ਵਿਚ ਉਹਨਾਂ ਦੀ ਛਾਉਣੀ ਸੀ। ਹਜ਼ਰੋਂ ਵਿਚ ਇਕ ਮਹਾਂਪੁਰਸ਼ ਬਾਬਾ ਬਾਲਕ ਸਿੰਘ ਸਨ। ਇਹ ਉਹਨਾਂ ਦੇ ਪੈਰੋਕਾਰ ਸਨ। ਜਦੋਂ ਸਿਖ ਰਾਜ ਖਤਮ ਹੋ ਗਿਆ ਤਾਂ ਇਹ ਅਪਣੇ ਪਿੰਡ ਮੋਜ਼ਿਆ ਭੈਣੀ ਜ਼ਿਲਾ ਲੁਧਿਆਣਾ ਵਿਚ ਆ ਗਏ। ਇਹਨਾਂ ਦੇ ਬਜ਼ੁਰਗ ਲੋਹਾਰਾ ਕੰਮ ਕਰਦੇ ਸਨ। ਇਹਨਾਂ ਨੇ ਵੀ ਆਪਣਾ ਲੋਹੇ ਦਾ ਕੰਮ ਸ਼ੁਰੂ ਕੀਤਾ। ਪ੍ਰਤੀਤ ਹੁੰਦਾ ਕਿ ਜਿਵੇਂ ਇਹਨਾਂ ਦੀ ਲੋਹੇ ਦੀ ਭੱਠੀ ਤਪਦੀ ਸੀ। ਉਸੇ ਤਰ੍ਹਾਂ ਉਹਨਾਂ ਦੇ ਅੰਤਹਕਰਨ ਵਿਚ ਪੁਲਿਟੀਕਲ, ਸਮਾਜਕ ਅਤੇ ਧਾਰਮਕ ਅਵਸਥਾ ਨੂੰ ਸੋਧਣ ਲਈ ਭੱਠੀ· ਤੱਪ ਰਹੀ ਸੀ। ਇਸ ਲਈ ਸਹਿਜੇ ਸਹਿਜੇ ਉਹਨਾਂ ਨੇ ਆਪਣਾ ਕੰਮ ਸ਼ੁਰੂ ਕੀਤਾ। ਕਿਉਂਕਿ ਆਪ ਇਹ ਪ੍ਰਮੇਸ਼ਵਰ ਭਗਤੀ ਵਿਚ ਮਗਨ ਸਨ ਇਸ ਲਈ ਜੋ ਵੀ ਉਹਨਾਂ ਦੇ ਕੋਲ ਆਉਂਦਾ ਉਹਨਾਂ ਨੂੰ ਪਰਮੇਸ਼ਰ ਭਗਤੀ ਦਾ ਉਪਦੇਸ਼ ਅਤੇ ਨਾਲ ਸ਼ਰਾਬ ਅਤੇ ਮਾਸ ਦਾ ਤਿਆਗ ਅਤੇ ਹੱਥ ਦੀ ਕਮਾਈ ਕਰਕੇ ਖਾਣ ਦਾ ਉਪਦੇਸ਼ ਦਿੰਦੇ ਸਨ। ਸਮਾਜਕ ਉਚ ਨੀਚ ਨੂੰ ਵੀ ਇਸੇ ਤਰ੍ਹਾਂ ਠੀਕ ਕਰਨ ਲਈ ਉਹਨਾਂ ਨੇ ਹੁਕਮ ਦਿਤਾ ਕਿ ਨਾਮਧਾਰੀਆਂ ਦਾ ਕੋਈ ਲਾਗੀ ਨਹੀਂ। ਭਾਵੇਂ ਨਾਮਧਾਰੀ ਅਮੀਰ ਹੋਵੇ ਜਾਂ ਗਰੀਬ ਉਸ ਨੂੰ ਖੂਹ ਤੋਂ ਆਪ ਆਪਣੇ ਘਰ ਲਈ ਪਾਣੀ ਭਰਨਾ ਅਤੇ ਘਰ ਆਏ ਸਿਖ ਦੀ ਆਪ ਸੇਵਾ ਕਰਨੀ ਹੋਵੇਗੀ। ਕੋਈ ਨਾਮਧਾਰੀ ਗੌਰਮੈਂਟ ਦੀ ਮੁਲਾਜ਼ਮਤ ਨਹੀਂ ਕਰੇਗਾ ਅਤੇ ਨਾ ਹੀ ਕਚਹਿਰੀਆਂ ਵਿਚ ਮੁਕਦਮਾ ਲੈ ਜਾਏਗਾ ਅਤੇ ਘਰ ਦਾ ਬਣਿਆ ਹੋਇਆ ਖਦਰ ਅਤੇ ਦੂਜੀਆਂ ਦੇਸੀ ਚੀਜ਼ਾਂ ਦੀ ਵਰਤੋਂ ਕਰੇਗਾ। ਇਹ ਅੰਗਰੇਜ਼ੀ ਸਾਮਰਾਜ ਵਿਰੁਧ ਬਾਈਕਾਟ ਦਾ ਕਦਮ ਸੀ, ਕਿਉਂਕਿ ਮਹਾਰਾਜ ਰਾਮ ਸਿੰਘ ਨੇ, ਸਿੱਖ ਰਾਜ ਕਿਸ ਤਰ੍ਹਾਂ ਨਸ਼ਟ ਹੋਇਆ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਇਹ ਕੁਦਰਤੀ ਗੱਲ ਸੀ ਕਿ ਮਹਾਰਾਜ ਰਾਮ ਸਿੰਘ ਵਗਰੇ ਸੱਚੇ ਦੇਸ਼-ਪ੍ਰੇਮੀ ਦੇ ਦਿਲ ਵਿਚ ਅੰਗਰੇਜ਼ਾਂ ਪ੍ਰਤੀ ਨਫ਼ਰਤ ਹੋਵੇ। ਇਸ ਬਾਈਕਾਟ ਤੋਂ ਇਲਾਵਾ ਉਹਨਾਂ ਨੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤੀ ਪਾਣ ਲਈ ਜਥੇਬੰਦੀ ਵੀ ਮਜ਼ਬੂਤ ਕੀਤੀ ਅਤੇ ਨਾਮਧਾਰੀਆਂ ਦੇ ਦਿਲਾਂ ਵਿਚ ਸਵਰਾਜ ਦਾ ਮਾਦਾ ਵੀ ਭਰਨਾ ਸ਼ੁਰੂ ਕੀਤਾ। ਨਤੀਜਾ ਇਹ ਹੋਇਆ ਕਿ ਨਾਮਧਾਰੀ ਸਿੱਖਾਂ ਦੀ ਗਿਣਤੀ ਤਿੰਨ ਲਖ ਤਕ ਪਹੁੰਚ ਗਈ। ਜਦੋਂ ਸਿੱਖਾਂ ਦੇ ਦਿਲ ਵਿਚ ਸਵੈ–ਅਭਿਮਾਨ ਪੈਦਾ ਹੋ ਗਿਆ ਤਾਂ ਹੁਣ ਉਹਨਾਂ ਦੇ ਦਿਲ ਵਿਚ ਬੁੱਚੜਖ਼ਾਨਿਆਂ ਨੂੰ ਵੇਖ ਕੇ ਜੋਸ਼ ਪੈਦਾ ਹੋਣ ਲਗਾ। ਕਿਉਂਕਿ ਉਹ ਸਮਝਦੇ ਸਨ ਕਿ ਅੰਗਰੇਜ਼ਾਂ ਨੇ ਸਾਡਾ ਧਰਮ ਨਸ਼ਟ ਕਰਨ ਲਈ ਬੁੱਚੜਖ਼ਾਨੇ ਖੋਹਲੇ ਹਨ। ਕੁਝ ਜੋਸ਼ੀਲੇ ਨਾਮਧਾਰੀਆਂ ਨੇ ਮਹਾਰਾਜ ਰਾਮ ਸਿੰਘ ਦੇ ਮਨ੍ਹਾਂ ਕਰਨ ਤੇ ਵੀ ਬੁੱਚੜਾਂ ਨੂੰ ਕਤਲ ਕਰ ਦਿਤਾ। ਨਤੀਜਾ ਇਹ ਹੋਇਆ ਕਿ ਅੰਗਰੇਜ਼ੀ ਗੌਰਮਿੰਟ ਜਿਸ ਨੂੰ ਪਹਿਲਾਂ ਹੀ ਇਹ ਜਥੇਬੰਦੀ ਖਟਕ ਰਹੀ ਸੀ, ਉਸ ਨੂੰ ਮੌਕਾ

ਹੱਥ ਆ ਗਿਆ ਅਤੇ ਬਹੁਤ ਸਾਰੇ ਨਾਮਧਾਰੀਆਂ ਨੂੰ ਫ਼ਾਂਸੀ ਤੇ ਲਟਕਾ ਦਿਤਾ ਗਿਆ। ਇਹ ੧੮੭੧ ਈ: ਦਾ ਜ਼ਮਾਨਾ ਸੀ। ਉਸ ਤੋਂ ਪਿਛੋਂ ੧੮੭੨ ਈ: ਵਿਚ ਦੂਜੀ ਘਟਨਾ ਮਲੇਰਕੋਟਲੇ ਦੀ ਹੋਈ, ਜਿਸ ਵਿਚ ਨਾਮਧਾਰੀਆਂ ਨੇ ਨਵਾਬ ਮਲੇਰਕੋਟਲੇ ਦੇ ਕਿਲੇ ਉਪਰ ਕਬਜ਼ਾ ਕਰ ਲਿਆ। ਪਰ ਇਹ ਘਟਨਾ ਵੀ ਮਹਾਰਾਜ ਰਾਮ ਸਿੰਘ ਦੇ ਮਨ੍ਹਾਂ ਕਰਦੇ ਹੋਏ ਵੀ ਜੋਸ਼ੀਲੇ ਨਾਮਧਾਰੀਆਂ ਨੇ ਕਰ ਦਿਤੀ। ਕਿਉਂਕਿ ਮਹਾਰਾਜ ਰਾਮ ਸਿੰਘ ਜੀ ਇਕ ਉਚੇ ਸਿਆਸਤਦਾਨ ਵੀ ਸਨ, ਉਹ ਕਹਿੰਦੇ ਰਹੇ ਕਿ ਭਾਈ ਜਦੋਂ ਵਕਤ ਆਵੇਗਾ ਮੈ ਆਪ ਕਹਾਂਗਾ। ਇਸ ਦਾ ਨਤੀਜਾ ਇਹ ਹੋਇਆ ਕਿ ੬੬ ਨਾਮਧਾਰੀ ਲੁਧਿਆਣੇ ਵਿਚ ਤੋਪਾਂ ਦੇ ਅੱਗੇ ਉਡਾਏ ਗਏ, ਜੋ ਨਹਾਇਤ ਸੂਰਮਗਤੀ ਨਾਲ ਉਡੇ ਅਤੇ ਮਹਾਰਾਜ ਰਾਮ ਸਿੰਘ ਜੀ ਨੂੰ ਬਰ੍ਹਮਾ ਵਿਚ ਜਲਾਵਤਨ ਕਰ ਦਿਤਾ ਗਿਆ ਜੋ ਅੰਗਰੇਜ਼ਾਂ ਦੀ ਕੈਦ ਵਿਚ ੧੩ ਸਾਲ ਰਹੇ। ਪਰ ਉਹਨਾਂ ਨੇ ਏਸ ੧੩ ਸਾਲ ਦੇ ਅਰਸੇ ਵਿਚ ਆਪਣੇ ਮੁਲਕ ਨੂੰ ਗੁਲਾਮ ਰੱਖਣ ਵਾਲੇ ਅੰਗਰੇਜ਼ੀ ਸਾਮਰਾਜ ਸਾਹਮਣੇ ਸਿਰ ਨਾ ਝੁਕਾਇਆ ਸਗੋਂ ਅਖੀਰ ਤਕ ਨਫ਼ਰਤ ਦੀ ਨਜ਼ਰ ਨਾਲ ਵੇਖਿਆ। ਸੱਚ ਤਾਂ ਇਹ ਹੈ ਕਿ ਮੈਨੂੰ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਨਾਲ ਜੋ ਨਫ਼ਰਤ ਸੀ ਉਹ ਨਾਮਧਾਰੀ ਮੂਵਮੈਂਟ ਤੋਂ ਵਿਰਸੇ ਵਿਚ ਮਿਲੀ ਸੀ ਅਤੇ ੧੯੦੭ ਦੀ ਪੰਜਾਬ ਦੀ ਐਜੀਟੇਸ਼ਨ ਨੇ ਏਸ ਨੂੰ ਹੋਰ ਮਜ਼ਬੂਤ ਕਰ ਦਿਤਾ ਸੀ। ਅਮਰੀਕਾ ਜਾਣ ਤੇ ਹਾਲਾਤ ਦਾ ਅਧਿਅਨ ਕਰਨ ਤੇ ਮੇਰੇ ਖਿਆਲ ਹੋਰ ਵੀ ਸਾਫ ਹੋ ਗਏ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਗ਼ਦਰ ਪਾਰਟੀ ਵਿਚ ਸਰਗਰਮ ਹਿਸਾ ਲੈਣਾ ਮੈ ਆਪਣਾ ਫ਼ਰਜ਼ ਸਮਝਿਆ, ਹਾਲਾਂਕਿ ਮੇਰੇ ਘਰ ਦੇ ਹਾਲਾਤ ਮੈਨੂੰ ਆਗਿਆ ਨਹੀ ਸਨ ਦਿੰਦੇ।

ਮੈ ਉੱਪਰ ਦੱਸ ਚੁਕਿਆ ਹਾਂ ਕਿ ਨਾਮਧਾਰੀ ਮੂਵਮੈਂਟ ਤੋਂ ਜਿਥੇ ਮੈਨੂੰ ਈਸ਼ਵਰ ਭਗਤੀ ਦੇਸ਼ ਭਗਤੀ ਦੀ ਕਦਰ ਸਮਝ ਪਈ ਸੀ ਉਥੇ ਬਾਬਾ ਕੇਸਰ ਦੀ ਸੰਗਤ ਨਾਲ ਜੋ ਇਕ ਆਜ਼ਾਦ ਖਿਆਲ ਮਹਾਂਪੁਰਸ਼ ਸਨ ਫਿਰਕਾਪ੍ਰਸਤੀ ਤੋਂ ਉਪਰ ਉਠ ਕੇ ਮਨੁੱਖ ਮਾਤਰ ਨਾਲ ਪ੍ਰੇਮ ਕਰਨਾ ਵੀ ਸਿਖਿਆ ਸੀ ਕਿਉਂਕਿ ਈਸ਼ਵਰ ਭਗਤੀ ਅਤੇ ਫਿਰਕਾਪ੍ਰਸਤੀ ਇਹ ਦੋਵੇਂ ਇਕ ਥਾਂ ਇਕੱਠੀਆਂ ਨਹੀ ਹੋ ਸਕਦੀਆਂ। ਈਸ਼ਵਰ ਭਗਤ ਫਿਰਕਾਪ੍ਰਸਤ ਨਹੀ ਅਤੇ ਫਿਰਕਾਪ੍ਰਸਤ ਈਸ਼ਵਰ ਭਗਤ ਨਹੀ ਹੋ ਸਕਦਾ। ਏਸੇ ਗਿਆਨ ਦੇ ਪ੍ਰਭਾਵ ਹੇਠ ਸਾਡੀ ਇਕ ਸੁਸਾਇਟੀ ਬਣੀ ਜਿਸਦਾ ਨਾਮ ਪ੍ਰੇਮ ਸੰਗਤ ਸੀ ਅਤੇ ਜਿਸ ਵਿਚ ਈਸਾਈ ਮੁਸਲਮਾਨ ਹਿੰਦੂ ਅਤੇ ਸਿੱਖ ਬਿਨਾਂ ਲਿਹਾਜ਼ ਮਜ਼ਹਬ ਮਿਲਤ ਸਾਰੇ ਰੂਹਾਨੀਅਤ ਨੂੰ ਜਾਨਣ ਵਾਲੇ ਸਨ। ਹੁਣ ਵੀ ਕਈ ਮੇਰੇ ਦੋਸਤ ਜ਼ਿੰਦਾ ਹਨ ਜੋ ਮੇਰੇ ਇਸ ਅਕੀਦੇ ਦੀ ਤਾਈਦ ਕਰ ਸਕਦੇ ਹਨ ਅਤੇ ਭਕਨੇ ਦੇ ਉਹ ਮਸ਼ਹੂਰ ਹੋਲੇ ਜਿਨ੍ਹਾਂ ਵਿਚ ਹਰ ਮਜ਼ਹਬ ਅਤੇ ਮਿਲਤ ਦੇ ਲੋਗ ਸ਼ਾਮਲ ਹੋ ਕੇ ਰੂਹਾਨੀਅਤ ਦੇ ਰਿਸ਼ਤੇ ਦਾ ਲੁੱਤਫ਼ ਉਠਾਂਦੇ ਸਨ, ਇਲਾਕੇ ਦੇ ਲੋਕਾਂ ਦੀ ਯਾਦ 'ਚੋਂ ਨਹੀ ਉਤਰੇ।

ਇਹਨਾਂ ਹੋਲਿਆਂ ਵਿਚ ਹਜ਼ਾਰਾਂ ਲੋਕ ਇਕੱਠੇ ਹੁੰਦੇ ਸਨ। ਪਿੰਡ ਅਤੇ ਇਲਾਕੇ ਵਾਲਿਆਂ ਤੋਂ ਇਲਾਵਾ ਇਹਨਾਂ ਹੋਲਿਆਂ ਵਿਚ ਅਕਸਰ ਮੈ ਜ਼ਿਆਦਾ ਖਰਚ ਕਰਦਾ ਸਾ। ਜਿਉਂ ਜਿਉਂ ਮੈ ਖ਼ਰਚ ਕਰਦਾ ਸਾਂ ਤਿਉਂ ਤਿਉਂ ਮੈਨੂੰ ਇਕ ਸਰੂਰ ਜਿਹਾ ਆਉਂਦਾ ਸੀ। ਕਿਉਂਕਿ ਮੈ ਸਮਝਦਾ ਸਾਂ ਕਿ ਮੈ ਖਲਕਤ ਖ਼ੁਦਾ ਦੀ ਸੇਵਾ ਕਰ ਰਿਹਾ ਹਾਂ ਅਤੇ ਇਹੋ ਰਸਤਾ ਠੀਕ ਹੈ। ਹੁੰਦੇ ਹੁੰਦੇ ਮੈ ਘਰ ਦਾ ਸਾਰਾ ਰੁਪਿਆ ਜ਼ਮੀਨ ਬਲਕਿ ਢਾਈ ਤਿੰਨ ਹਜ਼ਾਰ ਰੁਪਿਆ ਦੋਸਤਾਂ ਤੋਂ ਕਰਜ਼ਾ ਚੁਕ ਕੇ ਵੀ ਖਰਚ ਕਰ ਦਿਤਾ। ਇਥੋਂ ਤਕ ਕਿ ਹੁਣ ਕਰਜ਼ਾ ਮਿਲਣਾ ਬੰਦ ਹੋ ਗਿਆ। ਅਖੀਰ ਕੰਮ ਨਾ ਚਲਦਾ ਵੇਖ ਕੇ ਮੈਂ ਬਾਬਾ ਜੀ ਨੂੰ ਕਿਹਾ ਕਿ ਹੁਣ ਤਾਂ ਇਹ ਹਾਲਤ ਹੈ, ਉਹ ਹੱਸ ਪਏ ਤੇ ਕਹਿਣ ਲਗੇ ਕਿ ਬੱਚੇ ਅਜੇ ਤਾਂ ਤੂੰ ਸਿੱਖੀ ਦੇ ਪਹਿਲੇ ਡੰਡੇ ਉਤੇ ਪੈਰ ਰਖਿਆ ਹੈ। ਹੁਣ ਤਕ ਤਾਂ ਲੋਕਾਂ ਦੀ ਕਮਾਈ ਹੀ ਖਾਂਦੇ ਰਹੇ ਹੋ। ਹੁਣ ਆਪ ਕੰਮ ਕਰੋ। ਮੈਂ ਬਾਬਾ ਜੀ ਦੀ ਰਮਜ਼ ਸਮਝ ਕੇ ਦੋ ਬੈਲਾਂ ਦੀ ਜੋੜੀ ਬਣਾਈ ਅਤੇ ਖੇਤੀ ਸ਼ੁਰੂ ਕੀਤੀ ਪਰ ਪਿਛਲੀ ਸਾਰੀ ਉਮਰ ਕੰਮ ਨਹੀਂ ਸੀ ਕੀਤਾ ਇਕ ਸਾਲ ਬਾਮੁਸ਼ਕਤ ਕੰਮ ਕੀਤਾ, ਕਾਸ਼ਤ ਨਾ ਹੋ ਸਕੀ। ਘਰ ਵਿਚ ਦੋ ਮਾਵਾਂ (ਮੇਰੇ ਪਿਤਾ ਦੀਆਂ ਦੋ ਸ਼ਾਦੀਆਂ ਸਨ) ਇਕ ਬੀਵੀ ਅਤੇ ਇਕ ਧਰਮ ਦੀ ਲੜਕੀ ਜਿਸ ਦੀ ਮਾਂ ਤਾਊਨ ਦੀ ਬੀਮਾਰੀ ਵਿਚ ਮਰ ਚੁਕੀ ਸੀ ਅਤੇ ਯਤੀਮ ਸਮਝ ਕੇ ਉਸ ਦੀ ਪਰਵਰਿਸ਼ ਕਰ ਰਹੇ ਸਾਂ। ਇਸ ਤੋਂ ਬਿਨਾ ਨਾ ਹੀ ਕੋਈ ਲੜਕਾ ਅਤੇ ਨਾ ਹੀ ਕੋਈ ਭਰਾ ਸੀ ਕਿਉਂਕਿ ਮੈ ਪਿਤਾ ਦਾ ਇਕਲੌਤਾ ਬੱਚਾ ਸਾਂ। ਹੁਣ ਪਤਾ ਲਗਾ ਕਿ ਕੇਵਲ ਰੁਹਾਨੀਅਤ ਜਾਂ ਈਸ਼ਵਰ ਭਗਤੀ ਦੇ ਆਧਾਰ ਉਤੇ ਆਦਮੀ ਜ਼ਿੰਦਾ ਨਹੀਂ ਰਹਿ ਸਕਦਾ। ਇਸ ਮਾਦੀ ਦੁਨੀਆ ਵਿਚ ਰੋਟੀ ਕਪੜਾ ਅਤੇ ਘਰ ਦੀ ਲੋੜ ਹੈ। ਇਹ ਠੀਕ ਹੈ ਮੇਰੇ ਕਈ ਈਸਾਈ ਅਤੇ ਦੂਜੇ ਦੋਸਤਾਂ ਨੇ ਮੈਨੂੰ ਰੁਪਏ ਦੀ ਮਦਦ ਦੇਣ ਦੀ ਕੋਸ਼ਿਸ਼ ਕੀਤੀ ਪਰ ਮੇਰੀ ਜ਼ਮੀਰ ਨੇ ਇਸ ਤਰ੍ਹਾਂ ਮੁਫਤ ਮਦਦ ਲੈਣੀ ਗਵਾਰਾ ਨਾ ਕੀਤੀ।

ਅਖੀਰ ਅਮਰੀਕਾ ਵਿਚ ਇਕ ਦੋਸਤ ਸਨ। ਅਮਰੀਕਾ ਦੀ ਮਜ਼ਦੂਰੀ ਬਾਰੇ ਮੈਂ ਸੁਣਿਆ ਹੋਇਆ ਸੀ। ਉਹਨਾਂ ਨਾਲ ਚਿੱਠੀ ਪੱਤਰ ਕੀਤਾ। ਉਹਨਾਂ ਨੇ ਮੈਨੂੰ ਅਮਰੀਕਾ ਦਾ ਜਹਾਜ਼ ਦਾ ਪਾਸ ਭੇਜ ਦਿਤਾ ਅਤੇ ਮੈਂ ੩ ਫਰਵਰੀ ੧੯੦੯ ਆਪਣੀਆਂ ਦੋਵਾਂ ਮਾਵਾਂ ਬੀਵੀ ਅਤੇ ਮਾਸੂਮ ਧਰਮ ਪੁਤਰੀ ਨੂੰ ਰੋਂਦੇ ਹੋਏ ਛਡ ਕੇ ਰੋਟੀ ਦੀ ਖਾਤਰ ਗੈਰ ਮੁਲਕਾਂ ਦੀ ਰਾਹ ਲਈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੇਰੀ ਇਹ ਗਰੀਬੀ ਮੇਰੀ ਆਪਣੀ ਪੈਦਾ ਕੀਤੀ ਹੋਈ ਸੀ ਕਿਉਂਕਿ ਮੇਰੀ ਜਾਇਦਾਦ ਮੇਰੇ ਖਾਣ ਲਈ ਕਾਫੀ ਸੀ ਪਰ ਦੂਜੇ ਜੋ ਲੋਕ ਗੈਰ ਮੁਲਕਾਂ ਨੂੰ ਗਏ ਜਾਂ ਜਾ ਰਹੇ ਸਨ ਸਭ ਦੀ ਹਾਲਤ ਮੇਰੇ ਵਾਂਗ ਗਰੀਬ ਨਹੀ ਸੀ ਹੋਈ। ਉਹ ਸੱਚੇ ਅਰਥਾਂ ਵਿਚ ਗਰੀਬ ਸਨ। ਉਹਨਾਂ ਦੀ ਗਰੀਬੀ ਦਾ ਕਾਰਨ ਅੰਗਰੇਜ਼ੀ ਸਾਮਰਾਜ ਦਾ ਵਧਿਆ ਹੋਇਆ ਮਾਲੀਆ ਸਾਹੂਕਾਰਾ ਕਰਜ਼ਾ ਜ਼ਮੀਨ ਦੀ ਕਮੀ ਵਧਦੀ ਹੋਈ ਮਰਦਮ ਸ਼ੁਮਾਰੀ ਦੇ ਨਾਲ ਨਾਲ ਬੇਕਾਰੀ ਆਦਿ ਸਨ ਜਿਨ੍ਹਾਂ ਦਾ ਜ਼ਿਕਰ ਅਗੇ ਅਮਰੀਕਾ ਦੇ ਕਾਂਡ ਵਿਚ ਕਰਾਂਗਾ।

(ਖੋਜ ਤੇ ਅਨੁਵਾਦ-ਗੁਰਬਖਸ਼ ਸਿੰਘ ਬੰਨੋਆਣਾ)

ਗਦਰ ਪਾਰਟੀ ਤੇ ਕੂਕਾ ਲਹਿਰ

ਭਗਤ ਸਿੰਘ ਬਿਲਗਾ

ਬਿਲਗਾ ਜੀ ਗਦਰ ਪਾਰਟੀ ਨਾਲ ਜੁੜੇ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਹਨ। ਇਹ ਲੇਖ ਉਹਨਾ ਦੀ ਪੁਸਤਕ 'ਮੇਰਾ ਵਤਨ' ਵਿਚੋਂ ਹੈ –ਸੰਪਾਦਕ

ਗਦਰ ਪਾਰਟੀ ਨੇ ਨਾਮਧਾਰੀ ਕੂਕਾ ਲਹਿਰ ਨੂੰ ਆਪਣੀ ਇਨਕਲਾਬੀ ਵਿਰਾਸਤ ਸਮਝਿਆ ਹੈ। ਬਾਬਾ ਕੇਸਰ ਸਿੰਘ ਜੀ ਠਠਗੜ੍ਹ ਅੰਮ੍ਰਿਤਸਰ ਵਾਈਸ ਪ੍ਰੈਜ਼ੀਡੈਂਟ ਗਦਰ ਪਾਰਟੀ ਬਦੇਸ਼ ਜਾਣ ਤੋਂ ਪਹਿਲਾਂ ਕੂਕਾ ਲਹਿਰ ਨਾਲ ਸੰਬੰਧ ਰੱਖਦੇ ਸਨ ਤੇ ਉਨ੍ਹਾਂ ਦੀ ਨੇੜਤਾ ਨਾਲ ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਜਵਾਲਾ ਸਿੰਘ ਵੀ ਨਾਮਧਾਰੀ ਲਹਿਰ ਦੇ ਪ੍ਰਸੰਸਕ ਬਣ ਗਏ ਸਨ। ਉਨ੍ਹਾਂ ਦੀ ਰਹਿਤ ਬਹਿਤ ਤੇ ਪੁਸ਼ਾਕ 'ਤੇ ਵੀ ਕੂਕਾ ਤਰਜ਼ ਦੀ ਜ਼ਿੰਦਗੀ ਦਾ ਅਸਰ ਸੀ। ਗਦਰੀ ਕਵੀਆਂ ਨੇ ਗਦਰ ਦੀ ਗੂੰਜ ਵਿਚ ਕੂਕਿਆਂ ਨੂੰ ਬੜੇ ਸਤਿਕਾਰ ਨਾਲ ਦੇਸ਼ ਦੀ ਅਜ਼ਾਦੀ ਦੇ ਹੀਰੋ ਕਰਕੇ ਯਾਦ ਕੀਤਾ ਹੈ। ਆਪਣੀਆਂ ਲਿਖਤਾਂ ਵਿਚ ਜਗ੍ਹਾ ਜਗ੍ਹਾ ਕੂਕਾ ਦੇਸ਼ ਭਗਤਾਂ ਨੂੰ ਸਲਾਹਿਆ ਹੈ। ਗਦਰ ਦੀ ਗੂੰਜ ਭਾਗ ਇੱਕ ਨੰਬਰ ੨੧ ਵਿਚ ਗਦਰੀ ਲਿਖਦੇ ਹਨ –

ਕੀਤਾ ਕੂਕਿਆਂ ਕੱਠ ਪੰਜਾਬ ਅੰਦਰ
ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।
ਬੰਦੋਬਸਤ ਸਾਰਾ ਉਹਨਾਂ ਠੀਕ ਕੀਤਾ
ਗਦਰ ਕਰਨ ਦੇ ਠੀਕ ਸਾਮਾਨ ਹੋ ਗਏ।
ਰਾਮ ਸਿੰਘ ਭਾਈ ਜਲਵਾਤਨ ਕੀਤੇ
ਨਾਲ ਹੋਰ ਵੀ ਕਈ ਕੁਰਬਾਨ ਹੋ ਗਏ।
ਬੱਚੇ ਔਰਤਾਂ ਕਈ ਹਜ਼ਾਰ ਕੂਕੇ
ਖਾਤਰ ਦੇਸ਼ ਦੇ ਲਹੂ ਲੁਹਾਣ ਹੋ ਗਏ।

ਕੂਕਾ ਸੰਪਰਦਾਇ ਭੈਣੀ ਸਾਹਿਬ ਨੇ ਗਦਰੀ ਸੂਰਬੀਰਾਂ ਨੂੰ ਹਮੇਸ਼ਾਂ ਆਪਣਾ ਇੱਕ ਅੰਗ ਸਮਝਿਆ ਤੇ ਦੇਸ਼ ਭਗਤ ਯਾਦਗਾਰ ਗਦਰੀ ਸ਼ਹੀਦਾਂ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਣ ਵੇਲੇ ਮੌਜੂਦਾ ਗੁਰੂ ਸਤਿਗੁਰੂ ਜਗਜੀਤ ਸਿੰਘ ਜੀ ਜਲੰਧਰ ਆਏ ਤੇ ਮਾਲੀ ਸਹਾਇਤਾ ਵੀ ਦਿੱਤੀ। ਅੱਜ ਵੀ ਆਪ ਗਦਰੀ ਬਾਬਿਆਂ ਦੀ ਯਾਦ ਵਿਚ ਹੋ ਰਹੇ ਇਕੱਠਾਂ ਵਿੱਚ ਖੁਦ ਪੁੱਜ ਕੇ ਅਸ਼ੀਰਵਾਦ ਦਿੰਦੇ ਹਨ।

ਬਾਵਜੂਦ ਅੰਗਰੇਜ਼ੀ ਜ਼ੁਲਮ ਤਸ਼ੱਦਦ ਦੇ ਨਾਮਧਾਰੀ ਸੰਪਰਾਦਇ ਕਾਇਮ ਹੈ ਤੇ ਉਸਨੇ ਦੇਸ਼ ਭਗਤੀ ਦੇ ਉਦੇਸ਼ ਨੂੰ ਕਾਇਮ ਰੱਖਿਆ ਹੈ ਤੇ ਕੌਮੀ ਲਹਿਰ ਦੀ ਉਸਾਰੀ ਵਿਚ ਯੋਗ ਹਿੱਸਾ ਪਾਇਆ ਤੇ ਕੁਰਬਾਨੀਆਂ ਕੀਤੀਆਂ ਹਨ।

ਮੈਨੂੰ ਯਾਦ ਹੈ ਕਿ ਮੇਰੇ ਪਿੰਡ ਬਿਲਗੇ, ਜੰਗਾ ਸਿੰਘ ਮੇਲਾ ਨਾਮੀ ਕੂਕਾ ਹੁੰਦਾ ਸੀ। ਸ਼ਾਦੀ ਨਹੀ ਕਰਾਈ। ਇਕ ਗਊ ਰੱਖਦਾ, ਖੁਦ ਉਸਦੀ ਸੇਵਾ ਕਰਦਾ ਤੇ ਗਊ ਦਾ ਪਵਿੱਤਰ ਦੁੱਧ ਘੀ ਇਸਤੇਮਾਲ ਕਰਦਾ। ੧੯੩੬ ਵਿਚ ਜਦ ਸਭ ਪੰਜਾਬ ਦੀਆਂ ਪੁਲੀਟੀਕਲ ਪਾਰਟੀਆਂ ਕਾਂਗਰਸ ਵਿਚ ਸ਼ਾਮਲ ਹੋ ਗਈਆਂ ਤਾਂ ਪਹਿਲਾ ਸਵਾਲ ਸਾਹਮਣੇ ਆਇਆ ਕਿ ਕਾਂਗਰਸ ਨੂੰ ਪਿੰਡਾਂ ਤੱਕ ਲਿਜਾਇਆ ਜਾਏ। ਸਿਆਸੀ ਵਰਕਰਾਂ ਦੀ ਮਾਲੀ ਹਾਲਤ ਖਸਤਾ ਸੀ। ਜੰਗਾ ਸਿੰਘ ਜੀ ਨੇ ਬਿਲਗੇ ਦੇ ਵਰਕਰਾਂ ਨੂੰ ਐਲਾਨ ਕਰ ਦਿੱਤਾ ਸੀ ਕਿ ਮੈਨੂੰ ਦੋ ਦਿਨ ਪਹਿਲਾਂ ਦਸ ਦਿਆ ਕਰੋ, ਮੈਂ ਕਾਂਗਰਸ ਦੀ ਭਰਤੀ ਲਈ ਤੁਹਾਡੇ ਨਾਲ ਜਾਇਆ ਕਰਾਂਗਾ ਤੇ ਕਦੇ ਵੀ ਭੁੱਖਿਆਂ ਨਹੀ ਰਹਿਣ ਦਿਆਂਗਾ। ਇਨ੍ਹਾਂ ਦੇ ਦਿਨਾਂ ਵਿਚ ਉਸਨੇ ਖੱਦਰ ਦੀ ਆਪਣੀ ਕੂਕੀ ਵਰਦੀ ਧੋ-ਧੋ ਚਿੱਟੇ ਦੁੱਧ ਵਰਗੀ ਕਰ ਲੈਣੀ ਤੇ ਸਰਬ ਲੋਹ ਦਾ ਗੜਵਾ ਮਾਂਜ-ਮਾਂਜ ਕੇ ਸੂਰਜ ਵਾਂਗੂ ਲਿਸ਼ਕਾ ਲੈਣਾ। ਗਊ ਦੇ ਪੱਠੇ ਦੱਥੇ ਦਾ ਇੰਤਜ਼ਾਮ ਕਰ ਜੰਗਾ ਸਿੰਘ ਨੇ ਕੂਕਿਆਂ ਦੇ ਫੌਜੀ ਅਫਸਰਾਂ ਵਾਂਗ ਅੱਗੇ-ਅੱਗੇ ਛਾਲਾਂ ਮਾਰਦੇ ਪੈਲਾਂ ਪਾਉਂਦਿਆਂ ਤੁਰਨਾ। ਇਕ ਪਿੰਡੋਂ ਦੂਜੇ ਪਿੰਡ ਪ੍ਰਚਾਰ ਕਰਕੇ ਭਰਤੀ ਕਰਦਿਆਂ ਜਦ ਦੁਪਹਿਰ ਹੋ ਜਾਣੀ ਤਾਂ ਜੰਗਾ ਸਿੰਘ ਨੇ ਕਦੇ ਮੁਠੱਡਾ ਕਲਾਂ ਭਾਈ ਸ਼ੀਹਾਂ ਸਿੰਘ ਵੱਲ ਜਾਂ ਮੋਰੋਂ ਦੇ ਕੂਕਿਆਂ ਦੇ ਘਰਾਂ ਵੱਲ ਤੋਰ ਲੈਣਾ। ਕੂਕਿਆਂ ਦੀ ਮਹਿਮਾਨ ਨਿਵਾਜ਼ੀ ਕਮਾਲ ਦੀ ਸੀ। ਉਹਨਾਂ ਨੂੰ ਦੇਸ਼ ਭਗਤਾਂ ਦੇ ਆਉਣ 'ਤੇ ਚਾਅ ਚੜ੍ਹ ਜਾਣਾ। ਸ਼ੁੱਧ ਦੇਸੀ ਘਿਓ ਨਾਲ ਤਿਆਰ ਕੀਤੇ ਪ੍ਰਸ਼ਾਦੇ ਤੇ ਗਲਾਸ-ਗਲਾਸ ਗਊ ਦਾ ਦੁੱਧ ਪੀ ਕੇ ਕੌਮੀ ਵਰਕਰਾਂ ਦੇ ਥਕੇਵੇਂ ਲਹਿ ਜਾਣੇ। ਮੁਲਕ ਦੀ ਆਜ਼ਾਦੀ ਤੇ ਦੇਸ਼ ਭਗਤੀ ਕੂਕਿਆਂ ਦੇ ਖੂਨ ਵਿਚ ਰਚੀ ਹੋਈ ਸੀ। ਸ਼ਹੀਦ ਭਗਤ ਸਿੰਘ ਨੇ ਕਿਰਤੀ ਰਸਾਲੇ ਵਿੱਚ, ਜਦ ਆਪ ਉਹ ਕਿਰਤੀ ਰਸਾਲੇ ਦੇ ਸਬ ਐਡੀਟਰ ਸਨ, ਕੂਕਾ ਲਹਿਰ ਦੀ ਮੁਲਕ ਨੂੰ ਦੇਣ ਬਾਰੇ ਮਜ਼ਮੂਨ ਲਿਖੇ। ਅੱਜ ਵੀ ਭਾਰਤ ਤੇ ਪਾਕਿਸਤਾਨ ਦੇ ਤਾਰੀਖ ਦੇ ਲਿਖਾਰੀ ਕੂਕਾ ਲਹਿਰ ਦਾ ਜ਼ਿਕਰ ਮਾਣ ਨਾਲ ਕਰਦੇ ਹਨ। ■

੧੯੨੧ ਵਿੱਚ
ਮੁਠੱਡਾ ਕਲਾਂ ਜ਼ਿਲਾ ਜਲੰਧਰ ਵਿਚ ਦੇਸ਼ ਭਗਤਾਂ ਦਾ ਭਾਰੀ ਇਕੱਠ

੧੭ ਜਨਵਰੀ ੧੯੨੧ ਨੂੰ ਦੁਪਹਿਰ ਦੇ ਪਿਛੋਂ ਇਕ ਬਜੇ ਸ੍ਰੀਮਾਨ ਮਹਾਰਾਜ ਗੁਰਦਿਆਲ ਸਿੰਘ ਜੀ, ਚੌਧਰੀ ਗੁਲਾਮ ਹੈਦਰ ਖ਼ਾਂ ਐਡੀਟਰ 'ਸਦਾਕਤ' ਲਾਹੌਰ, ਭਾਈ ਨਿਧਾਨ ਸਿੰਘ ਜੀ 'ਆਲਿਮ' ਐਡੀਟਰ ਸਤਿਜੁਗ ਲਾਹੌਰ, ਸ੍ਰੀਮਾਨ ਭਾਈ ਇੰਦਰ ਸਿੰਘ ਜੀ ਚਕ੍ਰਵਰਤੀ 'ਲਲ ਕਲਾਂ' ਰਿਆਸਤ ਪਟਿਆਲਾ, ਸ੍ਰੀ ਮਾਨ ਪੰਡਿਤ ਅਮਰ ਸਿੰਘ ਜੀ ਅਤੇ ਸੰਤ ਅਣਖਾ ਸਿੰਘ ਜੀ ਸਨਖਤ੍ਰਾ ਜ਼ਿਲਾ ਸਿਆਲ ਕੋਟ ਲਾਹੌਰ ਤੋਂ ਲੁਧਿਆਣੇ ਨੂੰ ਜਾਣ ਵਾਲੀ ਏਟੀ ਡਾਊਨ ਗੱਡੀ ਵਿਚੋਂ ਫਿਲੌਰ ਦੇ ਸਟੇਸ਼ਨ ਉਤੇ ਉਤਰੇ। ਇਨ੍ਹਾਂ ਦੇ ਸਤਿਕਾਰ ਲਈ ਸਟੇਸ਼ਨ ਉਤੇ ਸੇਵਾ ਸੰਮਤੀ ਫਲੌਰ ਅਤੇ ਖਿਲਾਫਤ ਕਮੇਟੀ ਲੁਧਿਆਣਾ ਦੇ ਵਾਲੰਟੀਅਰਜ਼ ਸਮੇਤ ਬਹੁਤ ਸਾਰੇ ਹਿੰਦੂ ਮੁਸਲਮਾਨ ਅਤੇ ਸਿੱਖ ਸੱਜਣਾਂ ਦੇ ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਦੀ ਸੀ, ਖੜੇ ਸਨ। ਲੀਡਰਾਂ ਦੇ ਗੱਡੀਓਂ ਉਤਰਦਿਆਂ ਸਾਰ ਹੀ 'ਸਤਿ ਸ੍ਰੀ ਅਕਾਲ', 'ਬੰਦੇ ਮਾਤ੍ਰਮ' ਅਤੇ 'ਅੱਲਾ ਹੂ ਅਕਬਰ' ਦੇ ਜੈਕਾਰਿਆਂ ਦੀ ਆਵਾਜ਼ ਨੇ ਇਕ ਅਦਭੁਤ ਹੀ ਰੰਗ ਬਣਾ ਦਿੱਤਾ ਸੀ। ਸਟੇਸ਼ਨ ਉੱਤੇ ਭੀੜ ਏਨੀ ਸੀ ਕਿ ਸੇਵਕਾਂ ਦੇ ਪਰਬੰਧ ਦੇ ਹੁੰਦਿਆਂ ਭੀ ਲੀਡਰਾਂ ਨੂੰ ਹਜੂਮ ਵਿਚ ਦੀ ਲੰਘਣਾ ਔਖਾ ਹੋ ਰਿਹਾ ਸੀ। ਸਟੇਸ਼ਨ ਦੇ ਨੇੜੇ ਅਤੇ ਸਾਹਮਣੀ ਬੈਠਕ ਵਿਚ ਇਨ੍ਹਾਂ ਨੂੰ ਉਤਾਰ ਦਿੱਤਾ ਗਿਆ ਜਿੱਥੇ ਕਿ ਸਰਦਾਰ ਕਿਸ਼ਨ ਸਿੰਘ ਜੀ, ਸਰਦਾਰ ਸਰਦਾਰਾ ਸਿੰਘ ਜੀ ਐਡੀਟਰ 'ਖਾਲਸਾ ਅਖ਼ਬਾਰ' ਲਾਹੌਰ, ਮਹਿਤਾ ਅਨੰਦ ਕਿਸ਼ੋਰ ਜੀ ਲਾਹੌਰ, ਮਹਾਤਮਾ ਨੰਦ ਗੋਪਾਲ ਅਰ ਲਾਲਾ ਮੁਨਸ਼ੀ ਰਾਮ ਸਵਰਾਜ ਆਸ਼ਰਮ ਅੰਮ੍ਰਿਤਸਰ, ਪਹਿਲਾਂ ਤੋਂ ਹੀ ਪੁਜ ਗਏ ਸਨ-ਨਾਲ ਸ਼ਾਮਲ ਹੋ ਗਏ। ਲਗ ਭਗ ਸ਼ਾਮ ਦੇ ਚਾਰ ਬਜੇ ਪਰਧਾਨ ਜੀ ਵੀ ਸਮੇਤ ਆਪਣੇ ਜਥੇ ਦੇ ਲੁਧਿਆਣਿਓਂ ਮੋਟਰਕਾਰ ਵਿਚ ਫਲੌਰ ਪੁਜ ਗਏ ਜਿਨ੍ਹਾਂ ਦਾ ਸਵਾਗਤ ਬੜੀ ਧੂਮ ਧਾਮ ਨਾਲ ਕੀਤਾ ਗਿਆ। ਆਪ ਦੇ ਪੁਜਣ ਨਾਲ ਖ਼ਲਕਤ ਦੀ ਭੀੜ ਅੱਗੇ ਨਾਲੋਂ ਦੂਣੀ ਹੋ ਗਈ। ਆਪਦੀ ਸੇਵਾ ਵਿਚ ਪਹਿਲੋਂ ਪੁਜ ਚੁਕੇ ਲੀਡਰਾਂ ਨੇ ਆਪਦਾ ਮੋਟਰੋਂ ਉਤਰਦਿਆਂ ਸਾਰ ਹੀ ਨਿਯਮਾਨੁਸਾਰ ਸਵਾਗਤ ਕੀਤਾ ਅਤੇ ਉਸ ਬੈਠਕ ਵਿਚ ਬੈਠ ਕੇ ਪਰਸਪਰ ਕੁਸ਼ਲ ਆਨੰਦ ਪੁੱਛੀ ਅਤੇ ਪਰਧਾਨ ਜੀ ਦੇ ਜਲ ਪਾਣੀ ਛਕਣ ਦੇ ਪਿਛੋਂ ਜਲੂਸ ਟਮਟਮਾਂ ਵਿਚ ਬੜੀ ਧੂਮ ਧਾਮ ਨਾਲ ਮੁਠੱਡਿਆਂ ਨੂੰ ਤੁਰਿਆ। ਅਤੇ ਲਗਭਗ ੬ ਬਜੇ ਮੁਠੱਡੀਂ ਪੁਜਾ। ਮੁਠੱਡਿਆਂ ਵਿਚ ਸ਼ਬਦ ਕੀਰਤਨ ਕਰਦਿਆਂ ਹੋਇਆਂ ਪਰਵੇਸ਼ ਕੀਤਾ ਅਤੇ ਰਾਤ ਦੇ ੮ ਵਜੇ ਸਮਾਪਤੀ ਹੋਈ। ਇਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਧਾਨਗੀ ਭਾਸ਼ਣ ਦੇਣ ਦੀ ਕਿਰਪਾ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਸੰਤ ਨਿਧਾਨ ਸਿੰਘ ਜੀ ਆਲਿਮ ਤੇ ਹੋਰ ਕਈ ਹਿੰਦੂ ਸਿਖ ਨੇਤਾਵਾਂ ਦੇ

ਹਿੰਦੂਓ ਅਤੇ ਮੁਸਲਮਾਨੋਂ, ਅਸੀਂ ਜਦ ਤਕ ਜਿਉਂਦੇ ਹਾਂ ਤਦ ਤਕ ਤੁਹਾਡੇ ਨਾਲ ਹਾਂ। ਸਾਨੂੰ ਚਾਹੀਦਾ ਹੈ ਕਿ ਸਰਕਾਰ ਨਾਲ ਨਾ-ਮਿਲਵਰਤਨ ਕਰਨ ਲਈ ਸਾਡੀ ਆਪਸ ਵਿਚ ਗੂਹੜੀ ਮਿਲਵਰਤਨ ਹੋਵੇ। ੧੮੭੨ ਵਿਚ ਨਾਮਧਾਰੀਆਂ ਦਾ ਇਹ ਹਾਲ ਹੋਇਆ। ੧੯੧੯ ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਸਾਡੀ ਸਾਰਿਆਂ ਦੀ ਦੁਰਦਸ਼ਾ ਹੋਈ। ਮਹਾਤਮਾ ਗਾਂਧੀ ਕਈ ਵਾਰੀ ਆਖ ਚੁਕੇ ਹਨ ਕਿ ਜਿੰਨਾ ਚਿਰ ਤੁਸੀਂ ਆਪਸ ਵਿਚ ਚੰਗਾ ਮਿਲਾਪ ਨਾ ਕਰੋਗੇ ਓਨਾ ਚਿਰ ਤੁਹਾਨੂੰ ਸਰਕਾਰ ਨਾਲ ਨਾ-ਮਿਲਵਰਤਨ ਵਿਚ ਸਫਲਤਾ ਕਦਾਚਿਤ ਪ੍ਰਾਪਤ ਨਹੀਂ ਹੋ ਸਕਦੀ। ਸ੍ਵਰਾਜ ਦੀ ਪ੍ਰਾਪਤੀ ਲਈ ਆਤਮਕ ਬਲ ਦੀ ਲੋੜ ਹੈ।

ਭਾਸ਼ਣ ਹੋਏ। ਸਤਿਗੁਰੂ ਜੀ ਦੇ ਛੋਟੇ ਭਾਈ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਕਿਹਾ–

"ਮੇਰੇ ਪਿਆਰੇ ਹਿੰਦੂ, ਮੁਸਲਮਾਨ ਅਤੇ ਸਿੱਖ ਸੱਜਣੋਂ ! ਇਹ ਸ਼ਹੀਦੀ ਦਿਨ ਇਕ ਲੁਕਿਆ ਹੋਇਆ ਦਿਨ ਸੀ ...ਸਤਿਗੁਰੂ ਰਾਮ ਸਿੰਘ ਜੀ ਨੇ ਇਸ ਸੰਸਾਰ ਵਿਚ ਆ ਕੇ ਸਿੱਖਾਂ ਵਿਚ ਉਹ ਸ਼ਕਤੀ ਪੈਦਾ ਕਰ ਦਿੱਤੀ ਜਿਹੜੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਵਾਲੀ ਕਹੀ ਜਾ ਸਕਦੀ ਹੈ। ਭਾਵੇਂ ਉਸ ਵੇਲੇ ਦੇ ਝੋਲੀ ਚੁਕਾਂ ਨੇ ਇਸ ਸਪਿਰਟ ਨੂੰ ਦਬਾਨ ਦਾ ਬਹੁਤ ਯਤਨ ਕੀਤਾ ਪਰੰਤੂ ਸਚਿਆਈ ਸਚਿਆਈ ਹੀ ਹੁੰਦੀ ਹੈ। ਇਸ ਲਈ ਉਨ੍ਹਾਂ ਦੀ ਇਹ ਕੂੜੀ ਆਸ ਪੂਰੀ ਨਾ ਹੋਈ।

"ਸੱਜਣੋ ! ਭਾਵੇਂ ਅੱਜ ਸਾਨੂੰ ਆਖਿਆ ਜਾਂਦਾ ਹੈ ਕਿ ਤੁਹਾਡੇ ਉੱਤੋਂ ਪੁਲਿਸ ਦਾ ਪਹਿਰਾ ਉਠਾ ਲਿਆ ਗਿਆ ਹੈ ਪਰ ਅਸੀ ਓਨਾਂ ਚਿਰ ਸੁਖੀ ਨਹੀ ਹੋਵਾਂਗੇ ਜਿਨ੍ਹਾਂ ਚਿਰ ਖ਼ਿਲਾਫ਼ਤ ਦਾ ਮਾਮਲਾ ਅਤੇ ਪੰਜਾਬ ਦਾ ਸਵਾਲ ਹੱਲ ਨਹੀ ਹੋ ਜਾਂਦਾ। ਹਿੰਦੂਓ ਅਤੇ ਮੁਸਲਮਾਨੋ, ਅਸੀਂ ਜਦ ਤਕ ਜਿਊਂਦੇ ਹਾਂ ਤਦ ਤਕ ਤੁਹਾਡੇ ਨਾਲ ਹਾਂ। ਸਾਨੂੰ ਚਾਹੀਦਾ ਹੈ ਕਿ ਸਰਕਾਰ ਨਾਲ ਨਾ-ਮਿਲਵਰਤਨ ਕਰਨ ਲਈ ਸਾਡੀ ਆਪਸ ਵਿਚ ਗੂਹੜੀ ਮਿਲਵਰਤਨ ਹੋਵੇ। ੧੮੭੨ ਵਿਚ ਨਾਮਧਾਰੀਆਂ ਦਾ ਇਹ ਹਾਲ ਹੋਇਆ। ੧੯੧੯ ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਸਾਡੀ ਸਾਰਿਆਂ ਦੀ ਦੁਰਦਸ਼ਾ ਹੋਈ। ਮਹਾਤਮਾ ਗਾਂਧੀ ਕਈ ਵਾਰੀ ਆਖ ਚੁਕੇ ਹਨ ਕਿ ਜਿੰਨਾ ਚਿਰ ਤੁਸੀ ਆਪਸ ਵਿਚ ਚੰਗਾ ਮਿਲਾਪ ਨਾ ਕਰੋਗੇ ਓਨਾ ਚਿਰ ਤੁਹਾਨੂੰ ਸਰਕਾਰ ਨਾਲ ਨਾ-ਮਿਲਵਰਤਨ ਵਿਚ ਸਫਲਤਾ ਕਦਾਚਿਤ ਪ੍ਰਾਪਤ ਨਹੀ ਹੋ ਸਕਦੀ। ਸੁਰਾਜ ਦੀ ਪ੍ਰਾਪਤੀ ਲਈ ਆਤਮਕ ਬਲ ਦੀ ਲੋੜ ਹੈ। ਪਹਿਲੋਂ ਜਰਨਾ ਸਿੱਖੋ। ਜਦ ਤਕ ਤੁਹਾਡੇ ਵਿਚ ਆਤਮਕ ਸ਼ਕਤੀ ਨਹੀ ਤਦ ਤਕ ਤੁਸੀ ਜਰ ਨਹੀ ਸਕਦੇ ਅਤੇ ਜਰਨ ਤੋਂ ਬਿਨਾਂ ਤੁਸੀ ਮੁਰਦੇ ਅਤੇ ਗੁਲਾਮ ਹੋ।

"ਆਤਮਕ ਸ਼ਕਤੀ ਤੋਂ ਬਿਨਾਂ ਨਾ-ਮਿਲਵਰਤਨ ਵਿਚ ਕਦੀ ਵੀ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ।"

ਏਸ ਸੰਮੇਲਨ ਵਿਚ ਹੀ ਚੌਧਰੀ ਗੁਲਾਮ ਹੈਦਰ ਖਾਂ-ਐਡੀਟਰ 'ਸਦਾਕਤ' ਨੇ ਆਖਿਆ–

"ਮੇਰੇ ਖ਼ਾਲਸਾ ਹਿੰਦੂ ਮੁਸਲਮਾਨ ਭਰਾਵੋ ! ਸਭ ਤੋਂ ਪਹਿਲਾਂ ਮੈਂ ਤੁਹਾਡੇ ਉਸ ਪਰੇਮ ਦਾ ਧੰਨਵਾਦ ਕਰਦਾ ਹਾਂ ਜਿਸ ਨਾਲ ਤੁਸਾਂ ਸਾਨੂੰ ਬੁਲਾਇਆ ਹੈ। ਭਰਾਓ, ਅਸੀ ਕੁਝ ਖਾਣ ਨੂੰ ਨਹੀ ਆਏ ਕੇਵਲ ਤੁਹਾਡੀਆਂ ਰੂਹਾਂ ਦਾ ਦਰਸ਼ਨ ਕਰਨ ਆਏ ਹਾਂ। ਅੱਜ ਪਰੇਮ ਅਤੇ ਮਿਲਾਪ ਦਾ ਇਕ ਸੋਹਣਾ ਨਜ਼ਾਰਾ ਵੇਖਣ ਵਿਚ ਆ ਰਿਹਾ ਹੈ। ਅੱਜ ਦਾ ਦਿਨ ਹਕੀਕਤ ਵਿਚ ਇਕ ਬੜਾ ਸੁਭਾਗਾ ਦਿਨ ਹੈ। ਦੁਨੀਆਂ ਵਿਚੋਂ ਕਦੀ ਜ਼ੁਲਮ ਅਤੇ ਸਿਤਮ ਦਾ ਅੰਤ ਨਹੀਂ ਹੋਇਆ ਕਿਉਂਕਿ ਦਿਨ ਦੇ ਨਾਲ ਹਨੇਰਾ ਅਤੇ ਹਨੇਰੇ ਨਾਲ ਦਿਨ ਦਾ ਹੋਣਾ ਇਕ ਕੁਦਰਤੀ ਨਿਯਮ ਹੈ। ਜੇ ਤੁਸੀਂ ਇਤਿਹਾਸ ਦੇ ਪੰਨਿਆਂ ਵਲ ਧਿਆਨ ਮਾਰੋਗੇ ਤਾਂ ਹਰ ਪੰਥ ਅਤੇ ਹਰ ਸ਼ਰੇਣੀ ਵਿਚ ਇਹ ਕੁਦਰਤੀ ਨਿਯਮ ਨਜ਼ਰ ਆਵੇਗਾ। ਮੂਰਖ ਤਾਂ ਇਹ ਸਮਝਦੇ ਹਨ ਕਿ ਸਾਡੇ ਉਤੇ ਜ਼ੁਲਮ ਹੋਇਆ ਹੈ ਪਰ ਸਮਝਦਾਰ ਪੁਰਸ਼ ਇੰਜ ਨਹੀਂ ਮੰਨਦੇ ਕਿਉਂਕਿ ਇਹ ਸਾਡੀ ਗ਼ਫ਼ਲਤ ਦੇ ਰੋਗ ਦੀ ਦਵਾਈ ਹੋਈ ਹੈ। ਬਹੁਤੇ ਪਦਾਰਥਾਂ ਵਾਲੇ, ਹਾਥੀਆਂ ਘੋੜਿਆਂ ਵਾਲੇ, ਮਹੱਲਾਂ ਵਿਚ ਨਿਵਾਸ ਰੱਖਣ ਵਾਲੇ ਵੱਡੇ ਲੋਕ ਨਹੀਂ ਹਨ। ਪਰ ਤੁਹਾਡੇ ਦੁਖ ਅਤੇ ਦਰਦ ਦੇ ਖ਼ਿਆਲ ਜਿਹੜੇ ਤੁਹਾਡੇ ਆਗੂ ਹਨ ਉਹ ਵਡੇ ਅਤੇ ਸਤਿਕਾਰ ਯੋਗ ਹਨ। ਸਾਡੇ ਵਿਚ ਇਹ ਇਕ ਵਡਾ ਘਾਟਾ ਰਿਹਾ ਹੈ ਕਿ ਅਸੀ ਛੋਟਿਆਂ ਨੂੰ ਵਡੇ ਅਤੇ ਵਡਿਆਂ ਨੂੰ ਛੋਟੇ ਸਮਝਦੇ ਰਹੇ ਹਾਂ। ਜਿਹੜੇ ਬਹੁਤ ਧਨੀ ਹਨ ਉਹ ਬਹੁਤੇ ਭੁਖੇ ਹਨ। ਭਰਾਵੋ, ਸਾਡੇ ਉਤੇ ਕੋਈ ਦੂਜਾ ਜ਼ੁਲਮ ਨਹੀਂ ਕਰ ਰਿਹਾ, ਪਰੰਤੂ ਅਸੀਂ ਆਪ ਆਪਣੇ ਉਤੇ ਕਹੀਆਂ ਕੁਹਾੜੀਆਂ ਚਲਾ ਰਹੇ ਹਾਂ। ਅੰਗਰੇਜ਼ੀ ਕੌਮ ਨੂੰ ਆਪਣੀ ਨਸਲ ਦੀ ਨਿਕੀ ਹਸਤੀ ਦਾ ਕਿੰਨਾ ਧਿਆਨ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਨਸਲ ਭਾਵੇਂ ਦੁਨੀਆਂ ਦੇ ਕਿਸੇ ਹਿਸੇ ਵਿਚ ਜਾਵੇ ਉਸਦਾ ਭਲੀ ਪਰਕਾਰ ਆਦਰ ਹੋਵੇ ਤੇ ਲੋਕ ਉਨ੍ਹਾਂ ਨੂੰ ਸਲਾਮਾਂ ਕਰਨ। ਤੁਸੀਂ ਓਨਾ ਰੱਬ ਤੋਂ ਨਹੀ ਡਰਦੇ ਜਿਨਾਂ ਇਕ ਮਮੂਲੀ ਗੋਰੇ ਤੋਂ। ਇਸ ਦਾ ਕਾਰਨ ਇਹ ਹੈ ਕਿ ਤੁਸਾਂ ਸਤਿਗੁਰਾਂ ਦੇ ਉੱਦੇਸ਼ ਨੂੰ ਤਿਆਗ ਕੇ ਇਨ੍ਹਾਂ ਅੱਗੇ ਝੁਕਣਾ ਪਰਵਾਨ ਕਰ ਲਿਆ ਹੈ, ਤੁਸੀਂ ਗਹਿਰੀ ਨੀਂਦ ਵਿਚ ਸੌਂ ਗਏ। ਤੁਹਾਨੂੰ ਜਗਾਇਆ ਹੈ ਤਾਂ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਨੇ। ਨਹੀਂ ਤਾਂ ਤੁਹਾਡੇ ਭਾਗਾਂ ਵਿਚ ਜਾਗ ਕਿੱਥੇ ਸੀ। ਦੁਨੀਆਂ ਵਿਚ ਵੇਖੋ, ਬਿਨਾਂ ਕੁਰਬਾਨੀ ਤੋਂ ਕੁਛ ਨਹੀਂ ਹੁੰਦਾ। ਜਿਹੜੇ ਲੋਕ ਕੁਰਬਾਨੀ ਨਹੀਂ ਕਰਦੇ ਉਹ ਹਮੇਸ਼ਾਂ ਗੁਲਾਮ ਰਹਿੰਦੇ ਨੇ...।"

■

ਸਾਡੇ ਵਿਚ ਇਹ ਇਕ ਵਡਾ ਘਾਟਾ ਰਿਹਾ ਹੈ ਕਿ ਅਸੀਂ ਛੋਟਿਆਂ ਨੂੰ ਵਡੇ ਅਤੇ ਵਡਿਆਂ ਨੂੰ ਛੋਟੇ ਸਮਝਦੇ ਰਹੇ ਹਾਂ। ਜਿਹੜੇ ਬਹੁਤ ਧਨੀ ਹਨ ਉਹ ਬਹੁਤੇ ਭੁਖੇ ਹਨ। ਭਰਾਵੋ, ਸਾਡੇ ਉਤੇ ਕੋਈ ਦੂਜਾ ਜ਼ੁਲਮ ਨਹੀਂ ਕਰ ਰਿਹਾ, ਪਰੰਤੂ ਅਸੀਂ ਆਪ ਆਪਣੇ ਉਤੇ ਕਹੀਆਂ ਕੁਹਾੜੀਆਂ ਚਲਾ ਰਹੇ ਹਾਂ। ਅੰਗਰੇਜ਼ੀ ਕੌਮ ਨੂੰ ਆਪਣੀ ਨਸਲ ਦੀ ਨਿਕੀ ਹਸਤੀ ਦਾ ਕਿੰਨਾ ਧਿਆਨ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਨਸਲ ਭਾਵੇਂ ਦੁਨੀਆਂ ਦੇ ਕਿਸੇ ਹਿਸੇ ਵਿਚ ਜਾਵੇ ਉਸਦਾ ਭਲੀ ਪਰਕਾਰ ਆਦਰ ਹੋਵੇ ਤੇ ਲੋਕ ਉਨ੍ਹਾਂ ਨੂੰ ਸਲਾਮਾਂ ਕਰਨ। ਤੁਸੀ ਓਨਾ ਰੱਬ ਤੋਂ ਨਹੀ ਡਰਦੇ ਜਿੰਨਾਂ ਇਕ ਮਮੂਲੀ ਗੋਰੇ ਤੋਂ। ਇਸ ਦਾ ਕਾਰਨ ਇਹ ਹੈ ਕਿ ਤੁਸਾਂ ਸਤਿਗੁਰਾਂ ਦੇ ਉੱਦੇਸ਼ ਨੂੰ ਤਿਆਗ ਕੇ ਇਨ੍ਹਾਂ ਅੱਗੇ ਝੁਕਣਾ ਪਰਵਾਨ ਕਰ ਲਿਆ ਹੈ, ਤੁਸੀ ਗਹਿਰੀ ਨੀਂਦ ਵਿਚ ਸੌਂ ਗਏ। ਤੁਹਾਨੂੰ ਜਗਾਇਆ ਹੈ ਤਾਂ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਨੇ। ਨਹੀਂ ਤਾਂ ਤੁਹਾਡੇ ਭਾਗਾਂ ਵਿਚ ਜਾਗ ਕਿੱਥੇ ਸੀ।

ਬਸੰਤ ਦੇ ਮਹਾਰਾਜ ਦੀ ਬਸੰਤੀ ਰੀਝ

ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ

ਪੰਜਾਬ ਸਾਹਿਤ ਦੇ ਪ੍ਰਸਿੱਧ ਤੇ ਹਰਮਨ ਪਿਆਰੇ ਵਾਰਤਕਕਾਰ ਤੇ ਗਲਪਕਾਰ ਸ. ਗੁਰਬਖ਼ਸ਼ ਸਿੰਘ ਦਾ ਇਹ ਲੇਖ ੧੯੩੬ ਈ. ਵਿੱਚ ਛਪਿਆ ਸੀ। ਇਸ ਨਿਤ ਨਵੇਂ ਲੱਗਣ ਵਾਲੇ ਲੇਖ ਨੂੰ ਛਾਪਿਆ ਜਾ ਰਿਹਾ ਹੈ। -ਸੰਪਾਦਕ

ਆਮ ਦੁਨੀਆਂ ਸਮਝਦੀ ਹੈ ਕਿ ਮਹਾਂ ਪੁਰਖਾਂ ਦਾ ਬ੍ਰਿਹੋ ਹੀ ਸੁਨੇਹਾ ਭਜਨ ਬੰਦਗੀ ਹੁੰਦਾ ਹੈ। ਪਰ ਭਜਨ ਬੰਦਗੀ ਇਕ ਅਵਸਥਾ ਹੈ ਜਿਦੀ ਉਪਮਾਂ ਕਿਸੇ ਆਸ਼ਿਕ ਦੀ ਉਸ ਮਾਨਸਕ ਅਵਸਥਾ ਨਾਲ ਦਿਤੀ ਜਾ ਸਕਦੀ ਹੈ, ਜਦੋਂ ਅੱਖ ਕਿਸੇ ਆਕਰਖਣ ਹੁਸਨ ਨਾਲ ਲੜ ਚੁਕੀ ਹੁੰਦੀ ਹੈ। ਆਮ ਦੁਨੀਆਂ ਦੀ ਅਖ ਫੁਲਾਂ ਦੀ ਥਾਂ ਫਲਾਂ ਉਤੇ ਹੀ ਟਿਕਦੀ ਹੈ। ਏਸ ਅਖ ਵਿਚ ਭਜਨ ਬੰਦਗੀ ਦੀ ਅਨੁਭਵਤਾ ਪੈਦਾ ਹੀ ਨਹੀਂ ਹੁੰਦੀ, ਪਰ ਤੇਰਾਂ ਤਿੰਨਾਂ ਵਿੱਚ ਗਿਣੇ ਜਾਣ ਲਈ ਦੁਨੀਆਂ ਇਕ ਰਸਕ ਹੋਣ ਦਾ ਦਾਹਵਾ ਜ਼ਰੂਰ ਕਰਦੀ ਹੈ ਤੇ ਭਜਨ ਬੰਦਗੀ ਦੀ ਪ੍ਰਸੰਸਾ ਵਿਚ ਕਈ ਕਿਤਾਬਾਂ ਰਚਦੀ ਤੇ ਮੰਦਰ ਉਸਾਰਦੀ ਹੈ। ਏਸ ਚਤਰਾਈ ਨਾਲ ਦੁਨੀਆਂ ਆਪਣੇ ਐਸ਼੍ਰਾ-ਕਰਨ ਦੀ ਹੁਸਨ-ਮੰਗ ਜਿਸ ਨੂੰ ਧਰਮ-ਮੰਗ ਵੀ ਆਖਿਆ ਜਾਂਦਾ ਹੈ, ਚੁਪ ਕਰਾ ਕੇ ਮਾਇਕ ਸੁਆਦਾਂ ਵਿਚ ਲਗੀ ਰਹਿੰਦੀ ਹੈ। ਧਾਰਮਕ ਆਦਮੀ ਏਸੇ ਲਈ ਉਚ ਸਿੰਘਾਸਨਾਂ ਉਤੇ ਬੈਠੇ, ਵਿਹਲ ਤੇ ਬਹੁਲਤਾ ਵਿਚ ਖੁਸ਼ੀ ਹੋ, ਲੋਕਾਂ ਦੀ ਮਾਨਤਾ ਨਾਲ ਬੜੇ ਪ੍ਰਸੰਨ ਵੇਖੇ ਜਾਂਦੇ ਹਨ।

ਪਰ ਬਸੰਤ ਰੁਤ ਦੇ ਰੌਸ਼ਨ-ਜ਼ਮੀਰ ਮਹਾਰਾਜ ਰਾਮ ਸਿੰਘ ਜੀ ਸਿਖ ਦੁਨੀਆਂ ਵਿਚ ਦਸਾਂ ਪਾਤਸ਼ਾਹੀਆਂ ਦੇ ਮਗਰੋਂ ਪਹਿਲੇ ਮਹਾਂ ਪੁਰਖ ਹੋਏ ਹਨ, ਜਿਹਨਾਂ ਨੇ ਬੜੇ ਜ਼ੋਰ ਤੇ ਅਸਰ ਨਾਲ ਇਹ ਸਮਝਾਣ ਦਾ ਸਫਲ ਜਤਨ ਕੀਤਾ ਹੈ, ਕਿ ਭਜਨ ਬੰਦਗੀ ਸਿਰਫ ਸੁਚੱਜੇ ਸਾਧਨ ਹਨ, ਆਪਣੀਆਂ ਰੁਚੀਆਂ ਨੂੰ ਚੰਗਿਆਂ ਰਖਣ ਲਈ, ਹਸਤੀ ਦੇ ਅਸਲੇ ਨਾਲ ਲਿਵ ਜੋੜ ਕੇ ਕਬਜ਼ੇ ਦੇ ਭੁਲੇਖੇ ਤੋਂ ਬਚਿਆ ਰਹਿਣ ਲਈ, ਜੀਵਨ ਯਾਤਰਾ ਲਈ, ਸਮਰਥਾ ਪ੍ਰਾਪਤ ਕਰਨ ਲਈ। ਪਰ ਮਨੋਰਥ ਜ਼ਿੰਦਗੀ ਦਾ ਕੰਮਾਂ ਵਿਚ ਪ੍ਰਗਟ ਹੁੰਦੀ ਨੇਕੀ ਹੈ (Active goodness) ਨਾ ਕਿ ਕਿਸੇ ਭਾਂਤ ਦੀ ਅਡੋਲ ਸਮਾਧੀ (Passive worship)। ਨਿਜ ਮੁਕਤੀ ਦਾ ਆਦਰਸ਼ ਨਿਜ-ਲਾਭ ਜੇਡਾ ਹੀ ਖੁਦਗਰਜ਼ ਹੈ। ਇਹੀ ਕਾਰਨ ਹੈ ਕਿ ਨਿਰੋਲ ਆਪਣੀ ਮੁਕਤੀ ਲਈ ਰੁੱਝੇ ਹੋਏ ਆਦਮੀ ਬੜੇ ਕਠੋਰ ਚਿਤ ਵੇਖੇ ਜਾਂਦੇ ਹਨ। ਇਹ ਅਟਲ ਸਚਿਆਈ ਹੈ, ਕਿ ਜਿਹੜਾ ਕੋਈ ਸਰਬ-ਸਾਂਝ ਤੋਂ ਵਖਰਾ ਹੋ ਕੇ ਕੁਝ ਚਾਹੇਗਾ, ਉਸ ਵਿਚੋਂ ਚਲਦੇ ਪ੍ਰਵਾਹ ਵਾਲੀ ਲਚਕ ਤੇ ਨਿਰਮਾਣਤਾ ਜਾਂਦੇ ਰਹਿਣਗੇ।

ਮਹਾਰਾਜ ਰਾਮ ਸਿੰਘ ਜੀ ਦਾ ਪਤਲਾ ਸਰੀਰ, ਸੂਖਮ ਆਤਮਾ, ਭਰਾਤਰੀ ਪਰੇਮ, ਸੇਵਾ ਦੀ ਚਾਹ, ਦੇਸ ਦਾ ਇਸ਼ਕ, ਚਲਦੇ ਪ੍ਰਵਾਹ ਦੀ ਲਚਕ ਤੇ ਨਿਰਮਲਤਾ ਦੇ ਸਾਖੀ ਹਨ। ਉਹਨਾਂ ਦਾ ਸਾਰਾ ਜੀਵਨ ਏਸ ਬਸੰਤੀ ਰੀਝ ਦਾ ਵਿਕਾਸ ਹੈ, ਕਿ ਆਪਣਾ ਜੀਵਨ ਪ੍ਰਵਾਹ ਦੇਸ ਦੇ ਬੂਟੇ ਬੂਟੇ ਵਿਚ ਲੰਘਾ ਦਿਤਾ ਜਾਏ ਤੇ ਦੇਸ ਬਾਗ ਦੀ ਖੜ-ਖੜ ਕਰਦੀ ਪਤ-ਝੜੀ ਨੂੰ ਖਿੜ-ਖਿੜ ਪੈਂਦੀ ਬਸੰਤ ਵਿਚ ਵਟਾ ਦਿਤਾ ਜਾਏ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਿਛੋਂ ਇਹ ਰੀਝ ਮਜ਼ਬੀ ਉਤਸ਼ਾਹ ਦੀ ਮਸਤੀ ਵਿਚ ਮਹਾਰਾਜ ਰਾਮ ਸਿੰਘ ਜੀ ਦੇ ਬਸੰਤੀ ਹਿਰਦੇ ਵਿਚੋਂ ਹੀ ਨਿਕਲੀ ਹੈ। ਥੋੜੇ ਜਿਹੇ ਆਪਣੇ ਸਿਖਾਂ ਨੂੰ ਭਜਨ ਬੰਦਗੀ ਦੇ ਰਾਹ ਪਾ ਛਡਣਾ ਹੀ ਉਹਨਾਂ ਆਪਣਾ ਕਾਜ ਨਹੀਂ ਸਮਝਿਆ, ਸਗੋਂ ਉਹਨਾਂ ਦੀ ਦੂਰ ਦਰਸ਼ੀ ਅੱਖ ਨੇ ਵੇਖ ਲਿਆ ਤੇ ਸਰਬ-ਪਿਆਰ ਦੇ ਹਿਰਦੇ ਨੇ ਅਨੁਭਵ ਕਰ ਲਿਆ ਕਿ ਸਵੈ-ਪ੍ਰਸੰਨਤਾ ਲਈ ਆਲੇ ਦੁਆਲੇ ਦੀ ਪ੍ਰਸੰਨਤਾ ਅਵਸ਼ਯ ਹੈ। ਇਕ ਸਫਲ ਦੇਸ ਦੇ ਸਫਲ ਸਮਾਜ ਵਿਚੋਂ ਹੀ ਸਫਲ ਜੀਵਨ ਪੈਦਾ ਕੀਤਾ ਜਾ ਸਕਦਾ ਹੈ। ਤਿਤਰੀਆਂ ਦੇ ਖੰਭਾਂ ਦੇ

ਰੰਗ ਉਹਨਾਂ ਬੂਟਿਆਂ ਵਰਗੇ ਹੀ ਹੋ ਜਾਂਦੇ ਹਨ, ਜਿਹਨਾਂ ਦੁਆਲੇ ਉਹ ਉਡਦੀਆਂ ਹਨ। ਗੁਲਾਮ ਦੇਸ, ਵਹਿਮਾਂ ਬਧੀ ਸਮਾਜ ਤੇ ਜਾਹਿਲ ਗੁਰਬਤ ਵਿਚੋਂ ਜੀਵਨ-ਮੁਕਤ ਪੈਦਾ ਕਰਨੇ ਕਠਨ ਹਨ।

ਏਸ ਅਨੁਭਵਤਾ ਨੇ ਮਹਾਰਾਜ ਰਾਮ ਸਿੰਘ ਜੀ ਦਾ ਜੀਵਨ ਆਮ ਮਜ਼ਬੀ ਪੇਸ਼ਵਿਆਂ ਨਾਲੋਂ ਵਖਰਾ ਬਣਾ ਦਿਤਾ। ਉਹਨਾਂ ਨੇ ਸਭ ਤੋਂ ਪਹਿਲੋਂ ਸਮਾਜ ਦੇ ਬੰਧਨ ਖੋਹਲੇ, ਇਸਤਰੀਆਂ ਦਾ ਪਰਦਾ ਹਟਾਇਆ, ਵਿਆਹ ਸੁਖਾਲੇ ਕੀਤੇ, ਖਾਣਾ ਪੀਣਾ ਤੇ ਪਹਿਰਾਵਾ ਸਾਦਾ ਕੀਤਾ, ਮਾਸ ਸ਼ਰਾਬ ਦੀਆਂ ਸੁਆਦਲੀਆਂ ਖੁਭਣਾਂ 'ਚੋਂ ਕਢਿਆ, ਹਰ ਭਾਂਤ ਦੇ ਵਿਖਾਲੇ ਨੂੰ ਵਿਵਰਜਿਤ ਕੀਤਾ। ਇਮਾਰਤਾਂ ਦੇ ਜਾਦੂ ਤੋਂ ਜਾਨ ਛੁਡਾਈ, ਭਜਨ ਕੀਰਤਨ ਲਈ ਖੁਲੇ ਆਕਾਸ਼ ਦੇ ਪ੍ਰਭਾਵ ਦੀ ਮਹਿਮਾ ਕੀਤੀ, ਕਿਰਤ ਕਰਕੇ ਖਾਣ ਨੂੰ ਜ਼ਿੰਦਗੀ ਦੇ ਮੁਖ ਨੇਮਾਂ ਵਿਚ ਸ਼ਾਮਲ ਕੀਤਾ। ਕੋਈ ਨਾਮਧਾਰੀ ਸਾਧੂ ਜਾਂ ਮੰਗਤਾ ਅਜੇ ਤਕ ਮੇਰੇ ਕੋਲ ਨਹੀਂ ਆਇਆ। ਮਹਾਰਾਜ ਜੀ ਦਾ ਮੈਂ ਇਹ ਬੜਾ ਉਪਕਾਰ ਸਮਝਦਾ ਹਾਂ, ਕਿਉਂਕਿ ਧਾਰਮਕ ਮੰਗਤੇ ਨਾਲੋਂ ਸਬਰ ਨੂੰ ਛਿਥਿਆਂ ਪਾਣ ਵਾਲੀ ਸੂਰਤ ਹੋਰ ਮੈਨੂੰ ਕੋਈ ਨਹੀਂ ਜਾਪਦੀ।

ਏਸ ਤੋਂ ਪਿਛੋਂ ਉਹਨਾਂ ਸਾਰੇ ਦੇਸ ਦੀ ਭਲਿਆਈ ਨੂੰ ਸਾਹਮਣੇ ਰਖਿਆ। ਕਿਉਂਕਿ ਚੰਗੇ ਬਾਗਾਂ ਵਿਚ ਹੀ ਚੰਗੇ ਪੰਛੀ ਰਹਿ ਸਕਦੇ ਹਨ, ਅਮੀਰ ਹਰਿਆਵਲਾਂ ਵਿਚ ਹੀ ਪੰਛੀਆਂ ਦੇ ਖੰਭਾਂ ਉਤੇ ਅਮੀਰੀ ਦੀ ਝਲਕਾਰ ਆ ਸਕਦੀ ਹੈ। ਦਲਿਦਰੀ ਮੁਲਕਾਂ ਵਿਚ ਮਜ਼ੁਬ ਤੇ ਕਈ ਚੰਗੇ ਚੰਗੇ ਪੈਦਾ ਹੋ ਸਕਦੇ ਹਨ, ਜੀਕਰ ਰੋਗੀ ਸ਼ਹਿਰਾਂ ਵਿਚ ਯੋਗ ਹਕੀਮ, ਪਰ ਰਾਮ ਨਗਰੀ ਨਹੀਂ ਆਬਾਦ ਹੋ ਸਕਦੀ। ਰਾਮ ਨਗਰੀ ਵਸਾਣ, ਲਈ ਹਸਦੀ, ਰਸਦੀ ਤੇ ਸੁਤੰਤਰਤਾ ਲੋਕਾਈ ਦੀ ਲੋੜ ਹੈ।

ਏਸ ਲਈ ਖੁਸ਼ਹਾਲੀ ਤੇ ਸੁਤੰਤਰਤਾ ਨੂੰ ਮਹਾਰਾਜ ਨੇ ਆਪਣਾ ਵਿਰਦ ਬਣਾ ਲਿਆ। ਸੁਤੰਤਰ ਦੇਸ਼ ਦੀ ਖਾਬ ਆਪਣੇ ਸਿਖਾਂ ਦੇ ਮਨਾਂ ਵਿਚ ਵਸਾ ਦਿਤੀ। ਸਵਦੇਸ਼ੀ ਦਾ ਅਜਿਹਾ ਮੰਤਰ ਪੜ੍ਹਾਇਆ ਕਿ ਕਾਂਗਰਸ ਨਾਲੋਂ ਵੀ ਵਧੀਕ ਸੁੱਚੇ ਸੁਦੇਸ਼ੀ ਜੇ ਲਭਣੇ ਹੋਣ ਤਾਂ ਨਾਮਧਾਰੀਆਂ ਵਿਚੋਂ ਹੀ ਮਿਲਣਗੇ। ਕਾਂਗਰਸ ਦੀ ਪ੍ਰਭਤਾ ਜਦੋਂ ਘਟ ਜਾਂਦੀ ਹੈ, ਸਵਦੇਸ਼ੀ ਦੀ ਵਰਤੋਂ ਵੀ ਘਟ ਜਾਂਦੀ ਹੈ, ਪਰ ਨਾਮਧਾਰੀ ਕੋਈ ਟਾਵਾਂ ਹੀ ਐਸਾ ਲਭ ਸਕੇਗਾ ਜਿਹਦੇ ਲਈ ਸਵਦੇਸ਼ੀ ਉਹਦੇ ਧਾਰਮਕ ਭਰੋਸੇ ਦਾ ਅੰਗ ਨਹੀ ਬਣ ਚੁਕਿਆ।

ਆਮ ਤੌਰ ਤੇ ਧਰਮ ਸਰਕਾਰ ਦੀ ਆਸਾਨੀ ਲਈ ਹੁੰਦਾ ਹੈ ਤੇ ਧਾਰਮਕ ਗਦੀਆਂ ਉਤੇ ਵਿਰਾਜਨ ਵਾਲੇ ਵਕਤ ਦੀ ਸਰਕਾਰ ਦੇ ਭਾਈਵਾਲ ਹੁੰਦੇ ਹਨ। ਸਰਕਾਰ ਦਾ ਹੱਥ ਉਹਨਾਂ ਦੀਆਂ ਕੰਡਾਂ ਉਤੇ ਤੇ ਉਹਨਾਂ ਦੀਆਂ ਸਾਰੀਆਂ ਪੇਸ਼ੀਨਗੋਈਆਂ, ਇਲਹਾਮ, ਉਪਦੇਸ਼ ਉਸ ਦੀ, ਸੇਵਾ ਲਈ ਹਾਜ਼ਰ ਹੁੰਦੇ ਹਨ, ਪਰ ਮਹਾਰਾਜ ਰਾਮ ਸਿੰਘ ਜੀ ਨੇ ਇਹ ਪੁਸ਼ਪ-ਸੇਜਾ ਤਿਆਗ ਕੇ ਜਲਾਵਤਨੀ ਦੇ ਕੰਡਿਆਂ ਵਿਚ ਵਿਝਣਾ ਪ੍ਰਵਾਨ ਕੀਤਾ। ਉਹ ਵੀ ਜੇ ਚਾਂਹਦੇ ਤਾਂ ਹੋਰਨਾਂ ਵਾਂਗ ਅਖੌਤੀ ਧਰਮ ਦੇ ਪਰਚਾਰ ਦੇ ਆਸਰੇ ਨਿਰੀ ਮਾਨਤਾ ਤੇ ਅਮੀਰੀ ਵਿਚ ਰਹਿ ਸਕਦੇ ਸਨ ਤੇ ਹੋ ਸਕਦਾ ਹੈ, ਸਰਕਾਰ ਕਦੇ ਉਹਨਾਂ ਦੀ ਗੱਦੀ ਨੂੰ ਵੀ ਸਰ ਦਾ ਖਿਤਾਬ ਦੇ ਦੇਂਦੀ, ਪਰ ਅਜ ਇਹ ਗੱਦੀ ਏਨੇ ਵਰ੍ਹਿਆਂ ਦੀ ਇਹਤਿਆਤ ਦੇ ਬਾਵਜੂਦ ਵੀ ਬਾਗੀਆਂ ਵਿਚ ਗਿਣੀ ਜਾਂਦੀ ਹੈ। ਧਾਰਮਕ ਜਮਾਤ ਕੀਹ ਆਖ ਤੇ ਆਪਣੀ ਜ਼ਮੀਰ ਉਤੋਂ ਸਰਕਾਰੀ ਕ੍ਰਿਪਾ ਵਾਰ ਸਕਣ ਦੀ ਦਲੇਰੀ ਕੀਹ ਆਖ !

ਇਹ ਕ੍ਰਿਸ਼ਮਾ ਮਹਾਰਾਜ ਰਾਮ ਸਿੰਘ ਜੀ ਦੀ ਬਸੰਤੀ ਰੀਝ ਦਾ ਹੈ, ਜਿਸ ਰੀਝ ਨਾਲ ਉਹਨਾਂ ਹਿੰਦੁਸਤਾਨ ਨੂੰ ਇਕ ਸੁਤੰਤਰ ਦੇਸ਼ ਬਨਾਣ ਲਈ ਆਪਣਾ ਸਭ ਕੁਝ ਅਰਪਣ ਕਰ ਦਿਤਾ। ਏਸੇ ਰੀਝ ਨੂੰ ਪੂਰਿਆਂ ਕਰਨ ਲਈ ਉਹਨਾਂ ਆਪਣੇ ਸਿਖਾਂ ਨੂੰ ਸੇਵਾ ਦਾ ਸਬਕ ਦਿਤਾ। ਮੁੜ ਗੁਰੂ ਗੋਬਿੰਦ ਸਿੰਘ ਸਾਹਿਬ ਵਾਲੀ ਖ਼ਾਲਸਾ ਫੌਜ ਸਾਜਣ ਦਾ ਜਤਨ ਕੀਤਾ, ਉਹ ਫੌਜ ਜਿਹੜੀ ਆਪਣੇ ਸੁਆਦਾਂ ਤੇ ਅਰਥਾਂ ਨੂੰ ਲੋਕ ਸੇਵਾ ਤੋਂ ਵਾਰ ਸਕੇ। ਆਪਣੇ ਲਈ ਸਾਰੀ ਦੁਨੀਆਂ ਜੀਉਂਦੀ ਹੈ, ਪਰ ਖਾਲਸਾ ਉਹਨਾਂ ਆਤਮਾ ਦਾ ਸੰਗਠਣ ਤਜਵੀਜ਼ ਕੀਤਾ ਗਿਆ ਸੀ, ਜਿਹੜੀਆਂ ਦੂਜਿਆਂ ਲਈ ਜੀਊਣ ਤੇ ਮਰਨ ਲਈ ਤਿਆਰ ਹੋਣ। ਇਹ ਜੀਉਂਦੇ ਸ਼ਹੀਦਾਂ ਦਾ ਲਸ਼ਕਰ ਸੀ। ਨਿਜ-ਮੁਕਤੀ ਤੇ ਨਿਜ-ਸੁਖਾਂ ਦੇ ਚਾਹਵਾਨ ਖਾਲਸਾ ਨਹੀਂ ਆਖੇ ਜਾ ਸਕਦੇ। ਉਹ ਆਮ ਖਲਕਤ ਹਨ।

ਏਸ ਭਾਵ ਨਾਲ ਮਹਾਰਾਜ ਰਾਮ ਸਿੰਘ ਜੀ ਨੇ ਆਪਣੀ ਨਾਮਧਾਰੀ ਫੌਜ ਲਈ ਸੁਆਦ ਵਰਜ ਦਿਤੇ। ਲੋਕ-ਸੇਵਾ ਦਾ ਆਦਰਸ਼ ਸਭ ਤੋਂ ਮੋਹਰੇ ਰਖਿਆ। ਜੇ ਨਾਮਧਾਰੀ ਅੱਜ ਉਸ ਆਦਰਸ਼ ਨਾਲ ਪਰੇਰੇ ਹੋਏ ਨਹੀ ਜੀਉ ਰਹੇ, ਤਾਂ ਉਹ ਆਪਣੇ ਸਤਿਗੁਰੂ ਦੀ ਰੀਝ ਅਨੁਸਾਰ ਜੀਵਣ ਬਤੀਤ ਨਹੀਂ ਕਰ ਰਹੇ। ਮਹਾਰਾਜ ਦਾ ਆਸ਼ਾ ਨਾਮਧਾਰੀਆਂ ਦੀ ਗਿਣਤੀ ਵਧਾਣ ਲਈ ਟੈਕਨੀਕਲ ਗੁਰਮੰਤਰ ਪੜ੍ਹਾਣਾ ਨਹੀਂ ਸੀ, ਉਹ ਆਪਣੇ ਦੇਸ਼ ਵਿਚ ਉਹੋ ਬਸੰਤ ਖਿੜੀ ਵੇਖਣੀ ਚਾਹੁੰਦੇ ਸਨ, ਜਿਹੜੀ ਉਹਨਾਂ ਦੀ ਆਪਣੀ ਆਤਮਾ ਵਿਚੋਂ ਫੁਟ ਨਿਕਲੀ ਸੀ।

ਉਹ ਚਾਹੁੰਦੇ ਸਨ ਕਿ ਸਾਵੀਆਂ ਪੈਲੀਆਂ ਪੀਲੇ ਫੁਲਾਂ ਨਾਲ ਟਹਿਕਨ, ਲਦੇ ਬਾਗਾਂ ਵਿਚ ਪੰਛੀ ਚਹਿਕਣ, ਪੱਕੇ ਬੰਨਿਆਂ ਉਤੇ ਕਾਮੇ ਹਸਨ, ਹਰੇ ਚਮਨਾਂ ਵਿਚ ਬੱਚੇ ਖੇਡਣ

ਸਵਛ ਵਿਹੜਿਆਂ ਵਿਚ ਚੂੜੇ ਛਣਕਣ ਤੇ ਚਰਖਿਆਂ ਦੀ ਘੁਣਕਾਰ ਆਵੇ, ਮਦਾਨਾਂ ਵਿਚ ਕਬਡੀਆਂ ਮਚਣ, ਮੰਡੀਆਂ ਵਿਚ ਢੇਰ ਲਿਸ਼ਕਣ, ਵਗਾਂ ਵਿਚ ਵਛਿਆਂ ਦੇ ਘੁੰਘਰੂ ਠਨਕਣ, ਕੌਸਲਾਂ ਵਿਚ ਮੁਦਬਰ ਸਜਣ ਤੇ ਦੇਸ਼ ਦੀ ਧਰਤੀ ਉੱਤੇ ਹਿੰਦੂ ਮੁਸਲਮ ਸਿਖ ਲਾਪਰਵਾਹ ਤੇ ਭਰੋਸੇ ਭਰੀ ਚਾਲ ਢਾਲ ਨਾਲ ਰੁੱਝੇ ਦਿਸਣ, ਜੀਕਰ ਕੋਈ ਮਾਲਕ ਆਪਣੇ ਘਰ ਦੇ ਵਿਹੜੇ ਵਿਚ ਹੁੰਦਾ ਹੈ, ਜਾਂ ਬਸੰਤ ਰੁਤ ਲਹਿ ਲਹਿ ਕਰਦੀਆਂ ਪੈਲੀਆਂ ਵਿਚ ਵਿਗਸ ਵਿਗਸ ਪਈ ਪੈਂਦੀ ਹੈ।

ਜਿਸ ਪੈਲੀ 'ਚੋਂ ਕਦੇ ਕਿਸੇ ਸਿੱਟੇ ਨੇ ਸਿਰ ਨਹੀ ਚੁਕਿਆ, ਉਸ ਵਿਚ ਹਲ ਵਾਹਿਆ ਵੀ ਕਿਸ ਕੰਮ ? ਜਿਸ ਧਨੀ ਦੇ ਬਚਿਆਂ ਗਲ ਲੀਰਾਂ ਟ੍ਹਹਣ, ਉਹਦਾ ਬੈਂਕਾਂ ਵਿਚ ਜੁੜਿਆ ਧਨ ਕਿਸ ਅਰਥ ? ਜਿਸ ਖਲਕਤ ਦੇ ਸਿਰ ਤਲਵਾਰਾਂ ਮਾਰੀਆਂ, ਉਹਦੀ ਖਾਲਕ ਦੀ ਪੂਜਾ ਕਿਸ ਲੇਖੇ ? ਉਹ ਮਜ਼੍ਹਬ ਕੀ ਜਿਦੇ ਪੈਰ ਲਾਹੌਰ ਦੀਆਂ ਗਲੀਆਂ ਵਿਚ ਲਹੂ ਦੀ ਹੋਲੀ ਖੇਡਣ !

ਮਹਾਰਾਜ ਰਾਮ ਸਿੰਘ ਜੀ ਤੇ ਹੋਰ ਸਾਰੇ ਅਸਲੀ ਮਹਾਂ ਪੁਰਖ ਸਮਾਜ ਦੇ ਆਚਾਰ, ਦੇਸ਼ ਦੀ ਖੁਸ਼ਹਾਲੀ ਤੇ ਸੁਤੰਤਰਤਾ ਨੂੰ ਹੀ ਉਹਨਾਂ ਦੇ ਧਰਮ ਦੀ ਕਸੌਟੀ ਸਮਝਦੇ ਹਨ। ਏਸੇ ਲਈ ਉਹ ਆਪਣਾ ਸਾਰਾ ਅਸਰ ਕੌਮਾਂ ਵਿਚ ਜਾਗਰਤੀ ਪੈਦਾ ਕਰਨ ਲਈ ਵਰਤਦੇ ਹਨ, ਉਹ ਲੋਕਾਂ ਨੂੰ ਉਭਾਰਦੇ ਹਨ, ਸਵੈ-ਸਨਮਾਨ ਸਿਖਾਂਦੇ ਹਨ, ਬੁਤਾਂ ਤੇ ਭਰਮਾਂ ਕੋਲੋਂ ਛੁਡਾ ਕੇ ਕੁਦਰਤ ਵਿਚ ਕਾਦਰ ਨੂੰ ਵੇਖਣਾ ਸਿਖਾਂਦੇ ਹਨ, ਪਰ ਧਰਮ ਦੀ ਓਟ ਲੈ ਕੇ ਮਾਨਤਾ ਦੀ ਭੁਖ ਪੂਰੀ ਕਰਨ ਵਾਲੇ ਅਖੌਤੀ ਧਾਰਮਕ ਪੁਰਖ ਸੁਰਗ ਦੇ ਲਾਰਿਆਂ ਤੇ ਅਗਲੀ ਦੁਨੀਆਂ ਦੀ ਮੁਕਤੀ ਨਾਲ ਵਰਤਮਾਨ ਜ਼ਿੰਦਗੀ ਦੀ ਮਹਿਮਾ ਘਟਾ ਕੇ ਜਨਤਾ ਨੂੰ ਬੇ ਯਕੀਨ, ਸ਼ੰਕਿਆਂ-ਭਰੀ ਤੇ ਡਾਵਾਂ ਡੋਲ ਬਣਾ ਦੇਂਦੇ ਹਨ, ਤਾਂ ਕਿ ਉਹ ਹਮੇਸ਼ਾਂ ਰਹਿਬਰੀ ਦੇ ਮੁਥਾਜ ਰਹਿਣ ਤੇ ਉਹਨਾਂ ਵਿਚ ਕਦੇ ਜਾਗਰਤਾ ਪੈਦਾ ਨਾ ਹੋ ਸਕੇ।

ਅਸਲੀ ਮਹਾਂ ਪੁਰਖ, ਗੁਰੂ ਗੋਬਿੰਦ ਸਿੰਘ ਸਾਹਿਬ ਵਾਂਗ ਆਪਣੀ ਮਾਨਤਾ ਦੇ ਵਿਰੁਧ ਬੜੀ ਕਰੜੀ ਆਗਿਆ ਦੇਂਦੇ ਹਨ।

ਅਜ ਹਿੰਦੁਸਤਾਨ ਦਾ ਸ਼ੋਕਮਈ ਦਲਿਦਰ, ਸਵੈ-ਭਰੋਸੇ ਦੀ ਅਣਹੋਂਦ, ਜਹਾਲਤ ਦੀ ਬਹੁਲਤਾ, ਰਸਮਾਂ ਤੇ ਭਰਮਾਂ ਦੀ ਗੁਲਾਮੀ, ਪੁਲੀਟੀਕਲ ਮਕਾਰੀ, ਧਾਰਮਕ ਨੇਸਤੀ, ਤੁਅਸਬਾਂ ਦੀ ਹਕੂਮਤ ਵੇਖ ਕੇ ਮੇਰੇ ਦਿਲੋਂ ਅਰਜ਼ੋਈ ਉਠਦੀ ਹੈ ਕਿ ਚੀਨੀ ਵਾਲੇ ਵਰਗਾ ਕੋਈ ਮਹਾਂ ਪੁਰਖ, ਜਿਹੜਾ ਧਾਰਮਕ ਰੁਚੀਆਂ ਦੀ ਧਰਮ-ਭੁਖ ਤੇ ਉਨਤੀ ਦੇ ਜਾਚਕਾਂ ਦੀ ਆਕਾਸ਼ ਭੁਖ, ਇਕੋ ਆਪਣੀ ਉਚੀ ਤੇ ਸੁਚੀ ਸ਼ਖ਼ਸੀਅਤ ਨਾਲ ਲਾਹ ਸਕਦਾ ਹੋਵੇ, ਸਾਡੇ ਦੇਸ਼ ਦੀਆਂ ਤਾਕਤਾਂ ਦੀ ਅਗਵਾਈ ਕਰੇ। ਨਾ ਮਾਦਾ ਪ੍ਰਸਤਾਂ ਦੀ ਧਨ-ਦੌੜ ਮਨ ਨੂੰ ਖਿਚਦੀ ਹੈ, ਤੇ ਨਾ ਧਰਮੀਆਂ ਦੇ ਮੋਰਚੇ, ਪਿਕਟਾਂ ਤੇ ਘਿਰਣਾ ਖਲਾਰਦੇ ਨਾਹਰੇ ਚੰਗੇ ਲਗਦੇ ਹਨ। ਨਾ ਧਨ ਦਾ ਤੋਲ ਪੂਰਾ ਜਾਪਦਾ ਹੈ, ਨਾ ਪਾਠਾਂ ਨਮਾਜ਼ਾਂ ਦੀ ਪਰਖ-ਹੀਨ ਤਕੜੀ। ਦੋਹਾਂ ਤਕੜੀਆਂ ਉਤੇ ਖੋਟੇ ਆਦਮੀ ਵੀ ਖਰੇ ਤੋਲੇ ਜਾ ਰਹੇ ਹਨ। ਕਿਸੇ ਸੁੱਚੇ ਤੋਲਣ ਹਾਰੇ ਲਈ ਮਨ ਤਾਂਘਦਾ ਹੈ, ਕਿਸੇ ਧਰਮ-ਕਾਂਟੇ ਲਈ ਲੋਚਦਾ ਹੈ, ਪੂਰੇ ਵਟਿਆਂ ਦੀ ਮੰਗ ਕਰਦਾ ਹੈ।

ਫੇਰ ਕੀਕਰ ਕਤਲਆਮਾਂ ਨੂੰ ਲੋਕ ਧਾਰਮਕ ਆਣ-ਸ਼ਾਨਾਂ ਆਖ ਕੇ ਭੁਲੇਖਾ ਪਾ ਸਕਣਗੇ, ਫੇਰ ਕੀਕਰ ਭਰਾਵਾਂ ਦੇ ਕਾਤਲ ਗਾਜ਼ੀ ਤੇ ਸ਼ਹੀਦ ਅਖਵਾ ਸਕਣਗੇ, ਫੇਰ ਕੀਕਰ ਭਰਾਵਾਂ ਦੇ ਦਿਲਾਂ ਵਿਚ ਘ੍ਰਿਣਾ ਦਾ ਜ਼ਹਿਰ ਪਾਣ ਵਾਲੇ ਧਾਰਮਕ ਲੀਡਰ ਤੇ ਅਮੀਰੁਲ ਮਿਲਤ ਸਮਝੇ ਜਾ ਸਕਣਗੇ, ਕੀਕਰ ਸਾਂਝੇ ਘਰ ਨੂੰ ਵੈਰੀਆਂ ਦੇ ਹਥੀਂ ਵੇਚਣ ਵਾਲੇ ਨਾਮਣੇ ਖੱਟ ਸਕਣਗੇ ! ਬਗਲੇ ਭਗਤਾਂ ਦੀ ਸਮਾਧੀ ਦਾ ਪਾਜ ਖੁਲ੍ਹ ਜਾਏਗਾ ਝੂਠੇ ਵਰਾਗਾਂ ਦੀ ਤਹਿ ਵਿਚੋਂ ਫ਼ਰੇਬੀ ਐਸ਼ ਦਾ ਮੂੰਹ ਨੰਗਾ ਹੋ ਜਾਏਗਾ, ਤੇ ਪੰਥ, ਕੌਮ, ਦੇਸ਼ ਮਜ਼੍ਹਬੀਆਂ ਦੀਆਂ ਓਟਾਂ ਵਿਚੋਂ ਲੁਕ ਲੁਕ ਕੇ ਖਲਕਤ ਦਾ ਖ਼ੂਨ ਕਰਨ ਵਾਲਿਆਂ ਦੇ ਹਥਿਆਰ ਖੋਹ ਲਏ ਜਾਣਗੇ।

ਫੇਰ ਕੀ ਹੋਵੇਗਾ ? ਜੋ ਮਹਾਰਾਜ ਰਾਮ ਸਿੰਘ ਜੀ ਦੀ ਰੀਝ ਸੀ।

"ਭੈਣਾਂ ਦੇ ਤਨ ਕਜੇ ਹੋਣਗੇ, ਭਰਾਵਾਂ ਦੇ ਢਿਡ ਭਰੇ ਹੋਣਗੇ, ਨਫਾਕ ਦਾ ਡੇਰਾ ਉਖੜੇਗਾ, ਪਿਆਰ ਦਾ ਸੂਰਜ ਚਮਕੇਗਾ, ਭਰਾ ਨੂੰ ਭਰਾ ਨਾਲ ਮਿਲਨੋਂ ਆਰ ਨਹੀ ਹੋਵੇਗੀ, ਬੰਦਾ ਬੰਦਾਨਿਵਾਜ਼ ਨੂੰ ਵੇਖ ਲਏਗਾ, ਅਨੇਕ ਦੀ ਓਟ ਵਿਚ ਲੁਕੇ ਉਸ ਇਕ ਨੂੰ ਪੇਖ ਲਏਗਾ ! ਗਨੀਮ ਰਹੇਗਾ ਨਾ ਫਕੀਰ ਰਹੇਗਾ, ਨਾ ਪਾਕ ਤੇ ਨਾ ਕੋਈ ਹਕੀਰ ਰਹੇਗਾ, ਨਫਾਕ ਦਾ ਸਾਇਆ ਦੂਰ ਹੋਵੇਗਾ, ਜਦੋਂ ਮਹਿਰਮ ਆਲਮ ਦਿਸ ਪਵੇਗਾ !

ਫੇਰ ਸਭ ਰੂਹਾਂ ਆਜ਼ਾਦ ਹੋਣਗੀਆਂ, ਨਾ ਕੌਮ ਦੀ ਕੈਦ, ਨਾ ਜ਼ਾਤ ਦੀ ਵੰਡ ਹੋਵੇਗੀ, ਨਾ ਕੋਈ ਮਹਿਕੂਮ ਤੇ ਨਾ ਕੋਈ ਹੁਕਮਰਾਨ ਹੋਣਗੇ, ਸਭੇ ਰਾਸਤੀ ਦੀ ਰਾਹ ਵਿਚ ਸ਼ਾਦ-ਮਾਨ ਹੋਣਗੇ।

"ਬਹਾਰ ਆਇਗੀ ਮੁੜ ਏਥੇ, ਉਖਾੜੇਗਾ ਖਿਜ਼ਾਂ ਡੇਰਾ।
ਬਹਿਸ਼ਤ ਹੋਇਗਾ ਧਰਤ ਉਤੇ, ਮੁੜ ਇਹ ਹਿੰਦੋਸਤਾਂ ਮੇਰਾ।"

ਸਾਰਿਆਂ ਦਾ ਸਾਂਝਾ ਬਾਬਾ

ਮਾਸਟਰ ਤਾਰਾ ਸਿੰਘ

'ਸਤਿਜੁਗ' ਦੇ 'ਬਸੰਤ ਨੰਬਰ' (੧੯੩੬ ਈ.) ਲਈ ਮੈਥੋਂ ਲੇਖ ਦੀ ਮੰਗ ਕੀਤੀ ਗਈ ਹੈ। 'ਸ਼ਹੀਦ ਰੀਜ ਐਜੀਟੇਸ਼ਨ ਦੇ ਸਿਲਸਿਲੇ ਵਿਚ ਬੇਹਦ ਰੁਝੇਵਾਂ ਹੋਣ ਕਰਕੇ ਭਾਵੇਂ ਮੈ ਕੋਈ ਲੰਮਾ ਲੇਖ ਤਾਂ ਲਿਖ ਨਹੀਂ ਸਕਦਾ, ਪਰ ਇਹ ਵੀ ਨਹੀਂ ਕਰ ਸਕਦਾ ਕਿ ਉਸ ਮਹਾਨ ਉਚੇ ਤੇ ਸੁਚੇ ਦੇਸ਼ ਭਗਤ ਤੇ ਸਿਖੀ ਦੇ ਉਧਾਰਕ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਦੀ ਯਾਦ ਵਿਚ ਦੋ ਸ਼ਬਦ ਲਿਖ ਕੇ ਆਪਣੀ ਕਲਮ ਨੂੰ ਪਵਿਤਰ ਨਾ ਕਰਾਂ।

ਸ੍ਰੀ ਬਾਬਾ ਜੀ ਦੀ ਪਵਿਤਰ ਜੀਵਨੀ ਪੜ੍ਹਕੇ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਿਖ ਰਾਜ ਦੇ ਅੰਤ ਪਿਛੋਂ ਸਿਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂ ਪੁਰਸ਼ਾਂ ਵਿਚੋਂ ਆਪ ਸ਼ਰੋਮਣੀ ਹੋਏ ਹਨ। ਸਿਖਾਂ ਦੀ ਖੇਰੂੰ ਖੇਰੂੰ ਹੋਈ ਜਥੇਬੰਦੀ ਨੂੰ ਨਵੇਂ ਸਿਰੇ ਕਾਇਮ ਕਰਨ ਦਾ ਖਿਆਲ ਪਹਿਲੀ ਵਾਰ ਆਪ ਦੇ ਦਿਲ ਵਿਚ ਹੀ ਪੈਦਾ ਹੋਇਆ ਸੀ ਤੇ ਉਹ ਸਾਰੀਆਂ ਬੁਰਿਆਈਆਂ ਜੋ ਸਿਖਾਂ ਨੂੰ ਡੂੰਘੇ ਟੋਏ ਵਿਚ ਸੁਟਣ ਦਾ ਕਾਰਨ ਬਣੀਆਂ ਸਨ, ਉਹਨਾਂ ਨੂੰ ਦੂਰ ਕਰਨ ਦੀ ਵਿਉਂਤ ਵੀ ਆਪ ਨੇ ਹੀ ਸੋਚੀ ਸੀ।

ਆਪ ਨੇ ਸਭ ਤੋਂ ਪਹਿਲਾਂ ਸਿਖਾਂ ਨੂੰ ਭੁਲੀ ਹੋਈ ਸਿਖੀ ਦਾ ਚੇਤਾ ਕਰਾਇਆ ਤੇ ਨਾਮ, ਬਾਣੀ ਦਾ ਲੜ ਜੋ ਉਹਨਾਂ ਦੇ ਹਥੋਂ ਛੁਟ ਚੁਕਾ ਸੀ, ਬੜੇ ਪਿਆਰ ਨਾਲ ਉਹਨਾਂ ਦੇ ਹਥਾਂ ਵਿਚ ਦਿਤਾ। ਜਿਸ ਵੇਲੇ ਸਿਖਾਂ ਨੂੰ ਸਿਖੀ ਦਾ ਰੰਗ ਚੜ੍ਹਿਆ, ਉਹਨਾਂ ਦੀ ਅਣਖ ਅਤੇ ਬੀਰਤਾ ਨੇ ਹੁਲਾਰਾ ਖਾਧਾ ਅਤੇ ਉਹ ਸਾਰੇ ਦੇ ਸਾਰੇ ਦੇਸ਼ ਨੂੰ ਆਜ਼ਾਦ ਕਰਨ ਦਾ ਸੁਫਨਾ ਵੇਖਣ ਲਗ ਪਏ। ਜਥੇਬੰਦੀ ਨੂੰ ਵਧੇਰੇ ਮਜ਼ਬੂਤ ਕਰਨ ਲਈ ਪੰਜਾਬ ਨੂੰ ਅਡੋ ਅਡ ਸੂਬਿਆਂ ਵਿਚ ਵੰਡਿਆ ਗਿਆ ਤੇ ਹਰ ਸੂਬੇ ਦਾ ਅਡ ਸੂਬਾ ਮੁਕਰਰ ਕਰਕੇ ਤਾਕੀਦ ਕੀਤੀ ਗਈ ਕਿ ਸਿਖ ਆਪਣੇ ਫੈਸਲੇ ਆਪੋ ਆਪਣੇ ਸੂਬਿਆਂ ਪਾਸੋਂ ਕਰਵਾਇਆ ਕਰਨ। ਇਹ ਗਲ ਠੀਕ ਹੈ ਕਿ ਕਈਆਂ ਕਾਰਨਾਂ ਕਰਕੇ ਸ੍ਰੀ ਬਾਂਬਾ ਜੀ ਦਾ ਪਵਿਤਰ ਮਿਸ਼ਨ ਪਰਵਾਨ ਨਾ ਚੜ੍ਹ ਸਕਿਆ, ਪਰ ਇਸ ਗਲ ਤੋਂ ਕੋਈ ਇਨਕਾਰ ਨਹੀ ਕਰ ਸਕਦਾ ਕਿ ਉਹਨਾਂ ਨੇ ਸਿਖਾਂ ਵਿਚ ਗੁਰਮਤਿ ਨੂੰ ਪਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁਧ ਨਾ-ਮਿਲਵਰਤਨ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ।

ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਵੇਖਣ ਦੇ ਅਪਰਾਧ ਵਿਚ, ਆਪ ਆਪਣੇ ਕਈ ਮਸ਼ਹੂਰ ਸੂਬਿਆਂ ਸਣੇ ਜਲਾਵਤਨ ਕਰਕੇ ਨਜ਼ਰਬੰਦ ਕਰ ਦਿਤੇ ਗਏ ਅਤੇ ਸਿਖ ਕਿ ਜਿਹਨਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਹਨਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸਵਾਰਥ ਵਸ ਹੋ ਕੇ ਆਪ ਨੂੰ ਉਕਾ ਹੀ ਵਿਸਾਰ ਗਏ।

ਜਿਵੇਂ ੧੯੧੪-੧੫ ਦੇ ਦੇਸ਼ ਭਗਤਾਂ ਨੂੰ ਅਸਿਖ ਕਹਿਕੇ ਵਧ ਤੋਂ ਵਧ ਸਜ਼ਾਵਾਂ ਦਿਵਾਣ ਵਾਲਿਆਂ ਨੇ ਆਪਣੇ ਦੇਸ਼ ਨਾਲ ਭਾਰੀ ਪਾਪ ਕੀਤਾ ਸੀ, ਇਸੇ ਤਰ੍ਹਾਂ ਸ੍ਰੀ ਬਾਬਾ ਜੀ ਦੀ ਚਲਾਈ ਹੋਈ ਨਾਮਧਾਰੀ ਲਹਿਰ ਨੂੰ ਤਬਾਹ ਕਰਨ ਦੀ ਜ਼ਿਮੇਵਾਰੀ ਵੀ ਅਜੇਹੇ ਲੋਕਾਂ ਦੇ ਸਿਰਾਂ ਪਰ ਹੀ ਸੀ, ਜੋ ਬਾਬਾ ਜੀ ਦੇ ਅਸਲ ਨਸ਼ਾਨੇ ਨੂੰ ਨਹੀਂ ਸਮਝਦੇ ਸਨ ਤੇ ਜਿਨ੍ਹਾਂ ਦੀਆਂ ਅਖਾਂ ਅਗੇ ਸਵਾਰਥ ਦੀ ਮੋਟੀ ਚਰਬੀ ਆਈ ਹੋਈ ਸੀ।

ਅੱਜ ਅਸੀਂ ਰਲ ਮਿਲ ਕੇ ਉਸ ਪਾਵਨ ਆਤਮਾ ਤੇ ਸਚੇ ਦੇਸ਼ ਭਗਤ ਦੀ ਯਾਦ ਮਨਾ ਰਹੇ ਹਾਂ, ਅਜ ਹਰ ਸਿਆਣਾ ਸਿਖ ਮਹਿਸੂਸ ਕਰ ਰਿਹਾ ਹੈ ਕਿ ਉਸ ਪਿਆਰੇ ਨੇ ਜੋ ਕੁਝ ਕੀਤਾ ਸੀ, ਸਿਖੀ ਨੂੰ ਸਿਰ ਖੁਦ ਕਰਨ ਲਈ ਕੀਤਾ ਸੀ। ਅਜ ਸਾਡੇ ਵਿਚ ਉਹ ਪਹਿਲੀ ਨਫਰਤ ਨਹੀਂ, ਅਜ ਅਸੀ ਆਪੋ ਵਿਚ ਜੁੜ ਮਿਲ ਕੇ ਬੈਠਣ ਲਈ ਤਿਆਰ ਹਾਂ ਅਤੇ ਉਹ ਸਮਾਂ ਚਲਾ ਗਿਆ ਹੈ, ਜਦ ਸਾਡੇ ਕੰਨ ਸ੍ਰੀ ਬਾਬਾ ਜੀ ਦਾ ਨਾਮ ਸੁਣਨੋ ਵੀ ਸੰਗਦੇ ਸਨ। ਮੈਂ ਸ੍ਰੀ ਬਾਬਾਂ ਜੀ ਨੂੰ ਉਸੇ ਤਰ੍ਹਾਂ ਹੀ ਆਪਣਾ ਸਮਝਦਾ ਹਾਂ, ਜਿਸ ਤਰ੍ਹਾਂ ਮੇਰੇ ਨਾਮਧਾਰੀ ਵੀਰ ਉਹਨਾਂ ਨੂੰ ਆਪਣਾ ਸਮਝਦੇ ਹਨ। ਉਹ ਉਹਨਾਂ ਨੂੰ ਸਤਿਗੁਰੂ ਕਹਿਕੇ ਸਨਮਾਨਦੇ ਹਨ ਤੇ ਮੈਂ ਉਹਨਾਂ ਨੂੰ ਪਰਮ ਪੂਜਯ ਬਾਬਾ ਜੀ ਕਹਿੰਦਾ ਹਾਂ। ਕਹਿਣ ਵਿਚ ਥੋੜਾ ਜਿਹਾ ਫਰਕ ਹੈ, ਸਤਿਕਾਰ ਵਿਚ ਕੋਈ ਫਰਕ ਨਹੀਂ। ਮੈਂ ਚਾਹੁੰਦਾ ਹਾਂ ਕਿ ਆਪ ਦੇ ਪੁਰਬ ਨੂੰ ਸਾਰਾ ਪੰਥ ਮਿਲ ਕੇ ਮਨਾਇਆ ਕਰੇ ਤੇ ਉਹ ਉਪਕਾਰ ਜੋ ਆਪ ਨੇ ਸਾਡੇ ਉਪਰ ਕੀਤੇ ਹਨ, ਉਹਨਾਂ ਨੂੰ ਯਾਦ ਕਰਕੇ ਅਸੀਂ ਉਹਨਾਂ ਪੂਰਨਿਆਂ ਤੇ ਤੁਰਨ ਦਾ ਜਤਨ ਕੀਤਾ ਕਰੀਏ ਜੋ ਆਪ ਪਾ ਗਏ ਹਨ। ਅੰਤ ਵਿਚ ਮੈਂ ਆਪਣੇ ਨਾਮਧਾਰੀ ਵੀਰਾਂ ਨੂੰ ਆਪ ਦੇ ਜਨਮ ਗੁਰਪੁਰਬ ਦੀ ਲਖ ਲਖ ਵਧਾਈ ਦਿੰਦਾ ਹਾਂ।

ਭੈਣੀ ਸਾਹਿਬ ਦੀ ਜਵਾਲਾ

ਸੰਤੋਖ ਸਿੰਘ ਧੀਰ

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਟੁੱਟ ਚੁੱਕਾ ਸੀ। ਪੰਜਾਬ ਉਤੇ ਅੰਗਰੇਜ਼ ਦਾ ਤਸੱਲਤ ਕਾਇਮ ਹੋ ਗਿਆ ਸੀ।

ਪੰਜਾਬ ਦੇ ਸਿੱਖ ਸਰਦਾਰਾਂ ਵਿਚ ਤੇ, ਆਮ ਜਨਤਾ ਵਿਚ ਵੀ, ਨਿਰਾਸ਼ਤਾ ਛਾਈ ਹੋਈ ਸੀ। ਕਿਥੇ ਤਾਂ ਆਪਣਾ ਰਾਜ ਸੀ, ਕਿਥੇ ਹੁਣ ਬਦੇਸ਼ੀ ਰਾਜ। ਪੰਜਾਬ ਬੜੀ ਹੀਣਤਾ ਭਰੀ ਦਸ਼ਾ ਵਿਚੋਂ ਲੰਘ ਰਿਹਾ ਸੀ। ਪਰ ਕੋਈ ਚਾਰਾ ਵੀ ਨਹੀਂ ਸੀ। ਅੰਧਕਾਰ ਵਿਚ, ਕਿਸੇ ਪਾਸੇ, ਕਿਰਨ ਦਾ ਇਕ ਟੋਟਾ ਜਿਹਾ ਵੀ ਨਜ਼ਰ ਨਹੀਂ ਆ ਰਿਹਾ ਸੀ। ਅਧੋਗਤੀ ਦੀ ਹਾਲਤ ਸੀ।

ਇਹੋ ਜਿਹੀ ਦਸ਼ਾ ਵਿਚ, ਪੰਜਾਬ ਦੇ ਆਕਾਸ਼ ਉਤੇ, ਸੂਰਜ ਦੀ ਇਕ ਨਿੱਕੀ ਜਿਹੀ ਨੁੱਕਰ ਦਾ ਲਿਸ਼ਕਾਰਾ ਪਿਆ। ਇਹ ਸ੍ਰੀ ਸਤਿਗੁਰੂ ਰਾਮ ਸਿੰਘ ਸਨ ਜੋ ਇਹਨਾਂ ਘਣੇ ਹਨੇਰਿਆਂ ਉਤੇ ਸੂਰਜ ਵਾਂਗ ਹੀ ਉਦੈ ਹੋਏ।

ਮਹਾਰਾਜਾ ਰਣਜੀਤ ਸਿੰਘ ਦੀ ਨੌਨਿਹਾਲ ਰੈਜਮੈਂਟ ਵਿਚ ਰਾਮ ਸਿੰਘ ਨਾਂ ਦਾ ਇਕ ਨੌਜਵਾਨ ਸਿਪਾਹੀ ਸੀ ਜੋ ਲੁਧਿਆਣੇ ਤੋਂ ਥੋੜੀ ਦੂਰ, ਪੂਰਬ ਵੱਲ ਨੂੰ, ਭੈਣੀ ਲਾਗੇ, ਅਰਾਈਆਂ ਨਾਂ ਦੇ ਪਿੰਡ ਦਾ ਸੀ। ਇਕ ਗ਼ਰੀਬ ਕਿਰਤੀ ਦੇ ਘਰ ਇਸਦਾ ਜਨਮ ਹੋਇਆ ਸੀ। ਜਿਸਦਾ ਨਾਂਅ ਜੱਸਾ ਸਿੰਘ ਤੇ ਮਾਤਾ ਦਾ ਨਾਂਅ ਸੱਦਾਂ ਸੀ। ਰੁਚੀ ਬਾਣੀ ਪੜ੍ਹਨ ਵੱਲ ਤੇ ਨੇਕ ਕੰਮ ਕਰਨ ਵੱਲ ਸੀ। ਵਿਹਲੇ ਸਮੇਂ ਆਪਣੇ ਆਪ ਵਿਚ ਮਗਨ ਰਹਿਣਾ ਤੇ ਸੋਚਣਾ। ਭਗਤੀ-ਭਾਵ ਹੋਣ ਕਾਰਨ, ਸੰਗੀ-ਸਾਥੀ 'ਭਗਤ ਜੀ' ਵੀ ਆਖ ਕੇ ਬੁਲਾਉਂਦੇ ਸਨ। ਸਗੋਂ ਉਹਨਾਂ ਦੀ ਰੈਜਮੈਂਟ ਦਾ ਵੀ, ਉਹਨਾਂ ਕਾਰਨ, "ਭਗਤਾਂ ਵਾਲੀ ਰੈਜਮੈਂਟ' ਨਾਂਅ ਪੈ ਗਿਆ ਸੀ। ਇਹ ਰਾਮ ਸਿੰਘ ਦੇ ਰਹਿਣ-ਸਹਿਣ ਤੇ ਤਪ ਤੇ ਤੇਜ ਦਾ ਕਾਰਨ ਸੀ।

ਨੌਨਿਹਾਲ ਸਿੰਘ ਰੈਜਮੈਂਟ ਨੂੰ ਕਿਸੇ ਸਰਕਾਰੀ ਕਾਰਜ ਲਈ ਪੇਸ਼ਾਵਰ ਵੱਲ ਜਾਣਾ ਪੈ ਗਿਆ। ਰਾਹ ਵਿਚ ਹਜਰੋਂ ਦੇ ਮੁਕਾਮ ਉਤੇ ਇਹ ਰੈਜਮੈਂਟ ਰੁਕੀ। ਇਥੇ ਇਕ ਮਹਾਂਪੁਰਸ਼ ਗੁਰੂ ਬਾਲਕ ਸਿੰਘ ਜੀ ਸਨ। ਰਾਮ ਸਿੰਘ ਤੇ ਕੁਝ ਸਾਥੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਚਲੇ ਗਏ। ਗੁਰੂ ਬਾਲਕ ਸਿੰਘ ਜੀ ਨੇ ਰਾਮ ਸਿੰਘ ਵੱਲ ਦੇਖ ਕੇ ਕਿਹਾ:

"ਰਾਮ ਸਿੰਘ! ਤੇਰਾ ਮਸਤਕ ਬੜਾ ਸੁਛ ਤੇ ਉਜਲਾ ਹੈ। ਪੰਜਾਬ ਨਿੱਘਰ ਚੁੱਕਾ ਹੈ। ਗੁਲਾਮ ਹੈ। ਦਾਸ ਹੈ। ਪੰਜਾਬ ਦੀ ਅਗਵਾਈ ਕਰ। ਨਾ ਅੱਜ ਪੰਜਾਬੀਆਂ ਨੂੰ ਗੁਰੂ ਨਾਨਕ ਯਾਦ ਹੈ, ਨਾ ਗੁਰੂ ਗੋਬਿੰਦ ਸਿੰਘ। ਆਪਾ ਭੁੱਲੀ ਬੈਠੇ ਹਨ। ਜਾਓ, ਦੇਸ਼ਵਾਸੀਆਂ ਨੂੰ ਆਪੇ ਦੀ ਪਹਿਚਾਣ ਕਰਵਾਓ ਤੇ ਨਾਲ ਹੀ ਅੰਗਰੇਜ਼ ਦੀ ਗੁਲਾਮੀ ਵਿੱਰੁਧ ਤਿਆਰ ਕਰੋ। ਰਾਮ ਸਿੰਘ! ਗੁਰੂ ਨੇ ਤੈਨੂੰ ਇਹੋ ਕਾਰਜ ਸੌਂਪਿਆ ਹੈ। ਜਾਓ, ਕਰਤੱਵ ਦਾ ਪਾਲਣ ਕਰੋ।"

ਰਾਮ ਸਿੰਘ ਨੇ ਉਸੇ ਵੇਲੇ ਫ਼ੌਜ ਦੀ ਨੌਕਰੀ ਛੱਡੀ ਤੇ ਆਪਣੇ ਪਿੰਡ ਆ ਗਿਆ। ਗੁਰੂ ਬਾਲਕ ਸਿੰਘ ਦੀ ਗੱਲ ਉਹਨਾਂ ਨੂੰ ਬੜੀ ਹੀ ਠੀਕ ਲੱਗੀ। ਇਹ ਗੱਲ ਕੁਝ ਓਹੀਓ ਸੀ ਜੋ ਉਹਨਾਂ ਨੂੰ ਆਪ ਵੀ ਹਿਰਦੇ ਵਿਚ ਮਹਿਸੂਸ ਹੁੰਦੀ ਰਹਿੰਦੀ ਸੀ। ਸਿੱਖ-ਰਾਜ ਹੀ ਨਹੀਂ ਸੀ ਗਿਆ, ਸਿੱਖ-ਰਹਿਤ-ਮਰਿਆਦਾ ਵੀ ਆਪਣੇ ਪਤਨ ਨੂੰ ਪੁੱਜੀ ਹੋਈ ਸੀ। ਇਕ ਕਾਰਨ ਸਿੱਖ-ਰਾਜ ਦੇ ਚਲੇ ਜਾਣ ਦਾ ਇਹ ਵੀ ਸੀ।

ਦੋ ਮੁੱਖ ਕਾਰਜ ਸਨ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਨੂੰ ਇਸ ਸਮੇਂ ਆਪਣੇ ਅੱਗੇ ਕਰਨ ਵਾਲੇ ਦਿਸਦੇ ਸਨ। ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾਉਣਾ ਤੇ ਸਿੱਖਾਂ ਤੇ ਪੰਜਾਬੀਆਂ ਦੀ ਨੈਤਿਕਤਾ ਨੂੰ ਉੱਚਾ ਚੁੱਕਣਾ। ਉਹਨਾਂ ਆਪਣੇ ਪਿੰਡ ਦੇ ਲਾਗੇ ਭੈਣੀ ਪਿੰਡ ਵਿਚ ਹੱਟੀ ਪਾਈ। ਹੱਟੀ ਉਹਨਾਂ ਨਿਰੀ-ਪੁਰੀ ਰੁਜ਼ਗਾਰ ਲਈ ਨਹੀਂ ਪਾਈ ਸੀ, ਰੋਜ਼ਗਾਰ ਤਾਂ ਉਹ ਫ਼ੌਜ ਵਿਚੋਂ ਮਿਲਿਆ ਛੱਡ ਕੇ ਆਏ ਸਨ ਤੇ ਉਥੇ ਉਹ ਪੂਰੇ ਸਫਲ ਵੀ ਸਨ, ਇਹ ਹੱਟੀ, ਅਸਲ ਵਿਚ, ਉਹਨਾਂ ਦੇ ਅੰਗਰੇਜ਼ ਵਿਰੁੱਧ ਵਿਦ੍ਰੋਹ ਦਾ ਕਾਰਜ-ਕੇਂਦਰ ਸੀ ਜਿਥੋਂ ਉਹਨਾਂ ਅੰਗਰੇਜ਼ ਵਿਰੁੱਧ ਵਿਦ੍ਰੋਹ ਦਾ ਨਾਹਰਾ ਦੇਣਾ ਸੀ। ਅਤੇ ਉਹਨਾਂ ਇਹ ਨਾਹਰਾ ਦਿੱਤਾ।

ਗੁਰੂ ਸਾਹਿਬਾਨ ਤੇ ਉਹਨਾਂ ਦੀ ਸਿੱਖੀ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਪ੍ਰੇਰਨਾ-ਸਰੋਤ ਸਨ। ਆਪਣੇ ਕਾਰਜ ਕਰਨ ਲਈ ਉਹ, ਉਹਨਾਂ ਦੇ ਉੱਚੇ ਜੀਵਨ ਤੇ ਉਹਨਾਂ ਦੀਆਂ ਸਿੱਖਿਆਵਾਂ ਤੋਂ ਹੀ ਰੋਸ਼ਨੀ ਲੈ ਰਹੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਵਿਚ, ਸ੍ਰੀ ਆਨੰਦਪੁਰ ਸਾਹਿਬ ਵਿਖੇ,

ਵਿਸਾਖੀ ਵਾਲੇ ਸ਼ੁਭ ਦਿਹਾੜੇ, ਪੰਜ ਪਿਆਰੇ ਸਾਜੇ ਤੇ ਮੁਗ਼ਲ ਸਾਮਰਾਜ ਵਿਰੁੱਧ ਯੁੱਧ ਦਾ ਨਾਹਰਾ ਦਿੱਤਾ ਸੀ। ਇਕ ਸੌ ਸਤਵੰਜਾ ਵਰ੍ਹੇ ਮਗਰੋਂ, ੧੮੫੭ ਵਿਚ, ਵਿਸਾਖੀ ਦੇ ਹੀ ਸ਼ੁਭ ਦਿਹਾੜੇ, ਸ੍ਰੀ ਭੈਣੀ ਸਾਹਿਬ ਵਿਚੋਂ, ਸ੍ਰੀ ਗੁਰੂ ਰਾਮ ਸਿੰਘ ਨੇ, ਅੰਗਰੇਜ਼ੀ ਸਾਮਰਾਜ ਵਿਰੁੱਧ ਆਵਾਜ਼ ਉੱਚੀ ਕੀਤੀ ਤੇ ਸੰਤ ਖ਼ਾਲਸਾ ਸਾਜਿਆ। ਉਸੇ ਤਰ੍ਹਾਂ ਉਹਨਾਂ ਨੇ ਵੀ ਅੰਮ੍ਰਿਤ ਛਕਾਇਆ ਤੇ ਗੁਰੂ ਸਾਹਿਬਾਨ ਦੇ ਮਾਰਗ ਉਤੇ ਚੱਲਣ ਲਈ ਪ੍ਰੇਰਿਆ। ਸ੍ਰੀ ਗੁਰੂ ਰਾਮ ਸਿੰਘ ਨੇ ਆਪਣੇ ਸਿੱਖਾਂ, ਸੇਵਕਾਂ, ਅਨੁਯਾਈਆਂ ਨੂੰ ਆਦੇਸ਼ ਦਿੱਤਾ:

"ਭਾਈ! ਅੰਗਰੇਜ਼ ਸਾਨੂੰ ਲੁੱਟਣ ਲਈ ਆਇਆ ਹੈ, ਇਹਦੇ ਮੁਲਖ ਦੀ ਬਣੀ ਹੋਈ ਵਸਤ ਨਹੀਂ ਖ਼ਰੀਦਣੀ। ਆਪਣੇ ਘਰ ਦਾ ਕੱਤਿਆ, ਬੁਣਿਆ ਸ਼ੁੱਧ ਖੱਦਰ ਪਹਿਨਣਾ। ਨਿਆਂ ਲਈ ਅੰਗਰੇਜ਼ ਦੀ ਕਚਹਿਰੀ ਨਹੀਂ ਜਾਣਾ, ਆਪਣੇ ਫ਼ੈਸਲੇ ਆਪ ਕਰਨੇ। ਨਹੀਂ ਤਾਂ ਸਾਡੇ ਕੋਲ ਆਉਣਾ। ਆਪਣੀ ਵਿੱਦਿਆ ਪੜ੍ਹਨੀ ਹੈ, ਇਹਦੀ ਵਿੱਦਿਆ ਨਹੀਂ ਪੜ੍ਹਨੀ। ਇਹ ਸਾਨੂੰ ਤਨੋਂ-ਮਨੋਂ ਅਧੀਨ ਕਰਨਾ ਚਾਹੁੰਦਾ ਹੈ। ਆਪਣੀ ਭਾਖਾ ਪੜ੍ਹਨੀ ਹੈ, ਗੁਰਮੁਖੀ, ਪੰਜਾਬੀ। ਚਿੱਠੀ ਲਈ ਇਹਦੇ ਡਾਕਖ਼ਾਨੇ ਨਹੀਂ ਜਾਣਾ, ਆਪ ਸੁਨੇਹੇ ਭੇਜਣੇ। ਰੇਲ ਨਹੀਂ ਚੜ੍ਹਨਾ, ਨਿਸ਼ੰਗ ਸਾਨੂੰ ਲੰਮੇ-ਲੰਮੇ ਪੈਦਲ ਪੈਂਡੇ ਮਾਰਨੇ ਪੈਣ। ਅੰਗਰੇਜ਼ ਸਾਡਾ ਵੈਰੀ ਹੈ। ਸਾਡੀ ਇਕ ਵੀ ਕੌਡੀ ਅੰਗਰੇਜ਼ ਦੇ ਖ਼ਜ਼ਾਨੇ ਵਿਚ ਪੈਣੀ ਨਹੀਂ ਚਾਹੀਦੀ। ਇਹਦੀ ਨੌਕਰੀ ਨਹੀਂ ਕਰਨੀ। ਤੋੜ-ਵਿਛੋੜਾ ਰੱਖਣਾ ਹੈ। ਅੱਧੀ ਰਾਤ ਉਠੋ, ਸਣ-ਕੇਸੀ ਅਸ਼ਨਾਨ ਕਰੋ, ਗੁਰੂ-ਗੁਰੂ ਜਪੋ। ਕੁੜੀ ਨਹੀਂ ਮਾਰਨੀ, ਨਾ ਕੁੜੀ ਵੇਚਣੀ, ਕੁੜੀ-ਮਾਰ, ਕੁੜੀ-ਵੇਚ ਸਾਡਾ ਸਿੱਖ ਨਹੀਂ ਹੋਵੇਗਾ।"

"ਹੋਰ ਭਾਈ! ਸ਼ਰਾਬ ਨਹੀਂ ਪੀਣੀ, ਮਾਸ ਨਹੀਂ ਖਾਣਾ, ਸਾਰੇ ਨਸ਼ੇ ਛੱਡਣੇ ਹਨ। ਦੁੱਧ ਪੀਓ, ਘੀ ਖਾਓ।" ਇਹ ਸਵਦੇਸ਼ੀ ਲਹਿਰ ਸੀ ਜੋ ਅੱਜਕਲ੍ਹ ਮਹਾਤਮਾ ਗਾਂਧੀ ਜੀ ਦੇ ਨਾਂ ਨਾਲ ਜੁੜੀ ਹੋਈ ਹੈ। ਪਰ ਇਸਦੇ ਸਭ ਤੋਂ ਪਹਿਲੇ ਸਿਰਜਕ ਸ੍ਰੀ ਸਤਿਗੁਰੂ ਰਾਮ ਸਿੰਘ ਸਨ। ਜੇ ਮਹਾਤਮਾ ਗਾਂਧੀ ਸਾਡੇ ਰਾਸ਼ਟਰ ਦੇ ਪਿਤਾ ਹਨ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਾਸ਼ਟਰ ਦੇ ਪਿਤਾਮਾ ਹਨ। ਰਾਸ਼ਟਰ ਨੂੰ ਉਹਨਾਂ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ।

ਦੇਸ਼ ਵਿਚ ੧੮੫੭ ਦਾ ਗ਼ਦਰ ਸ਼ੁਰੂ ਸੀ ਜਿਸਨੂੰ, ਅੰਗਰੇਜ਼ਾਂ ਵਿਰੁੱਧ, ਹਿੰਦੋਸਤਾਨ ਦੀ ਪਹਿਲੀ ਜੰਗੇ-ਆਜ਼ਾਦੀ ਵੀ ਆਖਿਆ ਜਾਂਦਾ ਹੈ। ਕਿਤੇ, ਮਰਦਾਵੀਂ ਪੱਗ ਬੰਨ੍ਹਕੇ, ਘੋੜੇ ਉਤੇ ਬੈਠੀ ਹੋਈ, ਰਾਣੀ ਝਾਂਸੀ ਲਕਸ਼ਮੀ ਬਾਈ ਤੇਗ਼ਾਂ ਮਾਰ ਰਹੀ ਸੀ, ਕਿਤੇ ਹੋਰ ਰਾਜੇ-ਰਾਣੇ ਆਪਣੀਆਂ ਰਿਆਸਤਾਂ ਦੀ ਰਾਖੀ ਲਈ ਲੜ ਰਹੇ ਸਨ ਤੇ ਕਿਤੇ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਜ਼ਫ਼ਰ ਨੂੰ ਅੰਗਰੇਜ਼ ਦੀ ਤਲਵਾਰ ਤੋਂ ਬਚਾਉਣ ਦੇ ਯਤਨ ਹੋ ਰਹੇ ਸਨ। ਪਰ, ਪੰਜਾਬ ਦੇ ਸਾਰੇ ਰਾਜੇ ਇਸ ਆਜ਼ਾਦੀ ਦੀ ਜੰਗ ਤੋਂ ਨਿਰਲੇਪ ਹੋਏ ਬੈਠੇ ਸਨ ਤੇ ਸਗੋਂ ਕਈ ਅੰਗਰੇਜ਼ ਦੇ ਹੀ ਮਿੱਤਰ ਬਣੇ ਹੋਏ ਸਨ। ਅਜਿਹੇ ਵਿਚ ਪੰਜਾਬ ਦੀ ਅਣਖ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਮਾਧਿਅਮ ਰਾਹੀਂ ਜਾਗੀ ਤੇ ਓੜਕ ਇਕ ਜਵਾਲਾ ਬਣਕੇ ਲਟ ਲਟ ਬਲਦੀ ਨਜ਼ਰ ਆਈ। ਇਸ ਅੱਗ ਦਾ ਸੇਕ ਲੰਦਨ ਦੇ ਮਹਿਲਾਂ ਤਕ ਜਾ ਪੁੱਜਾ ਸੀ ਤੇ ਬ੍ਰਿਟਿਸ਼ ਤਾਜ ਨੂੰ ਇਸ ਸੇਕ ਨਾਲ ਮੁੜ੍ਹਕਾ ਆਉਣ ਲੱਗ ਪਿਆ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਨੂੰ "ਨਾਮਧਾਰੀ" ਵੀ ਕਹਿੰਦੇ ਸਨ ਤੇ ਰਾਮ ਸਿੰਘ "ਕੂਕਾ" ਵੀ। ਨਾਮਧਾਰੀ ਇਸ ਲਈ ਕਿ ਉਹਨਾਂ ਨੇ ਨਾਮ ਧਾਰਿਆ – ਸੱਚਾ ਨਾਮ ਧਾਰਿਆ ਅਤੇ ਕੂਕਾ ਇਸ ਲਈ ਕਿ ਉਹਨਾਂ ਨੇ ਅੰਗਰੇਜ਼ ਵਿਰੁੱਧ, ੧੮੫੭ ਵਿਚ, ਭੈਣੀ ਸਾਹਿਬ ਤੋਂ ਜਾਗ੍ਰਤ ਦੀ ਪਹਿਲੀ ਕੂਕ ਮਾਰੀ ਸੀ। ਜਿਸ ਸਮੇਂ ਸਾਰਾ ਪੰਜਾਬ ਘੂਕ ਸੁੱਤਾ ਪਿਆ ਸੀ, ਨਿਰਾਸਤਾ ਦੀ ਨੀਂਦਰ ਵਿਚ, ਉਦੋਂ ਉਨ੍ਹਾਂ ਕੂਕ-ਕੂਕ ਪੰਜਾਬ ਨੂੰ ਜਗਾਇਆ ਸੀ "ਉਠੋ! ਜਾਗੋ!! ਨੀਂਦਰਾਂ ਤਿਆਗੋ!!!" –ਪਰ ਆਮ ਲੋਕ ਇਸ ਕਾਰਨ ਉਹਨਾਂ ਨੂੰ ਕੂਕਾ ਕਹਿੰਦੇ ਸਨ ਕਿ ਉਹਨਾਂ ਦੇ ਨਾਮਧਰੀ ਸਿੱਖ ਸ਼ਬਦ ਪੜ੍ਹਨ ਵੇਲੇ ਨਾਲ ਵੈਰਾਗਮਈ ਕੂਕਾਂ ਵੀ ਮਾਰਦੇ। ਪਰ ਅਸਲ ਗੱਲ ਪੰਜਾਬੀਆਂ ਨੂੰ ਨੀਂਦ ਤੋਂ ਜਗਾਉਣ ਵਾਲੀ ਪਹਿਲੀ ਕੂਕ ਵਾਲੀ ਹੀ ਹੈ ਜੋ ਵੱਡੇ ਅਰਥਾਂ ਵਾਲੀ ਹੈ।

ਪੰਜਾਬ ਵਿਚ ਨਾਮਧਾਰੀ ਲਹਿਰ ਪ੍ਰਫੁੱਲਤ ਹੋਣ ਲੱਗੀ। ਅੰਗਰੇਜ਼ ਨੂੰ ਇਸ ਲਹਿਰ ਨਾਲ ਜ਼ਬਰਦਸਤ ਧੱਕਾ ਲੱਗਾ। ਉਸਦਾ ਤਖ਼ਤ ਡੋਲਣ ਲੱਗਾ। ਉਹਨੂੰ ਸਤਿਗੁਰੂ ਰਾਮ ਸਿੰਘ ਵਿਚ ਇਕ ਵਿਦ੍ਰੋਹੀ ਨਜ਼ਰ ਆਇਆ। ਅੰਗਰੇਜ਼ ਇਸ ਵਿਦ੍ਰੋਹੀ ਦਾ ਕੋਈ ਬਾਨ੍ਹਣੂੰ ਬੰਨ੍ਹਣਾ ਚਾਹੁੰਦਾ ਸੀ।

ਉਚ ਅੰਗਰੇਜ਼ ਅਫ਼ਸਰਾਂ ਵਿਚ ਮਸ਼ਵਰੇ ਹੋ ਰਹੇ ਸਨ:

"ਕੀ ਕੀਤਾ ਜਾਵੇ ਇਸ ਰਾਮ ਸਿੰਘ ਕੂਕੇ ਦਾ? ਇਹ ਤਾਂ ਬਹੁਤ ਖ਼ਤਰਨਾਕ ਸਾਬਿਤ ਹੁੰਦਾ ਜਾ ਰਿਹਾ ਹੈ! ਕਈ ਬਾਹਰਲੇ ਮੁਲਕਾਂ ਨਾਲ ਸਬੰਧ ਜੋੜ ਰਿਹਾ ਹੈ–ਰੂਸ ਨਾਲ, ਨੇਪਾਲ ਨਾਲ, ਕਸ਼ਮੀਰ, ਅਫ਼ਗਾਨਿਸਤਾਨ ਨਾਲ। ਸੁਣਿਆ ਹੈ, ਕਸ਼ਮੀਰ ਵਿਚ ਇਕ ਕੂਕਾ ਰੈਜਮੈਂਟ ਵੀ ਇਹਨੇ ਤਿਆਰ ਕਰ ਲਈ ਹੈ। ਇਹ ਤਾਂ ਬ੍ਰਿਟਿਸ਼ ਤਾਜ ਲਈ ਇਕ ਬਹੁਤ ਵੱਡਾ ਚੈਲੰਜ ਹੈ!"

"ਕਹਿੰਦਾ ਹੈ ਕਿ ਸਾਡੇ ਮਾਲ ਤੇ ਸਾਡੀ ਹਰ ਸੰਸਥਾ ਦਾ ਬਾਈਕਾਟ ਕੀਤਾ ਜਾਵੇ। "ਸਵਦੇਸ਼ੀ-ਸਵਦੇਸ਼ੀ" ਕਹਿ ਰਿਹਾ ਹੈ।"

"ਇਹ ਤਾਂ ਇਕ ਪ੍ਰਾਬਲਮ ਏ। ਬੜੀ ਵੱਡੀ ਪ੍ਰਾਬਲਮ!!

ਕੁਝ ਕਰੋ, ਕਿਵੇਂ ਕਰੋ, ਇਸ ਬਲੱਡੀ ਮੂਵਮੈਂਟ ਨੂੰ ਕੁਚਲ ਦੇਣਾ ਚਾਹੀਦਾ ਹੈ। ਇਹ ਬੜੀ ਹਾਨੀਕਾਰਕ ਹੈ। ਇਸਦਾ ਸਿਰ ਫੇਹਿਆ ਜਾਵੇ।"

ਅੰਗਰੇਜ਼ ਵਲੋਂ ਪੰਜਾਬ ਵਿਚ, ਰਾਏਕੋਟ, ਮਾਲੇਰਕੋਟਲੇ ਤੇ ਅੰਮ੍ਰਿਤਸਰ ਆਦਿ ਵਿਚ ਬੁੱਚੜਖਾਨੇ ਖੋਲ੍ਹੇ ਗਏ। ਸਿੱਖੀ ਵਿਚ ਗਊ-ਗਰੀਬ ਦੀ ਰੱਖਿਆ ਦਾ ਆਦੇਸ਼ ਵੀ ਹੈ। ਜਿਸ ਦੇਸ਼ ਦੀ ਧਰਤੀ ਬਲਦ ਦੇ ਸਿੰਙ ਉਤੇ ਟਿਕੀ ਹੋਵੇ ਤੇ ਗਊ ਦੀ ਉਹ "ਗਊ ਮਾਤਾ" ਆਖਕੇ ਪੂਜਾ ਕਰਦਾ ਹੋਵੇ, ਉਸ ਦੇਸ਼ ਵਿਚ ਬੁੱਚੜਖਾਨੇ ਕਿਵੇਂ ਸਹਿਣ ਹੋ ਸਕਦੇ ਸਨ? ਅੰਮ੍ਰਿਤਸਰ ਦਾ ਬੁੱਚੜਖਾਨਾ ਖੋਲ੍ਹਿਆ ਵੀ ਗਿਆ ਫੇਰ ਦਰਬਾਰ ਸਾਹਿਬ ਦੇ ਨੇੜੇ ਹੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੂੰ ਗੁੱਸਾ ਆ ਗਿਆ। ਬੁੱਚੜਾਂ ਨੂੰ ਰੋਕਿਆ। ਇਸ ਗੱਲੋਂ ਬੁੱਚੜਾਂ ਨਾਲ ਹਿੰਸਕ ਟਾਕਰੇ ਹੋ ਗਏ। ਕਈ ਬੁੱਚੜ ਮਾਰੇ ਗਏ ਤੇ ਨਾਮਧਾਰੀ ਵੀ ਮਾਰੇ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਿੰਸਕ ਮੁੱਠਭੇੜਾਂ ਨਾਲ ਉੱਕਾ ਸਹਿਮਤ ਨਹੀਂ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਾਂਤਮਈ ਦੇ ਧਾਰਨੀ ਸਨ। ਅੰਗਰੇਜ਼ ਅਤੇ ਬੁੱਚੜਾਂ ਵਲੋਂ ਭੜਕਾਹਟਾਂ ਦੇ ਬਾਵਜੂਦ, ਉਹ ਕਹਿੰਦੇ ਸਨ ਕਿ ਉਹਨਾਂ ਦੇ ਸਿੱਖ ਆਪ ਭੜਕਾਹਟਾਂ ਵਿਚ ਨਾ ਆਉਣ। ਤਾਂ ਵੀ ਉਹਨਾਂ ਦੇ ਕੁਝ ਸਿੱਖ ਭੜਕਾਹਟਾਂ ਵਿਚ ਆ ਹੀ ਗਏ ਤੇ ਖ਼ੂਨੀ ਟਾਕਰੇ ਹੋ ਗਏ। ਗੁਰੂ ਰਾਮ ਸਿੰਘ ਜੀ ਨੂੰ ਇਸਦੀ ਬਹੁਤ ਚਿੰਤਾ ਹੋਈ। ਗੱਲ ਉਲਟ ਹੋ ਗਈ ਸੀ। ਅੰਗਰੇਜ਼ ਨੂੰ ਇਸ ਲਹਿਰ ਉਤੇ ਜ਼ਬਰ ਢਾਹੁਣ ਤੇ ਕੁਚਲ ਦੇਣ ਦਾ ਪੂਰਾ-ਪਰਾ ਬਹਾਨਾ ਮਿਲਿਆ।

ਲਹਿਰ ਨੂੰ ਕਾਇਮ ਰੱਖਣ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਲੁਧਿਆਣੇ ਪਹੁੰਚੇ ਤੇ ਕੋਤਵਾਲੀ ਖ਼ਬਰ ਦਿੱਤੀ: "ਸਾਡੇ ਕੁਝ ਜੋਸ਼ੀਲੇ ਸਿੱਖ ਸਾਡੇ ਕਹਿਣਿਓਂ ਬਾਹਰ ਹਨ ਤੇ ਬੁੱਚੜਾਂ ਵਿਰੁੱਧ ਕਈ ਪਾਸੇ ਵੱਲ ਚਾਲੇ ਪਾ ਚੁੱਕੇ ਹਨ, ਇਸ ਲਈ ਸਰਕਾਰ ਆਪਣੀ ਯੋਗ ਕਾਰਵਾਈ ਕਰੇ। ਅਸੀਂ ਆਪ ਪੂਰੀ ਤਰ੍ਹਾਂ ਅਹਿੰਸਾ ਦੇ ਵਿਸ਼ਵਾਸੀ ਹਾਂ। ਅਸੀਂ ਨਹੀਂ ਚਾਹੁੰਦੇ ਕਿ ਖ਼ੂਨੀ ਮੁੱਠਭੇੜਾਂ ਹੋਣ।" ਪਰ, ਸਰਕਾਰ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਦੀਆਂ ਇਹਨਾਂ ਗੱਲਾਂ ਨਾਲ ਕੋਈ ਵੀ ਮਤਲਬ ਨਹੀਂ ਸੀ। ਸਰਕਾਰ ਲਈ ਤਾਂ ਬਿੱਲੀ ਦੇ ਭਾਗੀਂ ਮਸੀ ਛਿੱਕਾ ਟੁੱਟਿਆ ਸੀ।

ਜੋਸ਼ ਵਿਚ ਅੰਨ੍ਹੇ ਹੋਏ, ਉਹਨਾਂ ਆਪਣੇ ਸਿੱਖਾਂ ਨੂੰ ਵੀ ਰੋਕਣ ਦਾ ਬੜਾ ਯਤਨ ਕੀਤਾ: "ਖ਼ਾਲਸਾ ਜੀ, ਕਾਹਲ ਨਾ ਕਰੋ। ਅਜੇ ਸਮਾਂ ਨਹੀਂ ਹੈ। ਜਥੇਬੰਦੀ ਕਮਜ਼ੋਰ ਹੈ।" ਪਰ ਸਿੱਖ ਮੰਨੇ ਨਹੀਂ ਸਨ: "ਸੱਚੇ ਪਾਤਸ਼ਾਹ, ਅਸੀਂ ਤਾਂ ਹੁਣ ਅਰਦਾਸਾ ਸੋਧ ਚੁੱਕੇ ਹਾਂ। ਅਸੀਂ ਨਹੀਂ ਰੁਕਾਂਗੇ।" ਗੁਰੂ ਬੇਵਸ ਹੋ ਗਏ।

ਸ੍ਰੀ ਗੁਰੂ ਰਾਮ ਸਿੰਘ, ਜੋ ਦੇਵਤਾ-ਸਰੂਪ ਸਨ ਤੇ ਇਹਨਾਂ ਖ਼ੂਨੀ ਮੁੱਠਭੇੜਾਂ ਲਈ ਉੱਕਾ ਬੇਕਸੂਰ ਸਨ, ਫਰੰਗੀ ਦੀ ਸਰਕਾਰ ਦੇ ਅਤਾਬ ਦਾ ਨਿਸ਼ਾਨਾ ਬਣੇ। ਕਈ ਨਾਮਧਾਰੀ ਸਿੰਘਾਂ ਨੂੰ ਫ਼ਾਂਸੀ ਉਤੇ ਚਾੜ੍ਹਿਆ ਤੇ ਤੋਪਾਂ ਨਾਲ ਉਡਾਇਆ ਗਿਆ। ਸ੍ਰੀ ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨ ਕਰ ਦਿੱਤਾ ਗਿਆ ਤੇ ਉਹਨਾਂ ਨੂੰ ਆਪਣੀ ਮਾਤ-ਭੂਮੀ ਤੇ ਲੋਕਾਂ ਤੋਂ ਨਿਖੇੜਿਆ ਗਿਆ। ਜੇ ਉਹ ਲੋਕਾਂ ਵਿਚ ਰਹਿੰਦੇ ਸਨ ਤਾਂ ਇਸ ਲਹਿਰ ਨੇ ਹੋਰ ਵੀ ਬਲਵਾਨ ਹੁੰਦੇ ਜਾਣਾ ਸੀ। ਉਹਨਾਂ ਨੂੰ ਵਤਨੋਂ ਦੂਰ ਰੰਗੂਨ ਭੇਜਿਆ ਗਿਆ ਸੀ ਤੇ ਫੇਰ ਮਗਰੋਂ ਮਰਗੋਈ ਟਾਪੂ।

ਸ੍ਰੀ ਸਤਿਗੁਰੂ ਰਾਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਭੈਣੀ ਸਾਹਿਬ ਤੋਂ ਗੱਡੇ ਵਿਚ, ਲੁਧਿਆਣੇ ਲੈ ਜਾਇਆ ਗਿਆ। ਲੁਧਿਆਣੇ ਤੋਂ, ਰੇਲ ਰਾਹੀ ਅਲਾਹਾਬਾਦ-ਪ੍ਰਯਾਗਰਾਜ ਕਿਲੇ ਵਿਚ ਬੰਦ ਰੱਖਣ ਮਗਰੋਂ ਕਲਕੱਤੇ ਭੇਜ ਦਿੱਤਾ ਗਿਆ ਤੇ ਫੇਰ ਅਗੋਂ ਪਾਣੀ ਦੇ ਜਹਾਜ਼ ਰਾਹੀਂ ਰੰਗੂਨ। ਭਾਵੇਂ ਸਖ਼ਤੀ ਬਹੁਤ ਸੀ, ਪਰ ਕੁਝ ਸਿੱਖ ਰੰਗੂਨ ਜਾ-ਜਾ ਉਹਨਾਂ ਨੂੰ ਮਿਲਦੇ ਰਹਿੰਦੇ ਤੇ ਉਹਨਾਂ ਤੋਂ ਹੁਕਮਨਾਮੇ ਆਦਿ ਪ੍ਰਾਪਤ ਕਰਦੇ ਰਹਿੰਦੇ ਸਨ। ਇਹ ਦੇਖ, ਉਹਨਾਂ ਨੂੰ ਮਰਗੋਈ ਟਾਪੂ ਭੇਜਿਆ ਗਿਆ ਤਾਂ ਜੁ ਉਹ ਪੰਜਾਬ ਨਾਲ ਤੇ ਆਪਣੀ ਸਿਰਜੀ ਲਹਿਰ ਨਾਲ ਕੋਈ ਸੰਪਰਕ ਨਾ ਰੱਖ ਸਕਣ। ਉਹਨਾਂ ਨੂੰ ਪੂਰੀ ਤਰ੍ਹਾਂ ਨਾਲ ਨਿਖੇੜ ਦਿੱਤਾ ਗਿਆ ਸੀ।

ਭੈਣੀ ਸਾਹਿਬ ਪਿੰਡ ਤੋਂ ਸਰਕਾਰ ਡਰਨ ਲੱਗ ਪਈ ਸੀ ਤੇ ਗੁਰੂ ਜੀ ਦੇ ਨਗਰ ਵਿਚ ਪੁਲਿਸ ਚੌਕੀ ਬੈਠ ਗਈ। ਇਹ ਚੌਕੀ ਪੰਜਾਹ ਵਰ੍ਹੇ ਭੈਣੀ ਸਾਹਿਬ ਵਿਚ ਬੈਠੀ ਰਹੀ।

ਸ੍ਰੀ ਗੁਰੂ ਰਾਮ ਸਿੰਘ ਨੂੰ ਜਿਸ ਸਮੇਂ ਗੱਡੇ ਉਤੇ ਲੁਧਿਆਣੇ ਲੈ ਜਾਇਆ ਗਿਆ, ਉਦੋਂ ਭੈਣੀ ਸਾਹਿਬ ਤੇ ਅਰਾਈਆਂ ਪਿੰਡ ਦੇ ਆਲੇ-ਦੁਆਲੇ ਰੇਤੇ ਦੀਆਂ ਟਿੱਬੀਆਂ ਸਨ। ਰੇਤੇ ਵਿਚ ਗੱਡੇ ਦੇ ਪਹੀਆਂ ਦੀਆਂ ਜੋ ਲੀਹਾਂ ਪੈ ਰਹੀਆਂ ਸਨ, ਵੈਰਾਗ ਨਾਲ ਬਿਹਬਲ ਸੰਗਤ, ਉਹਨਾਂ ਲੀਹਾਂ ਦੀ ਧੂੜ ਆਪਣੇ ਮਸਤਕ ਨੂੰ ਲਾ ਰਹੀ ਤੇ ਹਾਏ -ਕਲਾਪ ਕਰ ਰਹੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਨੇ ਹੱਥ ਉੱਚਾ ਕੀਤਾ ਤੇ ਸੰਗਤ ਨੂੰ ਸੰਬੋਧਨ ਹੋਏ:

"ਖ਼ਾਲਸਾ ਜੀ! ਡੋਲੋ ਨਹੀਂ। ਇਹ ਕਰਤਾਰ ਦਾ ਭਾਣਾ ਹੈ। ਭਾਣਾ ਮੰਨੋ। ਬਲ ਧਾਰੋ।

"ਖ਼ਾਲਸਾ ਜੀ! ਜਿਹੜਾ ਦੀਪਕ ਅਸੀਂ ਬਾਲ ਚੱਲੇ ਹਾਂ, ਇਸਨੂੰ ਜਗਦਾ ਰੱਖਣਾ ਹੈ। ਇਸ ਦੀਪਕ ਨੂੰ ਆਪਣੀ ਜਿੰਦ ਦਾ ਤੇਲ ਪਾ ਕੇ ਬਾਲਣਾ।

"ਖ਼ਾਲਸਾ ਜੀ! ਅਸੀਂ ਆਪ ਤੋਂ ਦੂਰ ਨਹੀਂ ਜਾ ਰਹੇ, ਆਪ ਦੇ ਵਿਚ ਹੀ ਰਹਾਂਗੇ। ਖ਼ਾਲਸਾ ਜੀ, ਸਾਨੂੰ ਆਪਣੇ ਅੰਗ-ਸੰਗ ਹੀ ਸਮਝਣਾ।" ਅਤੇ ਗੱਡਾ, ਰੇਤੇ ਵਿਚੋਂ, ਭੈਣੀ ਸਾਹਿਬ ਦੀਆਂ ਜੂਹਾਂ ਲੰਘ, ਲੁਧਿਆਣੇ ਵੱਲ ਮੁੜ ਪਿਆ। ਸਮੇਂ ਦੇ ਚਿੱਤਰਪਟ ਉਤੇ ਇਸ ਗੱਡੇ ਦੀਆਂ ਲੀਹਾਂ ਅੱਜ ਵੀ ਉਵੇਂ ਹੀ ਪਈਆਂ ਹੋਈਆਂ ਹਨ। ■

"ਕੂਕੋਂ ਕੀ ਤਹਿਰੀਕ"

ਭਾਈ ਪਰਮਾਨੰਦ

ਭਾਈ ਪਰਮਾਨੰਦ ਦੀ ਤਾਰੀਖ਼ ਹਿੰਦ ਪੁਸਤਕ ਉਰਦੂ ਵਿਚ ਹੈ। ੧੯੧੫ ਈ. ਵਿਚ ਉਹਨਾਂ ਦੀ ਗ੍ਰਿਫਤਾਰੀ ਸਮੇਂ ਉਹਨਾਂ ਉਤੇ ਤਾਰੀਖ਼ ਹਿੰਦ ਲਿਖਣ ਦਾ ਵੀ ਚਾਰਜ ਸੀ। ਇਸ ਦਾ ਇਕ ਅਹਿਮ ਭਾਗ ਹੈ "ਕੂਕੋਂ ਕੀ ਤਹਿਰੀਕ।" ਹੇਠਾਂ ਇਸ ਦਾ ਪੰਜਾਬੀ ਰੂਪ ਛਾਪਿਆ ਜਾ ਰਿਹਾ ਹੈ ਜੋ ਇਸ ਪੁਸਤਕ ਦੇ ਸਫਾ ੩੨੪ ਤੋਂ ੩੨੯ ਤੱਕ ਛਪਿਆ ਹੈ। – ਸੰਪਾਦਕ

ਇਸ ਲੇਖ ਨੂੰ ਇਸ ਕਾਂਡ ਵਿਚ ਖਤਮ ਕਰਨ ਲਈ ਇਹ ਜ਼ਰੂਰੀ ਜਾਪਦਾ ਹੈ ਕਿ ਕੂਕਿਆਂ ਦੀ ਲਹਿਰ ਨੂੰ ਖਾਲਸਾ ਦੇ ਇਤਿਹਾਸ ਵਿਚ ਸ਼ਾਮਲ ਕਰ ਦਿਤਾ ਜਾਵੇ। ਭਾਵੇਂ ਇਸ ਲਹਿਰ ਦਾ ਅਸਰ ਪੰਜਾਬ ਵਿਚ ਵੀਹ ਸਾਲ ਪਿਛੋਂ ਪ੍ਰਗਟ ਹੋਇਆ। ਆਮ ਨੇਮ ਹੈ ਕਿ ਜਦੋਂ ਕੋਈ ਕੌਮ ਦੂਜਿਆਂ ਦੇ ਗਲਬੇ ਹੇਠ ਆ ਕੇ ਫ਼ਤਿਹ ਹੋ ਜਾਂਦੀ ਹੈ ਉਸ ਦੀ ਜ਼ਿੰਦਗੀ ਦਾ ਉਦੇਸ਼ ਇਹ ਹੁੰਦਾ ਹੈ ਕਿ ਉਹ ਜੇਤੂਆਂ ਨੂੰ ਆਪਣਾ ਵੈਰੀ ਸਮਝ ਕੇ ਉਹਨਾਂ ਤੋਂ ਆਪਣੀ ਆਜ਼ਾਦੀ ਵਾਪਸ ਲਏ।

ਜੇਤੂਆਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੇ ਸੁਚੱਜੇ ਪ੍ਰਬੰਧ ਅਤੇ ਚੰਗੇ ਕੰਮ ਢੰਗ ਰਾਹੀਂ ਆਪਣੇ ਦਬਾਇਆਂ ਨੂੰ ਲੁਭਾਅ ਕੇ ਉਹਨਾਂ ਦੀ ਹਾਰ ਦਾ ਦਾਗ ਉਹਨਾਂ ਦੇ ਦਿਲਾਂ ਤੋਂ ਦੂਰ ਕਰਨ। ਜਦੋਂ ਦੋ ਚਾਰ ਨਸਲਾਂ ਲੰਘ ਜਾਂਦੀਆਂ ਹਨ ਅਤੇ ਫ਼ਤਿਹ ਕੀਤੇ ਗਏ ਲੋਕਾਂ ਵਿਚੋਂ ਕੌਮੀਅਤ ਦਾ ਜਜ਼ਬਾ ਦੂਰ ਹੋ ਜਾਂਦਾ ਹੈ ਤਾਂ ਉਹ ਜੇਤੂਆਂ ਨੂੰ ਆਪਣਾ ਪਾਲਣ-ਹਾਰ ਅਤੇ ਮਿਹਰਬਾਨ ਸਮਝ ਕੇ ਉਹਨਾਂ ਦੇ ਮਿਲਣ ਜੁਲਣ ਅਤੇ ਉਹਨਾਂ ਦੇ ਤੌਰ ਤਰੀਕਿਆਂ ਦੀ ਨਕਲ ਨੂੰ ਆਪਣੀ ਤਰੱਕੀ ਸਮਝਦੇ ਹਨ।

ਜਿਸ ਖ਼ਾਲਸਾ ਨੇ ਏਨੀਆਂ ਵੱਡੀਆਂ ਦੋ ਲੜਾਈਆਂ ਵਿਚ ਅੰਗਰੇਜ਼ਾਂ ਵਿਰੁਧ ਲੜ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ ਉਸ ਲਈ ਚੁੱਪ ਚਾਪ ਨਵੇਂ ਹਾਲਾਤ ਨਾਲ ਸਮਝੌਤਾ ਕਰ ਲੈਣਾ ਇਸ ਆਮ ਕਾਇਦੇ ਦੇ ਖ਼ਿਲਾਫ਼ ਸੀ। ਭਾਵੇਂ ਖ਼ਾਲਸੇ ਉਤੇ ਦੋ ਵਾਰ ਗ਼ਲਬਾ ਹੋ ਚੁਕਿਆ ਸੀ ਅਤੇ ਉਸ ਦੇ ਸਿਪਾਹੀ ਮਰ ਚੁਕੇ ਸਨ ਪਰ ਅਜੇ ਖ਼ਾਲਸੇ ਦੀ ਰੂਹ ਬਾਕੀ ਸੀ ਅਤੇ ਉਸ ਨੂੰ ਇਕ ਹੋਰ ਕੋਸ਼ਿਸ਼ ਕਰਨ ਦਾ ਖਿਆਲ ਸੀ।

ਖ਼ਾਲਸੇ ਦੀ ਕਮਜ਼ੋਰੀ ਦਾ ਇਕ ਕਾਰਨ ਇਹ ਸੀ ਕਿ ਖ਼ਾਲਸਾ ਪੰਜਾਬ ਦੇ ਅੰਦਰ ਇਕ ਅਤਿਅੰਤ ਛੋਟੀ ਜਮਾਤ ਸੀ। ਪੰਜਾਬ ਵਿਚ ਗੁਰੂ ਦੇ ਸਿੱਖ ਤਾਂ ਬਹੁਤ ਫੈਲੇ ਹੋਏ ਸਨ, ਭਾਵੇਂ ਉਹ ਆਬਾਦੀ ਦਾ ਇਕ ਹਿੱਸਾ ਸਨ। ਪਰ ਜਿਸ ਖ਼ਾਲਸੇ ਨੂੰ ਗੁਰੂ ਗੋਬਿੰਦ ਸਿੰਘ ਨੇ ਬਣਾਇਆ ਸੀ, ਇਸ ਮਤਲਬ ਲਈ ਕਿ ਉਹ ਹਮਲਾਵਰਾਂ ਤੋਂ ਮੁਲਕ ਨੂੰ ਆਜ਼ਾਦ ਕਰੇ ਉਹ ਸੀਮਤ ਸੀ ਅਤੇ ਉਸ ਦਾ ਕੰਮ ਕਸ਼ਤਰੀਆਂ ਵਾਂਗ ਲੜਨਾ ਹੀ ਸੀ। ਅੰਗਰੇਜ਼ਾਂ ਦੇ ਆਉਣ ਵੇਲੇ ਚਾਲ੍ਹੀ ਪੰਜਾਹ ਹਜ਼ਾਰ ਸਿਖ ਫੌਜ ਹੀ ਖ਼ਾਲਸਾ ਕਹੀ ਜਾ ਸਕਦੀ ਹੈ। ਹੁਣ ਇਹ ਫੌਜ ਕਮਜ਼ੋਰ ਹੁੰਦੇ ਹੁੰਦੇ ਬਹੁਤ ਥੋੜ੍ਹੀ ਰਹਿ ਗਈ ਸੀ। ਅਤੇ ਉਹਨਾਂ ਵਿਚੋਂ ਕਈ ਲੋਕਾਂ ਨੇ ਤੰਗ ਆ ਕੇ ਆਪਣੇ ਖ਼ਾਲਸਈ ਕਰਤਵ ਛੱਡ ਦਿਤੇ ਸਨ ਅਤੇ ਬਥੇਰੇ ਅੰਗਰੇਜ਼ੀ ਫ਼ੌਜ ਵਿਚ ਵੀ ਭਰਤੀ ਹੋ ਗਏ ਸਨ। ਇਸ ਹਾਰੂ ਅਤੇ ਤਿਤਰ-ਬਿਤਰ ਹਾਲਤ ਵਿਚੋਂ ਜ਼ਿੰਦਾ ਤਾਕਤ ਬਨਾਉਣ ਦੀ ਕੋਸ਼ਿਸ਼ ਕਰਨਾ ਕੂਕਿਆਂ ਦੀ ਤਹਿਰੀਕ ਦੇ ਬਾਨੀ ਦਾ ਕੰਮ ਸੀ।

ਕੂਕਾ ਤਹਿਰੀਕ ਦਾ ਬਾਨੀ-(ਗੁਰੂ) ਰਾਮ ਸਿੰਘ-

(ਗੁਰੂ) ਰਾਮ ਸਿੰਘ ਪੇਸ਼ੇ ਪੱਖੋਂ ਤਰਖਾਣ ਸੀ। ਉਹ ਖਾਲਸਾ ਵਿਚ ਸ਼ਾਮਲ ਸੀ ਜਦੋਂ ਕਿ ਖ਼ਾਲਸੇ ਨੇ ਅੰਗਰੇਜ਼ ਵਿਰੁਧ ਦੋ ਲੜਾਈਆਂ ਲੜੀਆਂ। ਜੰਗ ਤੋਂ ਪਿਛੋਂ ਫਿਰ ਉਹ ਕਿਲ੍ਹਾ ਅਟਕ ਵਿਚ ਆਪਣਾ ਕੰਮ ਕਰਨ ਲਗ ਗਿਆ। ਪਰ ਉਹਦੇ ਦਿਲ ਵਿਚ ਖ਼ਾਲਸੇ ਦੀ ਮੁਹੱਬਤ ਦੀ ਅੱਗ ਭੜਕ ਰਹੀ ਸੀ। ਹਜ਼ਰੋ ਵਿਚ ਇਕ ਸਾਧੂ ਬਾਲਕ ਰਾਮ (ਗੁਰੂ ਬਾਲਕ ਸਿੰਘ) ਰਿਹਾ ਕਰਦੇ ਸਨ। (ਗੁਰੂ) ਰਾਮ ਸਿੰਘ ਨੇ ਉਹਨਾਂ ਦੇ ਦਰਸ਼ਨ ਕੀਤੇ ਅਤੇ ਉਸ ਨੇ ਆਪਣਾ ਕੰਮ ਛੱਡ ਕੇ ਦੂਜੇ ਕੰਮ ਵਲ ਜ਼ਿੰਦਗੀ ਨੂੰ ਲਾ ਦਿਤਾ। ਸਾਧੂ ਨੇ ਉਸ ਨੂੰ ਪੁਛਿਆ- ਰਾਮ ਸਿੰਘ ਕੀ ਕਰ ਰਹੇ ਹੋ, ਖ਼ਾਲਸਾ ਤਾਂ ਨਾਸ਼ ਹੋ ਰਿਹਾ ਹੈ?

ਥਾਂ ਥਾਂ ਫਿਰ ਕੇ ਉਹਨੇ ਖਾਲਸੇ ਦੀ ਇਕ ਸੁਸਾਇਟੀ ਬਣਾਈ। ਇਸ ਸੁਸਾਇਟੀ ਦਾ ਮੁੱਦਾ ਪੋਸ਼ੀਦਾ ਸੀ ਅਤੇ ਉਹ ਬਿਲਕੁਲ ਪੁਲੀਟੀਕਲ ਸੀ। ਇਹ ਸੁਸਾਇਟੀ ਖ਼ਾਲਸੇ ਨੂੰ ਇਕੱਠਿਆਂ ਕਰਨ ਲਈ ਕੇਂਦਰ ਬਣੀ ਅਤੇ ਖ਼ਾਲਸਾ ਇਸ ਦੁਆਲੇ ਜਮ੍ਹਾਂ ਹੋਣਾ ਸ਼ੁਰੂ ਹੋਇਆ। ਆਮ ਮਸ਼ਹੂਰ ਹੈ ਕਿ (ਗੁਰੂ) ਰਾਮ ਸਿੰਘ ਦੀ ਜ਼ਬਾਨ ਵਿਚ ਜਾਦੂ ਦੀ ਤਾਕਤ ਸੀ। ਜਿਸ ਦੇ ਕੰਨ ਵਿਚ ਉਹ ਮੰਤਰ ਫੂਕ ਦੇਂਦਾ ਸੀ ਉਹ ਉਸ ਦਾ ਚੇਲਾ ਬਣ ਜਾਂਦਾ ਸੀ। ਇਸ ਸੁਸਾਇਟੀ ਨੇ ਅੰਗਰੇਜ਼ੀ ਆਰਗੇਨਾਈਜ਼ੇਸ਼ਨ ਦੇ ਮੁਕਾਬਲੇ ਤੇ ਆਪਣੀ ਆਰਗੇਨਾਈਜੇਸ਼ਨ ਕਾਇਮ ਕੀਤੀ। ਹਰ ਇਕ ਜ਼ਿਲੇ ਵਿਚ ਉਹਨਾਂ ਦੇ ਆਪਣੇ ਲੀਡਰ ਹੋਇਆ ਕਰਦੇ ਸਨ। ਉਹਨਾਂ ਦੇ ਮੁਕੱਦਮੇ ਅੰਗਰੇਜ਼ੀ ਕਚਹਿਰੀਆਂ ਵਿਚ ਨਹੀਂ ਸਨ

ਕੂਕੇ ਅਗੇ ਵਧ ਵਧ ਕੇ ਤੋਪਾਂ ਸਾਹਮਣੇ ਉਡਦੇ ਸਨ। ਇਕ ਅੰਗਰੇਜ਼ ਜਿਸ ਨੇ ਆਪਣੀਆਂ ਅੱਖਾਂ ਨਾਲ ਨਜ਼ਾਰਾ ਵੇਖਿਆ ਸੀ ਕਹਿੰਦਾ ਹੈ ਕਿ "ਸਾਰਾ ਯੂਰਪ ਇਕ ਈਸਾ ਉਤੇ ਫਖਰ ਕਰਦਾ ਹੈ, ਮੈਂ ਅਜ ਕਈ ਈਸਾ ਕੁਰਬਾਨ ਹੁੰਦੇ ਵੇਖੇ ਨੇ।"

ਜਾਂਦੇ ਸਗੋਂ ਹੱਕ ਤੇ ਨਿਆਂ ਲਈ ਉਹਨਾਂ ਦੇ ਲੀਡਰਾਂ ਕੋਲ ਪੇਸ਼ ਹੁੰਦੇ ਸਨ। ਉਹਨਾਂ ਦੀ ਡਾਕ ਦਾ ਪ੍ਰਬੰਧ ਸਰਕਾਰੀ ਡਾਕ ਵਰਗਾ ਸੀ। ਉਹਨਾਂ ਦੀਆਂ ਚਿੱਠੀਆਂ ਸਰਕਾਰੀ ਡਾਕ ਰਾਹੀਂ ਨਹੀਂ ਸਨ ਜਾਂਦੀਆਂ, ਸਗੋਂ ਜਿਵੇਂ ਹੁਕਮ ਹੁੰਦਾ ਸੀ ਉਹ ਇਕ ਪਿੰਡ ਤੋਂ ਦੂਜੇ ਪਿੰਡ ਤਕ ਕੂਕੇ ਆਪ ਲਿਜਾਇਆ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਦੋ ਤਿੰਨ ਵੱਡੇ ਮਜ਼ਬੀ ਅਸੂਲ ਵੀ ਬਾਬਾ ਰਾਮ ਸਿੰਘ ਨੇ ਕਾਇਮ ਕਰ ਦਿਤੇ। ਉਹ ਇਹ ਸਨ ਕਿ ਉਹ ਕਿਸੇ ਕਿਸਮ ਦਾ ਮਾਸ ਨਾ ਖਾਣ, ਥਾਲੀ ਵਿਚ ਕੋਈ ਚੀਜ਼ ਜੂਠੀ ਨਾ ਛੱਡਣ, ਜੋ ਕੁਝ ਹੋਵੇ ਵੰਡ ਕੇ ਛਕਣ।

ਇਹ ਇਕ ਤਰ੍ਹਾਂ ਸੋਸ਼ਲਿਜ਼ਮ ਦਾ ਅਸੂਲ ਸੀ। ਇਸ ਤੋਂ ਇਲਾਵਾ ਹਰ ਕੂਕਾ ਆਪਣੇ ਆਪ ਨੂੰ ਸਵਾ ਲਖ ਕਹਿੰਦਾ ਸੀ ਅਤੇ ਇਹੋ ਸਮਝਦਾ ਸੀ।

ਇਸ ਸੁਸਾਇਟੀ ਨੇ ਏਨੀ ਤਰੱਕੀ ਸ਼ੁਰੂ ਕੀਤੀ ਕਿ ਦਸ ਸਾਲ ਦੇ ਅੰਦਰ ਕੋਈ ਦੋ ਲਖ ਮਰਦ ਔਰਤਾਂ ਇਸ ਦੇ ਮੈਂਬਰ ਹੋ ਗਏ। ਜਦੋਂ ਸੰਮਤ ੧੯੧੪ ਵਿਚ ਬੜੀ ਵੱਡੀ ਰਾਈਜ਼ਿੰਗ ਹੋਈ ਉਦੋਂ ਖ਼ਾਲਸਾ ਇਹ ਨਵੀਂ ਸੁਸਾਇਟੀ ਬਨਾਉਣ ਵਿਚ ਰੁਝਿਆ ਹੋਇਆ ਸੀ। ਜਿਨ੍ਹਾਂ ਸਿਖ ਪਲਟਨਾਂ ਨੇ ਅੰਗਰੇਜ਼ਾਂ ਦਾ ਸਾਥ ਦਿਤਾ ਉਹ ਸਿੱਖ ਜ਼ਰੂਰ ਸਨ ਪਰ ਖਾਲਸਾ ਦੇ ਕਾਇਮੁਕਾਮ ਹਰਗਿਜ਼ ਨਹੀਂ ਸਨ। ਕੂਕਿਆਂ ਦੀ ਸਭ ਤੋਂ ਵੱਡੀ ਕਮੀ ਇਹ ਸੀ ਕਿ ਉਹਨਾਂ ਨੂੰ ਅੰਗਰੇਜ਼ਾਂ ਦੀ ਲਿਆਕਤ ਬਾਰੇ ਉੱਕਾ ਖਬਰ ਨਹੀਂ ਸੀ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਉਹਨਾਂ ਦੇ ਜ਼ਿਲਿਆਂ ਦੇ ਲੀਡਰਾਂ ਦੀ ਸੂਚੀ ਹਰ ਜ਼ਿਲ੍ਹੇ ਦੇ ਦਫਤਰ ਵਿਚ ਮੌਜੂਦ ਹੈ। ਉਹ ਆਪਣੀ ਧੁੰਨ ਵਿਚ ਮਸਤ ਸਨ। ਜਦੋਂ ਉਹਨਾਂ ਨੂੰ ਆਪਣੀ ਸ਼ਕਤੀ ਵਧਦੀ ਦਿੱਸੀ ਤਾਂ ਉਹਨਾਂ ਦੇ ਬਾਅਜ਼ ਮੈਂਬਰਾਂ ਨੇ ਜ਼ਿਆਦਤੀਆਂ ਕਰਨੀਆਂ ਸ਼ੁਰੂ ਕੀਤੀਆਂ।

ਸੰਮਤ ੧੯੨੬ (੧੯੨੮) ਵਿਚ ਉਹਨਾਂ ਦੇ ਆਦਮੀਆਂ ਨੇ ਇਕ ਰਾਤ ਅੰਮ੍ਰਿਤਸਰ ਵਿਚ ਕਈ ਬੁਚੜਾਂ ਨੂੰ ਕਤਲ ਕਰ ਦਿਤਾ ਅਤੇ ਆਪ ਭੱਜ ਗਏ। ਉਹਨਾਂ ਨੂੰ ਗਊ ਮਾਰਨ ਵਾਲਿਆਂ ਨਾਲ ਅੱਤ ਦੀ ਘ੍ਰਿਣਾ ਸੀ।

ਕਮਿਸ਼ਨਰ ਨੇ ਹਿੰਦੂ ਅਮੀਰਾਂ ਨੂੰ ਫੜ ਲਿਆ ਕਿ ਇਹ ਸਭ ਤੁਹਾਡੀ ਸ਼ਰਾਰਤ ਹੈ। ਕੂਕਿਆਂ ਨੇ ਗੁਰੂ ਰਾਮ ਸਿੰਘ ਨੂੰ ਇਸ ਮਾਮਲੇ ਦੀ ਖਬਰ ਦਿਤੀ ਤਾਂ ਉਸਨੇ ਕਿਹਾ ਤੁਹਾਡਾ ਫਰਜ਼ ਹੈ ਕਿ ਇਹਨਾਂ ਬੇਗੁਨਾਹਾਂ ਨੂੰ ਬਚਾਣ ਲਈ ਆਪਣੀ ਕਰਨੀ ਦਾ ਇਕਬਾਲ ਕਰ ਲਓ। ਉਹਨਾਂ ਨੇ ਜਾ ਕੇ ਕਤਲ ਦਾ ਇਕਬਾਲ ਕਰ ਲਿਆ ਅਤੇ ਫ਼ਾਂਸੀ ਲਗ ਗਏ।

ਸੰਮਤ ੧੯੨੮ ਵਿੱਚ ਮਲੇਰਕੋਟਲੇ ਵਿਚ ਲੜਾਈ ਹੋਈ। ਬਾਅਦ ਵਿੱਚ ਡਿਪਟੀ ਕਮਿਸ਼ਨਰ ਪਹੁੰਚਿਆ। ਉਸ ਨੇ ਸਭ ਕੂਕਿਆਂ ਤੋਪ ਨਾਲ ਉਡਾ ਦੇਣ ਦਾ ਹੁਕਮ ਦੇ ਦਿਤਾ, ਭਾਵੇਂ ਕਿ ਉਸ ਨੂੰ ਹੁਕਮ ਦੇਣ ਦਾ ਕੋਈ ਅਧਿਕਾਰ ਨਹੀਂ ਸੀ।

ਲਾਟ ਸਾਹਿਬ ਸੈਕਰੇਟਰੀ ਆਫ ਸਟੇਟ ਨੂੰ ਹਰ ਲਮਹੇ ਤਾਜ਼ਾ ਖ਼ਬਰਾਂ ਪਹੁੰਚਾ ਰਿਹਾ ਸੀ। ਉਸ ਨੇ ਉਹ ਸਟੈਂਪ ਲੈਣ ਤੋਂ ਰੋਕਿਆ, ਪਰ ਹੁਕਮ ਪਹੁੰਚਣ ਤੋਂ ਪਹਿਲਾਂ ਅਮਲ ਹੋ ਚੁਕਿਆ ਸੀ। ਕੂਕੇ ਅਗੇ ਵਧ ਵਧ ਕੇ ਤੋਪਾਂ ਸਾਹਮਣੇ ਉਡਦੇ ਸਨ। ਇਕ ਅੰਗਰੇਜ਼ ਜਿਸ ਨੇ ਆਪਣੀਆਂ ਅੱਖਾਂ ਨਾਲ ਨਜ਼ਾਰਾ ਵੇਖਿਆ ਸੀ ਕਹਿੰਦਾ ਹੈ ਕਿ "ਸਾਰਾ ਯੂਰਪ ਇਕ ਈਸਾ ਉਤੇ ਫਖਰ ਕਰਦਾ ਹੈ, ਮੈਂ ਅਜ ਕਈ ਈਸਾ ਕੁਰਬਾਨ ਹੁੰਦੇ ਵੇਖੇ ਨੇ।"

ਕੂਕਾ ਲੀਡਰ ਨੂੰ ਫੜ ਕੇ ਰੰਗੂਨ ਜਲਾਵਤਨ ਕਰ ਦਿਤਾ ਗਿਆ। ਕਈ ਕਾਲੇ ਪਾਣੀ ਅਤੇ ਕਈ ਦੂਜੀਆਂ ਜੇਲ੍ਹਾਂ ਵਿਚ ਭੇਜੇ ਗਏ। ਗਵਰਨਮਿੰਟ ਦੇ ਫੌਰੀ ਪ੍ਰਬੰਧ ਦਾ ਅਸਰ ਇਹ ਹੋਇਆ ਕਿ ਵਖ ਵਖ ਜ਼ਿਲ੍ਹਿਆਂ ਵਿਚ ਜਿਥੇ ਜਿਥੇ ਕੂਕੇ ਤਿਆਰ ਸਨ, ਸਭ ਦਬਾ ਦਿੱਤੇ ਗਏ।

ਬਾਬਾ ਰਾਮ ਸਿੰਘ, ਕੂਕਾ

ਸਿਰਦਾਰ ਕਪੂਰ ਸਿੰਘ ਆਈ. ਸੀ. ਐਸ

ਸਿਰਦਾਰ ਜੀ ਸਿਖ ਪੰਥ ਦੇ ਪ੍ਰਸਿੱਧ ਵਿਦਵਾਨ ਤੇ ਖੋਜੀ ਵਾਰਤਕਕਾਰ ਹੋਏ ਹਨ। ਇਹ ਰਚਨਾ ਉਹਨਾਂ ਦੀ ਪੁਸਤਕ 'ਸਪਤ ਸ੍ਰਿੰਗ' ਵਿੱਚੋਂ ਲਈ ਗਈ ਹੈ- ਸੰਪਾਦਕ

'ਬਾਬਾ' ਅਰਬ ਦੇਸ਼ ਦੀ ਬੋਲੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਵੱਡਾ, ਬਜ਼ੁਰਗ, ਉੱਚੀ ਬੁੱਧੀ ਤੇ ਉਚੇ ਚਾਲ ਚਲਣ ਵਾਲਾ, ਪਿਤਾ ਸਮਾਨ ਪੂਜਣ ਯੋਗ। ਪੰਜਾਬੀ ਬੋਲੀ ਵਿਚ ਵੀ ਇਹ ਸ਼ਬਦ ਉੱਚੀ ਆਤਮਕ ਅਵੱਸਥਾ ਵਾਲੇ ਮਹਾਂ ਪੁਰਖਾਂ ਲਈ ਵਰਤਿਆ ਜਾਂਦਾ ਹੈ। ਉਂਜ ਜਿਹੜਾ ਉਮਰੋਂ ਵੱਡਾ ਤੇ ਬਜ਼ੁਰਗ ਹੋਵੇ, ਉਸ ਨੂੰ ਵੀ 'ਬਾਬਾ' ਆਖ ਲੈਂਦੇ ਹਨ। ਅੱਜ ਤੋਂ ਕੋਈ ਸਵਾ ਕੁ ਸੌ ਸਾਲ ਪਹਿਲਾਂ, ਪੰਜਾਬ ਦੇਸ਼ ਵਿਚ ਇਕ ਵੱਡੇ ਮਹਾਨ ਪੁਰਖ ਦਾ ਜਨਮ ਹੋਇਆ, ਜੋ ਕਿ ਬਾਬਾ ਰਾਮ ਸਿੰਘ, ਕੂਕਾ, ਕਰ ਕੇ ਪ੍ਰਸਿਧ ਹੈ। ਇਸ ਮਹਾਂ ਪੁਰਖ ਦੀ ਜੀਵਨ-ਕਥਾ ਬੜੀ ਸਿਖਿਆਦਾਇਕ ਹੈ।

ਉਨ੍ਹੀਵੀ ਸਦੀ ਈਸਵੀ ਦੇ ਪਹਿਲੇ ਅੱਧ ਵਿਚ ਪੰਜਾਬ ਦੇਸ਼ ਉਤੇ, ਇਕ ਪੰਜਾਬੀ, ਮਹਾਰਾਜਾ ਰਣਜੀਤ ਸਿੰਘ ਰਾਜ ਕਰਦਾ ਸੀ ਤੇ ਪੰਜਾਬ ਓਦੋਂ ਬੜਾ ਖੁਸ਼ਹਾਲ ਤੇ ਸਾਰੇ ਸੰਸਾਰ ਵਿਚ ਇਕ ਉੱਘਾ ਦੇਸ਼ ਮਿਥਿਆ ਜਾਂਦਾ ਸੀ। ਸੰਨ ੧੮੧੬ ਈਸਵੀ ਨੂੰ, ਜਦੋਂ ਕਿ ਪੰਜਾਬ ਤੇ ਪੰਜਾਬੀਆਂ ਦਾ ਪ੍ਰਤਾਪ ਸਿਖਰ ਉਤੇ ਪੁਜਾ ਹੋਇਆ ਸੀ, ਲੁਧਿਆਣੇ ਦੇ ਲਾਗੇ ਇਕ ਛੋਟੇ ਜਿਹੇ ਪਿੰਡ, ਜਿਹੜਾ ਕਿ ਓਦੋਂ ਭੈਣੀ ਰਾਈਆਂ ਕਹਾਉਂਦਾ ਸੀ, ਵਿਚ ਬਾਬਾ ਰਾਮ ਸਿੰਘ ਦਾ ਜਨਮ ਹੋਇਆ। ਆਪ ਦੇ ਪਿਤਾ ਦਾ ਨਾਮ ਭਾਈ ਜੱਸਾ ਸਿੰਘ ਸੀ, ਜੋ ਕਿ ਤਰਖਾਣੇ ਲੁਹਾਰੇ ਦਾ ਕੰਮ ਪਿੰਡ ਵਿਚ ਕਰਦੇ ਸਨ। ਭਾਈ ਜੱਸਾ ਸਿੰਘ ਬੜੀ ਧਾਰਮਕ ਬਿਰਤੀਆਂ ਵਾਲਾ ਤੇ ਪੜ੍ਹਿਆ ਲਿਖਿਆ ਕਿਰਤੀ ਸੀ ਤੇ ਉਸਨੇ ਆਪਣੇ ਪੁੱਤਰ ਨੂੰ ਭੀ ਬਚਪਨ ਵਿਚ ਚੰਗੀ ਵਿਦਿਆ ਦਵਾਈ ਤੇ ਧਾਰਮਿਕ ਖਿਆਲਾਂ ਵਿਚ ਪ੍ਰਪੱਕ ਕੀਤਾ। ਬਾਬਾ ਰਾਮ ਸਿੰਘ ਦੀ ਵੱਡੀ ਭੈਣ, ਲੁਧਿਆਣੇ ਲਾਗੇ, ਰਾਏ ਪੁਰ ਪਿੰਡ ਵਿਚ, ਇਕ ਤਰਖਾਣ ਸਿੰਘ, ਕਾਬਲ ਸਿੰਘ ਨਾਲ ਵਿਆਹੀ ਹੋਈ ਸੀ। ਕਾਬਲ ਸਿੰਘ ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ

ਬਾਬਾ ਰਾਮ ਸਿੰਘ ਦੇਸ਼ ਤੇ ਜਾਤੀ ਦੀ ਸੇਵਾ ਦੇ ਮਹਾਨ ਕਾਰਜਾਂ ਵਿਚ ਰੁੱਝੇ ਤਾਂ, ਉਨ੍ਹਾਂ ਨੇ ਕੁੜੀਆਂ ਤੇ ਇਸਤ੍ਰੀਆਂ ਦੀ ਉੱਨਤੀ ਵਲ ਸਦਾ ਖ਼ਿਆਲ ਰਖਿਆ ਤੇ ਕੁੜੀਆਂ ਨੂੰ ਮੁੰਡਿਆਂ ਵਾਂਗਰ ਹੀ ਪਾਲਣ ਪੋਸਣ ਤੇ ਪੜ੍ਹਾਉਣ ਵਿਆਹੁਣ ਉਤੇ ਜ਼ੋਰ ਦਿੰਦੇ ਰਹੇ। ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਪਿਛੋਂ, ਬਾਬਾ ਰਾਮ ਸਿੰਘ ਹਿੰਦੁਸਤਾਨ ਵਿਚ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤ੍ਰੀ ਦੀ ਸੰਪੂਰਣ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ, ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤ੍ਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦੇਂਦਾ ਹੈ।

ਤੋਪਖਾਨੇ ਵਿਚ ਗੋਲੰਦਾਜ਼ ਤੋਪਚੀ ਸੀ। ਬਾਬਾ ਰਾਮ ਸਿੰਘ ਕੋਈ ਵੀਹਾਂ ਕੁ ਵਰ੍ਹਿਆਂ ਦੇ ਭਰ ਗਭਰੂ ਸਨ ਜਦ ਉਹਨਾਂ ਦੀ ਭੈਣ ਤੇ ਉਹਨਾਂ ਦਾ ਭਣਵਈਆ ਕਾਬਲ ਸਿੰਘ, ਭੈਣੀ ਪਿੰਡ ਵਿਚ ਆਏ ਤੇ ਉਹਨਾਂ ਦੀ ਪ੍ਰੇਰਨਾ ਨਾਲ ਬਾਬਾ ਰਾਮ ਸਿੰਘ ਲਾਹੌਰ ਜਾ ਕੇ ਘੁੱੜ ਚੜ੍ਹਿਆਂ ਦੀ ਪਲਟਨ ਵਿਚ ਭਰਤੀ ਹੋ ਗਏ।

ਬਾਬਾ ਰਾਮ ਸਿੰਘ ਜੀ ਇਸ ਵੇਲੇ ਭਰ ਜਵਾਨੀ ਦੀ ਅਵੱਸਥਾ ਵਿਚ ਸਨ ਤੇ ਜੋ ਕੋਈ ਵੀ ਇਹਨਾਂ ਦੇ ਪਤਲੇ, ਗੰਦਵੇਂ ਤੇ ਲੰਮੇ ਕੱਦ ਤੇ ਟਿਕੇ ਹੋਏ ਚਿਹਰੇ ਨੂੰ ਦੇਖਦਾ ਸੀ, ਉਹ ਹੀ ਪ੍ਰਭਾਵਤ ਹੁੰਦਾ ਸੀ। ਇਸ ਵੇਲੇ ਇਹਨਾਂ ਦਾ ਵਿਆਹ ਹੋ ਚੁਕਾ ਸੀ ਤੇ ਇਹਨਾਂ ਸਾਲਾਂ ਵਿਚ ਹੀ ਇਹਨਾਂ ਦੇ ਘਰ ਦੋ ਪੁਤਰੀਆਂ ਨੇ ਜਨਮ ਲਿਆ। ਉਹਨਾਂ ਸਮਿਆਂ ਵਿਚ, ਮਾਲਵੇ ਵਿਚ, ਰਾਜਪੂਤਾਂ ਦੀ ਰੀਸੋ ਰੀਸੀ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ, ਆਮ ਪ੍ਰਚੱਲਤ ਸੀ; ਪਰ ਬਾਬਾ ਰਾਮ ਸਿੰਘ ਦੀ ਸਿੰਘਣੀ ਮਾਈ ਜੱਸੋ, ਬੜੀ ਧਾਰਮਿਕ ਬਿਰਤੀਆਂ ਵਾਲੀ ਇਸਤ੍ਰੀ ਸੀ ਤੇ ਉਸ ਦੇ ਪਤੀ ਦੇ ਧਾਰਮਿਕ ਖ਼ਿਆਲਾਂ ਦਾ ਉਸ ਉਤੇ ਬੜਾ ਪ੍ਰਭਾਵ ਸੀ। ਇਸ ਲਈ ਇਹਨਾਂ ਦੋਹਾਂ ਲੜਕੀਆਂ ਨੂੰ, ਇਹਨਾਂ ਦੇ ਮਾਤਾ ਪਿਤਾ ਨੇ ਬੜੇ ਪਿਆਰ ਤੇ ਚਾਓ ਨਾਲ ਪਾਲਿਆ ਪੋਸਿਆ ਤੇ ਵਿੱਦਿਆ ਪੜ੍ਹਾਈ। ਪਿਛੋਂ ਜਾਕੇ ਜਦੋਂ ਬਾਬਾ ਰਾਮ ਸਿੰਘ ਦੇਸ ਤੇ ਜਾਤੀ ਦੀ ਸੇਵਾ ਦੇ ਮਹਾਨ ਕਾਰਜਾਂ ਵਿਚ ਰੁੱਝੇ ਤਾਂ, ਉਨ੍ਹਾਂ ਨੇ ਕੁੜੀਆਂ ਤੇ ਇਸਤ੍ਰੀਆਂ ਦੀ ਉੱਨਤੀ ਵਲ ਸਦਾ ਖ਼ਿਆਲ ਰਖਿਆ ਤੇ ਕੁੜੀਆਂ ਨੂੰ ਮੁੰਡਿਆਂ ਵਾਂਗਰ ਹੀ ਪਾਲਣ ਪੋਸਣ ਤੇ ਪੜ੍ਹਾਉਣ ਵਿਆਹੁਣ ਉਤੇ ਜ਼ੋਰ ਦਿੰਦੇ ਰਹੇ। ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਪਿਛੋਂ, ਬਾਬਾ ਰਾਮ ਸਿੰਘ ਹਿੰਦੁਸਤਾਨ ਵਿਚ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤ੍ਰੀ ਦੀ ਸੰਪੂਰਣ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ, ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤ੍ਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦੇਂਦਾ ਹੈ।

ਅੱਗੇ ਚਲ ਕੇ ਬਾਬਾ ਰਾਮ ਸਿੰਘ ਜੀ ਦੇ ਪ੍ਰਚਾਰ ਬਾਬਤ ਵਿਚਾਰ ਕਰਾਂਗੇ ਤਾਂ ਦੱਸਾਂਗੇ ਜੁ ਉਹਨਾਂ ਦੇ ਖ਼ਿਆਲ ਵਿਚ ਇਸ ਵਿਸ਼ੇ ਉਤੇ ਕਿਤਨੇ ਉਤਮ, ਕਿਤਨੇ ਸੂਝ ਵਾਲੇ ਤੇ ਕਿਤਨੇ ਬੁਲੰਦ ਹਨ।

ਬਾਬਾ ਰਾਮ ਸਿੰਘ ਦਾ ਝੁਕਾ ਧਰਮ ਵੱਲ ਤੇ ਵਾਹਿਗੁਰੂ ਦੇ ਭਜਨ ਵਲ ਮੁੱਢ ਤੋਂ ਹੀ ਸੀ। ਜਦੋਂ ਚਾਰ ਪੰਜ ਸਾਲ ਉਹਨਾਂ ਨੂੰ ਲਾਹੌਰ ਵਿਚ ਘੁੜ ਚੜ੍ਹਿਆਂ ਦੀ ਪਲਟਨ ਵਿਚ ਨੌਕਰੀ ਕਰਦਿਆਂ ਬੀਤ ਗਏ, ਤਾਂ ਉਹਨਾਂ ਦੀ ਪਲਟਨ ਨੂੰ ਨੌਕਰੀ ਦੇ ਸਿਲਸਿਲੇ ਵਿਚ, ਹਜ਼ਰੋਂ ਵਲ ਜਾਣ ਦਾ ਹੁਕਮ ਮਿਲਿਆ ਜਿਥੇ ਕਿ ਬਾਬਾ ਰਾਮ ਸਿੰਘ ਜੀ ਨੂੰ ਇਕ ਅਜੇਹੇ ਮਹਾਂ ਪੁਰਖ ਦਾ ਮੇਲ ਹੋਇਆ ਜਿਸ ਨੇ ਬਾਬਾ ਰਾਮ ਸਿੰਘ ਦੇ ਆਤਮਾ ਰੂਪੀ ਸੋਨੇ ਉਤੇ ਸੁਹਾਗੇ ਦਾ ਕੰਮ ਕੀਤਾ। ਇਸ ਮਹਾਂ ਪੁਰਖ ਦਾ ਨਾਮ ਬਾਬਾ ਬਾਲਕ ਸਿੰਘ ਸੀ।

ਇਹ ਬਾਬਾ ਬਾਲਕ ਸਿੰਘ, ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ, ਸਿੱਖ ਰਾਜ ਦੇ ਸੀਮਾਂ ਪ੍ਰਾਂਤ ਅਥਵਾ ਸਰਹੱਦੀ ਸੂਬੇ ਵਿਚ ਸਿੱਖੀ ਦਾ ਤੇ ਧਰਮ ਦਾ ਪ੍ਰਚਾਰ ਕਰਦੇ ਸਨ ਤੇ ਹਿੰਦੂ ਮੁਸਲਮਾਨ, ਸਿੱਖ ਸਭ ਵਿਚ ਇਹਨਾਂ ਦੀ ਮਾਨਤਾ ਸੀ। ਬਾਬਾ ਬਾਲਕ ਸਿੰਘ ਹਜ਼ਰੋਂ ਵਿਚ ਰਹਿੰਦੇ ਸਨ ਤੇ ਬੜੀ ਉਚੀ ਆਤਮਕ ਅਵਸਥਾ ਦੇ ਮਾਲਕ ਸਨ। ਆਪ ਹਿੰਦੂ ਮੁਸਲਮਾਨ, ਸਿੱਖ ਸਭ ਨੂੰ ਸ਼ੁਭ ਆਚਰਣ, ਧਰਮ ਦੀ ਕਿਰਤ ਕਮਾਈ ਤੇ ਈਸ਼ਵਰ ਦਾ ਚਿੰਤਨ, ਅੱਲਾ ਦੀ ਯਾਦ ਤੇ ਵਾਹਿਗੁਰੂ ਦੇ ਸਿਮਰਨ ਦਾ ਉਪਦੇਸ਼ ਦਿੰਦੇ ਸਨ। ਬਾਬਾ ਰਾਮ ਸਿੰਘ ਜੀ ਉਤੇ ਬਾਬਾ ਬਾਲਕ ਸਿੰਘ ਦੇ ਉਪਦੇਸ਼ਾਂ ਦਾ ਬੜਾ ਪ੍ਰਭਾਵ ਪਿਆ, ਤੇ ਉਸ ਤੋਂ ਪਿਛੋਂ, ਬਾਬਾ ਰਾਮ ਸਿੰਘ ਪਹਿਲਾਂ ਨਾਲੋਂ ਵੀ ਵਧ ਤੱਤਪਰ ਹੋ ਕੇ ਵਾਹਿਗੁਰੂ ਦਾ ਭਜਨ ਕਰਨ ਲੱਗੇ। ਬਾਬਾ ਰਾਮ ਸਿੰਘ ਦੇ ਬਾਬਾ ਬਾਲਕ ਸਿੰਘ ਨਾਲ ਮੇਲ ਦੀ ਗੱਲ ਸੰਨ ੧੮੪੧ ਈਸਵੀ ਦੀ ਦੱਸੀ ਜਾਂਦੀ ਹੈ।

ਸੰਨ ੧੮੪੫ ਵਿਚ, ਸਿੰਘਾਂ ਨਾਲ ਲੜਾਈਆਂ ਪਿਛੋਂ ਅੰਗਰੇਜ਼ ਲਾਹੌਰ ਆ ਗਏ, ਤੇ ਦੋ ਤਿੰਨ ਸਾਲ ਪਿਛੋਂ ਅੰਗਰੇਜ਼ਾਂ ਨੇ ਪੰਜਾਬ ਉਤੇ ਸਿੱਧਾ ਕਬਜ਼ਾ ਕਰ ਲਿਆ ਤੇ ਪੰਜਾਬ ਮੁੜ ਇਕ ਸੌ ਸਾਲ ਲਈ ਪ੍ਰਾਧੀਨ ਹੋ ਗਿਆ। ਸਿੰਘਾਂ ਤੇ ਅੰਗਰੇਜ਼ਾਂ ਵਿਚਕਾਰ ਹੋਈ ਮੁੱਦਕੀ ਦੀ ਲੜਾਈ ਵਿਚ, ਬਾਬਾ ਰਾਮ ਸਿੰਘ ਜੀ ਭੀ ਲੜੇ ਤੇ ਕਿਹਾ ਇਉਂ ਜਾਂਦਾ ਹੈ, ਜੋ ਇਸ ਲੜਾਈ ਤੋਂ ਪਿਛੋਂ ਆਪ ਆਪਣੇ ਪਿੰਡ ਭੈਣੀ ਆਏ। ਜਦੋਂ ਪੰਜਾਬ ਪ੍ਰਾਧੀਨ ਹੋ ਗਿਆ ਤਾਂ ਦੇਸ਼ ਵਿਚ ਧਾਰਮਿਕ ਤੇ ਸਮਾਜਕ ਕੁਰੀਤੀਆਂ ਬਹੁਤ ਵਧ ਗਈਆਂ ਤੇ ਬਾਬਾ ਬਾਲਕ ਸਿੰਘ ਨੇ ਇਹਨਾਂ ਕੁਰੀਤੀਆਂ ਨੂੰ ਰੋਕਣ ਲਈ, ਇਕ ਧਾਰਮਿਕ ਜਥੇਬੰਦੀ ਦੀ ਨੀਹ ਰੱਖੀ। ਇਹ ਗੱਲ ਸੰਨ ੧੮੫੭ ਈਸਵੀ ਦੀ ਕਹੀ ਜਾਂਦੀ ਹੈ (ਇਸ ਸਾਲ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸਾਜਣਾ ਕੀਤੀ ਸੀ) ਕਿ ਇਸ ਜਥੇਬੰਦੀ ਦੇ ਪ੍ਰਚਾਰਕ ਤੇ ਨੇਤਾ ਪੰਜਾਬ ਵਿਚ ਬਾਬਾ ਰਾਮ ਸਿੰਘ ਥਾਪੇ ਗਏ। ਇਹੋ ਜਥੇਬੰਦੀ ਪੰਜਾਬ ਵਿਚ ਪਿਛੋਂ ਨਾਮਧਾਰੀ ਜਥੇਬੰਦੀ ਜਾਂ ਕੂਕਿਆਂ ਦੀ ਜਮਾਤ ਅਖਵਾਈ। ਨਾਮਧਾਰੀ ਇਉਂ ਜੁ ਇਹ ਵਾਹਿਗੁਰੂ ਦੇ ਨਾਮ ਦਾ ਅਭਿਆਸ ਤੇ ਸਿਮਰਨ ਕਰਦੇ ਸਨ, ਤੇ ਕੂਕੇ ਇਉਂ ਜੁ ਇਹ

ਆਪਣੇ ਦੀਵਾਨਾਂ ਤੇ ਜਥਿਆਂ ਵਿਚ ਮਸਤ ਹੋ ਕੇ, 'ਸੱਤ ਸ੍ਰੀ ਅਕਾਲ', ਕੂਕਦੇ ਹੁੰਦੇ ਸਨ। ਬੱਸ, ਇਸ ਸਮੇਂ ਤੋਂ ਹੀ ਬਾਬਾ ਰਾਮ ਸਿੰਘ ਦਾ ਧਾਰਮਿਕ ਆਗੂ ਤੇ ਸਮਾਜ ਸੁਧਾਰਕ ਦਾ ਜੀਵਨ ਆਰੰਭ ਹੁੰਦਾ ਹੈ।

ਖ਼ਾਲਸਾ ਫੌਜ ਦੀ ਨੌਕਰੀ ਛੱਡ ਆਉਣ ਪਿਛੋਂ ਬਾਬਾ ਰਾਮ ਸਿੰਘ ਨੇ ਆਪਣੇ ਰੁਜ਼ਗਾਰ ਲਈ ਆਪਣੇ ਪਿੰਡ ਵਿਚ ਹੀ ਇਕ ਲੋਹੇ ਕਪੜੇ ਆਦਿ ਦੀ ਹੱਟੀ ਪਾ ਲਈ ਸੀ। ਉਸ ਵਿਚੋਂ ਦਸਾਂ ਨੌਹਾਂ ਤੇ ਧਰਮ ਦੀ ਕਿਰਤ ਕਮਾਈ ਕਰਨ ਨਾਲ ਜੋ ਬਚਦਾ, ਉਸ ਨਾਲ ਹੀ ਆਪ ਦਾ ਤੇ ਆਪਣੇ ਟੱਬਰ ਦਾ ਨਿਰਬਾਹ ਕਰਦੇ ਸਨ ਤੇ ਉਸ ਵਿਚੋਂ ਹੀ ਪੁੰਨ ਦਾਨ ਤੇ ਦਸਵੰਧ ਆਦਿ ਕੱਢਦੇ ਸਨ। ਜਦੋਂ ਆਪਦੇ ਉਪਦੇਸ਼ਾਂ ਦਾ ਪ੍ਰਚਾਰ ਦੇਸ਼ ਵਿਚ ਵਧ ਗਿਆ ਤੇ ਨਾਮਧਾਰੀ ਜਥੇਬੰਦੀ ਪੰਜਾਬ ਦੇ ਬਹੁਤ ਸਾਰੇ ਇਲਾਕੇ ਵਿਚ ਫੈਲ ਗਈ ਤਾਂ ਸ਼ਰਧਾਲੂ ਆਪਣੀ ਦਸਵੰਧ ਕਮਾਈ ਬਾਬਾ ਰਾਮ ਸਿੰਘ ਕੋਲ ਭੈਣੀ ਭੇਜਣ ਲੱਗੇ। ਪਰ ਬਾਬਾ ਰਾਮ ਸਿੰਘ ਉਹ ਸਾਰੀ ਚੜ੍ਹਤ ਆਮਦਨ ਸਾਂਝੇ ਲੰਗਰ ਵਿਚ ਪਾ ਦਿੰਦੇ ਸਨ, ਜਿਸ ਵਿਚੋਂ ਆਈਆਂ ਗਈਆਂ ਸੰਗਤਾਂ ਲੰਗਰ ਛਕਦੀਆਂ ਸਨ। ਥੋਹੜੇ ਸਾਲਾਂ ਵਿਚ ਹੀ ਬਾਬਾ ਰਾਮ ਸਿੰਘ ਦਾ ਧਰਮ ਪ੍ਰਚਾਰ ਬਹੁਤ ਮਕਬੂਲ ਹੋ ਗਿਆ ਤੇ ਨਾਮਧਾਰੀ ਜਥੇਬੰਦੀਆਂ ਪੰਜਾਬ ਦੇ ਬਹੁਤ ਸਾਰੇ ਜ਼ਿਲਿਆਂ ਵਿਚ ਬਣ ਗਈਆਂ।

ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ, ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜੇਹੀ ਨਹੀਂ ਹੋਈ, ਜਿਸ ਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ, ਸਮਾਜਕ ਤੌਰ ਤੇ ਅਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ, ਉਸ ਨੂੰ ਉੱਨਤੀ ਦੀ ਸਿਖਰ ਉਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ, ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ, ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾ ਅਕਸ ਹੀ ਸਮਝਣ, ਇਕ ਕੁਦਰਤੀ ਜਿਹੀ ਗੱਲ ਸੀ।

ਹੁਣ ਬਾਬਾ ਰਾਮ ਸਿੰਘ ਦੀ ਉੱਚੀ ਆਤਮਾ ਆਪਣੇ ਅਸਲੀ ਰੂਪ ਵਿਚ ਸੰਸਾਰ ਸਾਹਮਣੇ ਪ੍ਰਗਟ ਹੋਈ। ਹੁਣ ਬਾਬਾ ਰਾਮ ਸਿੰਘ ਨੇ ਆਪਣੇ ਦੇਸ਼ ਤੇ ਜਾਤੀ ਦੇ ਸੰਪੂਰਣ ਕਲਿਆਣ ਦਾ ਬੀੜਾ ਚੁਕ ਲਿਆ ਤੇ ਇੱਕ ਮਹਾਨ ਧਾਰਮਿਕ ਆਗੂ, ਇਕ ਦੂਰੰਦੇਸ਼ ਸਮਾਜ ਸੁਧਾਰਕ ਤੇ ਇਕ ਦ੍ਰਿੜ੍ਹ ਦੇਸ਼ ਭਗਤ ਤੇ ਰਾਜਸੀ ਨੇਤਾ ਦੇ ਰੂਪ ਵਿਚ ਪ੍ਰਕਾਸ਼ਮਾਨ ਹੋ ਗਏ। ਜਿਵੇਂ ਚਿੱਕੜ ਵਿਚੋਂ ਕੰਵਲ ਦਾ ਫੁੱਲ ਉੱਗਮ ਕੇ ਖਿੜ ਪੈਂਦਾ ਹੈ, ਜਿਵੇਂ ਪੱਥਰਾਂ ਗੀਟਿਆਂ ਵਿਚੋਂ ਕੋਈ ਹੀਰੇ ਦੀ ਕਣੀ ਚਮਕ ਮਾਰ ਉਠਦੀ ਹੈ, ਜਿਵੇਂ ਹਰਣਾਂ ਦੀਆਂ ਆਮ ਬੇਮੁਹਾਰ ਫਿਰਦੀਆਂ ਡਾਰਾਂ ਵਿਚ ਕਿਸੇ ਹਿਰਣ ਦੀ ਨਾਭ ਵਿਚੋਂ ਮੁਸ਼ਕ ਫੁੱਟ ਆਉਂਦੀ ਹੈ ; ਇਉਂ ਭੈਣੀ ਪਿੰਡ ਦਾ ਇਕ ਤਰਖਾਣਾਂ ਦਾ ਮੁੰਡਾ, ਇਕ ਪ੍ਰਭਾਵਸ਼ਾਲੀ ਰਾਹਨੁਮਾ ਦੇ ਰੂਪ ਵਿਚ ਚਮਕ ਉਠਿਆ।

ਜੋ ਨਿਸ਼ਾਨਾ ਬਾਬਾ ਰਾਮ ਸਿੰਘ ਨੇ ਆਪਣੇ ਸਾਹਮਣੇ ਰੱਖਿਆ, ਉਹ ਇਤਨਾ ਉੱਚਾ ਤੇ ਮਹਾਨ ਸੀ, ਕਿ ਕੋਈ ਬੜਾ ਵੱਡਾ ਮਰਦ ਕਾ ਚੇਲਾ, ਮਰਦ ਹੀ ਇਤਨਾ ਹੌਸਲਾ ਕਰ ਸਕਦਾ ਹੈ। ਇਸ ਸਮੇਂ ਇਸ ਮਹਾਂ ਪੁਰਖ ਨੂੰ ਲੋਕ ਸਤਿਕਾਰ ਵਜੋਂ ਭਾਈ ਰਾਮ ਸਿੰਘ, ਕਹਿ ਕੇ ਬੁਲਾਂਉਂਦੇ ਸਨ। ਪਿਛੋਂ ਜਾ ਕੇ ਜਦੋਂ ਉਹਨਾਂ ਦੇ ਉੱਚੇ ਸੁਚੇ ਜੀਵਨ ਦਾ ਸਤਿਕਾਰ ਮੁਸ਼ਕ ਦੀ ਸੁਗੰਧੀ ਵਾਂਗ ਚੌਹ ਪਾਸੀਂ ਪਸਰ ਗਿਆ, ਲੋਕ ਉਹਨਾਂ ਨੂੰ ਬਾਬਾ ਰਾਮ ਸਿੰਘ ਕਹਿ ਕੇ ਬੁਲਾਉਣ ਲਗੇ, ਤੇ ਕਈ ਉਹਨਾਂ ਦੇ ਨਿਕਟ ਵਰਤੀ ਤੇ ਸ਼ਰਧਾਲੂ ਤਾਂ ਉਹਨਾਂ ਨੂੰ ਗੁਰੂ ਰਾਮ ਸਿੰਘ ਜਾਂ ਸਤਿਗੁਰੂ ਰਾਮ ਸਿੰਘ ਵੀ ਕਹਿਣ ਲਗ ਪਏ, ਭਾਵੇਂ ਬਾਬਾ ਰਾਮ ਸਿੰਘ ਲੋਕਾਂ ਨੂੰ ਇਉਂ ਕਹਿਣੋਂ ਸਦਾ ਰੋਕਦੇ ਰਹੇ। ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ, ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜੇਹੀ ਨਹੀ ਹੋਈ, ਜਿਸ ਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉੱਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ, ਸਮਾਜਕ ਤੌਰ ਤੇ ਅਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ, ਉਸ ਨੂੰ ਉੱਨਤੀ ਦੀ ਸਿਖਰ ਉਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ, ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ। ਇਸ ਲਈ ਸ਼ਰਧਾਲੂਆਂ ਦੇ ਮਨ ਉਤੇ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ, ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾ ਅਕਸ ਹੀ

ਸਮਝਣ, ਇਕ ਕੁਦਰਤੀ ਜਿਹੀ ਗੱਲ ਸੀ। ਗੁਰੂ ਗੋਬਿੰਦ ਸਿੰਘ ਤੋਂ ਕੁਝ ਚਿਰ ਪਿਛੋਂ, ਕੋਈ ਕਵੀ ਹੋਇਆ ਹੈ, ਜਿਸ ਦਾ ਕਿ ਅਸਲੀ ਨਾਮ ਗੁੰਮ ਹੋ ਚੁਕਾ ਹੈ। ਉਸਨੇ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦੀ ਉਪਮਾਂ ਵਿਚ ਵਾਰਾਂ ਲਿਖੀਆਂ, ਜਿਨ੍ਹਾਂ ਵਿਚੋਂ ਕੁਝ ਕੁ ਅੱਜ ਕੱਲ ਵੀ ਮਿਲਦੀਆਂ ਹਨ। ਕਿਉਂਕਿ ਸਿੱਖਾਂ ਵਿਚ ਪਹਿਲੇ ਵਾਰਾਂ ਲਿਖਣ ਵਾਲੇ, ਇਕ ਵਿੱਦਵਾਨ, ਭਾਈ ਗੁਰਦਾਸ, ਹੋਏ ਹਨ, ਇਸ ਲਈ, ਇਸ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਤੇ ਗੁੰਮਨਾਮ ਕਵੀ ਦੀਆਂ ਵਾਰਾਂ ਵੀ ਭਾਈ ਗੁਰਦਾਸ ਦੀਆਂ ਵਾਰਾਂ ਦੇ ਨਾਲ ਹੀ ਸਾਂਭ ਕੇ ਲਿਖੀਆਂ ਰਹੀਆਂ, ਤੇ ਇਸ ਗੁੰਮਨਾਮ ਕਵੀ ਦੀਆਂ ਵਾਰਾਂ ਨੂੰ ਵੀ ਲੋਕ ਭਾਈ ਗੁਰਦਾਸ ਦੀਆਂ ਵਾਰਾਂ ਹੀ ਕਹਿਣ ਲੱਗ ਪਏ। ਵਧੇਰੇ ਨਿਖੇੜਾ ਕਰਨ ਲਈ ਲੋਕ ਇਉਂ ਕਹਿ ਲੈਂਦੇ ਹਨ, ਕਿ ਇਹ ਗੁੰਮਨਾਮ ਕਵੀ ਦੀਆਂ ਵਾਰਾਂ ਭਾਈ ਗੁਰਦਾਸ ਦੂਜੇ ਦੀਆਂ ਵਾਰਾਂ ਹਨ। ਇਸ ਗੁੰਮਨਾਮ ਕਵੀ ਦੀਆਂ ਹੁਣ ਦੋ ਵਾਰਾਂ ਹੀ ਮਿਲਦੀਆਂ ਹਨ, ਪਰ ਕਿਆਸ ਇਹ ਹੈ, ਜੁ ਇਸ ਨੇ ਬਹੁਤ ਸਾਰੀਆਂ ਵਾਰਾਂ, ਇਸੇ ਹੀ ਢੰਗ ਦੀਆਂ ਤੇ ਇਸੇ ਹੀ ਵਿਸ਼ੇ ਤੇ, ਲਿਖੀਆਂ ਹੋਣਗੀਆਂ, ਕਿਉਂ ਜੋ ਇਹਨਾਂ ਵਾਰਾਂ ਦੀ ਬੋਲੀ ਬੜੀ ਸੁਧਰੀ ਤੇ ਮਾਂਜੀ ਹੋਈ ਹੈ ਤੇ ਕਿਸੇ ਅਨਾੜੀ ਦੀ ਬੋਲੀ ਨਹੀਂ। ਗੁਰੂ ਗੋਬਿੰਦ ਸਿੰਘ ਨੇ ਜਿਵੇਂ ਖ਼ਾਲਸਾ ਪ੍ਰਗਟ ਕੀਤਾ, ਉਸ ਬਾਰੇ ਇਸ ਗੁੰਮਨਾਮ ਕਵੀ, ਭਾਈ ਗੁਰਦਾਸ ਦੂਜੇ, ਦੀ ਵਾਰ ਇਉਂ ਹੈ :

ਗੁਰਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿੱਗਯਾਨਾ।
ਤਬ ਸਹਿਜੇ ਰਚਿਓ ਖ਼ਾਲਸਾ, ਸਾਬਦ ਮਰਦਾਨਾ।
ਉਠੇ ਸਿੰਘ ਭਬਕਾਰ ਕਰ ਸਭ ਜਗ ਕੰਪਾਨਾ।
ਮੜ੍ਹੀ ਗੋਰ ਦੇਵਲ ਮਸੀਤ ਢਾਹ ਕੀਏ ਮੈਦਾਨਾ।
ਬੇਦ ਪੁਰਾਨ ਖਟ ਸ਼ਾਸਤ੍ਰਾਂ ਪੁਨਾ ਮਿਟੇ ਕੁਰਾਨਾ।
ਉਨ ਸੁੱਨਤ ਕੋਈ ਨਾ ਕਰ ਸਕੇ ਐਸੋ ਡਰ ਪਾਨਾ।
ਉਮਤ ਫੌਜ ਮੁਹੰਮਦੀ ਖਪ ਗਈ ਮੈਦਾਨਾ।
ਤੀਸਰ ਪੰਥ ਚਲਾਇਅਨ, ਵਡ ਸੂਰ ਗਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।

ਭਾਵ ਇਹ ਕਿ, ਸਰਵ ਸ਼ਕਤੀ ਮਾਨ ਈਸ਼ਵਰ ਅਕਾਲ ਪੁਰਖ ਦੀ ਇੱਛਾ ਅਨੁਸਾਰ ਗੁਰੂ ਗੋਬਿੰਦ ਸਿਘ ਦੀ ਆਤਮਾ ਵਿਚ ਖ਼ਾਲਸਾ ਪੰਥ ਦੇ ਰੂਪ ਤੇ ਉਦੇਸ਼ਾਂ ਸੰਬੰਧੀ ਗਿਆਨ ਦਾ ਚਾਨਣ ਹੋਇਆ। ਉਸ ਈਸ਼ਵਰੀ ਗਿਆਨ ਦੇ ਅਨੁਸਾਰ, ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਦੀ ਰਚਨਾ ਕੀਤੀ, ਤੇ ਖਾਲਸੇ ਦੀ ਰਹਿਤ ਬਹਿਤ, ਸਾਬਤ ਅਰਥਾਤ, ਦ੍ਰਿੜ ਚ੍ਰਿਤ, ਜਟਾ ਜੂਟ, ਸਕੇਸ ਸੂਰਤ, ਤੇ ਪੁਰਸ਼ ਆਤਮਾ ਰੂਪ ਨਿਸ਼ਚਿਤ ਕੀਤਾ। ਉਪਜਦਿਆਂ ਹੀ ਖਾਲਸਾ ਪੰਥ ਦੇ ਤੇਜ ਨੇ ਜਗਤ ਨੂੰ ਪ੍ਰਭਾਵਤ ਕੀਤਾ। ਕਬਰਾਂ, ਮੜ੍ਹੀਆਂ ਦੇਵ-ਸਥਾਨਾਂ ਤੇ ਮਸੀਤਾਂ ਦੀ ਪੂਜਾ ਮਾਂਦ ਪੈ ਗਈ ਤੇ ਵੇਦਾਂ ਪੁਰਾਣਾਂ, ਛੇ ਸ਼ਾਸਤ੍ਰਾਂ ਤੇ ਕੁਰਾਨ ਦਾ ਪ੍ਰਚਾਰ ਢਿੱਲਾ ਪੈ ਗਿਆ।

ਰਾਜ ਮੱਦ ਵਿਚ ਮੱਤੇ ਹੋਏ ਜਰਵਾਣੇ, ਜੋ ਹਿੰਦੂਆਂ ਦੇ ਧਰਮ ਉਤੇ ਧਿੰਗੋ ਜ਼ੋਰੀ ਕਰਕੇ, ਉਹਨਾਂ ਨੂੰ ਉਹਨਾਂ ਦੀ ਮਰਜ਼ੀ ਦੇ ਵਿਰੁਧ, ਮੁਸਲਮਾਨ ਬਨਾਣ ਲਈ ਉਹਨਾਂ ਦੀਆਂ ਸੁੰਨਤਾਂ ਕਰਦੇ ਸਨ, ਉਹ ਡਰ ਗਏ। ਜੇਹੜੇ ਮੁਸਲਮਾਨ ਖਾਲਸਾ ਪੰਥ ਨੂੰ ਦਬਾਉਣ ਯਾ ਨਾਸ਼ ਕਰਨ ਲਈ ਸ਼ਸਤ੍ਰ ਲੈਕੇ ਹਮਲਾਅਵਰ ਹੋਏ, ਉਹ ਆਪ ਹੀ ਮਾਰੇ ਗਏ। ਅਜੇਹਾ ਤੇਜ ਮਈ ਤੇ ਬਲੀ ਪੰਥ, ਹਿੰਦੂਆਂ ਮੁਸਲਮਾਨਾਂ ਨਾਲੋਂ ਵੱਖਰਾ, ਤੀਸਰਾ ਪੰਥ ਸਾਜਿਆ ਗਿਆ। ਗੁਰੂ ਗੋਬਿੰਦ ਸਿੰਘ, ਜਿਸ ਨੇ ਇਸ ਮਹਾਨ ਪੰਥ ਦੀ ਸਾਜਨਾ ਕੀਤੀ, ਉਹ ਧੰਨ ਹੈ, ਜਿਹੜਾ ਗੁਰੂ ਗੋਬਿੰਦ ਸਿੰਘ ਕਿ ਈਸ਼ਵਰ ਵਲੋਂ ਭੇਜਿਆ ਹੋਇਆ ਜਗਤ ਦਾ ਗੁਰੂ ਸੀ, ਪਰ ਜੋ ਗੁਰੂ ਗੋਬਿੰਦ ਸਿੰਘ, ਜਗਤ ਤੇ ਜਨਤਾ ਦੇ ਸੇਵਕ ਦੇ ਰੂਪ ਵਿਚ ਹੋ ਵਿਚਰਿਆ ਤੇ ਆਪਣੇ ਹੀ ਸਾਜੇ ਹੋਏ ਸਿੰਘਾਂ ਕੋਲੋਂ ਔਮ੍ਰਿਤ ਛੱਕਣ ਦੀ ਯਾਚਨਾ ਕਰਕੇ, ਉਹਨਾਂ ਦਾ ਚੇਲਾ ਬਣ ਗਿਆ।

ਇਉਂ, ਇਹ ਕਿਸੇ ਗੁੰਮਨਾਮ ਕਵੀ ਦੀ ਵਾਰ, ਪੰਜਾਬ ਦੇਸ਼ ਵਿਚ ਪ੍ਰਚਲਤ ਸੀ। ਜਦੋਂ ਉਨ੍ਹੀਵੀਂ ਸਦੀ ਵਿਚ ਬਾਬਾ ਰਾਮ ਸਿੰਘ ਦਾ ਤੇਜ ਪ੍ਰਤਾਪ ਚਮਕਿਆ, ਤੇ ਡੂੰਘੀਆਂ ਨਜ਼ਰਾਂ ਨੇ ਬਾਬਾ ਰਾਮ ਸਿੰਘ ਦੇ ਉਦੇਸ਼ਾਂ ਤੇ ਉਪਦੇਸ਼ਾਂ ਵਿਚ, ਗੁਰੂ ਗੋਬਿੰਦ ਸਿੰਘ ਦੀ ਮਹਾਨ ਆਤਮਾ ਦਾ ਝਾਉਲਾ ਪ੍ਰਤੱਖ ਦੇਖਿਆ, ਤਾਂ ਉਹਨਾਂ ਨੇ ਉਪਰੋਕਤ ਵਾਰ ਨੂੰ ਹੇਠ ਲਿਖਿਆ ਰੂਪ ਦੇ ਕੇ ਗਾਉਣਾ ਤੇ ਪ੍ਰਚਾਰਨਾ ਅਰੰਭ ਦਿਤਾ -

ਮੜ੍ਹੀ ਮਸੀਤਾ ਢਾਇ ਕੇ ਕਰ ਦਿਉ ਮੈਦਾਨਾ।
ਪੈਹਲਾਂ ਪਾਂਧਾ ਪੀਰ ਫਿਰ ਮਾਰੋ ਸੁਲਤਾਨਾ।
ਉੱਮਤ ਸੱਭ ਮੁਹੱਮਦੀ ਖਪ ਜਾਇ ਮੈਦਾਨਾ।
ਸੁਨੱਤ ਕੋਇ ਨਾ ਕਰ ਸਕੇ, ਕੰਬਣ ਤੁਰਕਾਨਾ।
ਭੈਣੀ ਸਤਿਗੁਰ ਜਾਗਿਆ, ਹੋਰ ਝੂਠ ਜਹਾਨਾ।

ਭਾਵ ਇਹ ਕਿ ਮੜ੍ਹੀਆਂ ਮਸੀਤਾਂ ਆਦ' ਨਿਰਜਿੰਦ ਵਸਤੂਆਂ ਦੀ ਪੂਜਾ ਬੰਦ ਕਰ ਦਿਓ। ਪਾਂਧੇ ਪੀਰ, ਜੋ ਲੋਕਾਂ ਨੂੰ ਭਰਮਾਂ ਭੁਲੇਖਿਆਂ ਵਿਚ ਪਾ ਕੇ, ਜਨਤਾ ਨੂੰ ਧਾਰਮਿਕ ਭਰਮਾਂ ਵਿਚ ਪਾਉਂਦੇ ਹਨ, ਉਹਨਾਂ ਦੀ ਪੈਰਵੀ ਪਹਿਲਾਂ ਛਡੋ। ਪਾਤਸ਼ਾਹਾਂ ਸੁਲਤਾਨਾਂ ਦੀ ਰਾਜਸੀ ਗੁਲਾਮੀ ਦੀ ਛੱਟ ਉਸ ਤੋਂ ਪਿਛੋਂ ਲਾਹ ਦਿਉ। ਜਿਵੇਂ ਕਈ ਮੁਸਲਮਾਨ ਪਾਤਸ਼ਾਹ ਤੇ ਹਾਕਮ ਧਰਮ ਵਿਚ ਜਬਰ ਕਰਨ ਹਿਤ, ਸ਼ਸਤ੍ਰ, ਵਰਤਦੇ ਸਨ, ਅਜਿਹੇ ਲੋਕਾਂ ਦਾ ਸ਼ਸਤ੍ਰਾਂ ਨਾਲ ਮੁਕਾਬਲਾ ਕਰੋ ਤੇ ਉਹਨਾਂ ਦਾ ਨਾਸ਼ ਕਰ ਦਿਓ। ਧਰਮ ਵਿਚ ਧੱਕਾ ਕੋਈ ਨਾ ਕਰ ਸਕੇ ਤੇ ਤੁਸੀਂ ਇਤਨੇ ਤੱਕੜੇ ਹੋ ਜਾਓ, ਜੁ ਅਜੇਹਾ ਧੱਕਾ ਕਰਨ ਵਾਲੇ ਤੁਹਾਨੂੰ ਦੇਖ ਕੇ ਕੰਬਣ। ਗੁਰੂ, ਜਿਹੜੇ ਕਿ ਜਗਤ ਨੂੰ ਰੌਸ਼ਨੀ

ਦਿਖਾਣ ਤੇ ਸੰਸਾਰ ਦੀ ਰਾਹਨੁਮਾਈ ਕਰਨ ਆਏ ਸਨ, ਭਾਵ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦੱਸ ਗੁਰੂ ਸਾਹਿਬਾਨ, ਉਹਨਾਂ ਗੁਰੂਆਂ ਦੀ ਆਤਮਕ ਸੱਤਾ ਫਿਰ ਮੁੜ ਕੇ ਭੈਣੀ ਪਿੰਡ ਵਿਚ, ਚਮਕ ਉੱਠੀ ਹੈ। ਜੋ ਕੋਈ ਇਸ ਵਿਚ ਸ਼ੱਕ ਕਰਕੇ, ਕਿਵੇਂ ਹੋਰਵੇਂ ਗੱਲ ਕਹਿੰਦਾ ਹੈ, ਉਹ ਅਸੱਤ ਤੇ ਝੂਠ ਇਸ ਜਹਾਨ ਵਿਚ ਬੋਲਦਾ ਹੈ।

ਬਾਬਾ ਰਾਮ ਸਿੰਘ ਦੀ ਵਿਅੱਕਤੀ, ਉਸ ਦੇ ਉਪਦੇਸ਼ਾਂ ਤੇ ਉਦੇਸ਼ਾਂ ਦਾ ਜੋ ਪ੍ਰਭਾਵ ਲੋਕਾਂ ਦੇ ਮਨਾਂ ਉਤੇ ਉਸ ਸਮੇਂ ਪਿਆ, ਇਹ ਉਸ ਦਾ ਵਰਣਨ ਹੈ।

ਬਾਬਾ ਰਾਮ ਸਿੰਘ ਦਾ ਨਿਸ਼ਾਨਾ ਕੀ ਸੀ ? ਉਸ ਬਾਰੇ ਕੋਈ ਭਰਮ ਭੁਲੇਖਾ ਉਹਨਾਂ ਦੇ ਜੀਵਾਨ ਨੂੰ ਜਾਨਣ ਸੁਨਣ ਵਾਲਿਆਂ ਦੇ ਮਨਾਂ ਵਿਚ ਨਹੀਂ ਰਹਿ ਜਾਂਦਾ। ਉਹਨਾਂ ਦਾ

ਸਰੀਰਕ ਸਫਾਈ, ਨੂੰ ਮਨ ਸੰਜਮ ਵਿਚ ਰਖਣ ਤੇ ਸਰੀਰ ਨੂੰ ਰਿਸ਼ਟ ਪੁਸ਼ਟ ਰਖਣ ਉਤੇ ਬਾਬਾ ਰਾਮ ਸਿੰਘ ਬੜਾ ਜ਼ੋਰ ਦਿੰਦੇ ਸਨ। ਬਸਤ੍ਰ ਸਦਾ ਸਾਫ ਤੇ ਨਿਰਮਲ ਪਹਨੋ। ਇਕ ਪਹਿਰ ਰਾਤ ਰਹਿੰਦਿਆਂ ਉਠਕੇ ਸੁਣੇ ਕੋਸੀ ਇਸ਼ਨਾਨ ਕਰੋ। ਦਾਤਣ ਹਰ ਰੋਜ਼ ਕਰੋ। ਆਪਣੀ ਰਸੋਈ ਪਕਾਣ, ਵਰਤਣ ਤੇ ਖਾਣ ਵਿਚ ਸਦਾ ਸਫ਼ਾਈ ਵਰਤੋ। ਗੰਦ ਤੇ ਮੈਲ ਨੂੰ ਤਿਆਗਣ ਵਿਚ ਕਦੇ ਆਲਸ ਨਾ ਕਰੋ। ਇਹ ਉਪਦੇਸ਼ ਬਾਬਾ ਰਾਮ ਸਿੰਘ ਲੋਕਾਂ ਨੂੰ ਨਿਤ ਪ੍ਰਤੀ ਦਿੰਦੇ ਸਨ। ਇਹ ਇਹਨਾਂ ਉਪਦੇਸ਼ਾਂ ਦਾ ਹੀ ਅਸਰ ਹੈ ਜੁ ਬਾਬਾ ਰਾਮ ਸਿੰਘ ਦੇ ਸਮਕਾਲੀ ਅੰਗਰੇਜ਼ ਅਫ਼ਸਰ ਤੇ ਹੋਰ ਲੋਕ, ਜਿਨ੍ਹਾਂ ਵੀ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸਾਥੀਆਂ ਤੇ ਪੈਰੋਕਾਰਾਂ ਦੇ ਕਦੇ ਦਰਸ਼ਨ ਕੀਤੇ, ਉਹਨਾਂ ਦੇ ਚਿੱਟੇ ਦੁੱਧ ਬਸਤ੍ਰਾਂ ਤੇ ਸਾਫ਼ ਸੁਛ ਰਹਿਣੀ ਬਹਿਣੀ ਤੋਂ ਅਤਿਅੰਤ ਪਰਭਾਵਤ ਹੋਏ।

ਨਿਸਾਨਾਂ ਇਹ ਸੀ : ੧. ਲੋਕ ਆਪਣੇ ਸਰੀਰ ਤੇ ਆਪਣੀ ਰਹਿਣੀ ਬਹਿਣੀ ਨੂੰ ਸੁਛ ਤੇ ਸਾਫ ਰੱਖਣ। ੨. ਲੋਕਾਂ ਦੇ ਮਨ ਭਰਮਾਂ ਭੁਲੇਖਿਆਂ ਤੇ ਵਹਿਮਾਂ ਵਿਚੋਂ ਨਿਕਲ ਕੇ ਨਰੋਏ ਹੋ ਜਾਣ। ੩. ਸਮਾਜਕ ਤੌਰ ਉਤੇ ਇਸਤ੍ਰੀ ਤੇ ਮਰਦ ਬਰਾਬਰ ਦੇ ਮੰਨੇ ਜਾਣ ਤੇ ਸਰਬ ਸਾਂਝੇ ਵਿਦਿਆ ਦੇ ਪ੍ਰਚਾਰ ਰਾਹੀ ਉੱਨਤੀ ਕਰਨ। ੪. ਲੋਕਾਂ ਦੀ ਆਤਮਾ ਧਾਰਮਿਕ ਤੌਰ ਉਤੇ ਸੁਰਜੀਤ ਤੇ ਤਕੜੀ ਹੋਵੇ। ੫. ਦੇਸ਼ ਤੇ ਜਨਤਾ, ਬਦੇਸ਼ੀਆਂ ਤੇ ਰਾਜੇ ਰਾਣੀਆਂ ਦੀ ਪ੍ਰਾਧੀਨਤਾ ਤੋਂ ਸੁਤੰਤਰ ਹੋ ਕੇ, ਆਪਣਾ ਰਾਜ ਆਪ ਕਰਨ।

ਇਤਨਾ ਵੱਡਾ ਮਹਾਨ ਕਾਰਜ ਆਪਣੇ ਸਾਹਮਣੇ ਰੱਖ ਕੇ ਬਾਬਾ ਰਾਮ ਸਿੰਘ ਨੇ ਆਪਣੇ ਉਪਦੇਸ਼ ਦੇ ਜੀਵਨ ਕਾਰਜ ਅਰੰਭੇ।

ਸਰੀਰਕ ਸਫਾਈ, ਨੂੰ ਮਨ ਸੰਜਮ ਵਿਚ ਰਖਣ ਤੇ ਸਰੀਰ ਨੂੰ ਰਿਸ਼ਟ ਪੁਸ਼ਟ ਰਖਣ ਉਤੇ ਬਾਬਾ ਰਾਮ ਸਿੰਘ ਬੜਾ ਜ਼ੋਰ ਦਿੰਦੇ ਸਨ। ਬਸਤ੍ਰ ਸਦਾ ਸਾਫ ਤੇ ਨਿਰਮਲ ਪਹਨੋ। ਇਕ ਪਹਿਰ ਰਾਤ ਰਹਿੰਦਿਆਂ ਉਠਕੇ ਸਣੇ ਕੋਸੀ ਇਸ਼ਨਾਨ ਕਰੋ। ਦਾਤਣ ਹਰ ਰੋਜ਼ ਕਰੋ। ਆਪਣੀ ਰਸੋਈ ਪਕਾਣ, ਵਰਤਣ ਤੇ ਖਾਣ ਵਿਚ ਸਦਾ ਸਫ਼ਾਈ ਵਰਤੋ। ਗੰਦ ਤੇ ਮੈਲ ਨੂੰ ਤਿਆਗਣ ਵਿਚ ਕਦੇ ਆਲਸ ਨਾ ਕਰੋ। ਇਹ ਉਪਦੇਸ਼ ਬਾਬਾ ਰਾਮ ਸਿੰਘ ਲੋਕਾਂ ਨੂੰ ਨਿਤ ਪ੍ਰਤੀ ਦਿੰਦੇ ਸਨ। ਇਹ ਇਹਨਾਂ ਉਪਦੇਸ਼ਾਂ ਦਾ ਹੀ ਅਸਰ ਹੈ ਜੁ ਬਾਬਾ ਰਾਮ ਸਿੰਘ ਦੇ ਸਮਕਾਲੀ ਅੰਗਰੇਜ਼ ਅਫ਼ਸਰ ਤੇ ਹੋਰ ਲੋਕ, ਜਿਨ੍ਹਾਂ ਵੀ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸਾਥੀਆਂ ਤੇ ਪੈਰੋਕਾਰਾਂ ਦੇ ਕਦੇ ਦਰਸ਼ਨ ਕੀਤੇ, ਉਹਨਾਂ ਦੇ ਚਿੱਟੇ ਦੁੱਧ ਬਸਤ੍ਰਾਂ ਤੇ ਸਾਫ਼ ਸੁਛ ਰਹਿਣੀ ਬਹਿਣੀ ਤੋਂ ਅਤਿਅੰਤ ਪਰਭਾਵਤ ਹੋਏ। ਇਕ ਵੱਡੇ ਅੰਗਰੇਜ਼ ਅਫ਼ਸਰ ਨੇ ਆਪਣੀ ਸਰਕਾਰ ਨੂੰ ਬਾਬਾ ਰਾਮ ਸਿੰਘ ਬਾਬਤ ਲਿਖਿਆ, ਕਿ ਉਹ ਜਦੋਂ ਆਪਣੇ ਮੁਸਾਹਿਬਾਂ ਨਾਲ ਬਾਹਰ ਨਿਕਲਦੇ ਹਨ ਤਾਂ ਇਉ ਪਰਭਾਵ ਪੈਂਦਾ ਹੈ ਜਿਵੇਂ ਕੋਈ ਵੱਡਾ ਰਾਜਸੀ ਨੇਤਾ, ਕਿਸੇ ਦੇਸ਼ ਦਾ ਸਰਦਾਰ ਜਾਂ ਸਿੱਕਦਾਰ ਹੋਵੇ। ਅੱਜ ਵੀ, ਬਾਬਾ ਰਾਮ ਸਿੰਘ ਦਾ ਗ਼ਰੀਬ ਤੋਂ ਗ਼ਰੀਬ ਪੈਰੋਕਾਰ, ਨਾਮਧਾਰੀ ਕੂਕਾ, ਆਪਣੇ ਬਸਤ੍ਰਾਂ ਤੇ ਆਪਣੀ ਰਹਿਣੀ ਬਹਿਣੀ ਦੀ ਸਫ਼ਾਈ ਵਿਚ ਆਪਣੇ ਗਵਾਂਢੀਆਂ ਕੋਲੋਂ ਵੱਖਰਾ ਤੇ ਵਧੇਰੇ ਸਰੇਸ਼ਟ ਦਿਸ ਆਉਂਦਾ ਹੈ।

ਭਰਮਾਂ ਵਹਿਮਾਂ ਦਾ ਤਿਆਗ ਕਰੋ। ਇਕੋ ਅਕਾਲ ਪੁਰਖ ਦੀ ਪੂਜਾ ਭਗਤੀ ਤੇ ਉਸੇ ਦੀ ਟੇਕ, ਇਹ ਬਾਬਾ ਰਾਮ ਸਿੰਘ ਦਾ ਉਪਦੇਸ਼ ਸੀ ਤੇ ਉਹ ਸਦਾ ਕਹਿੰਦੇ ਸਨ ਜੁ ਇਹੋ ਗੁਰੂਆਂ ਦਾ ਚਲਾਇਆ ਹੋਇਆ, ਸਾਰੇ ਜਗਤ ਲਈ ਕਲਿਆਣਕਾਰੀ, ਸਿੱਖੀ ਮਾਰਗ ਹੈ। ਇਸੇ ਉਪਦੇਸ਼ ਨੂੰ ਦ੍ਰਿੜ੍ਹ ਕਰਨ ਹਿਤ ਬਾਬਾ ਰਾਮ ਸਿੰਘ ਕਹਿੰਦੇ ਸਨ, ਜੋ ਗੁਰੂ ਗਰੰਥ ਸਾਹਿਬ ਦੀ ਸਿੱਖਿਆ ਤੇ ਗੁਰੂ ਗੋਬਿੰਦ ਸਿੰਘ ਦਾ ਦੱਸਿਆ ਪੰਥ ਇਹੋ ਹੈ। ਇਸ ਵਿਸ਼ੇ ਉਤੇ ਬਾਬਾ ਰਾਮ ਸਿੰਘ ਦੇ ਬਚਨਾਂ ਦਾ ਸਾਰ ਇਉਂ ਪ੍ਰਚਲਤ ਹੈ –

ਗੁਰੂ ਗਰੰਥ ਮੇਂ ਜੋ ਕੁਛ ਲਿਖਿਆ।
ਸੋਈ ਧਾਰੋ ਮਨ ਮੈ ਸਿੱਖਿਆ।
ਦਸਮ ਗੁਰੂ ਕੀ ਰੀਤ ਸੰਭਾਰੋ।
ਲੋਕ ਦੋਹਨ ਕੋ ਜੋ ਰਖਵਾਰੋ। ।

ਪਰ ਇਹ ਉਪਦੇਸ਼ ਬਾਬਾ ਰਾਮ ਸਿੰਘ ਦਾ, ਕੇਵਲ ਉਹਨਾਂ

ਨੂੰ ਹੀ ਨਹੀ ਸੀ, ਜੋ ਆਪਣੇ ਆਪ ਨੂੰ ਸਿੱਖ ਅਖਵਾਂਦੇ ਸਨ। ਇਹ ਉਪਦੇਸ਼ ਭਰਮਾਂ ਵਹਿਮਾਂ ਨੂੰ ਤਿਆਗਣ ਦਾ ਤੇ ਇਕ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਪੂਜਾ ਤੇ ਟੇਕ ਦਾ, ਉਹ ਸਭ ਪਰਾਣੀਆਂ ਨੂੰ ਸਾਂਝਾ ਦਿੰਦੇ ਸਨ ਤੇ ਬਾਰ ਬਾਰ ਇਸ ਸਿਧਾਂਤ ਉਤੇ ਜ਼ੋਰ ਦਿੰਦੇ ਸਨ ਕਿ ਇਹੋ ਉਪਦੇਸ਼ ਜਗਤ ਨੂੰ ਦੇਣ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸਾਂ ਗੁਰੂਆਂ ਨੇ ਅਵਤਾਰ ਧਾਰਿਆ ਸੀ। ਬਾਬਾ ਰਾਮ ਸਿੰਘ ਦੇ ਇਸ ਉਪਦੇਸ਼ ਤੇ ਸਿਧਾਂਤ ਤੋਂ ਪਰਭਾਵਤ ਹੋ ਕੇ ਬਹੁਤ ਸਾਰੇ ਪੜੇ ਲਿਖੇ ਹਿੰਦੂ ਤੇ ਮੁਸਲਮਾਨ ਵੀ ਬਾਬਾ ਰਾਮ ਸਿੰਘ ਦੇ ਪੈਰੋਕਾਰ ਬਣ ਗਏ ਸਨ ਤੇ ਉਹ ਵੀ 'ਕੂਕੇ' ਅਖਵਾਂਦੇ ਸਨ। ਕਿਸੇ ਜਨਮ, ਜਾਤੀ ਜਾਤ ਪਾਤ ਦਾ ਭਿੰਨ ਭੇਦ ਬਾਬਾ ਰਾਮ ਸਿੰਘ ਦੇ ਇਹਨਾਂ ਉਪਦੇਸ਼ਾਂ ਵਿਚ ਨਹੀ ਸੀ, ਤੇ ਜੱਟ, ਨਾਈ, ਛੀਂਬੇ, ਖੱਤ੍ਰੀ, ਬਰਾਹਮਣ, ਚੂਹੜੇ, ਚਮਾਰ, ਹਿੰਦੂ ਮੁਸਲਮਾਨ, ਸਭ ਲੋਕ, ਕੋਈ ਥੋਹੜੇ, ਕੋਈ ਬਹੁਤੇ ਬਾਬਾ ਰਾਮ ਸਿੰਘ ਦੇ ਸ਼ਰਧਾਲੂ ਤੇ ਪੈਰੋਕਾਰ ਬਣ ਗਏ ਸਨ।

ਤੀਜਾ ਉਪਦੇਸ਼ ਬਾਬਾ ਰਾਮ ਸਿੰਘ ਜੀ ਦਾ, ਇਸਤਰੀ ਜਾਤੀ ਦੀ ਉੱਨਤੀ ਤੇ ਇਸਤਰੀ ਮਰਦ ਦੋਹਾਂ ਵਿਚ ਵਿੱਦਿਆ ਦੇ ਪਰਚਾਰ ਬਾਰੇ ਸੀ। ਕੁੜੀਆਂ ਮਾਰਨ ਦਾ ਰਿਵਾਜ, ਸਿੱਖ ਰਾਜ ਦੇ ਸਮਾਪਤ ਹੋਣ ਪਿਛੋਂ, ਪੰਜਾਬ ਵਿਚ ਪਰਚੱਲਤ ਹੋ ਗਿਆ ਸੀ। ਗੁਰੂਆਂ ਦੇ ਅਵਤਾਰ ਲੈਣ ਤੇ ਉਪਦੇਸ਼ਾਂ ਤੋਂ ਪਹਿਲਾਂ ਵੀ ਸਾਡੇ ਦੇਸ਼ ਵਿਚ ਕੁੜੀਆਂ ਮਾਰਨ, ਤੇ ਕੁੜੀਆਂ ਵੇਚਣ ਤੇ ਕੁੜੀਆਂ ਤੇ ਤ੍ਰੀਮਤਾਂ ਨੂੰ ਮਰਦਾਂ ਨਾਲੋਂ ਹੀਣੇ ਰੱਖਣ ਦਾ ਆਮ ਰਿਵਾਜ ਸੀ, ਪਰ ਗੁਰੂਆਂ ਨੇ ਇਹਨਾਂ ਕੁਰੀਤੀਆਂ ਦੇ ਵਿਰੁਧ ਬੜਾ ਤਕੜਾ ਪ੍ਰਚਾਰ ਕੀਤਾ ਸੀ। ਇਹੋ ਕੁਰੀਤੀਆਂ ਬਾਬਾ ਰਾਮ ਸਿੰਘ ਦੇ ਸਮੇਂ ਮੁੜ ਪਰਚਲਤ ਹੋ ਗਈਆਂ ਸਨ, ਤੇ ਬਾਬਾ ਰਾਮ ਸਿੰਘ ਨੇ ਇਹਨਾਂ ਕੁਰੀਤੀਆਂ ਦੇ ਬਰਖਿਲਾਫ ਬੜਾ ਜ਼ੋਰਦਾਰ ਪ੍ਰਚਾਰ ਕੀਤਾ। ਪਿਛੋਂ ਜਾ ਕੇ, ਜਦੋਂ ਅੰਗਰੇਜ਼ ਬਾਬਾ ਰਾਮ ਸਿੰਘ ਨੂੰ ਫੜ ਕੇ ਰੰਗੂਨ ਲੈ ਗਏ, ਤਾਂ ਉਥੋਂ ਵੀ ਬਾਬਾ ਜੀ, ਪੰਜਾਬ ਦੇ ਲੋਕਾਂ ਤੇ ਸ਼ਰਧਾਲੂਆਂ ਦੇ ਨਾਮ ਸੁਨੇਹੇ ਪੱਤ੍ਰ ਭੇਜਦੇ ਰਹੇ। ਉਹਨਾਂ ਸੁਨੇਹਿਆਂ ਵਿਚ ਇਸਤ੍ਰੀ ਜਾਤੀ ਦੀ ਉੱਨਤੀ ਤੇ ਸਨਮਾਨ ਤੇ ਕੁੜੀਆਂ ਦੀ ਵਿਦਿਆ ਬਾਰੇ ਖਾਸ ਤੌਰ ਤੇ ਕਿਹਾ ਹੁੰਦਾ ਸੀ। ਇਕ ਅਜੇਹੇ ਪੱਤਰ ਵਿਚ ਬਾਬਾ ਜੀ ਦਾ ਹੁਕਮ ਹੈ-

"ਅੱਗੇ ਜੋ ਲੜਕੀ ਮਾਰੇ ਤੇ ਲੜਕੀ ਬੇਚ ਦੇਨੇ ਕਾ ਬਡਾ ਪਾਪ ਹੈ। ਕਿਉਂਕਿ ਲੜਕੀਆਂ ਮੇਂ ਬਡੇ ਗੁਣ ਹੈਂ। ਅਨੇਕ ਤਰਾਂ ਦੇ ਸੁਖ ਦੇਂਦੀਆਂ ਹੈਂ। ਇਸਤਰੀਆਂ ਦੇ ਗੁਣ ਕਹੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀਆਂ ਦਾ ਮਾਰਨਾ ਗਊ ਤੋਂ ਬਡਾ ਪਾਪ ਹੈ।"

ਫੇਰ ਹੁਕਮ ਲਿਖ ਭੇਜਿਆ-

"ਹੋਰ ਲੜਕੇ ਲੜਕੀਆਂ ਸਭ ਨੂੰ ਅੱਖਰ ਪੜ੍ਹਾ ਦੇਣੇ। ਹੋਰ ਲੜਕੀ ਕਿਸੇ ਨਾ ਮਾਰਨੀ। ਨਾ ਵੱਟਾ ਲੈਣਾ ਤੇ ਨਾ ਲੜਕੀ ਦੇ ਦਾਮ ਲੈਣੇ। ਜੇਹੜਾ ਲੜਕੀ ਮਾਰੇ, ਬੇਚੇ, ਵੱਟਾ ਕਰੇ, ਉਸ ਦੇ ਹਥ ਦਾ, ਘਰ ਦਾ ਅੰਨ ਨਹੀਂ ਵਰਤਣਾ।"

ਇਕ ਹੋਰ ਚਿੱਠੀ ਵਿਚ ਹਿਦਾਯਤ ਕੀਤੀ-

"ਸੋ ਸੰਬੂਹ ਸੰਗਤ ਕੋ ਇਹ ਹੁਕਮ ਹੈ, ਖਾਲਸੇ ਜੀ ਕੋ। ਸਭ ਨੇ ਬਾਣੀ ਕੰਠ ਕਰਨੀ। ਨਾਲੇ ਲੜਕੀਆਂ ਨੇ। ਹੋਰ ਸਰਬੱਤ ਬੀਬੀਆ ਨੇ ਪਿਛਲੇ ਰਾਤ ਉਠ ਕੇ ਸਭ ਨੇ ਇਸ਼ਨਾਨ ਕਰਨਾ। ਲੜਕਿਆ ਅਰ ਬੀਬੀਆਂ ਨੇ ਅੱਖਰ ਪੜਨੇ ਘਰ ਬੈਠ ਕੇ।"

ਚੌਥਾ ਉਪਦੇਸ਼ ਬਾਬਾ ਰਾਮ ਸਿੰਘ ਦਾ ਲੋਕਾਂ ਨੂੰ ਆਤਮਕ ਤੌਰ ਉਤੇ ਤਕੜਾ ਤੇ ਸਬਲ ਕਰਨ ਬਾਰੇ ਸੀ। ਬਾਬਾ ਰਾਮ ਸਿੰਘ ਲੋਕਾਂ ਨੂੰ ਨਾਮ ਜਪਣ, ਈਸ਼ਵਰ ਦਾ ਸਿਮਰਨ ਕਰਨ ਤੇ ਸਦਾ ਅਕਾਲ ਪੁਰਖ ਦੇ ਭੈ ਵਿਚ ਰਹਿਣ ਦਾ ਉਪਦੇਸ਼ ਦਿੰਦੇ ਸਨ ਅਤੇ ਨਾਲ ਹੀ ਬੜਾ ਉੱਚਾ ਸੁੱਚਾ ਸਦਾਚਾਰ ਰਖਣ ਉਤੇ ਜ਼ੋਰ ਦਿੰਦੇ ਸਨ। ਆਪਣੇ ਇਕ ਸੁਨੇਹੇ ਪੱਤ੍ਰ ਵਿਚ, ਜੋ ਉਹਨਾਂ ਰੰਗੂਨ ਤੋਂ ਪੰਜਾਬ ਵਿਚ ਸ਼ਰਧਾਲੂਆਂ ਲਈ ਭੇਜੇ, ਬਾਬਾ ਜੀ ਨੇ ਲਿਖਿਆ:

"ਇਸ਼ਨਾਨ ਪਿਛਲੀ ਰਾਤ ਕਰਨਾ ਬਰ ਜ਼ਰੂਰ ਗੁਰੂ ਜੀ ਕਾ ਹੁਕਮ ਹੈ। ਸਵਾ ਪਹਿਰ ਰਾਤ ਦਾ ਗੁਰੂ ਜੀ ਨੇ ਵਡਾ ਮਹਾਤਮ ਕਹਿਆ ਹੈ। ਰਾਤ ਕੋ ਬਾਣੀ ਪੜ੍ਹਨੀ। ਦਿਨੇਂ ਭਜਨ ਕਰਨਾ। ਫੇਰ ਤੁਰਦੇ ਫਿਰਦੇ, ਕੰਮ ਕਰਦੇ ਤੇ ਜੇ ਵੇਹਲ ਲਗੇ ਤਾਂ ਇਕਾਂਤ ਬੈਠ ਕੇ ਭਜਨ ਬਾਣੀ ਕਰਨਾ।"

ਇਕ ਹੋਰ ਵੇਲੇ ਦਾ, ਬਾਬਾ ਜੀ ਦਾ ਬੱਚਨ ਹੈ।

"ਮੈਨੂੰ ਜੋ ਹੁਕਮ ਹੈ ਗੁਰੂ ਸਾਹਿਬ ਦਾ, ਸੋ ਮੈਂ ਲਿਖ ਦਿੰਦਾ ਹਾਂ। ਸਭ ਨੂੰ ਸੁਣਾਇ ਦੇਣੀ। ਜੋ ਕੋਈ ਭੀ ਚੀਜ ਨਾ ਲਵੇ ਕਿਸੇ ਦੀ। ਖੋਹ ਲੈਣਾ, ਚੁਰਾਇ ਲੈਣਾ, ਲੈ ਕੇ ਨਾਂ ਦੇਣਾ, ਇਹ ਮਹਾਂ ਪਾਪ ਹੈ। ਸੋ ਜੀ, ਇਹ ਬਾਤ ਸਭ ਨੂੰ ਸੁਣਾਇ ਦੇਣੀ, ਜੋ ਬਗਾਨੀ ਚੀਜ ਦਾ ਸਭ ਕੋਈ ਤਿਆਗ ਕਰੇ।"

ਇਕ ਸਿੰਘ ਬਾਬਾ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਰੰਗੂਨ ਗਿਆ ਤਾਂ ਉਸ ਨੂੰ, ਮੁੜਦੇ ਨੂੰ, ਇਹ ਸੁਨੇਹਾ ਪੰਜਾਬ ਦੇ ਸ਼ਰਧਾਲੂਆਂ ਦੇ ਨਾਮ ਦਿਤਾ :

"ਸਭ ਨੂੰ ਬਾਣੀ ਕੰਠ ਕਰਨ ਦਾ ਹੁਕਮ ਸੁਣਾਈ। ਜੇ ਪੁਜ ਆਵੇ ਤਾਂ ਪੰਜ ਗਰੰਥੀ ਕੰਠ ਕਰਨ। ਨਹੀ ਤਾਂ ਜਪੁ, ਜਾਪ, ਰਹਿਰਾਸ, ਆਰਤੀ, ਸੋਹਿਲਾ, ਸੁਖਮਣੀ, ਆਸਾ ਦੀ ਵਾਰ, ਸਭ ਕੰਠ ਕਰਨ, ਜਨਾਨੇ, ਮਰਦਾਨੇ। ਨਾਲੇ ਪਿਛਲੀ ਰਾਤੇ ਨ੍ਹਾਇ ਕੇ ਪੜ੍ਹਨ। ਨਾਲੇ ਫੇਰ ਬਾਣੀ ਪੜ੍ਹ ਕੇ, ਜਿਤਨਾਂ ਬਣ ਆਵੇ, ਭਜਨ ਕਰਨ। ਗੁਰੂ ਜੀ ਦੇ ਅਗੇ ਅਰਦਾਸ ਕਰਨੀ, ਹੱਥ ਜੋੜ ਕੇ ਬਾਣੀ ਪੜ੍ਹ ਕੇ। ਖਾਲਸਾ ਜੀ, ਗੁਰੂ ਜੀ ਨੇ ਕਿਹਾ: 'ਭਜਹੁ ਗੋਬਿੰਦ ਭੂਲ ਮਤ ਜਾਹੁ'। ਫਿਰ ਗੁਰੂ ਜੀ ਨੇ ਅਨੇਕ ਬਾਰ ਇਹ ਬਾਤ ਲਿਖੀ ਹੈ, ਸਾਰੇ ਗੁਰੂ ਗਰੰਥ ਸਾਹਿਬ ਮੇਂ !"

ਇਕ ਹੋਰ ਪੱਤ੍ਰ ਜੋ ਬਾਬਾ ਰਾਮ ਸਿੰਘ ਨੇ ਪੰਜਾਬ ਨੂੰ

ਭੇਜਿਆ ਉਸ ਵਿਚ ਲਿਖਿਆ–

"ਇਹ ਦੇਹਾਂ ਦਾ ਮੇਲਾ ਕੋਈ ਦਿਨ ਹੈ। ਧੰਨ ਨੂੰ, ਪੁਤਾਂ ਧੀਆਂ ਨੂੰ, ਦੌਲਤ ਨੂੰ ਛਡ ਛਡ ਕੇ ਪ੍ਰਿਥਵੀ ਚਲੀ ਜਾਂਦੀ ਹੈ। ਏਹੋ ਇਸ ਪਰਾਨੀ ਦੇ ਪਲੇ ਰਹਿੰਦਾ ਹੈ : ਕੁਛ ਪੁਨ ਦਾਨ ਅਰ ਭਜਨ ਬੰਦਗੀ ਹੋਇ ਆਵੇ ਤਾਂ। ਸਰੀਰ ਦਾ ਕੁਛ ਇਤਬਾਰ ਨਹੀ ਹੈ। ਗੁਰੂ ਸਾਹਿਬ ਨੇ ਕਹਿਆ ਹੈ, ਨਹਿ ਬਾਰਕ ਨਹਿ ਜੋਬਨੇ, ਨਹਿ ਬਿਰਧੀ ਕੁਛ ਬੰਧ।।

ਫੇਰ ਲਿਖਿਆ :

"ਹੋਰ, ਬਗਾਨੀ ਅੰਸ ਕਿਸੇ ਨਹੀਂ ਖਾਣੀ, ਨਾ ਲੈਣੀ। ਨਾਂ ਚੁਰਾ ਕੇ, ਨਾ ਠੱਗੀ ਕਰਕੇ। ਜੇ ਡਿੱਗੀ ਪਈ ਭੀ ਲਭੇ ਤਾਂ ਜਿਸ ਦੀ ਹੋਵੇ ਉਸ ਨੂੰ ਹੋਕਾ ਦੇ ਕੇ, ਦੇ ਦੇਵੇ। ਕਰਜਾ ਲੈਣਾ, ਲੈ ਕੇ ਨਾਂ ਦੇਣਾ, ਚੋਰੀ ਧਾੜੇ ਤੇ ਬੜਾ ਪਾਪ ਹੈ। ਸੋ ਖਾਲਸਾ ਜੀ, ਬਗਾਨੀ ਅੰਸ ਦਾ ਤਿਆਗ ਕਰਨਾਂ ਬੜਾ ਧਰਮ ਹੈ। ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।।"

ਹੋਰ, ਇਕ ਵੇਰ ਇਹ ਉਪਦੇਸ਼ ਦਿਤਾ:

"ਅਗੇ, ਮਾਸ ਖਾਣ ਬਾਬਤ ਗੁਰੂ ਜੀ ਲਿਖੀ ਹੈ। ਮੱਕੇ ਦੀ ਗੋਸਟ ਵਿਚ ਲਿਖਾ ਹੈ। ਮਾਸ ਸੋ ਖਾਇ, ਜਿੰਸ ਜੀ ਕੋ ਖਾਇ ਉਸ ਕੋ ਜਵਾਇ ਦੇਵੈ। ਪਰ ਜਿਨ ਬੰਦਗੀ, ਕਰਨੀ ਹੈ ਉਹ ਮਾਸ ਨਾ ਖਾਇ। ਸ਼ਰਾਬ ਕੋ ਭੀ ਮਨੇ ਕੀਆ ਗੁਰੂ ਗਰੰਥ ਸਾਹਿਬ ਜੀ ਮੇਂ। ਆਪਣਾ ਪਰਾਇਆ ਨਾ ਸੁਝਈ ਖਸਮੇ ਧੱਕੇ ਖਾਇ। ਝੂਠਾ ਮੱਦ ਮੂਲ ਨਾ ਪੀਜਈ ਜੇ ਕਾ ਪਾਰ ਵਸਾਇ। ਤਾਂ ਤੇ ਦੋਨੋਂ ਨਹੀ ਵਰਤਣੇ, ਮਾਸ ਸ਼ਰਾਬ। ਇਹ ਤਾ ਮਲੇਛਾਂ ਦਾ ਖਾਣਾ ਹੈ। ਜੋ ਖਾਊ ਉਸ ਦੀ ਬੁਧ ਮਲੇਛ ਹੋਇ ਜਾਊਗੀ।"

ਸਾਡੇ ਦੇਸ਼ ਵਿਚ ਇਹ ਪੁਰਾਣਾ ਖਿਆਲ ਹੈ, ਜੁ ਲੋਕ ਮਹਾਂ ਪੁਰਖਾਂ, ਸੰਤਾਂ, ਪੀਰਾਂ, ਦੀ ਜੂਠ ਖਾਣ ਦਾ ਬੜਾ ਮਹਾਤਮ ਮੰਨਦੇ ਹਨ, ਤੇ ਇਉਂ ਮੰਨਦੇ ਹਨ ਜੁ ਇਹ ਜੂਠਾ ਖਾਣ ਨਾਲ ਆਤਮਾ ਸ਼ੁੱਧ ਹੋ ਜਾਂਦੀ ਹੈ। ਕੁਛ ਸ਼ਰਧਾਲੂਆਂ ਨੇ ਬਾਬਾ ਰਾਮ ਸਿੰਘ ਜੀ ਕੋਲ ਬੇਨਤੀ ਕਰ ਭੇਜੀ ਕਿ ਉਹ ਅਪਣੀ ਕੋਈ ਜੂਠੀ ਚੀਜ਼, ਜਿਸ ਨੂੰ ਕਿ ਸੀਤ ਪ੍ਰਸਾਦ ਕਹਿੰਦੇ ਹਨ, ਉਹਨਾਂ ਸ਼ਰਧਾਲੂਆਂ ਨੂੰ ਭੇਜ ਦੇਣ। ਇਸ ਬੇਨਤੀ ਦੇ ਉਤ੍ਰ ਵਿਚ ਬਾਬਾ ਰਾਮ ਸਿੰਘ ਨੇ ਲਿਖਿਆ :

"ਹੋਰ, ਭਾਈ, ਸੀਤ ਪ੍ਰਸਾਦ ਦੀ ਤਾਂ ਮੈ ਬਾਤ ਅਗੇ ਕਈ ਬਾਰ੍ ਲਿਖੀ ਹੈ, ਜੋ ਜੂਠਾ ਨਾ ਕੋਈ ਕਿਸੇ ਦਾ ਖਾਵੇ ਤੇ ਨਾ ਕੋਈ ਕਿਸੇ ਨੂੰ ਦੇਵੇ। ਤੁਸੀਂ ਨਹੀਂ ਸੁਣੀ। ਸੀਤ ਪ੍ਰਸਾਦ ਤਾਂ ਬਚਨ ਮੰਨਣਾਂ ਹੈ। ਗੁਰੂ ਜੀ ਨੇ ਤਾਂ ਇਹ ਸੀਤ ਪ੍ਰਸਾਦ ਕਹਾ ਹੈ। ਅਜ ਦੇ ਸਮੇਂ ਮੇਂ ਤਾਂ ਜੂਠਾ ਟੁੱਕ ਖਾ ਕੇ ਕੋਈ ਨਹੀ ਡਿੱਠਾ ਬਬਾਨਾਂ ਉਤੇ ਚੜ੍ਹ ਜਾਂਦਾ। ਬਚਨ ਮੰਨ ਕੇ ਤਾਂ ਅਨੇਕ ਉਧਰੇ ਹੈਂ। ਸੋ ਜੀ, ਜੋ ਗੁਰੂ ਜੀ ਦਾ ਬਚਨ ਹੈ, ਭਾਈ, ਉਸ ਦੇ ਮੰਨਣ ਦੀ ਕਰੋ।"

ਇਹ ਸਨ ਸ਼ੁਭ ਉਪਦੇਸ਼, ਜਿਨ੍ਹਾਂ ਰਾਹੀਂ ਬਾਬਾ ਰਾਮ ਸਿੰਘ ਨੇ ਆਪਣੇ ਦੇਸ਼ ਤੇ ਜਾਤੀ ਦੇ ਲੋਕਾਂ ਦੀ ਸਰੀਰਕ ਆਤਮਕ ਤੇ ਭਾਈਚਾਰਕ ਦਸ਼ਾ ਨੂੰ ਉਚਾ ਕਰਨ ਦਾ ਜਤਨ ਕੀਤਾ। ਪਰ ਬਾਬਾ ਰਾਮ ਸਿੰਘ ਦਾ ਇਹ ਪ੍ਰਪੱਕ ਨਿਸਚਾ ਸੀ ਕਿ ਕੋਈ ਦੇਸ਼ ਤੇ ਜਾਤੀ ਪ੍ਰਾਧੀਨਤਾ ਵਿਚ ਵਧ ਫੁਲ ਨਹੀ ਸਕਦੀ ਤੇ ਇਸ ਲਈ ਉਹ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਕੱਢਣ ਦੀਆਂ ਵਿਉਂਤਾਂ ਸਦਾ ਸੋਚਦੇ ਰਹਿੰਦੇ ਸਨ। ਅੰਗਰੇਜ਼ਾਂ ਦੇ ਰਾਜ ਨੂੰ ਦੇਸ ਵਿਚੋਂ ਖਤਮ ਕਰਨ ਲਈ ਉਹਨਾਂ ਨੇ ਚਾਰੇ ਸਾਧਨ ਸੋਚੇ ਸਨ। ਪਹਿਲਾਂ ਤਾਂ ਇਹ ਕਿ ਲੋਕਾਂ ਦਾ ਆਚਰਨ ਤੇ ਆਤਮਕ ਜੀਵਨ ਉੱਚਾ ਕਰਕੇ ਉਹਨਾਂ ਦੇ ਮਨਾਂ ਨੂੰ ਨਿਰਭੈ ਤੇ ਕੁਰਬਾਨੀ ਕਰਨ ਲਈ ਤਿਆਰ ਕੀਤਾ ਜਾਵੇ। ਦੂਜੇ ਇਹ ਕਿ ਲੋਕ ਆਪਣੇ ਨਿਤਾਪ੍ਰਤ ਦੇ ਜੀਵਨ ਵਿਚ ਬਿਦੇਸ਼ੀ ਰਾਜ ਕਰਨ ਵਾਲਿਆਂ ਦੀ ਚਲਾਈ ਹੋਈ ਕਿਸੇ ਸੰਸਥਾ ਦਾ ਆਸਰਾ ਤੇ ਸਹਾਰਾ ਨਾ ਢੂੰਡਣ। ਤੀਜੇ, ਲੋਕ ਦੇਸ ਨੂੰ ਆਜ਼ਾਦ ਕਰਵਾਉਣ ਲਈ ਜਥੇਬੰਦ ਹੋ ਜਾਣ, ਤੇ ਚੌਥੇ, ਲੋਕ ਹਥਿਆਰਾਂ ਦੀ ਵਰਤੋਂ, ਫੌਜੀ ਢੰਗ, ਨਾਲ ਸਿੱਖ ਲੈਣ। ਦੇਸ਼ ਦੀ ਆਜ਼ਾਦੀ ਦੇ ਪ੍ਰੋਗਰਾਮ ਨੂੰ ਇਉਂ ਸੋਚ ਕੇ ਉਲੀਕ ਲੈਣਾ, ਤੇ ਉਸ ਉਤੇ ਚੁੱਪ ਚਪਾਤੇ ਤੇ ਸੁਚੱਜੇ ਢੰਗ ਨਾਲ ਅਮਲ ਵੀ ਸ਼ੁਰੂ ਕਰ ਦੇਣਾ, ਕਿਸੇ ਆਮ ਦਿਮਾਗ ਦਾ ਕੰਮ ਨਹੀ ਸੀ, ਤੇ ਨਾ ਹੀ ਕੋਈ ਸਾਧਾਰਨ

ਦੇਸ਼ ਦੀ ਆਜ਼ਾਦੀ ਦੇ ਪ੍ਰੋਗਰਾਮ ਨੂੰ ਇਉਂ ਸੋਚ ਕੇ ਉਲੀਕ ਲੈਣਾ, ਤੇ ਉਸ ਉਤੇ ਚੁੱਪ ਚਪਾਤੇ ਤੇ ਸੁਚੱਜੇ ਢੰਗ ਨਾਲ ਅਮਲ ਵੀ ਸ਼ੁਰੂ ਕਰ ਦੇਣਾ, ਕਿਸੇ ਆਮ ਦਿਮਾਗ ਦਾ ਕੰਮ ਨਹੀਂ ਸੀ, ਤੇ ਨਾ ਹੀ ਕੋਈ ਸਾਧਾਰਨ ਬਿਰਤੀਆਂ ਵਾਲਾ ਆਦਮੀ ਅਜੇਹੀਆਂ ਮਹਾਨ ਵਿਉਂਤਾਂ ਸੋਚ ਸਕਦਾ ਸੀ।

ਬਿਰਤੀਆਂ ਵਾਲਾ ਆਦਮੀ ਅਜੇਹੀਆਂ ਮਹਾਨ ਵਿਉਂਤਾਂ ਸੋਚ ਸਕਦਾ ਸੀ। ਇਹਨਾਂ ਚੌਹ ਸਾਧਨਾਂ ਵਿਚੋਂ ਪਹਿਲੇ ਸਾਧਨ ਦੀ ਪੂਰਤੀ ਲਈ ਜੋ ਉਪਦੇਸ਼ ਬਾਬਾ ਜੀ ਨੇ ਦਿਤੇ ਉਹ ਪਿਛੇ ਦੱਸ ਆਏ ਹਾਂ। ਹੁਣ ਦਸਾਂਗੇ ਜੋ ਬਾਕੀ ਤਿੰਨ ਵਿਉਂਤਾਂ ਨੂੰ ਸਿਰੇ ਚਾੜ੍ਹਨ ਲਈ ਬਾਬਾ ਜੀ ਨੇ ਕੀ ਕੀ ਕੀਤਾ।

ਬਾਬਾ ਰਾਮ ਸਿੰਘ ਨੇ ਆਪਣੇ ਸਭ ਸ਼ਰਧਾਲੂਆਂ ਨੂੰ ਹਿਦਾਇਤ ਕਰ ਦਿਤੀ ਕਿ ਉਹ ਅੰਗਰੇਜ਼ਾਂ ਦੇ ਚਲਾਏ ਹੋਏ ਡਾਕ, ਰੇਲ ਤੇ ਕਚਹਿਰੀਆਂ ਦੀ ਵਰਤੋਂ ਬਿਲਕੁਲ ਨਾ ਕਰਨ, ਤੇ ਨਾ ਹੀ ਅੰਗਰੇਜ਼ਾਂ ਦੀਆਂ ਬਰਾਮਦ ਕੀਤੀਆਂ ਹੋਈਆਂ ਬਿਦੇਸ਼ੀ ਚੀਜ਼ਾਂ ਦੀ ਵਰਤੋਂ ਕਰਨ। ਨਾਮਧਾਰੀ ਸਿੱਖਾਂ ਨੇ, ਸੰਨ ੧੮੬੦ ਦੇ ਲਾਗੇ ਚਾਗੇ ਹੀ, ਆਪਣਾ ਸੁਦੇਸ਼ੀ ਡਾਕ ਦਾ ਪ੍ਰਬੰਧ ਮੁਕੰਮਲ ਕਰ ਲਿਆ ਸੀ। ਡਾਕ ਤੇ ਚਿੱਠੀਆ ਹਰਕਾਰਿਆਂ ਰਾਹੀਂ, ਵਖੋ ਵੱਖਰੇ ਇਲਾਕਿਆਂ ਵਿਚ, ਭੇਜੀਆਂ ਜਾਂਦੀਆ ਸਨ ਤੇ ਇਹ ਹਰਕਾਰੇ ਬਿਨਾਂ ਤਨਖਾਹ ਤੋਂ ਸੇਵਾ ਭਾਵ ਨਾਲ ਹੀ ਡਾਕ ਲਿਆਉਂਦੇ ਲਿਜਾਂਦੇ ਸਨ। ਇਹ ਪ੍ਰਬੰਧ ਅਜੇਹਾ ਪੱਕਾ ਸੀ ਜੁ ਬਿਦੇਸ਼ੀ ਹਾਕਮਾਂ ਨੂੰ ਇਸ ਡਾਕ ਦੇ ਲਿਆਉਣ ਲਿਜਾਣ ਦੇ ਰਾਹਾਂ ਦੀ ਭੀ ਸੂਹ ਨਹੀ ਸੀ ਲੱਗਦੀ। ਇਉਂ ਹੀ ਨਾਮਧਾਰੀ, ਬਹੁਤ ਕਰਕੇ, ਸਿੱਧੇ ਰਾਹਾਂ, ਪੱਗ ਡੰਡੀਆਂ ਉਤੋਂ ਦੀ ਪੈਦਲ ਜਾਂ ਘੋੜਿਆਂ ਤੇ ਪੰਧ ਕਰਦੇ ਸਨ ਤੇ ਰੇਲਾਂ ਤੇ ਨਹੀ ਸੀ ਚੜ੍ਹਦੇ। ਕਚਹਿਰੀਆਂ ਵਿਚ ਤਾਂ ਨਾਮਧਾਰੀ ਆਪਣੇ ਮੁਕੱਦਮੇ ਅੱਜ ਤਕ, ਵੀ ਨਹੀ ਲਿਜਾਂਦੇ ਤੇ ਆਪਣੇ ਝਗੜੇ ਆਪਣੀਆਂ ਨਿਜੀ ਪੰਚਾਇਤਾਂ ਰਾਹੀ ਹੀ ਮੁਕਾ ਲੈਂਦੇ ਹਨ। ਬਿਦੇਸ਼ੀ ਕਪੜਾ ਤੇ ਹੋਰ ਬਿਦੇਸ਼ੀ ਚੀਜ਼ਾਂ ਦੀ ਵਰਤੋਂ ਭੀ ਨਾਮਧਾਰੀ ਵਾਹ ਲਗਦੀ ਨਹੀਂ ਕਰਦੇ। ਇਸ ਦਾ ਸਿੱਟਾ ਇਹ ਹੋਇਆ ਕਿ ਬਾਬਾ ਰਾਮ ਸਿੰਘ ਦੇ ਉਪਦੇਸਾਂ ਨੂੰ ਮੰਨਣ ਵਾਲੇ, ਅੰਗਰੇਜ਼ਾਂ ਦੀ ਅਧ ਪਚੱਧੀ ਗੁਲਾਮੀ ਵਿਚੋਂ ਤਾਂ ਉਸੇ ਵੇਲੇ ਹੀ ਨਿਕਲ ਗਏ। ਪੂਰਨ ਸਵਰਾਜ ਪ੍ਰਾਪਤ ਕਰਨ ਲਈ ਹੁਣ ਇਕ ਹੋਰ ਹੰਭਲਾ ਮਾਰਨ ਦੀ ਹੀ ਲੋੜ ਸੀ ਤੇ ਦੇਸ਼ ਅੰਗਰੇਜ ਦੇ ਰਾਜ ਹੇਠੋਂ, ਉਦੋਂ ਹੀ ਨਿਕਲ ਆਉਣਾ ਸੀ। ਪਰ ਕੁਛ ਘਟਨਾਵਾਂ ਬਾਬਾ ਰਾਮ ਸਿੰਘ ਦੇ ਵੱਸ ਤੋਂ ਬਾਹਰ ਦੀਆਂ ਹੋ ਗਈਆਂ, ਜਿਸ ਕਰਕੇ ਬਾਬਾ ਰਾਮ ਸਿੰਘ ਦੀਆ ਮਿਥੀਆਂ ਹੋਈਆਂ ਵਿਉਤਾਂ ਸਿਰੇ ਨਾ ਚੜ੍ਹ ਸਕੀਆਂ ਤੇ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੇਸ ਨਿਕਾਲਾ ਦੇ ਕੇ, ਰੰਗੂਨ ਵਿਚ ਭੇਜ ਦਿਤਾ, ਜਿਥੋਂ ਉਹ ਮੁੜ ਕੇ ਆਪਣੇ ਦੇਸ਼ ਨਾ ਆ ਸਕੇ। ਇਹ ਸਾਰੀ ਕਥਾ ਅਗੇ ਚੱਲ ਕੇ ਦਸਾਂਗੇ। ਪਹਿਲਾਂ ਇਹ ਦਸ ਲਈਏ, ਜੁ ਬਾਬਾ ਜੀ ਨੇ ਲੋਕਾਂ ਨੂੰ ਕਿਵੇਂ ਜਥੇਬੰਦ ਕੀਤਾ ਤੇ ਫੌਜੀ ਤਾਕਤ ਬਨਾਉਣ ਲਈ ਕੀ ਉਪਰਾਲਾ ਕੀਤਾ।

ਜਿਥੇ ਜਿਥੇ ਲੋਕ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਨੂੰ ਗ੍ਰਹਿਣ ਕਰ ਕੇ ਉਹਨਾਂ ਦੇ ਸ਼ਰਧਾਲੂ ਬਣਦੇ ਗਏ, ਉਹਨਾਂ ਇਲਾਕਿਆਂ ਵਿਚ ਸ਼ਰਧਾਲੂਆਂ ਨੂੰ ਜਥੇਬੰਦ ਕਰਨ ਹਿਤ, ਤੇ ਬਾਕੀ ਜੰਤਾ ਵਿਚ ਧਰਮ ਦਾ ਤੇ ਬਾਬਾ ਰਾਮ ਸਿੰਘ ਦੇ ਉਦੇਸ਼ਾਂ ਦਾ ਪ੍ਰਚਾਰ ਕਰਨ ਹਿਤ, ਬਾਬਾ ਰਾਮ ਸਿੰਘ ਨੇ ਆਪਣੇ ਨਾਇਬ

> ***ਜਿਥੇ ਜਿਥੇ ਲੋਕ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਨੂੰ ਗ੍ਰਹਿਣ ਕਰ ਕੇ ਉਹਨਾਂ ਦੇ ਸ਼ਰਧਾਲੂ ਬਣਦੇ ਗਏ, ਉਹਨਾਂ ਇਲਾਕਿਆਂ ਵਿਚ ਸ਼ਰਧਾਲੂਆਂ ਨੂੰ ਜਥੇਬੰਦ ਕਰਨ ਹਿਤ, ਤੇ ਬਾਕੀ ਜੰਤਾ ਵਿਚ ਧਰਮ ਦਾ ਤੇ ਬਾਬਾ ਰਾਮ ਸਿੰਘ ਦੇ ਉਦੇਸ਼ਾਂ ਦਾ ਪ੍ਰਚਾਰ ਕਰਨ ਹਿਤ, ਬਾਬਾ ਰਾਮ ਸਿੰਘ ਨੇ ਆਪਣੇ ਨਾਇਬ ਨੀਯਤ ਕੀਤੇ ਜਿਨ੍ਹਾਂ ਨੂੰ ਸੂਬਾ ਕਰ ਕੇ ਬੁਲਾਉਂਦੇ ਸਨ। ਅਜੇਹੇ ਬਾਈ ਸੂਬੇ ਬਾਬਾ ਜੀ ਨੇ ਪੰਜਾਬ ਵਿਚ, ਤੇ ਪੰਜਾਬੋਂ ਬਾਹਰ ਵੀ ਨੀਯਤ ਕੀਤੇ। ਮੁਗਲ ਪਾਤਸ਼ਾਹਾਂ ਵੇਲੇ, ਸੂਬਾ ਓਹੋ ਕੁਛ ਹੁੰਦਾ ਸੀ ਜੋ ਅਜ ਕਲ ਗਵਰਨਰ ਹੈ, ਤੇ ਸ਼ਹਿਨਸ਼ਾਹ ਅਕਬਰ ਨੇ ਆਪਣੇ ਅਧੀਨ ਭਾਰਤ ਦੇਸ਼ ਨੂੰ ਬਾਈ ਇਲਾਕਿਆਂ ਅਰਥਾਤ ਸੂਬਿਆਂ ਵਿਚ ਵੰਡਿਆ ਹੋਇਆ ਸੀ। ਉਸ ਸਮੇਂ ਤੋਂ ਬਾਈਆਂ ਸੂਬਿਆਂ ਦਾ ਭਾਵ ਸਾਰਾ ਭਾਰਤ ਵਰਸ਼ ਲਿਆ ਜਾਣ ਲਗ ਪਿਆ।' ਤੀਜੇ ਗੁਰੂ ਅਮਰਦਾਸ ਜੀ ਨੇ ਵੀ ਧਰਮ ਦੇ ਪ੍ਰਚਾਰ ਹਿਤ, ਬਾਈ ਮੁਖੀ ਨੀਯਤ ਕੀਤੇ ਸੀ, ਜਿਨਾਂ ਨੂੰ, ਬਾਈ ਮੰਜੀਆਂ, ਕਹਿੰਦੇ ਹਨ। ਭਾਵੇਂ ਇਹਨਾਂ ਬਾਈ ਮੰਜੀਆਂ ਦੇ ਅਧਿਕਾਰ ਵਿਚ ਸਾਰਾ ਭਾਰਤ ਦੇਸ਼ ਸ਼ਾਮਿਲ ਨਹੀ ਸੀ, ਪਰ ਬਾਈ ਮੰਜੀਆਂ ਨੀਯਤ ਕਰਨ ਦਾ ਅੰਤ੍ਰੀਵ ਭਾਵ ਏਹੋ ਸੀ ਜੁ ਜਿਸ ਧਰਮ ਮਾਰਗ ਦਾ ਪ੍ਰਚਾਰ ਗੁਰੂ ਮਹਾਰਾਜ ਕਰਨਾ ਚਾਹੁੰਦੇ ਹਨ, ਉਸ ਦਾ ਨਿਸ਼ਾਨਾ, ਇਸ ਧਰਮ ਨੂੰ ਸਾਰੇ ਭਾਰਤ ਵਰਸ਼ ਵਿਚ ਪ੍ਰਚਲਤ ਕਰਨ ਦਾ ਹੈ। ਬਾਬਾ ਰਾਮ ਸਿੰਘ ਨੇ ਆਪਣੇ ਸੂਬਿਆਂ ਦੀ ਜੋ ਬਾਈ ਗਿਣਤੀ ਰੱਖੀ, ਉਸ ਦਾ ਤਾਤਪ੍ਰਜ ਭੀ ਇਹੋ ਸੀ ਜੁ ਜਿਸ ਦੇਸ਼ ਤੇ ਜਾਤੀ ਦੀ ਆਤਮਕ ਉੱਨਤੀ, ਸਮਾਜਕ ਸੁਧਾਰ, ਤੇ ਰਾਜਸੀ ਸਵਰਾਜ, ਉਹਨਾਂ ਦਾ ਮੰਤਵ ਹੈ ਉਹ ਦੇਸ਼ ਸਾਰਾ ਭਾਰਤ ਵਰਸ਼ ਹੈ ਤੇ ਉਹ ਜਾਤੀ, ਸਾਰੇ ਭਾਰਤ ਵਰਸ਼ ਦੇ ਵਸਨੀਕ ਹਨ।***

ਨੀਯਤ ਕੀਤੇ ਜਿਨ੍ਹਾਂ ਨੂੰ ਸੂਬਾ ਕਰ ਕੇ ਬੁਲਾਉਂਦੇ ਸਨ। ਅਜੇਹੇ ਬਾਈ ਸੂਬੇ ਬਾਬਾ ਜੀ ਨੇ ਪੰਜਾਬ ਵਿਚ, ਤੇ ਪੰਜਾਬੋਂ ਬਾਹਰ ਵੀ ਨੀਯਤ ਕੀਤੇ। ਮੁਗਲ ਪਾਤਸ਼ਾਹਾਂ ਵੇਲੇ, ਸੂਬਾ ਓਹੋ ਕੁਛ ਹੁੰਦਾ ਸੀ ਜੋ ਅਜ ਕਲ ਗਵਰਨਰ ਹੈ, ਤੇ ਸ਼ਹਿਨਸ਼ਾਹ ਅਕਬਰ ਨੇ ਆਪਣੇ ਅਧੀਨ ਭਾਰਤ ਦੇਸ਼ ਨੂੰ ਬਾਈ ਇਲਾਕਿਆਂ ਅਰਥਾਤ ਸੂਬਿਆਂ ਵਿਚ ਵੰਡਿਆ ਹੋਇਆ ਸੀ। ਉਸ ਸਮੇਂ ਤੋਂ ਬਾਈਆਂ ਸੂਬਿਆਂ ਦਾ ਭਾਵ ਸਾਰਾ ਭਾਰਤ ਵਰਸ਼ ਲਿਆ ਜਾਣ ਲਗ ਪਿਆ। ਤੀਜੇ ਗੁਰੂ ਅਮਰਦਾਸ ਜੀ ਨੇ ਵੀ ਧਰਮ ਦੇ ਪ੍ਰਚਾਰ ਹਿਤ, ਬਾਈ ਮੁਖੀ ਨੀਯਤ ਕੀਤੇ ਸੀ, ਜਿਨਾਂ ਨੂੰ, ਬਾਈ ਮੰਜੀਆਂ, ਕਹਿੰਦੇ ਹਨ। ਭਾਵੇਂ ਇਹਨਾਂ ਬਾਈ ਮੰਜੀਆਂ ਦੇ ਅਧਿਕਾਰ ਵਿਚ ਸਾਰਾ ਭਾਰਤ ਦੇਸ਼ ਸ਼ਾਮਿਲ ਨਹੀਂ ਸੀ, ਪਰ ਬਾਈ ਮੰਜੀਆਂ ਨੀਯਤ ਕਰਨ ਦਾ ਅੰਤ੍ਰੀਵ ਭਾਵ ਏਹੋ ਸੀ ਜੁ ਜਿਸ ਧਰਮ ਮਾਰਗ ਦਾ ਪ੍ਰਚਾਰ ਗੁਰੂ ਮਹਾਰਾਜ ਕਰਨਾ ਚਾਹੁੰਦੇ ਹਨ, ਉਸ ਦਾ ਨਿਸ਼ਾਨਾ, ਇਸ ਧਰਮ ਨੂੰ ਸਾਰੇ ਭਾਰਤ ਵਰਸ਼ ਵਿਚ ਪ੍ਰਚਲਤ ਕਰਨ ਦਾ ਹੈ। ਬਾਬਾ ਰਾਮ ਸਿੰਘ ਨੇ ਆਪਣੇ ਸੂਬਿਆਂ ਦੀ ਜੋ ਬਾਈ ਗਿਣਤੀ ਰੱਖੀ, ਉਸ ਦਾ ਤਾਤਪ੍ਰਜ ਭੀ ਇਹੋ ਸੀ ਜੁ ਜਿਸ ਦੇਸ਼ ਤੇ ਜਾਤੀ ਦੀ ਆਤਮਕ ਉੱਨਤੀ, ਸਮਾਜਕ ਸੁਧਾਰ, ਤੇ ਰਾਜਸੀ ਸਵਰਾਜ, ਉਹਨਾਂ ਦਾ ਮੰਤਵ ਹੈ ਉਹ ਦੇਸ਼ ਸਾਰਾ ਭਾਰਤ ਵਰਸ਼ ਹੈ ਤੇ ਉਹ ਜਾਤੀ, ਸਾਰੇ ਭਾਰਤ ਵਰਸ਼ ਦੇ ਵਸਨੀਕ ਹਨ। ਉਂਜ, ਜੋ ਸੂਬੇ ਬਾਬਾ ਜੀ ਨੇ ਅਸਥਾਪਤ ਕੀਤੇ ਉਹ ਉਹਨਾਂ ਇਲਾਕਿਆਂ ਵਿਚ ਹੀ ਹੋਣੇ ਸਨ, ਜਿੱਥੇ ਕਿ ਬਾਬਾ ਜੀ ਦਾ ਪ੍ਰਚਾਰ ਤੇ ਸ਼ਰਧਾ ਜੜ੍ਹਾਂ ਪਕੜ ਚੁਕੇ ਸਨ। ਆਰੰਭ ਵਿਚ ਬਾਬਾ ਜੀ ਦੇ ਪ੍ਰਚਾਰ ਦਾ ਅਸਰ ਬਹੁਤ ਕਰ ਕੇ, ਪੰਜਾਬ ਦੇ ਇਲਾਕਿਆਂ, ਲੁਧਿਆਣਾ, ਹੁਸ਼ਿਆਰਪੁਰ ਸਿਆਲਕੋਟ ਤੇ ਅੰਮ੍ਰਿਤਸਰ ਦੇ ਇਲਾਕਿਆਂ ਵਿਚ ਹੋਇਆ, ਪਰ ਛੇਤੀ ਹੀ ਉਹਨਾਂ ਦੀ ਮਹਿਮਾਂ ਤੇ ਪ੍ਰਭਾਵ ਦੂਰ ਦੂਰ ਤਕ ਫੈਲ ਗਏ। ਸੰਨ ੧੮੬੩ ਈਸਵੀ ਵਿਚ ਸੂਬੇ ਨੀਯਤ ਹੋਏ ਤੇ ਸੰਨ ੧੮੬੪ ਵਿਚ ਬਾਈਆਂ ਹੀ ਸੂਬਿਆਂ ਨੇ ਆਪਣਾ ਕੰਮ ਥਾਓਂ ਥਾਈਂ ਸੰਭਾਲ ਲਿਆ ਸੀ। ਪੰਜਾਬ ਦੇਸ਼ ਤੋਂ ਬਾਹਰ, ਕਾਬਲ ਵਿਚ ਭਾਈ ਬਿਸ਼ਨ ਸਿੰਘ ਸੂਬਾ ਨੀਯਤ ਹੋਇਆ ਸੀ ਤੇ ਗਵਾਲੀਅਰ, ਮੱਧ ਪ੍ਰਦੇਸ਼, ਵਿਚ ਭਾਈ ਨਰੈਣ ਸਿੰਘ। ਇਉਂ ਹੀ ਬਨਾਰਸ ਵਿਚ ਭਾਈ ਕਾਹਨ ਸਿੰਘ ਤੇ ਨੇਪਾਲ ਵਿਚ ਭਾਈ ਸੁਰਜੂ ਸਿੰਘ ਜੀ ਨੀਯਤ ਹੋਏ। ਇਹ ਸੂਬੇ ਧਰਮ ਦਾ ਪ੍ਰਚਾਰ ਭੀ ਕਰਦੇ ਸਨ, ਤੇ ਸ਼ਰਧਾਲੂਆਂ ਦਾ ਭਾਈਚਾਰਕ ਤੇ ਰਾਜਸੀ ਸੰਗਠਨ ਭੀ ਕਰਦੇ ਸਨ। ਇਉਂ ਇਕ ਆਤਮਾ ਕਰ ਕੇ ਨਰੋਈ, ਸਰੀਰ ਕਰ ਕੇ ਸਬਲ ਤੇ ਭਾਈਚਾਰਕ ਤੌਰ ਉਤੇ ਉੱਨਤ ਕੌਮ ਦੀ ਨੀਂਹ ਰਖੀ ਜਾ ਰਹੀ ਸੀ, ਜੋ ਕਿ ਥੋੜੇ ਸਮੇਂ ਵਿਚ ਹੀ ਬਿਦੇਸ਼ੀ ਰਾਜ ਦੇ ਚੁੰਗਲ ਵਿਚੋਂ ਨਿਕਲ ਕੇ ਆਪਣਾ ਰਾਜ ਸਥਾਪਤ ਕਰਨ ਦਾ ਦਾਈਆ ਰੱਖਦੀ ਸੀ।

ਉਨ੍ਹੀਵੀਂ ਸਦੀ ਵਿਚ ਜਦ ਅੰਗਰੇਜ਼ਾਂ ਦਾ ਰਾਜ ਭਾਰਤ ਦੇਸ਼ ਵਿਚ ਸਥਾਪਤ ਹੋਇਆ, ਉਸ ਵੇਲੇ ਬਾਕੀ ਸੰਸਾਰ ਦੀ ਰਾਜਸੀ ਦਸ਼ਾ ਤੇ ਕੌਮਾਂਤਰੀ ਵਾਤਾਵਰਣ ਕੁਝ ਅਜੇਹਾ ਸੀ ਕਿ ਉਹ ਭਾਰਤ ਉਤੇ ਤੇ ਹੋਰ ਪੂਰਬੀ ਦੇਸ਼ਾਂ ਉਤੇ ਪੱਛਮੀ ਦੇਸ਼ਾਂ ਦੇ ਸਾਮਰਾਜ ਦਾ ਸਹਾਈ ਸੀ। ਕਿਸੇ ਪੂਰਬੀ ਦੇਸ਼ ਜਾਂ ਜਾਤੀ ਦਾ ਪੱਛਮੀ ਲੋਕਾਂ ਦੇ ਰਾਜ ਹੇਠੋਂ ਨਿਕਲ ਕੇ ਸਵਤੰਤ੍ਰ ਹੋਣ ਦਾ ਇਕੋ ਇਕ ਰਾਹ ਸੀ। ਉਹ ਇਹ ਕਿ, ਤਲਵਾਰ ਦੇ ਜ਼ੋਰ ਤੇ ਫੌਜੀ ਬਲ ਨਾਲ ਬਿਦੇਸ਼ੀ ਰਾਜ ਖਤਮ ਕਰ ਦਿਤਾ ਜਾਵੇ। ਅੰਗਰੇਜ਼ ਭਾਰਤ ਦੇ ਜਿਸ ਜਿਸ ਹਿੱਸੇ ਉਤੇ ਵੀ ਕਬਜ਼ਾ ਕਰਦੇ ਗਏ, ਉਥੇ ਉਥੇ ਦੇ ਲੋਕਾਂ ਨੂੰ ਹੀ ਸ਼ਸਤ੍ਰਹੀਨ ਬਣਾਉਂਦੇ ਗਏ, ਤੇ ਦੇਸੀ ਰਾਜਿਆਂ ਤੇ ਰਜਵਾੜਿਆਂ ਦੀ ਫ਼ੌਜੀ ਤਾਕਤ ਢਿੱਲੀ ਕਰਦੇ ਗਏ। ਇਉਂ ਹੀ ਅੰਗਰੇਜ਼ਾਂ ਦਾ ਰਾਜ ਭਾਰਤ ਉਤੇ ਤੇ ਭਾਰਤ ਵਾਸੀਆਂ ਉਤੇ ਕਾਇਮ ਰਹਿ ਸਕਦਾ ਸੀ। ਬਾਬਾ ਰਾਮ ਸਿੰਘ ਇਸ ਨੁਕਤੇ ਨੂੰ ਬੜੀ ਅੱਛੀ ਤਰ੍ਹਾਂ ਸਮਝਦੇ ਸਨ। ਇਸ ਲਈ ਉਹਨਾਂ ਨੇ ਫੌਜੀ ਸ਼ਕਤੀ ਇੱਕਠੀ ਕਰਨ ਵਲ ਵੀ ਧਿਆਨ ਦਿਤਾ ਤਾਂ ਜੋ ਲੋੜ ਪਈ ਤੇ ਬਿਦੇਸ਼ੀ ਰਾਜ ਉਤੇ ਆਖ਼ਰੀ ਹਮਲਾ ਕੀਤਾ ਜਾਵੇ ਤੇ ਸਵੈਰਾਜ ਸਥਾਪਤ ਕਰ ਕੇ ਉਸ ਦੀ ਰਖਿਆ ਭਲੀ ਭਾਂਤ ਕੀਤੀ ਜਾ ਸਕੇ। ਆਪਣੇ ਆਲੇ ਦੁਆਲੇ ਦੇ ਸਭ ਹਾਲਾਤ ਉਤੇ ਗ਼ੌਰ ਕਰਕੇ, ਬਾਬਾ ਰਾਮ ਸਿੰਘ ਨੇ ਮਹਾਰਾਜਾ ਕਸ਼ਮੀਰ ਤੇ ਮਹਾਰਾਜਾ ਨੇਪਾਲ ਵੱਲ ਆਪਣੇ ਦੂਤ ਭੇਜੇ ਤੇ ਉਹਨਾਂ ਨਾਲ ਸਭ ਗੱਲਬਾਤ ਮਿਥੀ। ਗੱਲ ਇਉਂ ਨਿਥੜੀ ਕਿ ਇਹ ਦੋਵੇਂ ਮਹਾਰਾਜੇ ਆਪਣੇ ਆਪਣੇ ਰਾਜ ਵਿਚ ਬਾਬਾ ਰਾਮ ਸਿੰਘ ਜੀ ਦੇ ਸ਼ਰਧਾਲੂ ਸਿੰਘਾਂ ਦੀਆਂ ਪਲਟਨਾਂ ਖੜੀਆਂ ਕਰਨ ਤੇ ਉਹਨਾਂ ਨੂੰ ਫ਼ੌਜੀ ਸਿਖਿਆ ਦੇ ਕੇ ਹਥਿਆਰਬੰਦ ਕਰਨ। ਸਮਾਂ ਆਉਣ ਉਤੇ ਇਹ ਪਲਟਨਾਂ ਹੀ ਦੇਸ਼ ਦੀ ਸਵਤੰਤਰਤਾ ਨੂੰ ਜਿੱਤਣ ਤੇ ਬਚਾਉਣ ਲਈ ਵਰਤੀਆਂ ਜਾ ਸਕਦੀਆਂ ਸਨ। ਉਂਜ ਅੰਗਰੇਜ਼ਾਂ ਦੀਆਂ ਫ਼ੌਜਾਂ ਤੇ ਪੁਲਸ ਵਿਚ ਵੀ ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ਾਂ ਨੂੰ ਅਪਨਾਉਣ ਵਾਲੇ ਤੇ ਉਹਨਾਂ ਲਈ ਸ਼ਰਧਾ ਰੱਖਣ ਵਾਲੇ ਬਹੁਤੇ ਸਾਰੇ ਆਦਮੀ ਸਨ। ਸਮਾਂ ਆਉਣ ਉਤੇ ਇਹ ਲੋਕ ਦੇਸ਼ ਦੀ ਸਵਤੰਤਰਤਾ ਜਿੱਤਣ ਵਿਚ ਨਿਰਸੰਸੇ ਸਹਾਈ ਹੁੰਦੇ। ਇਉਂ ਬਾਬਾ ਰਾਮ ਸਿੰਘ ਨੇ ਦੇਸ਼ ਤੇ ਜਾਤੀ ਨੂੰ ਸਵਤੰਤ੍ਰ ਕਰਾਉਣ ਦੀ ਵਿਉਂਤ ਥੋੜ੍ਹੇ ਸਾਲਾਂ ਵਿਚ ਹੀ ਉਲੀਕ ਕੇ ਚਾਲੂ ਵੀ ਕਰ ਲਈ, ਤੇ ਜੇ ਕੁਛ ਵਿਘਨ, ਜਿਨ੍ਹਾਂ ਦਾ ਕਿ ਵਿਸਥਾਰ ਅੱਗੇ ਆਵੇਗਾ, ਨਾ ਪੈ ਜਾਵੇ ਤਾਂ ਉਨ੍ਹੀਵੀਂ ਸਦੀ ਦੀ ਅੰਤਮੀ ਚੌਥਾਈ ਦੇ ਆਰੰਭ ਹੋਣ ਤਕ, ਪਹਿਲਾਂ ਉੱਤਰ ਪੱਛਮੀ ਭਾਰਤ, ਤੇ ਫੇਰ ਸਾਰਾ ਭਾਰਤ ਹੀ ਸਵਤੰਤਰ ਹੋ ਚੁਕਾ ਹੁੰਦਾ, ਤੇ ਭਾਰਤ ਦੇ ਵਸਨੀਕ ਇਕ ਉੱਚੀ ਆਤਮਕ ਪੱਧਰ ਉਤੇ ਪੁੱਜਣ ਦੇ ਰਾਹ ਉਤੇ ਤੁਰ ਪਏ ਹੁੰਦੇ। ਨਾਲ ਹੀ ਸਮਾਜਿਕ ਤੌਰ ਉਤੇ ਦੇਸ਼ ਵਾਸੀ ਇਕ ਬੜਾ ਉੱਚਾ, ਭਰਮ-ਰਹਿਤ ਤੇ ਅਗਾਂਹ ਵਧੂ ਭਾਈਚਾਰਾ ਸਥਾਪਤ ਕਰ ਲੈਂਦੇ। ਇਹਨਾਂ

ਮਹਾਨ ਕਾਰਜਾਂ ਦੀ ਅਸਫਲਤਾ ਦੇ ਕੀ ਕਾਰਣ ਸਨ ? ਕਿਨ੍ਹਾਂ ਵਿਘਨਾਂ ਕਰਕੇ ਬਾਬਾ ਰਾਮ ਸਿੰਘ ਦੇ ਗੌਰਵ-ਪੂਰਤ ਸੁਪਨੇ ਸਾਮਰਤਖ ਨਾ ਹੋ ਸਕੇ ? ਇਹ ਕਾਰਣ ਤੇ ਇਹ ਵਿਘਨ ਬਾਬਾ ਰਾਮ ਸਿੰਘ ਦੇ ਜੀਵਨ ਦਾ ਅੰਤਮ ਭਾਗ ਹਨ ਜਿਨ੍ਹਾਂ ਦਾ ਸੰਖੇਪ ਜਿਹਾ ਵਰਨਣ ਹੁਣ ਕਰਦੇ ਹਾਂ।

ਇਹਨਾਂ ਕਾਰਣਾਂ ਤੇ ਵਿਘਨਾਂ ਵਿਚੋਂ ਵਡਾ ਕਾਰਣ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦਾ ਉਹਨਾਂ ਦੇ ਇਰਾਦੇ ਨੂੰ ਨਾ ਸਮਝ ਸਕਣਾ ਤੇ ਜਥੇਬੰਦੀ ਦੇ ਬੰਧਨਾਂ ਦੀ ਵਿਸ਼ੇਸ਼ਤਾ ਦੇ ਲਾਭ ਨਾ ਜਾਣ ਸਕਣਾ ਸੀ। ਉਹਨਾਂ ਨੇ ਕਾਹਲੀ ਵਿਚ, ਬਿਨਾਂ ਸਮਾਂ ਵਿਚਾਰੇ ਤੇ ਆਪਣੇ ਆਗੂ ਦੇ ਹੁਕਮਾਂ ਦੀ ਪਾਲਨਾ ਕਰਨ ਦੇ, ਕੁਝ ਅਜੇਹੀਆਂ ਕਾਰਵਾਈਆਂ ਕਰ ਦਿਤੀਆਂ, ਜਿਸ ਕਰਕੇ ਅੰਗਰੇਜ਼ਾਂ ਨੂੰ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸ਼ਰਧਾਲੂਆਂ ਨੂੰ ਦਬਾਉਣ ਦਾ ਮੌਕਾ ਮਿਲ ਗਿਆ।

ਪੰਜਾਬੀਆਂ ਤੇ ਸਿਖਾਂ ਨੂੰ ਇਹ ਗੱਲ ਨਿਸ਼ਚੇ ਕਰਵਾਉਣ ਲਈ ਜੁ ਹੁਣ ਉਹਨਾਂ ਦਾ ਆਪਣਾ ਰਾਜ ਨਹੀਂ ਤੇ ਉਹ ਹੁਣ ਅੰਗਰੇਜ਼ਾਂ ਤੇ ਬਿਦੇਸ਼ੀਆਂ ਦੇ ਪ੍ਰਾਧੀਨ ਹਨ, ਅੰਮ੍ਰਿਤਸਰ ਦੇ ਮਹਾਨ ਤੀਰਥ ਉਤੇ ਵੀ ਬੁੱਚੜ ਖਾਨਾ ਖੋਹਲ ਦਿਤਾ। ਇਹ ਬੁੱਚੜ ਖਾਨਾ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਨੇੜੇ ਹੀ ਖੋਹਲਿਆ ਗਿਆ, ਜਿਸ ਦਾ ਭਾਵ ਇਹ ਹੀ ਲਿਆ ਗਿਆ ਜੁ ਸਿੱਖ ਤੇ ਹਿੰਦੂ ਪੰਜਾਬੀ ਹੁਣ ਸਮਝ ਲੈਣ ਜੁ ਉਹ ਫਰੰਗੀਆਂ ਦੇ ਪ੍ਰਾਧੀਨ ਹਨ, ਤੇ ਉਹਨਾਂ ਦਾ ਧਾਰਮਿਕ ਸਵੈਮਾਨ ਵੀ ਬਿਦੇਸ਼ੀ ਸਰਕਾਰ ਨਹੀਂ ਰਹਿਣ ਦੇਣਾ ਚਾਹੁੰਦੀ। ਇਹ ਗੱਲ ਕਿਸੇ ਵੀ ਅਣਖ ਵਾਲੇ ਪੰਜਾਬੀ ਨੂੰ ਉਭਾਰਨ ਲਈ ਕਾਫ਼ੀ ਸੀ, ਪਰ ਨਾਮਧਾਰੀ ਸਿੰਘ ਤਾਂ ਬਾਬਾ ਰਾਮ ਸਿੰਘ ਦੀ ਸਿਖਿਆ ਸੰਗਤ ਨਾਲ ਬੜੇ ਜੋਸ਼ੀਲੇ ਤੇ ਅਣਖੀਲੇ ਹੋ ਗਏ ਸਨ, ਤੇ ਪੰਜਾਬ ਤੇ ਬਾਕੀ ਦੇਸ ਉਤੇ ਬਿਦੇਸ਼ੀ ਰਾਜ ਨੂੰ ਇਕ ਬੜਾ ਵੱਡਾ ਉਪੱਦਰਵ ਸਮਝਦੇ ਸਨ।

ਗਊ ਤੇ ਬ੍ਰਾਹਮਣ ਭਾਰਤ ਦੀ ਸੰਸਕ੍ਰਿਤੀ ਦੇ ਚਿਰੰਕਾਲ ਤੋਂ ਚਿੰਨ੍ਹ ਮੰਨੇ ਗਏ ਹਨ। ਗਊ, ਮਨੁੱਖ ਦੇ ਅਧੀਨ ਜੀਵਾਂ ਦਾ ਜੋ ਕਿ ਮਨੁੱਖਾਂ ਦੇ ਨਿਰਬਾਹ ਤੇ ਉਪਜੀਵਕਾ ਵਿਚ ਸਹਾਈ ਹਨ, ਪ੍ਰਤਿਨਿਧ ਮੰਨਿਆ ਜਾਂਦਾ ਹੈ। ਬ੍ਰਹਮਣ, ਵਿਦਿਆ, ਤਿਆਗ ਤੇ ਆਤਮਕ ਸਾਧਨ ਕਰਨ ਵਾਲਿਆਂ ਦਾ ਪ੍ਰਤਿਨਿਧ ਮੰਨਿਆ ਜਾਂਦਾ ਹੈ। ਜਦੋਂ ਬ੍ਰਾਹਮਣੀ ਮੱਤ ਵਿਚ ਕੁਰੀਤੀਆਂ ਤੇ ਗਿਲਾਨੀ ਆ ਗਈ ਤਾਂ ਬ੍ਰਾਹਮਣਾਂ ਦਾ ਪ੍ਰਾਚੀਨ ਸਮਿਆਂ ਵਾਲਾ ਉੱਚਾ ਸੁੱਚਾ ਜੀਵਨ ਨਾ ਰਿਹਾ, ਤੇ ਸਿੱਖ ਮੱਤ ਦੇ ਅਸਰ ਤੇ ਪ੍ਰਚਾਰ ਹੇਠਾਂ "ਗਊ ਗਰੀਬ", "ਗਊ ਬ੍ਰਾਹਮਣ" ਦੀ ਥਾਂ ਪ੍ਰਚੱਲਤ ਹੋ ਗਏ। ਭਾਵ ਇਹ ਸੀ ਜੁ ਜੀਵਾਂ ਉਤੇ ਦਯਾ ਤੇ ਗਰੀਬ ਦੀ ਰੱਖਿਆ ਗੁਰੂਆਂ ਦੇ ਦਰਸਾਏ ਹੋਏ ਉਤੇ ਚੱਲਣ ਵਾਲਿਆ ਦਾ ਧਰਮ ਨਿਸ਼ਾਨਾ ਬਣ ਗਿਆ। ਬਾਬਾ ਰਾਮ ਸਿੰਘ ਨਿਰਸੰਦੇਹ ਉਸੇ ਪੰਥ ਤੇ ਉਹਨਾਂ ਆਦਰਸ਼ਾਂ ਦਾ ਹੀ ਪ੍ਰਚਾਰ ਕਰਦੇ ਸਨ ਜੋ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਦਸ ਗੁਰੂ ਸਾਹਿਬਾਨ ਭਾਰਤ ਵਾਸੀਆਂ ਤੇ ਜਗਤ ਨੂੰ ਦੱਸ ਗਏ ਸਨ। ਇਸ ਗੱਲ ਉਤੇ, ਕਿ ਉਹ ਕੇਵਲ ਗੁਰੂਆਂ ਦੇ ਦੱਸੇ ਹੋਏ ਧਰਮ ਦਾ ਹੀ ਪ੍ਰਚਾਰ ਕਰਦੇ ਹਨ, ਬਾਬਾ ਰਾਮ ਸਿੰਘ ਹਰ ਵੇਲੇ ਜ਼ੋਰ ਦਿੰਦੇ ਸਨ।

ਬਾਬਾ ਰਾਮ ਸਿੰਘ ਆਪਣੇ ਉਪਦੇਸ਼ਾਂ ਤੇ ਬਚਨਾਂ ਵਿਚ ਗਊ ਗਰੀਬ ਦੀ ਰੱਖਿਆ ਬਾਬਤ ਸਦਾ ਹੀ ਕਹਿੰਦੇ ਰਹਿੰਦੇ ਸਨ। ਇਸ ਪ੍ਰਕਾਰ ਦੇ ਬਚਨ ਬਾਬਾ ਜੀ ਕਈ ਵਾਰ ਕਹਿੰਦੇ : "ਗਊ ਗਰੀਬ ਦੀ ਰਖਿਆ ਵੱਡਾ ਧਰਮ ਹੈ।" "ਗੁਰੂ ਸਾਹਿਬ ਨੇ ਖਾਲਸੇ ਦੀ ਸਾਜਨਾ, ਗਊ ਗਰੀਬ ਦੀ ਰੱਖਿਆ ਲਈ ਕੀਤੀ ਹੈ।" "ਜਦੋਂ ਭਾਰਤ ਵਿਚੋਂ ਬਿਦੇਸ਼ੀਆਂ ਦਾ ਰਾਜ ਉੱਠ ਜਾਏਗਾ ਤਾ ਧਰਮ ਦਾ ਰਾਜ ਅਸਥਾਪਤ ਹੋਵੇਗਾ ਤੇ ਗਊ ਗਰੀਬ ਦੀ ਰੱਖਿਆ ਹੋਵੇਗੀ।" ਉਜ, ਬਾਬਾ ਰਾਮ ਸਿੰਘ ਜੀ ਗਊ ਨੂੰ ਬੇਜ਼ਬਾਨ ਜੀਵਾਂ ਦਾ ਪ੍ਰਤੀਨਿਧ ਤੇ ਚਿੰਨ੍ਹ ਹੀ ਸਮਝਦੇ ਸਨ, ਕੋਈ ਪੂਜਣ ਯੋਗ ਦੇਵੀ ਦੇਵਤਾ ਨਹੀ ਸੀ ਮੰਨਦੇ। ਗਊ, ਜੋ ਕਿ ਬੇਜ਼ਬਾਨ ਜੀਵਾਂ ਦਾ ਚਿੰਨ੍ਹ ਹੈ, ਉਸ ਉਤੇ ਦਯਾ ਤੇ ਉਸ ਦੀ ਰੱਖਿਆ ਮਨੁੱਖ ਦਾ ਧਰਮ ਹੈ, ਜਿਸ ਦਾ ਭਾਵ ਕਿ ਪ੍ਰਾਣੀ ਮਾਤ੍ਰ ਜੀਵਾਂ ਉਤੇ ਦਯਾ ਤੇ ਉਹਨਾਂ ਦੀ ਰਖਿਆ ਹੈ। ਇਹੋ ਉਪਦੇਸ਼ ਬਾਬਾ ਰਾਮ ਸਿੰਘ ਦਾ ਸੀ। ਬਿਨਾਂ ਅਕਾਲ ਪੁਰਖ ਵਾਹਿਗੁਰੂ ਤੋਂ ਉਹ ਕਿਸੇ ਦੇਵੀ ਦੇਵਤੇ, ਮਨੁੱਖ ਜਨੌਰ ਨੂੰ ਪੂਜਾ ਯਾ ਸ਼ਰਧਾ ਦੇ ਯੋਗ ਨਹੀ ਸੀ ਮਿਥਦੇ। ਹਾਂ, ਜੋ ਗਊ ਤੇ ਬੈਲ ਦੀ ਭਾਰਤ ਦੇਸ਼ ਦੀ ਆਰਥਿਕ ਅਵਸਥਾ ਵਿਚ ਅਹਿਮੀਅਤ ਤੇ ਗੌਰਵਤਾ ਹੈ ਉਸ ਦਾ ਬਾਬਾ ਜੀ ਨੂੰ ਭਲੀ ਪ੍ਰਕਾਰ ਗਿਆਨ ਸੀ। ਆਪਣੀ ਇਕ ਚਿੱਠੀ ਵਿਚ, ਜੋ ਕਿ ਉਹਨਾਂ ਨੇ ਰੰਗੂਨ ਤੋਂ ਪੰਜਾਬ ਨੂੰ ਭੇਜੀ, ਉਸ ਵਿਚ ਬਚਨ ਕੀਤਾ :

"ਹੋਰ ਜੀ, ਅਗੇ ਇਹ ਬਾਤ ਹੈ ਜੋ ਜੇ ਤਾਂ ਗੁਰੂ ਸਾਹਿਬ ਨੇ ਗਊਆਂ ਉਤੇ ਰਛਿਆ ਕੀਤੀ ਤਾਂ ਕੀਤੀ, ਨਹੀਂ ਤਾਂ ਸਾਰੀ

ਪ੍ਰਿਥਮੀ ਬੜਾ ਦੁਖ ਪਾਵੇਗੀ। ਕਿਉਂ ਜੋ ਗਾਂਈ ਤਾਂ ਬਿੱਲੇ (ਅੰਗਰੇਜ਼) ਖਾਇ ਲੈਣਗੇ। ਇਸ ਕਰ ਕੇ ਨਾ ਬੈਲ ਮਿਲੇਗਾ ਗਰੀਬਾਂ ਨੂੰ, ਨਾ ਬਰਖਾ ਹੋਊਗੀ। ਇਹ (ਬਰਮਾ) ਤਾਂ ਹਿੰਦੂ ਦਾ ਬੜਾ ਦੇਸ ਹੈ। ਏਥੇ ਵੀ ਮੁਕ ਗਈਆਂ ਹੈਂ। ਅਰ ਏਥੇ ਸਾਨੂੰ ਗਾਇ ਲੈ ਕੇ ਦਿੱਤੀ ਸੀ। ੧੦੦ ਰੁਪਏ ਨੂੰ। ਦੋ ਸੇਰ ਕਚਾ ਦੁਧ ਦਿੰਦੀ ਸੀ। ਹੋਰ ਤਿੰਨ ਤਿੰਨ ਸੈ ਰੁਪੈ ਨੂੰ ਗਊ ਆਉਂਦੀ ਹੈ। ਇਸ ਦੇਸ ਮੇਂ ਬਰਖਾ ਨਾਲ ਧਾਣ ਹੋਇ ਜਾਂਦੇ ਹੈਨ। ਹੋਰ ਖੇਤੀ ਹੁੰਦੀ ਨਹੀਂ। ਇਸ ਕਰ ਕੇ ਲੰਘਦੀ ਹੈ।"

ਬਾਬਾ ਰਾਮ ਸਿੰਘ ਦੇ ਇਸ ਪ੍ਰਕਾਰ ਦੇ ਬਚਨਾਂ ਤੇ ਉਪਦੇਸ਼ਾਂ ਨੂੰ ਸੁਣ ਸੁਣ, ਉਹਨਾਂ ਦੇ ਕਈ ਜੋਸ਼ੀਲੇ ਤੇ ਅੰਧ ਵਿਸ਼ਵਾਸੀ ਸ਼ਰਧਾਲੂ ਇਉਂ ਸਮਝਣ ਲਗ ਪਏ ਜੇ ਉਹ ਬੁੱਚੜਾ ਨੂੰ ਮਾਰ ਮੁਕਾਉਣ ਤਾਂ ਇਹ ਧਰਮ ਦਾ ਕੰਮ ਹੋਵੇਗਾ ਤੇ ਬਾਬਾ ਰਾਮ ਸਿੰਘ ਦੇ ਬਚਨਾਂ ਦੀ ਪਾਲਨਾ ਹੋਵੇਗੀ। ਪਰ ਜਦੋਂ ਵੀ ਕਿਸੇ ਸ਼ਰਧਾਲੂ ਨੇ ਬਾਬਾ ਰਾਮ ਸਿੰਘ ਤੋਂ ਸਿੱਧੇ ਤੋਰ ਤੇ ਪੁੱਛਿਆ ਕਿ ਕੀ ਉਹ ਬੁੱਚੜਾ ਨੂੰ ਮਾਰ ਦੇਣ ਤਾਂ ਬਾਬਾ ਜੀ ਨੇ ਸਦਾ ਹੀ ਇਸ ਕੰਮ ਤੋਂ ਵਰਜਿਆ। ਬਾਬਾ ਜੀ ਅਜੇਹੀ ਗੱਲ ਪੁੱਛੇ ਜਾਣ ਉਤੇ ਸਦਾ ਹੀ ਇਉਂ ਉੱਤਰ ਦਿੰਦੇ : "ਇਹ ਮਾੜਾ ਕੰਮ ਹੈ।" ਜਾਂ "ਹਥਿਆਰ ਚੁੱਕਣ ਦਾ ਸਮਾਂ ਅਜੇ ਨਹੀ ਆਇਆ।" ਪਰ ਬੁੱਚੜਾਂ ਨੂੰ ਗਊ ਬੱਧ ਕਰਦਿਆਂ ਦੇਖ ਕੇ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਕੋਲੋਂ ਜਰਿਆ ਨਹੀ ਸੀ ਜਾਂਦਾ। ਇਹ ਕੇਵਲ ਜੋਸ਼ ਤੇ ਅੰਧ-ਵਿਸ਼ਵਾਸ ਹੀ ਨਹੀ ਸੀ। ਇਕ ਹੋਰ ਕਾਰਣ ਵੀ ਸੀ, ਜਿਸ ਕਰਕੇ ਨਾਮਧਾਰੀ ਸਿੰਘ ਗਊ ਬੱਧ ਨੂੰ ਖੁਲ੍ਹਮ ਖੁਲ੍ਹਾ ਦੇਖ ਜਰ ਨਹੀ ਸੀ ਸਕਦੇ। ਇਹ ਕਾਰ਼ਣ ਭਾਰਤ ਵਰਸ਼ ਦੇ ਪਿਛਲੇਰੇ ਇਕ ਹਜ਼ਾਰ ਵਰ੍ਹੇ ਦੇ ਇਤਿਹਾਸ ਦੀ ਆਤਮਾ ਵਿਚ ਇਸਥਿਤ ਸੀ।

ਗਊ ਬੱਧ ਕਰਨਾ ਤਾਂ ਇਕ ਪਾਸੇ ਰਿਹਾ, ਹਜ਼ਾਰਾਂ ਵਰ੍ਹਿਆਂ ਤੋਂ ਹਿੰਦੂ ਜਾਤੀ ਆਪਣੇ ਦੇਸ਼ ਵਿਚ ਜੀਵ ਹਿੰਸਾ ਨੂੰ ਹੀ ਮਾੜਾ ਕੰਮ ਸਮਝਦੀ ਰਹੀ ਸੀ। ਜਦੋਂ ਗਿਆਰ੍ਹਵੀ ਸਦੀ ਈਸਵੀ ਵਿਚ ਮੁਸਲਮਾਨ ਭਾਰਤ ਵਿਚ ਆਏ ਤੇ ਉਹਨਾਂ ਨੇ ਆਪਣਾ ਰਾਜ ਹਿੰਦੂਆਂ ਉਤੇ ਕਾਇਮ ਕਰ ਲਿਆ, ਤਾਂ ਮੁਸਲਮਾਨਾਂ ਨੇ ਆਪਣੇ ਅਧੀਨ ਇਲਾਕਿਆਂ ਵਿਚ ਗਊ ਮਾਰਨ ਦੀ ਖੁਲ੍ਹ ਦੇ ਦਿਤੀ। ਹੁੰਦੇ ਹੁੰਦੇ ਇਹ ਹੋ ਗਿਆ, ਕਿ ਕਿਸੇ ਇਲਾਕੇ ਉਤੇ ਮੁਸਲਮਾਨੀ ਜ਼ੋਰ ਤੇ ਪ੍ਰਭਾਵ ਹੋਣ ਦੀ ਇਹ ਨਿਸ਼ਾਨੀ ਸਮਝੀ ਜਾਣ ਲਗੀ ਕਿ ਉਥੇ ਗਊ ਮਾਰਨ ਦੀ ਖੁਲ੍ਹ ਹੋਵੇ। ਜਿਥੇ ਬੁੱਚੜ ਗਊਆਂ ਨਾ ਮਾਰ ਸਕਣ ਉਥੇ ਸਮਝਿਆ ਜਾਂਦਾ ਸੀ ਜੁ ਇਥੇ ਹਿੰਦੂਆਂ ਦਾ ਜ਼ੋਰ ਤੇ ਰਾਜ ਭਾਗ ਕਾਇਮ ਹੈ। ਇਉਂ ਇਕ ਹਜ਼ਾਰ ਵਰ੍ਹੇ ਤਕ, ਭਾਰਤ ਦੇਸ ਦੇ ਵੱਖੋ ਵਖਰੇ ਇਲਾਕਿਆਂ ਵਿਚ ਸਮੇਂ ਸਮੇਂ ਵੇਲੇ ਦੇ ਹਾਕਮਾਂ ਵਲੋਂ ਗਊ-ਬੱਧ ਦੀ ਖੁਲ੍ਹ ਜਾਂ ਮਨਾਹੀ ਹੁੰਦੀ ਰਹੀ। ਅੰਗਰੇਜ਼ਾਂ ਨੇ ਜਦੋਂ ਉਨ੍ਹੀਵੀ ਸਦੀ ਵਿਚ ਭਾਰਤ ਵਰਸ਼ ਉਤੇ ਸਣੇ ਸਣੇ ਕਬਜ਼ਾ ਕੀਤਾ ਤਾਂ ਜਿਥੇ ਵੀ ਉਹਨਾਂ ਦੇ ਪੈਰ ਪੱਕੇ ਹੁੰਦੇ ਗਏ, ਉਹ ਸਰਕਾਰੀ ਬੁੱਚੜ ਖਾਨੇ ਖੋਲ੍ਹਦੇ ਗਏ ਤੇ ਗਊ ਬੱਧ ਲਈ ਬੁੱਚੜਾਂ ਨੂੰ ਸਰਕਾਰੀ ਤੌਰ ਤੇ ਆਗਿਆ ਦਿੰਦੇ ਰਹੇ। ਜਦੋਂ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਨੇ ਮੁਸਲਮਾਨਾਂ ਦਾ ਰਾਜ ਖ਼ਤਮ ਕਰਕੇ, ਆਪਣਾ ਰਾਜ ਸਥਾਪਤ ਕਰ ਲਿਆ ਸੀ ਤਾਂ ਉਦੋਂ ਆਪਣੇ ਸਾਰੇ ਰਾਜ ਤੇ ਇਲਾਕਿਆਂ ਵਿਚ ਗਊ-ਬੱਧ ਦੀ ਮਨਾਹੀ ਕਰ ਦਿਤੀ ਸੀ। ਆਪਣੇ ਰਾਜ ਸਥਾਪਤ ਕਰਨ ਤੋਂ ਪਹਿਲਾਂ, ਜਦੋਂ ਵੀ ਸਿੱਖਾਂ ਨੇ ਕਦੇ ਮੁਸਲਮਾਨਾਂ ਜਾ ਮੁਸਲਮਾਨ ਹਾਕਮਾਂ ਨਾਲ ਕੋਈ ਸੁਲਾਹ ਦੀ ਗਲਬਾਤ ਜਾਂ ਸੰਧੀ ਕੀਤੀ, ਤਾਂ ਹਮੇਸ਼ਾ ਪਹਿਲੀ ਸ਼ਰਤ ਇਹ ਰੱਖੀ ਜੁ ਗਊ-ਬੱਧ ਰੋਕ ਦਿਤਾ ਜਾਵੇ। ਗਊ-ਬੱਧ ਦਾ ਰੋਕਣਾ ਤੇ ਰੁਕਵਾਉਣ

ਸੰਨ ੧੮੬੩ ਈਸਵੀ ਤਕ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦੀ ਗਿਣਤੀ ਕਾਫ਼ੀ ਵਧ ਚੁਕੀ ਸੀ, ਤੇ ਇਸ ਸਾਲ ਦੀ ਵਿਸਾਖੀ ਤੋਂ ਪਹਿਲਾਂ ਬਾਬਾ ਰਾਮ ਸਿੰਘ ਨੇ ਥਾਂ ਥਾਂ ਖ਼ਬਰ ਭੇਜ ਦਿਤੀ ਜੁ ਉਹ ਵਿਸਾਖੀ ਉਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾਣਗੇ। ਅੰਗਰੇਜ਼ਾਂ ਦਾ ਰਾਜ ਅਤੇ ਪੰਜਾਬ ਵਿਚ ਨਵਾਂ-੨ ਹੀ ਆਇਆ ਸੀ ਤੇ ਅਜੇ ਛੇ ਸੱਤ ਸਾਲ ਹੀ ਹੋਏ ਸਨ ਕਿ ੧੮੫੭ ਦਾ ਗ਼ਦਰ ਹੋ ਕੇ ਹਟਿਆ ਸੀ, ਜਿਸ ਵਿਚ ਅੰਗਰੇਜ਼ਾਂ ਦਾ ਰਾਜ ਖ਼ਤਮ ਹੁੰਦਾ ਹੀ ਬਚਿਆ ਸੀ। ਬਾਬਾ ਰਾਮ ਸਿੰਘ, ਜਿਹੜੇ ਕਿ ਉਹਨਾਂ ਦਿਨਾਂ ਵਿਚ ਭਾਈ ਰਾਮ ਸਿੰਘ, ਕਰਕੇ ਸਦੀਂਦੇ ਸਨ, ਥਾ ਥਾਂ ਆਪਣੇ ਪ੍ਰਚਾਰਕ ਜੱਥੇ ਲਈ ਫਿਰਦੇ ਸਨ ਤੇ ਇਸ ਗੱਲ ਦਾ ਧੜਕੂ ਅੰਗਰੇਜ਼ਾਂ ਦੇ ਮਨ ਉਤੇ ਬੈਠ ਗਿਆ ਸੀ। ਸੰਨ ੧੮੬੩ ਦੀ ਵਿਸਾਖੀ ਨੂੰ ਬਾਬਾ ਰਾਮ ਸਿੰਘ ਜਦੋਂ ਅੰਮ੍ਰਿਤਸਰ ਪੁੱਜੇ ਤਦ ਉਹਨਾਂ ਨਾਲ ਉਹਨਾਂ ਦੇ ਹਜ਼ਾਰਾਂ ਸ਼ਰਧਾਲੂ ਸਨ।

ਇਸ ਗਲ ਦਾ ਸਬੂਤ ਤੇ ਚਿਨ੍ਹ ਸੀ ਜੁ ਬਿਦੇਸ਼ੀਆਂ ਦਾ ਰਾਜ ਤੇ ਗ਼ਲਬਾ, ਭਾਰਤ ਵਾਸੀਆਂ ਜਾਂ ਦੇਸ ਉਤੋਂ ਉਠ ਗਿਆ ਹੈ। ਗਊ-ਬੱਧ ਸਰਕਾਰੀ ਤੌਰ ਉਤੇ ਪ੍ਰਵਾਨ ਕਰਨਾ ਇਸ ਗਲ ਦਾ ਸਬੂਤ ਤੇ ਚਿੰਨ੍ਹ ਸੀ ਜੁ ਭਾਰਤ ਦੇਸ਼ ਤੇ ਭਾਰਤ ਵਾਸੀ ਪ੍ਰਾਧੀਨ ਹਨ। ਜਦੋਂ ੧੮੪੯ ਵਿਚ, ਅੰਗਰੇਜ਼ਾਂ ਨੇ ਪੰਜਾਬ ਦੇਸ਼ ਨੂੰ ਆਪਣੇ ਅਧਿਕਾਰ ਹੇਠਾਂ ਲੈ ਕੇ ਇਥੇ ਸਿਖ ਰਾਜ ਦਾ ਖਾਤਮਾ ਕਰ ਦਿਤਾ ਤਾਂ ਉਹਨਾਂ ਨੇ ਪਹਿਲਾ ਕੰਮ ਇਹ ਕੀਤਾ ਜੁ ਕਈ ਥਾਵਾਂ ਉਤੇ ਗਊ-ਬੱਧ ਦੀ ਸਰਕਾਰੀ ਤੌਰ ਉਤੇ ਆਗਿਆ ਦੇ ਦਿਤੀ। ਪੰਜਾਬੀਆਂ ਤੇ ਸਿਖਾਂ ਨੂੰ ਇਹ ਗੱਲ ਨਿਸ਼ਚੇ ਕਰਵਾਉਣ ਲਈ ਜੁ ਹੁਣ ਉਹਨਾਂ ਦਾ ਆਪਣਾ ਰਾਜ ਨਹੀਂ ਤੇ ਉਹ ਹੁਣ ਅੰਗਰੇਜ਼ਾਂ ਤੇ ਬਿਦੇਸ਼ੀਆਂ ਦੇ ਪ੍ਰਾਧੀਨ ਹਨ, ਅੰਮ੍ਰਿਤਸਰ ਦੇ ਮਹਾਨ ਤੀਰਥ ਉਤੇ ਵੀ ਬੁੱਚੜ ਖਾਨਾ ਖੋਹਲ ਦਿਤਾ। ਇਹ ਬੁੱਚੜ ਖਾਨਾ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਨੇੜੇ ਹੀ ਖੋਹਲਿਆ ਗਿਆ, ਜਿਸ ਦਾ ਭਾਵ ਇਹ ਹੀ ਲਿਆ ਗਿਆ ਜੁ ਸਿੱਖ ਤੇ ਹਿੰਦੂ ਪੰਜਾਬੀ ਹੁਣ ਸਮਝ ਲੈਣ ਜੁ ਉਹ ਫਰੰਗੀਆਂ ਦੇ ਪ੍ਰਾਧੀਨ ਹਨ, ਤੇ ਉਹਨਾਂ ਦਾ ਧਾਰਮਿਕ ਸਵੈਮਾਨ ਵੀ ਬਿਦੇਸ਼ੀ ਸਰਕਾਰ ਨਹੀ ਰਹਿਣ ਦੇਣਾ ਚਾਹੁੰਦੀ। ਇਹ ਗੱਲ ਕਿਸੇ ਵੀ ਅਣਖ ਵਾਲੇ ਪੰਜਾਬੀ ਨੂੰ ਉਭਾਰਨ ਲਈ ਕਾਫ਼ੀ ਸੀ, ਪਰ ਨਾਮਧਾਰੀ ਸਿੰਘ ਤਾਂ ਬਾਬਾ ਰਾਮ ਸਿੰਘ ਦੀ ਸਿਖਿਆ ਸੰਗਤ ਨਾਲ ਬੜੇ ਜੋਸ਼ੀਲੇ ਤੇ ਅਣਖੀਲੇ ਹੋ ਗਏ ਸਨ, ਤੇ ਪੰਜਾਬ ਤੇ ਬਾਕੀ ਦੇਸ ਉਤੇ ਬਿਦੇਸ਼ੀ ਰਾਜ ਨੂੰ ਇਕ ਬੜਾ ਵੱਡਾ ਉਪੱਦਰਵ ਸਮਝਦੇ ਸਨ। ਇਹਨਾਂ ਕਾਰਨਾਂ ਕਰਕੇ ਨਾਮਧਾਰੀਆਂ ਤੇ ਅੰਗਰਜ਼ਾਂ ਵਿਚਕਾਰ ਟੱਕਰ, ਨਿਸ਼ਚਿਤ ਸਮੇਂ ਤੋਂ ਪਹਿਲਾਂ ਤੇ ਬਾਬਾ ਰਾਮ ਸਿੰਘ ਦੀ ਇੱਛਾ ਦੇ ਉਲਟ ਹੀ ਹੋ ਗਈ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ੀ ਸਰਕਾਰ ਦੀ ਚਲਾਈ ਹੋਈ ਦੇਸ਼ ਭਗਤੀ ਤੇ ਆਤਮਕ ਜਾਗ੍ਰਿਤ ਦੀ ਲਹਿਰ ਨੂੰ ਉਸਦੇ ਜਵਾਨ ਹੋਣ ਤੋਂ ਪਹਿਲਾ ਹੀ ਸੰਘ ਘੁੱਟ ਕੇ ਮਾਰ ਦਿਤਾ ਤੇ ਬਾਬਾ ਰਾਮ ਸਿੰਘ ਨੂੰ ਤੇ ਉਹਨਾਂ ਦੇ ਨਿਕਟ ਵਰਤੀਆਂ ਤੇ ਸੂਬਿਆਂ ਨੂੰ ਦੇਸ ਨਿਕਾਲਾ ਦੇ ਦਿਤਾ, ਤੇ ਉਹ ਮੁੜ ਜੀਉਂਦੇ ਆਪਣੇ ਦੇਸ਼ ਨਾ ਆ ਸਕੇ। ਇਹ ਘਟਨਾਵਾਂ ਇਸ ਪ੍ਰਕਾਰ ਹੋਈਆਂ।

ਸੰਨ ੧੮੬੩ ਈਸਵੀ ਤਕ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦੀ ਗਿਣਤੀ ਕਾਫ਼ੀ ਵਧ ਚੁਕੀ ਸੀ, ਤੇ ਇਸ ਸਾਲ ਦੀ ਵਿਸਾਖੀ ਤੋਂ ਪਹਿਲਾਂ ਬਾਬਾ ਰਾਮ ਸਿੰਘ ਨੇ ਥਾਂ ਥਾਂ ਖ਼ਬਰ ਭੇਜ ਦਿਤੀ ਜੁ ਉਹ ਵਿਸਾਖੀ ਉਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾਣਗੇ। ਅੰਗਰੇਜ਼ਾਂ ਦਾ ਰਾਜ ਅਤੇ ਪੰਜਾਬ ਵਿਚ ਨਵਾਂ-੨ ਹੀ ਆਇਆ ਸੀ ਤੇ ਅਜੇ ਛੇ ਸੱਤ ਸਾਲ ਹੀ ਹੋਏ ਸਨ ਕਿ ੧੮੫੭ ਦਾ ਗ਼ਦਰ ਹੋ ਕੇ ਹਟਿਆ ਸੀ, ਜਿਸ ਵਿਚ ਅੰਗਰੇਜ਼ਾਂ ਦਾ ਰਾਜ ਖ਼ਤਮ ਹੁੰਦਾ ਹੀ ਬਚਿਆ ਸੀ। ਬਾਬਾ ਰਾਮ ਸਿੰਘ, ਜਿਹੜੇ ਕਿ

ਉਹਨਾਂ ਦਿਨਾਂ ਵਿਚ ਭਾਈ ਰਾਮ ਸਿੰਘ, ਕਰਕੇ ਸਦੀਦੇ ਸਨ, ਥਾ ਥਾਂ ਆਪਣੇ ਪ੍ਰਚਾਰਕ ਜੱਥੇ ਲਈ ਫਿਰਦੇ ਸਨ ਤੇ ਇਸ ਗੱਲ ਦਾ ਧੜਕੂ ਅੰਗਰੇਜ਼ਾਂ ਦੇ ਮਨ ਉਤੇ ਬੈਠ ਗਿਆ ਸੀ। ਸੰਨ ੧੮੬੩ ਦੀ ਵਿਸਾਖੀ ਨੂੰ ਬਾਬਾ ਰਾਮ ਸਿੰਘ ਜਦੋਂ ਅੰਮ੍ਰਿਤਸਰ ਪੁੱਜੇ ਤਦ ਉਹਨਾਂ ਨਾਲ ਉਹਨਾਂ ਦੇ ਹਜ਼ਾਰਾਂ ਸ਼ਰਧਾਲੂ ਸਨ। ਅੰਗਰੇਜ਼ ਹਾਕਮਾਂ ਦੇ ਦਿਲ ਵਿਚ ਬਾਬਾ ਰਾਮ ਸਿੰਘ ਦੀ ਸ਼ਕਤੀ ਦਾ ਬੜਾ ਡੂੰਘਾ ਪ੍ਰਭਾਵ ਪਿਆ, ਤੇ ਉਹਨਾਂ ਨੇ ਉਹਨਾਂ ਨੇ ਉੱਤੇ ਰਪੋਰਟਾਂ ਕੀਤੀਆਂ ਕਿ ਬਾਬਾ ਰਾਮ ਸਿੰਘ ਦੀ ਦਿਨੋਂ ਦਿਨ ਵਧ ਰਹੀ ਸ਼ਕਤੀ ਬਿਦੇਸ਼ੀ ਰਾਜ ਲਈ ਇਕ ਭਾਰੀ ਖਤਰਾ ਹੈ। ਅੰਮ੍ਰਿਤਸਰ ਵਿਸਾਖੀ ਮਨਾਣ ਪਿਛੋਂ, ਬਾਬਾ ਰਾਮ ਸਿੰਘ ਆਪਣੇ ਜਥੇ ਸਮੇਤ ਹਰੀਕੇ ਪੱਤਣ ਲੰਘ ਕੇ ਫ਼ੀਰੋਜ਼ਪੁਰ ਵਲ ਚਲੇ ਗਏ ਤੇ ਉਸ ਇਲਾਕੇ ਵਿਚ ਆਪਣਾ ਪ੍ਰਚਾਰ ਅਰੰਭ ਦਿਤਾ। ਪਹਿਲੀ ਜੂਨ ਸੰਨ ੧੮੬੩ ਈਸਵੀ ਨੂੰ ਬਾਬਾ ਰਾਮ ਸਿੰਘ ਨੇ ਜ਼ਿਲ੍ਹਾ ਫ਼ੀਰੋਜ਼ਪੁਰ ਦੇ ਪਿੰਡ ਖੋਟਿਆਂ, ਵਿਚ ਇਕ ਭਾਰੀ ਦੀਵਾਨ ਕੀਤਾ, ਉਥੇ ਪਹਿਲੀ ਵਾਰ ਅਨੰਦ ਕਾਰਜ ਕੀਤੇ ਆਮ ਲੋਕਾਂ ਦੇ ਮਨ, ਸਿੱਖ ਰਾਜ ਦੇ ਖ਼ਤਮ ਹੋ ਜਾਣ ਉਤੇ, ਨਿਤਾਣੇ ਤੇ ਭੈ ਭੀਤ ਹੋ ਚੁਕੇ ਸਨ। ਜਿਨ੍ਹਾਂ ਦੇ ਜੀਵਨ ਨੂੰ ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ਾਂ ਤੇ ਸੰਗਤ ਦੀ ਪਾਣ ਨਹੀਂ ਸੀ ਚੜ੍ਹੀ, ਉਹ ਬਿਦੇਸ਼ੀ ਹਾਕਮਾਂ ਦੀ ਪ੍ਰਾਧੀਨਤਾ ਤੇ ਈਨ ਮੰਨਣ ਵਿਚ ਹੀ ਸੁਖ ਦਾ ਅਨੁਭਵ ਕਰਦੇ ਸਨ। ਅਜੇਹੇ ਲੋਕਾਂ ਨੇ ਅੰਗਰੇਜ਼ ਹਾਕਮਾਂ ਕੋਲ ਰਪੋਰਟਾਂ ਕੀਤੀਆਂ ਤੇ ਚੁਗਲੀਆਂ ਖਾਧੀਆਂ ਕਿ ਬਾਬਾ ਰਾਮ ਸਿੰਘ ਛੇਤੀ ਹੀ ਦੇਸ ਵਿਚੋਂ ਬਿਦੇਸ਼ੀ ਰਾਜ ਮੁਕਾਉਣ ਦੇ ਬਾਨ੍ਹਣੂੰ ਬੰਨ੍ਹ ਰਿਹਾ ਹੈ। ਇਕ ਤਾਂ ਅੰਗਰੇਜ਼ ਸੰਨ ੧੮੫੭ ਦੇ ਗ਼ਦਰ ਤੋਂ ਡਰੇ ਹੋਏ ਸਨ, ਤੇ ਦੂਜੇ ਇਹ ਗੱਲ ਸੀ ਵੀ ਠੀਕ, ਜੇ ਬਾਬਾ ਰਾਮ ਸਿੰਘ ਨੂੰ ਥੋਹੜਾ ਸਮਾਂ ਹੋਰ ਨਿਰਵਿਘਨ ਕੰਮ ਕਰਨ ਲਈ ਮਿਲ ਜਾਂਦਾ ਤਾਂ ਉਹ ਬਿਦੇਸ਼ੀ ਰਾਜ ਨੂੰ ਜ਼ਰੂਰ ਮੁਕਾ ਦਿੰਦੇ ਤੇ ਜਾਤੀ ਨੂੰ ਤੇ ਦੇਸ ਵਾਸੀਆਂ ਨੂੰ ਬੜੀ ਉੱਚੀ ਧਾਰਮਿਕ ਤੇ ਸਮਾਜਿਕ ਪੱਧਰ ਉਤੇ ਲੈ ਜਾਂਦੇ। ਇਹਨਾਂ ਦਿਨਾਂ ਵਿਚ ਹੀ ਪਿੰਡੋ ਪਿੰਡ ਤੇ ਇਲਾਕੇ ਇਲਾਕੇ, ਕਿ ਜਿੱਥੇ ਕਿਤੇ ਵੀ ਬਾਬਾ ਰਾਮ ਸਿੰਘ ਦਾ ਪ੍ਰਭਾਵ ਤੇ ਉਹਨਾਂ ਲਈ ਸ਼ਰਧਾ ਸੀ, ਇਕ ਗੁਰਮੁਖੀ ਵਿਚ ਲਿਖੀ ਹੋਈ ਚਿੱਠੀ ਫਿਰ ਰਹੀ ਸੀ, ਜਿਸ ਦਾ ਸਾਰ-ਅੰਸ਼ ਇਹ ਸੀ, ਕਿ ਬਾਬਾ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਹੋਏ ਉਪਦੇਸ਼ਾਂ ਤੇ ਉਦੇਸ਼ਾਂ ਦੀ ਪੂਰਤੀ ਕਰਨਗੇ ਤੇ ਦੇਸ਼ ਵਿਚੋਂ ਬਿਦੇਸ਼ੀ ਸਾਮਰਾਜ ਨੂੰ ਯੁੱਧ ਕਰਕੇ ਮੁਕਾਉਣ ਦਾ ਸਮਾਂ ਸੰਨ ੧੮੬੪ ਈਸਵੀ ਇਸ ਗਸ਼ਤੀ ਚਿਠੀ ਵਿਚ ਨਿਸ਼ਚਿਤ ਕੀਤਾ ਹੋਇਆ ਸੀ, ਤੇ ਸਾਰੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਇਆ

ਗਿਆ ਸੀ ਜੁ ਛੇਤੀ ਹੀ ਦੇਸ਼ ਵਿਚ ਸਵੈਰਾਜ ਅਸਥਾਪਤ ਕਰ ਦਿਤਾ ਜਾਵੇਗਾ, ਜੋ ਕਿ ਬਾਬਾ ਰਾਮ ਸਿੰਘ ਦੀ ਰਾਹਨੁਮਾਈ ਵਿਚ ਧਰਮ ਤੇ ਸੁਖ ਸ਼ਾਂਤੀ ਦਾ ਰਾਜ ਹੋਵੇਗਾ। ਮੂਰਖ ਤੇ ਦੋਖੀ ਲੋਕਾਂ ਨੇ ਇਹਨਾਂ ਚਿੱਠੀਆਂ ਦੀਆਂ ਨਕਲਾਂ ਤੇ ਹੋਰ ਗੱਲਾਂ ਵਧਾ ਵਧਾ ਕੇ ਅੰਗਰੇਜ਼ਾਂ ਕੋਲ ਚੁਗਲੀਆਂ ਕੀਤੀਆਂ, ਜਿਸ ਕਰਕੇ ਬਾਬਾ ਰਾਮ ਸਿੰਘ ਨੂੰ ਆਪਣੇ ਪਿੰਡ ਭੈਣੀ ਵਿਚ ਸੰਨ ੧੮੬੩ ਵਿਚ ਨਜ਼ਰਬੰਦ ਕਰ ਦਿਤਾ ਗਿਆ।

ਬਾਬਾ ਰਾਮ ਸਿੰਘ ਭੈਣੀ ਵਿਚ ਨਜ਼ਰਬੰਦ ਹੋ ਗਏ, ਪਰ ਉਹਨਾਂ ਦੇ ਸ਼ਰਧਾਲੂ ਭੈਣੀ ਵਿਚ ਹੀ ਇਕਠੇ ਹੋਣ ਲੱਗ ਪਏ ਤੇ ਧਰਮ ਪ੍ਰਚਾਰ ਤੇ ਰਾਜਸੀ ਜਥੇਬੰਦੀ ਦਾ ਕੰਮ, ਚੁੱਪ ਚੁਪੀਤੇ, ਪਰ ਪਹਿਲਾਂ ਵਾਂਗਰ ਹੀ, ਜਾਰੀ ਰਿਹਾ।

ਆਉਣ ਵਾਲੇ ਤਿੰਨਾਂ ਚੌਹਾਂ ਸਾਲਾਂ ਵਿਚ ਬਾਬਾ ਰਾਮ ਸਿੰਘ ਤਾਂ ਭੈਣੀ ਵਿਚ ਨਜ਼ਰਬੰਦ ਰਹੇ। ਨਾਮਧਾਰੀਆਂ ਵਿਚ ਜੋਸ਼ ਵਧਦਾ ਰਿਹਾ, ਪਰ ਜਥੇਬੰਦੀ ਢਿੱਲੀ ਪੈਂਦੀ ਗਈ। ਸੰਨ ੧੮੬੫ ਤੇ ਸੰਨ ੧੮੬੬ ਈਸਵੀ ਵਿਚ ਕੁਝ ਜੋਸ਼ੀਲੇ ਕੂਕਿਆਂ ਨੇ ਕਈਆਂ ਜ਼ਿਲ੍ਹਿਆਂ ਵਿਚ ਕਬਰਾਂ ਤੇ ਮੜ੍ਹੀਆਂ, ਜਿਨ੍ਹਾਂ ਦੀ ਕਿ ਵਹਿਮੀ ਲੋਕ ਪੂਜਾ ਕਰਦੇ ਸਨ, ਢਾਹ ਸੁੱਟੀਆਂ ਤੇ ਇਉਂ ਅੰਗਰੇਜ਼ੀ ਹਾਕਮਾਂ ਦੀਆਂ ਅੱਖਾਂ ਵਿਚ ਚੜ੍ਹ ਗਏ। ਸੰਨ ੧੮੬੭ ਈਸਵੀ ਦੇ ਹੋਲੇ ਮਹੱਲੇ ਉਤੇ ਬਾਬਾ ਰਾਮ ਸਿੰਘ ਨੂੰ ਅਨੰਦਪੁਰ ਸਾਹਿਬ ਆਉਣ ਦੀ ਆਗਿਆ ਸਰਕਾਰ ਨੇ ਦੇ ਦਿੱਤੀ, ਤੇ ਉਥੇ ਹਜ਼ਾਰਾਂ ਸ਼ਰਧਾਲੂ ਬਾਬਾ ਰਾਮ ਸਿੰਘ ਦੇ ਦਰਸ਼ਨਾਂ ਨੂੰ ਇਕੱਠੇ ਹੋਏ। ਗੁਰਦੁਆਰਾ ਕੇਸ ਗੜ੍ਹ ਦੇ ਦਰਸ਼ਨ ਕਰਨ ਸਮੇਂ ਪੁਜਾਰੀਆਂ ਨਾਲ ਕੁਛ ਮਤ ਭੇਦ ਭੀ ਬਾਬਾ ਜੀ ਦਾ ਹੋ ਗਿਆ, ਪਰ ਉਹ ਸਦਾ ਆਪਣੀ ਅਗਾਧ ਭਗਤੀ ਤੇ ਸ਼ਰਧਾ ਸਿਖ ਗੁਰੂ ਸਾਹਿਬਾਨ ਤੇ ਸਿੱਖੀ ਦੀ ਰਹੁ ਰੀਤ ਉਤੇ ਦੱਸਦੇ ਰਹੇ। ਇਸ ਹੋਲੇ ਮਹੱਲੇ ਦੇ ਮੇਲੇ ਉਤੇ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਦਾ ਬਹੁਤ ਪ੍ਰਚਾਰ ਹੋਇਆ ਤੇ ਬਾਬਾ ਰਾਮ ਸਿੰਘ ਦਾ ਬੜਾ ਪ੍ਰਭਾਵ ਲੋਕਾਂ ਉਤੇ ਪਿਆ। ਇਕ ਖੁਫੀਆ ਪੁਲਸ ਦਾ ਮੁਸਲਮਾਨ ਅਫ਼ਸਰ, ਜਿਸ ਨੂੰ ਅੰਗਰੇਜ਼ਾਂ ਨੇ ਇਸ ਮੇਲੇ ਉਤੇ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸ਼ਰਧਾਲੂਆਂ ਦੀ ਸੂਹ ਰੱਖਣ ਲਈ ਭੇਜਿਆ ਹੋਇਆ ਸੀ, ਆਪਣੀ ਖੁਫ਼ੀਆ ਰਪੋਰਟ ਵਿਚ ਇਉਂ ਲਿਖਦਾ ਹੈ।

"ਇਸ ਮੇਲੇ ਦੇ ਮੌਕੇ ਉਤੇ ਕੋਈ ਪੰਜਾਹ ਕੁ ਨਵੇਂ ਕੂਕੇ ਬਣੇ। ਮੁਸਲਮਾਨਾਂ ਵਿਚੋਂ ਵੀ ਕੁਝ ਆਦਮੀ ਤੇ ਤ੍ਰੀਮਤਾਂ ਕੂਕੇ ਬਣੇ ਹੋਏ ਹਨ। ਇਹਨਾਂ ਨੂੰ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸੂਬਿਆਂ ਦਾ ਇਹੋ ਉਪਦੇਸ਼ ਹੈ, ਕਿ ਇਸਲਾਮ ਤੇ ਸਿਖ ਧਰਮ ਅਸਲ ਵਿਚ ਇਕੋ ਹੀ ਹਨ। ਇਹਨਾਂ ਤੋਂ ਬਿਨਾਂ, ਉਹ ਮੁਸਲਮਾਨ ਜੋ ਕੂਕੇ ਨਹੀਂ ਬਣੇ, ਉਹ ਵੀ ਮੰਨਦੇ ਹਨ ਕਿ ਕੂਕਿਆਂ ਦੀ ਧਾਰਮਿਕ ਰਹੁ ਰੀਤ ਤੇ ਆਚਰਣ ਬਹੁਤ ਉੱਚੇ ਹਨ। ਬਾਬਾ ਰਾਮ ਸਿੰਘ ਤੜਕੇ ਤਿੰਨ ਵਜੇ ਉਠ ਕੇ ਇਸ਼ਨਾਨ ਕਰਦਾ ਹੈ ਤੇ ਗੁਰੂ ਗਰੰਥ ਸਾਹਿਬ, ਦਾ ਪਾਠ ਕਰਦਾ ਹੈ। ਉਸਦੇ ਉਪਦੇਸ਼ ਬੜੇ ਉੱਚੇ ਤੇ ਸ਼ੁਭ ਹਨ।"

ਸੰਨ ੧੮੬੭ ਵਿਚ ਅੰਗਰੇਜ਼ਾਂ ਨੂੰ ਵਿਸ਼ਵਾਸ ਹੋ ਗਿਆ ਕਿ ਬਾਬਾ ਰਾਮ ਸਿੰਘ ਹੁਣ ਕੇਵਲ ਧਾਰਮਿਕ ਪ੍ਰਚਾਰ ਹੀ ਕਰਦਾ ਹੈ, ਤੇ ਓਸੇ ਸਾਲ ਬਾਬਾ ਰਾਮ ਸਿੰਘ ਦੀ ਨਜ਼ਰਬੰਦੀ ਹਟਾ ਦਿਤੀ ਗਈ। ਅਕਤੂਬਰ, ਸੰਨ ੧੮੬੭, ਦੇ ਦੁਸਹਿਰੇ ਉਤੇ ਭੈਣੀ ਵਿਚ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦਾ ਬੜਾ ਭਾਰੀ ਇਕੱਠ ਹੋਇਆ, ਤੇ ਇਸ ਸਮੇ ਬਾਬਾ ਰਾਮ ਸਿੰਘ ਨੇ ਆਪਣੇ ਰਾਜਸੀ ਨਿਸ਼ਾਨਿਆਂ ਤੇ ਵਿਉਂਤਾਂ ਬਾਰੇ ਖੁਲ੍ਹੀਆਂ ਗੱਲਾਂ

ਸੰਨ ੧੮੬੯ ਵਿਚ ਬਾਬਾ ਰਾਮ ਸਿੰਘ ਨੇ ਆਪਣੇ ਦੋ ਗੁਪਤ ਦੂਤ ਜੰਮੂ ਤੇ ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਕੋਲ ਭੇਜੇ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹਾਰਾਜਾ ਨੇ ਇਕ ਸਿੰਘਾਂ ਦੀ ਪਲਟਨ ਜੰਮੂ ਤੇ ਸ੍ਰੀਨਗਰ ਵਿਚ ਖੜੀ ਕਰਨੀ ਮੰਨ ਲਈ। ਇਸ ਪਲਟਨ ਦੀ ਤਨਖ਼ਾਹ ਬਾਕੀ ਰਿਆਸਤ ਦੀਆਂ ਪਲਟਨਾਂ ਦੇ ਸਪਾਹੀਆਂ ਨਾਲੋਂ ਇਕ ਰੁਪਈਆ ਮਹੀਨਾ ਵਧ ਸੀ ਤੇ ਇਸ ਵਿਚ ਉਹ ਹੀ ਭਰਤੀ ਹੋ ਸਕਦੇ ਸਨ ਜਿਨ੍ਹਾਂ ਨੂੰ ਬਾਬਾ ਰਾਮ ਸਿੰਘ ਆਪਣੇ ਹਥੀਂ ਲਿਖਤੀ-ਪੱਤ੍ਰ ਯਾ ਸਰਟੀਫਿਕੇਟ ਦੇਣ। ਇਹ ਪਲਟਨ ਖੜੀ ਹੋ ਗਈ ਤੇ ਇਹਨਾਂ ਨੂੰ ਹਥਿਆਰ ਵਰਦੀ ਦੇ ਕੇ ਕਵਾਇਦ ਸਿਖਾਲ ਦਿਤੀ ਗਈ.

ਲੋਕਾਂ ਨਾਲ ਕੀਤੀਆ। ਉਸ ਵੇਲੇ ਰੂਸ ਦੇ ਹਿੰਦੁਸਤਾਨ ਉਤੇ ਹੱਲਾ ਕਰਨ ਬਾਬਤ ਆਮ ਅਫਵਾਹਾਂ ਸਨ ਤੇ ਬਾਬਾ ਰਾਮ ਸਿੰਘ ਦਾ ਵਿਚਾਰ ਅਜੇਹੇ ਸਮੇਂ ਤੋਂ ਲਾਭ ਉਠਾ ਕੇ ਪੰਜਾਬ ਵਿਚੋਂ ਤੇ ਬਾਕੀ ਦੇਸ਼ ਵਿਚੋਂ ਅੰਗਰੇਜ਼ਾਂ ਦੇ ਰਾਜ ਨੂੰ ਮੁਕਾ ਦੇਣ ਦਾ ਸੀ।

ਸੰਨ ੧੮੬੭ ਵਿਚ ਜਦੋਂ ਬਾਬਾ ਰਾਮ ਸਿੰਘ ਉਤੋਂ ਨਜ਼ਰਬੰਦੀ ਹੱਟ ਗਈ ਤਾਂ ਕੂਕਿਆਂ ਦਾ ਪਹਿਲਾ ਸੁਤੰਤ੍ਰ ਇਕੱਠ ਅਕਤੂਬਰ, ੧੮੬੭ ਵਿਚ ਦੁਸਹਿਰੇ ਵਾਲੇ ਦਿਨ ਭੈਣੀ ਹੋਇਆ, ਤੇ ਜਿਸ ਗਿਣਤੀ ਵਿਚ ਤੇ ਸ਼ਰਧਾ ਨਾਲ ਨਾਮਧਾਰੀ ਸਿੱਖ ਓਦੋਂ ਬਾਬਾ ਰਾਮ ਸਿੰਘ ਦੇ ਦਰਸ਼ਨਾਂ ਲਈ ਇਕੱਠੇ ਹੋਏ, ਉਸ ਤੋਂ ਇਹ ਸਪਸ਼ਟ ਹੋ ਗਿਆ ਜੁ ਬਿਦੇਸ਼ੀ ਸਰਕਾਰ ਦੀ ਕੈਰੀ ਅੱਖ ਕਰਨ ਨਾਲ ਬਾਬਾ ਰਾਮ ਸਿੰਘ ਦੀ ਮਾਨ ਪ੍ਰਤਿਸ਼ਟਾ ਬਹੁਤ ਵਧ ਗਈ ਹੈ। ਬਾਬਾ ਰਾਮ ਸਿੰਘ ਨੇ ਆਪਣੇ ਸ਼ਰਧਾਲੂਆਂ ਨੂੰ ਅਗਲੀ ਦਿਵਾਲੀ ਉਤੇ ਸ੍ਰੀ ਅੰਮ੍ਰਿਤਸਰ ਇਕੱਠੇ ਹੋਣ ਲਈ ਹੁਕਮ ਦਿਤਾ, ਜਿਸ ਦੀ ਪਾਲਣਾ ਵਿਚ ਕੂਕੇ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਇਕੱਠੇ ਹੋਏ। ਵੱਡੇ ਵੱਡੇ ਅੰਗਰੇਜ਼ ਅਫਸਰ ਬਾਬਾ ਰਾਮ ਸਿੰਘ ਤੇ ਉਹਨਾਂ ਦੇ ਸ਼ਰਧਾਲੂਆਂ ਦੀ ਦੇਖ ਭਾਲ ਕਰਨ ਪਹਿਲਾਂ ਹੀ ਪੁਜੇ ਹੋਏ ਸਨ, ਤੇ ਉਹਨਾਂ ਸਾਰਿਆਂ ਨੇ ਆਪਣੀ ਅੱਖੀਂ ਦੇਖਿਆ ਜੁ ਬਾਬਾ ਰਾਮ ਸਿੰਘ ਲਈ ਸ਼ਰਧਾ ਤੇ ਸਤਿਕਾਰ ਸਭ ਸੰਗਤਾਂ ਤੇ ਸਿੱਖਾਂ ਵਿਚ, ਭਾਵੇਂ ਉਹ ਕੂਕੇ ਹਨ ਜਾਂ ਨਹੀ, ਬਹੁਤ ਵਧ ਗਿਆ ਹੈ। ਜਦੋਂ ਬਾਬਾ ਰਾਮ ਸਿੰਘ ਗੁਰਦੁਆਰਾ ਅਟੱਲ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਯਾਤ੍ਰਾ ਨੂੰ ਆਏ ਤਾਂ ਬੇਅੰਤ ਦਰਸ਼ਕਾਂ ਤੇ ਸ਼ਰਧਾਲੂਆਂ ਦੀ ਭੀੜ ਹੋ ਗਈ ਤੇ ਦੋਹਾਂ ਗੁਰੂ ਅਸਥਾਨਾਂ ਤੋਂ ਬਾਬਾ ਜੀ ਨੂੰ ਸਿਰੋਪੇ ਦਿਤੇ ਗਏ। ਬਾਬਾ ਰਾਮ ਸਿੰਘ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਭੇਟ ਲੈ ਕੇ ਹਾਜ਼ਰ ਹੋਏ ਤਾਂ ਪੁਜਾਰੀਆਂ ਨਾਲ ਉਸੇ ਕਿਸਮ ਦਾ ਮਤ ਭੇਦ ਹੋ ਗਿਆ ਜੋ ਕਿ ਅਨੰਦਪੁਰ ਸਾਹਿਬ, ਤਖਤ ਕੇਸਗੜ੍ਹ ਸਾਹਿਬ ਉਤੇ ਹੋਇਆ ਸੀ। ਇਸ ਲਈ ਬਾਬਾ ਰਾਮ ਸਿੰਘ ਦੀ ਉਥੇ ਅਰਦਾਸ ਨਾ ਹੋ ਸਕੀ। ਸਰਕਾਰੀ ਰਪੋਰਟਾਂ ਦਸਦੀਆਂ ਹਨ ਜੁ ਇਸ ਸਮੇਂ ਉਤੇ ਕੋਈ ਦੋ ਹਜ਼ਾਰ ਸਿੱਖਾਂ ਨੇ ਬਾਬਾ ਰਾਮ ਸਿੰਘ ਦੇ ਜੱਥੇ ਤੋਂ ਅੰਮ੍ਰਿਤ ਛਕਿਆ।

ਹੁਣ ਅਜੇਹਾ ਸਮਾਂ ਆ ਗਿਆ ਕਿ ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਦਾ ਜੋਸ਼ ਬਹੁਤ ਵਧ ਗਿਆ ਤੇ ਉਹਨਾਂ ਦੀ ਜਥੇਬੰਦੀ ਢਿੱਲੀ ਪੈਣ ਲਗੀ। ਬਿਨਾਂ ਬਾਬਾ ਰਾਮ ਸਿੰਘ ਤੋਂ ਹੁਕਮ ਲਏ, ਜਾਂ ਉਨ੍ਹਾਂ ਦੇ ਹੁਕਮ ਮੰਨਣ ਦੇ, ਕੂਕੇ ਥਾਓ ਥਾਈਂ ਜੋਸ਼ ਵਿਚ ਆ ਗਏ ਤੇ ਅਜੇਹੀਆਂ ਕਾਰਵਾਈਆਂ ਆਰੰਭ ਦਿਤੀਆਂ, ਜਿਨ੍ਹਾਂ ਨੇ ਬਾਬਾ ਰਾਮ ਸਿੰਘ ਦੀਆਂ ਸਭ ਵਿਉਂਤਾਂ ਨੂੰ ਨਿਸਫਲ ਬਣਾ ਦਿਤਾ। ਸਾਰੇ ਪੰਜਾਬ ਵਿਚ, ਥਾ ਥਾਂ, ਕੂਕਿਆਂ ਨੇ ਕਬਰਾਂ ਤੇ ਮੜ੍ਹੀਆਂ ਢਾਉਣੀਆ ਆਰੰਭ ਦਿਤੀਆਂ, ਜਿਸ ਕਾਰਣ ਸਰਕਾਰ ਨੂੰ ਉਨ੍ਹਾਂ ਉਤੇ ਹੱਥ ਪਾਉਣ ਦਾ ਮੌਕਾ ਮਿਲਦਾ ਗਿਆ ਤੇ ਆਮ ਜਨਤਾ ਵਿਚ ਵੀ ਕੂਕਿਆਂ ਲਈ ਸ਼ਰਧਾ ਭਾਵਨਾ ਘਟਦੀ ਗਈ। ਇਸ ਸਮੇਂ, ਸੰਨ ੧੮੬੯ ਈਸਵੀ ਵਿਚ, ਪਿੰਡ ਥਰਾਜਵਾਲੇ ਜ਼ਿਲ੍ਹਾ ਫੀਰੋਜ਼ਪੁਰ ਦੀ ਘਟਨਾ ਹੋਈ, ਜਿਸ ਵਿਚ ਕਿ ਚਾਲੀ ਕੁ ਕੂਕੇ ਫੜੇ ਗਏ, ਜਿਨ੍ਹਾਂ ਵਿਚੋਂ ਛੇ ਸੱਤ ਕੈਦ ਕਰ ਦਿਤੇ ਗਏ। ਗਲ ਇਉਂ ਹੋਈ ਜੁ ਕੂਕੇ ਪਿੰਡ ਥਰਾਜਵਾਲਾ ਵਿਚ, ਇਕ ਭਾਈ ਮਸਤਾਨ ਸਿੰਘ ਦੀ ਜਥੇਦਾਰੀ ਹੇਠਾਂ ਇਕੱਠੇ ਹੋਏ ਸਨ, ਪਰ ਕੁਛ ਪੁਲਸੀਏ, ਘੋੜੀਆਂ ਉਤੇ, ਚੜ੍ਹੇ ਹੋਏ ਉਨ੍ਹਾਂ ਦੇ ਮਗਰ ਮਗਰ ਫਿਰਦੇ ਸਨ। ਕੁਛ ਕੂਕਿਆਂ ਨੇ ਇਸ ਤੋਂ ਚਿੜ ਕੇ ਉਹਨਾਂ ਨੂੰ ਕੁਛ ਮੰਦਾ ਚੰਗਾ ਆਖਿਆ, ਜਿਸ ਕਾਰਣ ਜ਼ਿਲ੍ਹੇ ਦੇ ਅੰਗਰੇਜ਼ ਅਫ਼ਸਰ ਵਹੀਰ ਲੈ ਕੇ ਕੂਕਿਆਂ ਦੇ ਜੱਥੇ ਉਤੇ ਚੜ੍ਹ ਆਏ। ਉਸ ਸਮੇਂ ਭਾਈ ਮਸਤਾਨ ਸਿੰਘ ਨੇ ਕੁਛ ਮੁਸਲਮਾਨ ਪੁਲਸੀਆਂ ਨੂੰ ਉਪਦੇਸ਼ ਕੀਤਾ ਜੁ ਉਹ ਅੰਗਰੇਜ਼ ਦਾ ਸੰਗ ਛਡਕੇ ਕੂਕਿਆਂ ਨਾਲ ਰਲ ਜਾਣ, ਕਿਉਂ ਜੁ ਬਿਦੇਸ਼ੀ ਰਾਜ ਨੂੰ ਮੁਕਾਉਣ ਤੇ ਸਵੈਰਾਜ ਸਥਾਪਤ ਕਰਨ ਦੇ ਪ੍ਰਬੰਧ ਹੋ ਚੁਕੇ ਹਨ ਤੇ ਛੇਤੀ ਹੀ ਅੰਗਰੇਜ਼ਾਂ ਦਾ ਜੋਰਾ ਤੋਰਾ ਦੇਸ਼ ਉਤੋਂ ਉਠ ਜਾਵੇਗਾ।

ਬਾਬਾ ਰਾਮ ਸਿੰਘ ਆਪਣੇ ਪੈਰੋਕਾਰਾਂ ਦੀਆਂ ਅਜੇਹੀਆਂ ਬੇਸਮਝੀਆਂ ਉਤੇ ਖੁਸ਼ ਨਹੀ ਸਨ ਤੇ ਜਾਣਦੇ ਸਨ, ਜੋ ਇਨ੍ਹਾਂ ਗੱਲਾਂ ਦਾ ਬਾਬਾ ਜੀ ਦੀਆਂ ਵਿਚਾਰੀਆਂ ਹੋਈਆਂ ਮਹਾਨ ਵਿਉਂਤਾਂ ਉਤੇ ਚੰਗਾ ਅਸਰ ਨਹੀਂ ਪੈ ਰਿਹਾ। ਉਹ ਸਮਝਦੇ ਸਨ ਜੁ ਜਿਉਂ ਜਿਉਂ ਲੋਕਾਂ ਦਾ ਜੋਸ਼ ਜਥੇਬੰਦੀ ਦੀਆਂ ਹੱਦਾਂ ਤੋਂ ਬਾਹਰ ਹੋ ਹੋ ਫੁੱਟਦਾ ਹੈ, ਤਿਉਂ ਅੰਗਰੇਜ਼ ਦੇਸ਼ ਉਤੇ ਆਪਣੇ ਰਾਜ ਦੀ ਤਕੜਾਈ ਕਰੀ ਜਾਂਦੇ ਹਨ ਤੇ ਇਉਂ ਸਵੈਰਾਜ ਦੀ ਪ੍ਰਾਪਤੀ ਤੇ ਸਥਾਪਤੀ ਦੇ ਰਾਹ ਵਿਚ ਔਕੜਾਂ ਵਧ ਰਹੀਆਂ ਹਨ। ਇਉਂ ਸੋਚ ਕੇ, ਬਾਬਾ ਰਾਮ ਸਿੰਘ ਨੇ ਆਪਣੀਆਂ ਵਿਉਂਤਾਂ ਦੀ ਪੂਰਤੀ ਦਾ ਕੰਮ ਬਹੁਤ ਤੇਜ਼ ਕਰ ਦਿਤਾ। ਸੰਨ ੧੮੬੯ ਵਿਚ ਬਾਬਾ ਰਾਮ ਸਿੰਘ ਨੇ ਆਪਣੇ ਦੋ ਗੁਪਤ ਦੂਤ ਜੰਮੂ ਤੇ ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਕੋਲ ਭੇਜੇ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹਾਰਾਜਾ ਨੇ ਇਕ ਸਿੰਘਾਂ ਦੀ ਪਲਟਨ ਜੰਮੂ ਤੇ ਸ੍ਰੀਨਗਰ ਵਿਚ ਖੜੀ ਕਰਨੀ ਮੰਨ ਲਈ। ਇਸ ਪਲਟਨ ਦੀ ਤਨਖ਼ਾਹ ਬਾਕੀ ਰਿਆਸਤ ਦੀਆਂ ਪਲਟਨਾਂ ਦੇ ਸਪਾਹੀਆਂ ਨਾਲੋਂ ਇਕ ਰੁਪਈਆ ਮਹੀਨਾ ਵਧ ਸੀ ਤੇ ਇਸ ਵਿਚ ਉਹ ਹੀ ਭਰਤੀ ਹੋ ਸਕਦੇ ਸਨ ਜਿਨ੍ਹਾਂ ਨੂੰ ਬਾਬਾ ਰਾਮ ਸਿੰਘ ਆਪਣੇ ਹਥੀਂ ਲਿਖਤੀ-ਪੱਤ੍ਰ ਯਾ ਸਰਟੀਫਿਕੇਟ ਦੇਣ। ਇਹ ਪਲਟਨ ਖੜੀ ਹੋ ਗਈ ਤੇ ਇਹਨਾਂ ਨੂੰ ਹਥਿਆਰ ਵਰਦੀ ਦੇ ਕੇ ਕਵਾਇਦ

ਸਿਖਾਲ ਦਿਤੇ ਗਈ, ਪਰ ਅੰਗਰੇਜ਼ ਇਸ ਵੇਲੇ ਬਾਬਾ ਰਾਮ ਸਿੰਘ ਤੇ ਕੂਕਿਆਂ ਤੋਂ ਭੈ ਭੀਤ ਤੇ ਖਬਰਦਾਰ ਹੋ ਚੁਕੇ ਸਨ, ਤੇ ਕੂਕਿਆਂ ਦੀ ਆਵਾਜਾਈ ਤੇ ਕੰਮਾਂ-ਕਾਰਾਂ ਉਤੇ ਬੜੀ ਕਰੜੀ ਨਿਗਰਾਨੀ ਰੱਖ ਰਹੇ ਸਨ। ਛੇਤੀ ਹੀ ਵਡੇ ਲਾਟ ਦਾ ਹੁਕਮ ਮਹਾਰਾਜਾ ਜੰਮੂ ਤੇ ਕਸ਼ਮੀਰ ਨੂੰ ਪੁਜ ਗਿਆ ਤੇ ਮਹਾਰਾਜਾ ਨੇ ਸੰਨ ੧੮੭੧ ਈਸਵੀ ਵਿਚ ਇਹ ਪਲਟਨ ਤੋੜ ਦਿਤੀ।

ਸੰਨ ੧੮੭੦ ਈਸਵੀ ਵਿਚ ਬਾਬਾ ਰਾਮ ਸਿੰਘ ਨੇ ਆਪਣੇ ਦੋ ਨਿਕਟਵਰਤੀ ਸੂਬੇ ਰਾਜਦੂਤ ਥਾਪ ਕੇ ਨੇਪਾਲ ਦੇ ਵਡੇ ਵਜ਼ੀਰ ਪਾਸ ਖਟਮੰਡੂ ਭੇਜੇ। ਇਹ ਵਡਾ ਵਜ਼ੀਰ ਹੀ ਅਸਲ ਵਿਚ ਨੇਪਾਲ ਦੇ ਦੇਸ ਦਾ ਹੁਕਮਰਾਨ ਸੀ। ਇਹ ਮਿਸ਼ਨ ਬਾਬਾ ਰਾਮ ਸਿੰਘ ਦਾ ਸਫਲ ਰਿਹਾ ਤੇ ਨੇਪਾਲ ਦੇ ਵੱਡੇ ਵਜ਼ੀਰ ਨੇ ਬਾਬਾ ਰਾਮ ਸਿੰਘ ਦੀਆਂ ਭਾਰਤ ਵਿਚੋਂ ਬਿਦੇਸ਼ੀ ਰਾਜ ਨੂੰ ਮੁਕਾਉਣ ਦੀਆਂ ਵਿਉਂਤਾਂ ਨੂੰ ਪ੍ਰਵਾਨ ਕਰ ਲਿਆ। ਇਹਨਾਂ ਦਿਨਾਂ ਵਿਚ ਹੀ ਬਾਬਾ ਰਾਮ ਸਿੰਘ ਨੇ ਰਿਆਸਤ ਹੈਦਰਾਬਾਦ ਤੇ ਲਖਨਊ ਵਿਚ ਰਹਿਣ ਵਾਲੇ ਫੌਜੀਆਂ ਵਲ ਆਪਣੇ ਗੁਪਤ ਦੂਤ ਭੇਜੇ ਤੇ ਉਹਨਾਂ ਨੇ ਬਾਬਾ ਰਾਮ ਸਿੰਘ ਦੀਆਂ ਵਿਉਂਤਾ ਨੂੰ ਸਿਰੇ ਚੜ੍ਹਾਉਣਾ ਮੰਨ ਲਿਆ।

ਇਉਂ ਬਾਬਾ ਰਾਮ ਸਿੰਘ ਦੀਆਂ ਤਿਆਰੀਆਂ ਭਾਰਤ ਵਿਚੋਂ ਬਿਦੇਸ਼ੀ ਰਾਜ ਨੂੰ ਮੁਕਾ ਕੇ ਸਵੈਰਾਜ ਸਥਾਪਤ ਕਰਨ ਦੀਆਂ ਦਿਨੋਂ ਦਿਨ ਮੁਕੰਮਲ ਹੋ ਰਹੀਆਂ ਸਨ ਕਿ ਅੰਮ੍ਰਿਤਸਰ ਤੇ ਰਾਏਕੋਟ ਦੇ ਬੂਚੜਾਂ ਦਾ ਕਤਲ ਤੇ ਮਲੇਰਕੋਟਲਾ ਦੀ ਦੁਰਘਟਨਾ-ਜੋਸ਼ੀਲੇ ਕੂਕਿਆਂ ਦੇ ਹਥੋਂ ਵਾਪਰ ਗਈ ਤੇ ਇਉਂ ਅੰਗਰੇਜ਼ਾਂ ਨੂੰ ਬਾਬਾ ਰਾਮ ਸਿੰਘ ਦੀਆਂ ਮਹਾਨ ਵਿਉਂਤਾਂ ਨੂੰ ਠੱਪਣ ਦਾ ਮੌਕਾ ਮਿਲ ਗਿਆ।

ਇਹਨਾਂ ਦੁਰਘਟਨਾਵਾਂ ਦੇ ਬਹੁਤੇ ਵਿਸਥਾਰ ਦੀ ਲੋੜ ਨਹੀ। ੧੫ ਜੂਨ, ਸੰਨ ੧੮੭੦ ਦੀ ਰਾਤ ਨੂੰ ਕੁਛ ਕੂਕਿਆਂ ਨੇ ਅੰਮ੍ਰਿਤਸਰ ਦੇ ਬੁੱਚੜ ਖ਼ਾਨੇ ਦੇ ਚਾਰ ਬੁੱਚੜ ਕਤਲ ਕਰ ਦਿਤੇ ਅਤੇ ਤਿੰਨ ਫੱਟੜ ਕਰ ਸੁੱਟੇ। ਇਨ੍ਹਾਂ ਕਤਲਾਂ ਦੇ ਸ਼ਕ ਵਿਚ ਕੁਛ ਬੇਦੋਸ਼ ਨਿਹੰਗ ਸਿੰਘ ਫੜੇ ਗਏ ਤੇ ਉਨ੍ਹਾਂ ਨੂੰ ਫਾਂਸੀ ਦਾ ਹੁਕਮ ਭੀ ਮਿਲ ਗਿਆ (ਇਹ ਨਿਹੰਗ ਨਹੀ ਹੋਰ ਹਿੰਦੂ-ਸਿੱਖ ਸ਼ਹਿਰੀ ਸਨ), ਪਰ ਪਿਛੋਂ ਅਸਲੀ ਦੋਸ਼ੀਆਂ ਦਾ ਪਤਾ ਲਗ ਗਿਆ ਤੇ ਨਿਹੰਗ ਸਿੰਘ ਛੁਟ ਗਏ। ੧੬ ਜੁਲਾਈ, ਸੰਨ ੧੮੭੧ ਈਸਵੀ, ਨੂੰ ਰਾਏਕੋਟ ਵਿਚ ਕੂਕਿਆਂ ਦੇ ਜਥੇ ਨੇ ਦੋ ਬੁੱਚੜ ਕਤਲ ਕਰ ਦਿਤੇ ਤੇ ਅੱਠ ਫੱਟੜ। ਇਸ ਦੋਸ਼ ਵਿਚ ਭੀ ਦੋਸ਼ੀ ਕੂਕਿਆਂ ਨੂੰ ਫਾਂਸੀ ਦੀਆਂ ਸਜ਼ਾਵਾਂ ਹੋਈਆਂ। ੧੫ ਜਨਵਰੀ, ਸੰਨ ੧੮੭੨ ਈਸਵੀ ਨੂੰ ਕੂਕਿਆਂ ਦੇ ਇਕ ਜੱਥੇ ਨੇ ਮਲੇਰਕੋਟਲੇ ਉਤੇ ਹਲਾ ਬੋਲ ਦਿਤਾ, ਤੇ ਉਥੋਂ ਸਰਕਾਰੀ ਅਸਲਾਹ ਖ਼ਾਨੇ ਵਿਚੋਂ ਹਥਿਆਰ ਲੈਣ ਦਾ ਨਿਸਫਲ ਯਤਨ ਕੀਤਾ। ਇਹ ਜੱਥਾ ਦੂਜੇ ਦਿਨ ਹੀ ਗ੍ਰਿਫਤਾਰ ਕਰ ਲਿਆ ਗਿਆ ਜਿਸ ਨੂੰ ਕਿ ਲੁਧਿਆਣੇ ਦੇ ਡਿਪਟੀ ਕਮਿਸ਼ਨਰ, ਮਿਸਟਰ ਕਾਵਨ ਨੇ ੧੭ ਜਨਵਰੀ, ਸੰਨ ੧੮੭੨ ਨੂੰ, ਬਿਨਾਂ ਕਿਸੇ ਕਾਨੂੰਨ ਵਿਚਾਰਨ ਦੇ ਤੋਪਾਂ ਮੂਹਰੇ ਉਡਾ ਦਿਤਾ। ੧੮ ਜਨਵਰੀ, ਸੰਨ ੧੮੭੨ ਨੂੰ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਕੁਛ ਸੂਬਿਆਂ ਨੂੰ ਗ੍ਰਿਫਤਾਰ ਕਰਕੇ, ਪੰਜਾਬੋਂ ਬਾਹਰ ਜਲਾ ਵਤਨ ਕਰ ਦਿਤਾ ਗਿਆ

---

੧੮ ਜਨਵਰੀ, ਸੰਨ ੧੮੭੨ ਈਸਵੀ ਨੂੰ ਬਾਬਾ ਰਾਮ ਸਿੰਘ ਆਪਣੇ ਚਾਰ (੧੦) ਸੂਬਿਆਂ ਸਮੇਤ ਅਲਾਹਬਾਦ ਦੇ ਕਿਲੇ ਵਿਚ ਕੈਦ ਕੀਤੇ ਗਏ ਤੇ ਅਪ੍ਰੈਲ, ਸੰਨ ੧੮੭੨ ਵਿਚ ਬਾਬਾ ਰਾਮ ਸਿੰਘ ਨੂੰ ਬਰ੍ਹਮਾਂ ਵਿਚ, (ਰੰਗੂਨ) ਸਾਰੀ ਉਮਰ ਲਈ ਜਲਾਵਤਨ ਕਰ ਦਿਤਾ ਤੇ ਉਹਨਾਂ ਦੇ ਸਾਥੀਆਂ ਨੂੰ ਚਿਨਾਰ ਦੇ ਕਿਲ੍ਹੇ, ਮੋਰਮਈ ਤੇ ਕਾਲੇ ਪਾਣੀ ਕੈਦ ਕਰ ਦਿਤਾ। ਜਿਸ ਬੰਗਲੇ ਵਿਚ ਆਖਰੀ ਮੁਗਲ ਸ਼ਹਿਨਸ਼ਾਹ ਬਹਾਦੁਰ ਸ਼ਾਹ ਨਜ਼ਰਬੰਦ ਰਿਹਾ ਸੀ, ਉਸੇ ਬੰਗਲੇ ਵਿਚ ਬਾਬਾ ਰਾਮ ਸਿੰਘ ਆਪਣੀ ਆਯੂ ਦੇ ਅੰਤਮ ਬਾਰਾਂ ਵਰ੍ਹੇ ਨਜ਼ਰਬੰਦ ਰਹੇ (ਇਥੋਂ ੧੮੮੦ ਵਿਚ ਸ੍ਰੀ ਸਤਿਗੁਰੂ ਜੀ ਨੂੰ ਬਈ (ਮਰਗੋਈ) ਲੈ ਜਾਇਆ ਗਿਆ।) ਇਹਨਾਂ ਦਿਨਾਂ ਵਿਚ, ਬਾਬਾ ਜੀ ਦੇ ਸ਼ਰਧਾਲੂ ਬੜੀਆਂ ਔਕੜਾਂ ਕੱਟ ਕੇ ਉਹਨਾਂ ਦੇ ਦਰਸ਼ਨਾਂ ਨੂੰ ਰੰਗੂਨ ਜਾਂਦੇ ਰਹੇ ਤੇ ਉਥੋਂ ਉਹਨਾਂ ਦੇ ਸੁਨੇਹੇ ਪੱਤਰ ਵੀ ਪੰਜਾਬ ਵਾਸੀਆਂ ਦੇ ਨਾਮ ਲਿਆਉਂਦੇ ਰਹੇ। ਉਹਨਾਂ ਸੁਨੇਹੇ ਪੱਤਰਾਂ ਨੂੰ ਜਿਨ੍ਹਾਂ ਨੂੰ, ਕਿ ਬਾਬਾ ਜੀ ਆਪਣੀ ਨਿਮਰਤਾ ਦੇ ਕਾਰਨ ਸਿੰਘਾਂ ਵਲ ਅਰਦਾਸਾਂ ਕਹਿੰਦੇ ਸਨ, ਵਾਚਣ ਤੋਂ ਪਤਾ ਲਗਦਾ ਹੈ ਜੁ ਆਪ ਇਸ ਜਲਾਵਤਨੀ ਦੇ ਸਮੇਂ ਵਿਚ ਬੜੀਆਂ ਚੜ੍ਹਦੀਆਂ ਕਲਾਂ ਵਿਚ ਰਹੇ ਤੇ ਆਪਣਾ ਸਾਰਾ ਜਾਗਰਿਤ ਸਮਾਂ ਅਕਾਲ ਪੁਰਖ ਦੇ ਭਜਨ ਤੇ ਗੁਰਬਾਣੀ ਦੇ ਵਿਚਾਰ ਕਰਨ ਉਤੇ ਖਰਚ ਕਰਦੇ ਰਹੇ। ਅੰਤ ਸਮੇਂ ਤਕ ਉਹਨਾਂ ਦੇ ਮਨ ਉਤੇ ਦੋ ਇਛਾਵਾਂ ਪ੍ਰਬਲ ਪ੍ਰਭਾਵ ਪਾਂਦੀਆਂ ਰਹੀਆਂ। ਇਕ, ਜੁ ਸਿੱਖ, ਪੰਜਾਬ ਵਾਸੀ, ਤੇ ਹਿੰਦੀ, ਆਤਮਕ ਤੇ ਧਾਰਮਿਕ ਤੌਰ ਉਤੇ ਇਤਨੇ ਸੁੱਚੇ ਤੇ ਬੁਲੰਦ ਹੋ ਜਾਣ ਜਿਤਨੇ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪ੍ਰਾਣੀ ਮਾਤਰ ਸਭ ਸੰਸਾਰ ਦੇ ਮਨੁੱਖਾਂ ਨੂੰ ਕਰਨਾ ਲੋਚਦੇ ਸਨ। ਦੂਜੀ ਇਹ ਕਿ, ਭਾਰਤ ਵਰਸ਼ ਬਿਦੇਸ਼ੀ ਰਾਜ ਹੇਠੋਂ ਨਿਕਲ ਆਵੇ ਤੇ ਇਸ ਦੇਸ਼ ਵਿਚ ਸਵੈਰਾਜ ਅਸਥਾਪਤ ਹੋ ਜਾਵੇ। ਹੋਰ, ਈਸ਼ਵਰ ਸਿਮਰਨ ਨੂੰ ਜੀਵਨ ਦਾ ਤੱਤ ਤਾਂ ਉਹ ਸਦਾ ਹੀ ਮੰਨਦੇ ਤੇ ਪ੍ਰਚਾਰਦੇ ਰਹੇ ਸਨ ਤੇ ਇਸ ਉਪਦੇਸ਼ ਉਤੇ ਉਹ ਆਪ ਸਵਾਸ ਸਵਾਸ ਚਲਦੇ ਰਹੇ।

ਤੇ ਬਾਬਾ ਰਾਮ ਸਿੰਘ ਆਪਣੇ ਸੂਬਿਆਂ ਸਮੇਤ ਅਲਾਹਬਾਦ ਦੇ ਕਿਲ੍ਹੇ ਵਿਚ ਕੈਦ ਕਰ ਦਿਤੇ ਗਏ। ੧੯ ਜਨਵਰੀ, ਸੰਨ ੧੮੭੨ ਨੂੰ ਭੈਣੀ ਵਿਚ ਬਾਬਾ ਜੀ ਦੇ ਡੇਰੇ ਦੀ ਤਲਾਸ਼ੀ ਲਈ ਗਈ ਤੇ ਬਾਬਾ ਜੀ ਦੇ ਬਿਰਧ ਪਿਤਾ ਤੇ ਉਹਨਾਂ ਦੇ ਛੋਟੇ ਭਰਾ ਬੁਧ ਸਿੰਘ ਤੇ ਇਕ ਦੋ ਹੋਰ ਆਦਮੀਆਂ ਤੋਂ ਬਿਨਾਂ ਸਭ ਨੂੰ ਭੈਣੀ ਵਿਚੋਂ ਕੱਢ ਦਿਤਾ ਗਿਆ ਤੇ ਡੇਰੇ ਅੱਗੇ ਪੁਲਸ ਦੀ ਚੌਕੀ ਬਿਠਾ ਦਿਤੀ ਗਈ, ਜੋ ਕਿ ਸੰਨ ੧੯੨੩ ਤਕ ਕਾਇਮ ਰਹੀ।

੧੮ ਜਨਵਰੀ, ਸੰਨ ੧੮੭੨ ਈਸਵੀ ਨੂੰ ਬਾਬਾ ਰਾਮ ਸਿੰਘ ਆਪਣੇ ਚਾਰ (੧੦) ਸੂਬਿਆਂ ਸਮੇਤ ਅਲਾਹਬਾਦ ਦੇ ਕਿਲੇ ਵਿਚ ਕੈਦ ਕੀਤੇ ਗਏ ਤੇ ਅਪ੍ਰੈਲ, ਸੰਨ ੧੮੭੨ ਵਿਚ ਬਾਬਾ ਰਾਮ ਸਿੰਘ ਨੂੰ ਬਰ੍ਹਮਾਂ ਵਿਚ, (ਰੰਗੂਨ) ਸਾਰੀ ਉਮਰ ਲਈ ਜਲਾਵਤਨ ਕਰ ਦਿਤਾ ਤੇ ਉਹਨਾਂ ਦੇ ਸਾਥੀਆਂ ਨੂੰ ਚਿਨਾਰ ਦੇ ਕਿਲ੍ਹੇ, ਮੋਰਮਈ ਤੇ ਕਾਲੇ ਪਾਣੀ ਕੈਦ ਕਰ ਦਿਤਾ। ਜਿਸ ਬੰਗਲੇ ਵਿਚ ਆਖਰੀ ਮੁਗਲ ਸ਼ਹਿਨਸ਼ਾਹ ਬਹਾਦੁਰ ਸ਼ਾਹ ਨਜ਼ਰਬੰਦ ਰਿਹਾ ਸੀ, ਉਸੇ ਬੰਗਲੇ ਵਿਚ ਬਾਬਾ ਰਾਮ ਸਿੰਘ ਆਪਣੀ ਆਯੂ ਦੇ ਅੰਤਮ ਬਾਰਾਂ ਵਰ੍ਹੇ ਨਜ਼ਰਬੰਦ ਰਹੇ (ਇਥੋਂ ੧੮੮੦ ਵਿਚ ਸ੍ਰੀ ਸਤਿਗੁਰੂ ਜੀ ਨੂੰ ਬਈ (ਮਰਗੋਈ) ਲੈ ਜਾਇਆ ਗਿਆ।) ਇਹਨਾਂ ਦਿਨਾਂ ਵਿਚ, ਬਾਬਾ ਜੀ ਦੇ ਸ਼ਰਧਾਲੂ ਬੜੀਆਂ ਔਕੜਾਂ ਕੱਟ ਕੇ ਉਹਨਾਂ ਦੇ ਦਰਸ਼ਨਾਂ ਨੂੰ ਰੰਗੂਨ ਜਾਂਦੇ ਰਹੇ ਤੇ ਉਥੋਂ ਉਹਨਾਂ ਦੇ ਸੁਨੇਹੇ ਪੱਤਰ ਵੀ ਪੰਜਾਬ ਵਾਸੀਆਂ ਦੇ ਨਾਮ ਲਿਆਉਂਦੇ ਰਹੇ। ਉਹਨਾਂ ਸੁਨੇਹੇ ਪੱਤਰਾਂ ਨੂੰ ਜਿਨ੍ਹਾਂ ਨੂੰ, ਕਿ ਬਾਬਾ ਜੀ ਆਪਣੀ ਨਿਮਰਤਾ ਦੇ ਕਾਰਨ ਸਿੰਘਾਂ ਵਲ ਅਰਦਾਸਾਂ ਕਹਿੰਦੇ ਸਨ, ਵਾਚਣ ਤੋਂ ਪਤਾ ਲਗਦਾ ਹੈ ਜੁ ਆਪ ਇਸ ਜਲਾਵਤਨੀ ਦੇ ਸਮੇਂ ਵਿਚ ਬੜੀਆਂ ਚੜ੍ਹਦੀਆਂ ਕਲਾਂ ਵਿਚ ਰਹੇ ਤੇ ਆਪਣਾ ਸਾਰਾ ਜਾਗਰਿਤ ਸਮਾਂ ਅਕਾਲ ਪੁਰਖ ਦੇ ਭਜਨ ਤੇ ਗੁਰਬਾਣੀ ਦੇ ਵਿਚਾਰ ਕਰਨ ਉਤੇ ਖਰਚ ਕਰਦੇ ਰਹੇ। ਅੰਤ ਸਮੇਂ ਤਕ ਉਹਨਾਂ ਦੇ ਮਨ ਉਤੇ ਦੋ ਇਛਾਵਾਂ ਪ੍ਰਬਲ ਪ੍ਰਭਾਵ ਪਾਂਦੀਆਂ ਰਹੀਆਂ। ਇਕ, ਜੁ ਸਿੱਖ, ਪੰਜਾਬ ਵਾਸੀ, ਤੇ ਹਿੰਦੀ, ਆਤਮਕ ਤੇ ਧਾਰਮਿਕ ਤੌਰ ਉਤੇ ਇਤਨੇ ਸੁੱਚੇ ਤੇ ਬੁਲੰਦ ਹੋ ਜਾਣ ਜਿਤਨੇ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪ੍ਰਾਣੀ ਮਾਤਰ ਸਭ ਸੰਸਾਰ ਦੇ ਮਨੁੱਖਾਂ ਨੂੰ ਕਰਨਾ ਲੋਚਦੇ ਸਨ। ਦੂਜੀ ਇਹ ਕਿ, ਭਾਰਤ ਵਰਸ਼ ਬਿਦੇਸ਼ੀ ਰਾਜ ਹੇਠੋਂ ਨਿਕਲ ਆਵੇ ਤੇ ਇਸ ਦੇਸ਼ ਵਿਚ ਸਵੈਰਾਜ ਅਸਥਾਪਤ ਹੋ ਜਾਵੇ। ਹੋਰ, ਈਸ਼ਵਰ ਸਿਮਰਨ ਨੂੰ ਜੀਵਨ ਦਾ ਤੱਤ ਤਾਂ ਉਹ ਸਦਾ ਹੀ ਮੰਨਦੇ ਤੇ ਪ੍ਰਚਾਰਦੇ ਰਹੇ ਸਨ ਤੇ ਇਸ ਉਪਦੇਸ਼ ਉਤੇ ਉਹ ਆਪ ਸਵਾਸ ਸਵਾਸ ਚਲਦੇ ਰਹੇ।

ਇਹ ਸਤਰਾਂ ਲਿਖਣ ਵਾਲੇ ਦੇ ਇਕ ਪਰਮ ਸਨੇਹੀ ਪੰਜਾਬ ਵਿਚ ਇਕ ਉੱਚ ਕੋਟੀ ਦੇ ਅਫ਼ਸਰ ਹਨ, ਜਿਨ੍ਹਾਂ ਦੀ ਮਾਤਾ ਜੀ ਦੀ ਅਵਸਥਾ ਇਸ ਵੇਲੇ (ਸੰਨ ੧੯੫੨) ਕੋਈ ਪਚਾਸੀਆਂ ਵਰ੍ਹਿਆਂ ਦੀ ਹੈ। ਉਹਨਾਂ ਨੇ ਦੱਸਿਆ ਹੈ ਜੋ ਜਿਸ ਵੇਲੇ ਕੋਈ ਪੰਦਰਾਂ ਵਰ੍ਹਿਆਂ ਦੀ ਆਯੂ ਵਿਚ ਜਦੋ ਉਹਨਾਂ ਦਾ ਵਿਆਹ ਉੜਮੁੜ ਟਾਂਡੇ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਇਕ ਖੱਤਰੀ ਘਰਾਣੇ ਵਿਚ ਹੋ ਗਿਆ, ਤਾਂ ਉਹਨਾਂ ਦੇ ਪਤੀ ਉਹਨਾਂ ਨੂੰ ਰੰਗੂਨ ਲੈ ਗਏ ਜਿਥੇ ਕਿ ਉਹ ਕਾਰੋਬਾਰ ਕਰਦੇ ਸਨ। ਉਹ ਕਹਿੰਦੇ ਹਨ ਕਿ ਉਹਨਾਂ ਦਿਨਾਂ ਵਿਚ ਬਾਬਾ ਰਾਮ ਸਿੰਘ ਜੀ ਰੰਗੂਨ ਵਿਚ ਹੀ ਨਜ਼ਰਬੰਦ ਸਨ, ਪਰ ਉਹਨਾਂ ਨੂੰ ਰੰਗੂਨ ਸ਼ਹਿਰ ਦੀ ਹੱਦ ਦੇ ਅੰਦਰ ਪਹਿਲਾਂ ਆਗਿਆ ਲੈ ਕੇ, ਗੋਰਾ ਸਿਪਾਹੀਆਂ ਦੀ ਗਾਰਦ ਹੇਠ, ਫਿਰਨ ਤੁਰਨ ਦੀ ਖੁਲ੍ਹ ਮਿਲੀ ਹੋਈ ਸੀ। ਇਸ ਮਾਤਾ ਜੀ ਦੇ ਪਤੀ ਬਾਬਾ ਰਾਮ ਰਾਏ ਜੀ ਦੀ ਗੱਦੀ ਦੇ ਸ਼ਰਧਾਲੂ ਸਿੱਖ ਮਤ ਉਤੇ ਭਰੋਸਾ ਰੱਖਣ ਵਾਲੇ ਸਨ। ਇਸ ਕਰਕੇ, ਬਾਬਾ ਰਾਮ ਸਿੰਘ ਜੀ ਬੁਧਵਾਰ ਦੇ ਬੁਧਵਾਰ ਇਨ੍ਹਾਂ ਦੇ ਘਰ ਪਰਸ਼ਾਦ ਛਕਣ ਆ ਜਾਂਦੇ ਸਨ। ਅੰਗਰੇਜ਼ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਕਿਸੇ ਵੀ ਬਹਾਨੇ ਕਿਸੇ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ ਕਿਸੇ ਘਰ ਜਾ ਕੇ ਪ੍ਰਸਾਦਾ ਛਕਣਾ ਤਾਂ ਦੂਰ ਦੀ ਗੱਲ ਹੈ।) ਮਾਤਾ ਜੀ ਦਸਦੇ ਹਨ, ਕਿ ਉਹ ਅਸ਼ਨਾਨ ਕਰ ਕੇ ਤੇ ਜਪੁਜੀ ਸਾਹਿਬ ਦਾ ਪਾਠ ਕਰ ਕੇ ਬਾਬਾ ਜੀ ਲਈ ਪਰਸ਼ਾਦ ਤਿਆਰ ਕਰਦੇ ਸਨ। ਮੂੰਗੀ ਦੀ ਦਾਲ, ਥੋਹੜੀ ਜਿਹੀ ਖੀਰ ਤੇ ਛੋਟੇ ਛੋਟੇ ਦੋ ਫੁਲਕੇ, ਬਸ ਇਹ ਭੋਜਨ ਸੀ ਬਾਬਾ ਜੀ ਦਾ ਨਿਤਾਪ੍ਰਤਿ। ਇਨ੍ਹਾਂ ਸਤਰਾਂ ਦੇ ਲਿਖਾਰੀ ਦੀ ਪੁੱਛ ਉਤੇ ਮਾਤਾ ਜੀ ਨੇ ਦਸਿਆ ਜੁ ਬਾਬਾ ਜੀ ਦਾ ਦਾੜ੍ਹਾ ਚਿੱਟਾ ਦੁੱਧ ਤੇ ਸਰੀਰ ਪਤਲਾ ਤੇ ਸਿਧਾ ਸੀ। ਉਨ੍ਹਾਂ ਦਾ ਚੇਹਰਾ ਇਤਨਾ ਤੇਜਮਈ ਸੀ ਕਿ ਉਹਨਾਂ ਦੇ ਸਾਹਮਣੇ ਝਾਕਿਆ ਨਹੀਂ ਸੀ ਜਾਂਦਾ । ਬੁਧਵਾਰ ਦੇ ਬੁਧਵਾਰ ਪਰਸ਼ਾਦ ਛਕਣ ਪਿਛੋਂ ਉਹ ਸਦਾ ਏਹੋ ਜਹੇ ਬਚਨ ਕਹਿਆ ਕਰਦੇ ਸਨ : "ਵਾਹਿਗੁਰੂ ਵਾਹਿਗੁਰੂ ਜਪੋ। ਜਨਮ ਸੰਵਰੇਗਾ। ਫਰੰਗੀਆਂ ਦਾ ਰਾਜ ਦੇਸ਼ ਉਤੋਂ ਮੁੱਕ ਜਾਵੇਗਾ। ਫੇਰ ਸਮਾਂ ਪਾ ਕੇ ਦੇਸ਼ ਉਤੇ ਧਰਮ ਦਾ ਰਾਜ ਹੋਵੇਗਾ ਤੇ ਦੇਸ਼ ਵਾਸੀ ਸੁਖੀ ਵੱਸਣਗੇ।" ਇਹ ਮਾਤਾ ਜੀ ਕਹਿੰਦੇ ਹਨ ਜੁ ਬਾਬਾ ਜੀ ਦਾ ਦੇਹਾਂਤ ਰੰਗੂਨ ਵਿਚ ਉਹਨਾਂ ਦੇ ਸਾਹਮਣੇ ਹੀ ਹੋਇਆ।

ਬਾਬਾ ਜੀ ਦਾ ਦੇਹਾਂਤ ਸੰਨ ੧੮੮੫ ਵਿਚ ਹੋਇਆ (ਸ੍ਰੀ ਸਤਿਗੁਰੂ ਜੀ ਨੂੰ ੧੮੮੦ ਵਿਚ ਰੰਗੂਨ ਤੋਂ ਬਈ ਲੈ ਜਾਇਆ ਗਿਆ। ਸੋ ਰੰਗੂਨ ਦੇਹਾਂਤ ਹੋਣ ਵਾਲੀ ਗਲ ਬਿਲਕੁਲ ਸਹੀ ਨਹੀਂ। ਕੁਝ ਹੋਰ ਮਿਲੇ ਸਰਕਾਰੀ ਰਿਕਾਰਡਾਂ ਰਾਹੀ ਵੀ ਇਹ ਗੁਲਤ ਸਾਬਤ ਹੁੰਦਾ ਹੈ।), ਅੰਗਰੇਜ਼ੀ ਸਰਕਾਰ ਦੀਆਂ ਰਿਪੋਰਟਾਂ ਤੋਂ ਪ੍ਰਗਟ ਹੁੰਦਾ ਹੈ।

ਇਤਿਹਾਸ ਦੇ ਅਣਲਿਖੇ ਪੱਤਰੇ-
ਮਹਾਂਪੁਰਖ ਬਾਬਾ ਅਜਾਪਾਲ ਸਿੰਘ ਸਾਹਿਬ

ਸਰਦਾਰ ਕਾਹਨ ਸਿੰਘ, ਨਾਭਾ

ਵਿਸ਼ਵ ਪ੍ਰਸਿੱਧ ਸਿੱਖ ਵਿਦਵਾਨ ਸਰਦਾਰ ਕਾਹਨ ਸਿੰਘ ਦਾ ਇਹ ਲੇਖ ਪਹਿਲੀ ਵਾਰ 'ਫੁਲਵਾੜੀ' ਅੰਮ੍ਰਿਤਸਰ ਵਰ੍ਹਾ ਤੀਜਾ, ਅੰਕ ੧ ਫਗਣ-ਚੇਤਰ ਸੰ: ਬਿ: ੧੯੮੩, ਮਾਰਚ ੧੯੨੭ ਅਤੇ ਸੰਮਤ ਬਿਕਰਮੀ ੧੯੮੩-੮੪ ਅਪਰੈਲ ੧੯੨੭ ਅੰਕ ੨ ਵਿਚ ਛਪਿਆ। ਪਾਠਕਾਂ ਦੇ ਗਿਆਨ ਨੂੰ ਮੁੜ ਤਾਜ਼ਾ ਕਰਨ ਲਈ ਇਹ ਲੇਖ ਇਸ ਅੰਕ ਵਿਚ ਛਾਪਿਆ ਜਾ ਰਿਹਾ ਹੈ - ਸੰਪਾਦਕ

ਪਰਮ ਪਰਤਾਪੀ ਤੇਜ ਪੁੰਜ ਬਾਬਾ ਅਜਾਪਾਲ ਸਿੰਘ ਜੀ ਸਾਹਿਬ ਕੌਣ ਸਨ, ਕਿਸ ਵੰਸ ਅਤੇ ਨਗਰ ਵਿਚ ਜਨਮੇ ਇਸਦਾ ਕੁਝ ਪਤਾ ਨਹੀਂ। ਉਹਨਾਂ ਦੀ ਜੋ ਕਥਾ ਮੈਨੂੰ ਮਾਨ ਜੋਗ ਪਿਤਾ ਜੀ ਨੇ ਬਹੁਤ ਵਰ੍ਹੇ ਹੋਏ ਨੋਟ ਕਰਾਈ ਸੀ, ਉਹ ਗਿਆਨੀ ਹੀਰਾ ਸਿੰਘ ਜੀ ਦਰਦ ਦੀ ਦਰਖਾਸਤ ਪਰ ਪਾਠਕਾਂ ਦੀ ਭੇਟਾ ਕਰਦਾ ਹਾਂ -

ਸਰੀਰ ਦੀ ਬਨਾਵਟ-

ਬਾਬਾ ਜੀ ਦਾ ਕੱਦ ਨਾ ਮਧਰਾ ਸੀ ਨ ਭਾਰਾ ਸੀ। ਸਰੀਰ ਨ ਭਾਰੀ ਸੀ ਨ ਪਤਲਾ ਸੀ। ਅੰਗ ਵਡੇ ਸਡੌਲ ਅਰ ਸੁੰਦਰ ਸਨ। ਰੰਗ ਗੋਰਾ, ਚੇਹਰਾ ਪ੍ਰਕਾਸ਼ ਅਤੇ ਪ੍ਰਭਾਵ ਵਾਲਾ ਸੀ। ਚਿੱਟਾ ਅਤੇ ਚਮਕੀਲਾ ਦਾੜ੍ਹਾ ਨਾਭੀ ਤੀਕ ਲੰਮਾਂ ਪਰ ਵਿਰਲਾ ਸੀ। ਨੇਤ੍ਰ ਵਡੇ ਖਾਸ ਜੋਤਿ ਰਖਦੇ ਸਨ। ਨੱਕ ਦਰਮਿਆਨੇ ਕੱਦ ਦਾ ਤਿੱਖਾ ਸੀ।

ਲਿਬਾਸ-

ਗੋਡੇ ਤੋਂ ਦੋ ਉਂਗਲ ਉੱਚਾ ਕਛਹਿਰਾ, ਕੱਛ ਤੋਂ ਚਾਰ ਉਂਗਲ ਉਚੀ ਚਿੱਟੀ ਕੁੜਤੀ, ਸੀਸ ਉਤੇ ਸਫੈਦ ਗੁਰਮੁਖੀ ਦਸਤਾਰਾ, ਗਾਤਰੇ ਸ੍ਰੀ ਸਾਹਿਬ, ਅਤੇ ਹੱਥ ਸਰਬਲੋਹ ਦਾ ਤੀਰ, ਕਦੇ ਗੁਲੇਲ ਰਖਦੇ ਸਨ। ਇਕ ਚਿੱਟਾ ਰੁਮਾਲ ਆਪਦੇ ਹਰ ਵੇਲੇ ਮੁਖ ਉਪਰ ਢਿਲੇ ਢਾਠੇ ਦੀ ਤਰ੍ਹਾਂ ਬੱਧਾ ਰਹਿੰਦਾ ਸੀ। ਜਿਸ ਤੋਂ ਮੁਛਹਿਰਿਆਂ ਸਮੇਤ ਮੁਖ ਅਰ ਅੱਧਾ ਦਾੜ੍ਹਾ ਢਕਿਆ ਰਹਿੰਦਾ ਸੀ।

ਸ਼ੁਗਲ-

ਇਕਾਂਤ ਵਾਸ ਕਰਕੇ ਨਾਮ ਸਿਮਰਨ ਵਿਚ ਲਿਵਲੀਨ ਰਹਿੰਦੇ ਸਨ। ਘੋੜੇ ਅਰ ਸ਼ਸਤਰਾਂ ਨਾਲ ਖਾਸ ਪਿਆਰ ਸੀ। ਜਿਸ ਸੇਵਕ ਨੂੰ ਡੇਰੇ ਰਹਿਣ ਦੀ ਆਗਿਆ ਹੁੰਦੀ। ਉਸਨੂੰ ਗੁਰਬਾਣੀ ਕੰਠ ਕਰਨ ਅਤੇ ਸ਼ਸਤ੍ਰ ਵਿਦਿਆ ਦੇ ਅਭਿਆਸ ਵਿਚ ਲਾਇਆ ਜਾਂਦਾ ਸੀ। ਨਿੰਮ, ਪਿਪਲ, ਬੋੜ੍ਹ ਆਦਿਕ ਦਰਖਤ ਬਹੁਤ ਲਗਵਾਂਦੇ। ਜੋ ਉਹਨਾਂ ਵਿਚ ਪਾਣੀ ਪਾਉਂਦਾ ਉਸਤੇ ਵਡੇ ਪ੍ਰਸੰਨ ਹੁੰਦੇ । ਹੁਣ ਭੀ ਓਹਨਾਂ ਦੇ ਲਗਵਾਏ ਕਈ ਦਰਖਤ ਗੁਰਦੁਆਰੇ ਦੇ ਹਾਤੇ ਅੰਦਰ ਵੇਖੇ ਜਾਂਦੇ ਹਨ। ਬਾਬਾ ਜੀ ਬਿਰਛ ਕੱਟਨ ਦੇ ਬਹੁਤ ਵਿਰੋਧੀ ਸਨ। ਓਹਨਾਂ ਨੇ ਇਕ ਦਿਨ ਸੇਵਕਾਂ ਨੂੰ ਮਕਾਨ ਲਈ ਕਾਠ ਦੀ ਜ਼ਰੂਰਤ ਵੇਖਕੇ ਹੁਕਮ ਦਿਤਾ ਸੀ ਕਿ ਇਸਦੇ ਥਾਂ ਦੋ ਦੋ ਦਰਖਤ ਲਾ ਕੇ ਜ਼ਰੂਰਤ ਅਨੁਸਾਰ ਕਟ ਲਉ। ਇਸ ਹੁਕਮ ਤੇ ਅਜੇਹਾ ਅਮਲ ਹੋਇਆ ਕਿ ਅਗੋਂ ਨੂੰ ਦੋ ਬਿਰਛ ਲਾਏ ਬਿਨਾਂ ਕੋਈ ਦਰਖਤ ਨਹੀ ਕਟਦਾ ਸੀ। ਕਦੇ ਕਦੇ ਰਹਿਰਾਸ ਦੇ ਪਾਠ ਪਿਛੋਂ ਬਾਬਾ ਸਾਹਿਬ ਨੌਬਤ ਬਜਾਉਣੀ ਅਰੰਭਦੇ ਅਤੇ ਪਹੁ ਫੁਟਨ ਤੀਕ ਅਖੰਡ ਵਜਾਇਆ ਕਰਦੇ, ਨੌਬਤ ਦਾ ਅਵਾਜ ਭੀ ਸਾਧਾਰਨ ਨਹੀਂ ਸੀ। ਸਗੋਂ ਲੈ ਤਾਲ ਨਾਲ ਮਿਲੇ ਮ੍ਰਿਦੰਗ ਦੇ ਬੋਲਾਂ ਵਾਂਗ ਬਹੁਤ ਹੀ ਮਨ ਮੋਹਣ ਵਾਲਾ ਹੁੰਦਾ ਸੀ।

ਬੋਲੀ-

ਆਪਦੀ ਬੋਲੀ ਹਿੰਦੀ ਮਿਲੀ ਪੰਜਾਬੀ ਸੀ। ਸੁਰ ਵਡਾ ਤੇ ਗੰਭੀਰ ਅਤੇ ਮਿਠਾ ਸੀ। ਅਰ ਗੁਰੂ ਸਿੰਘ, ਬਾਬਾ ਸਾਹਿਬ ਇਹ ਸ਼ਬਦ ਤ੍ਰਿਤੀਆ ਪੁਰਖ **(Third Person)** *ਲਈ ਵਰਤਦੇ ਸਨ ਭਾਵ ਦਸਮੇਸ਼ ਤੋਂ ਹੈ।)* ਜੀ ਸ਼ਬਦ ਬੋਲਨ ਵਿਚ ਬਹੁਤ ਵਰਤਿਆ ਕਰਦੇ ਸਨ। ਜੈਸੇ-ਗੁਰੂ ਸਿੰਘ ਜੀ ਦਾ ਇਹ ਹੁਕਮ ਹੈ। ਗੁਰੂ ਸਿੰਘ ਜੀ ਨੇ ਇਹ ਹੁਕਮ ਦਿਤਾ ਹੈ। ਗੁਰੂ ਸਿੰਘ ਜੀ ਮਨਮਤੀਆਂ ਨੂੰ ਸੋਧਨਗੇ। ਜੋ ਗੁਰੂ ਸਿੰਘ ਜੀ

ਦੀ ਰਹਿਤ ਧਾਰੇਗਾ ਉਹ ਲੋਕ ਸੁਖੀ ਪਰਲੋਕ ਸੁਹੇਲਾ ਹੋਊਗਾ ਆਦਿ ਬਾਬਾ ਜੀ ਦੇ ਕੁਝ ਸੰਕੇਤ ਕੀਤੇ ਬੋਲੇ ਭੀ ਸਨ। ਜਿਨ੍ਹਾਂ ਨੂੰ ਪੰਜਾਂ ਸਿੰਘਾਂ ਤੋਂ ਛੁਟ ਹੋਰ ਕੋਈ ਸਰੋਤਾ ਨਹੀ ਸਮਝ ਸਕਦਾ ਸੀ।

ਪੰਜ ਗੁਰਮੁਖ ਸੇਵਕ–

ਬਾਬਾ ਜੀ ਦੇ ਨਿਕਟਵਰਤੀ ਪੰਜ ਸਿੰਘ, ਜਿਨ੍ਹਾਂ ਦਾ ਅਸਲ ਨਾਉਂ ਥਾਉਂ ਸਾਨੂੰ ਮਲੂਮ ਨਹੀਂ। ਅਰ ਜੋ ਸੰਕੇਤ ਕੀਤੇ ਨਾਵਾਂ ਤੋਂ ਬੁਲਾਏ ਜਾਂਦੇ ਸਨ। ਹਰ ਵੇਲੇ ਮਕਾਨ ਅਗੇ ਵਾਰੋ ਵਾਰ ਹਾਜਰ ਰਹਿੰਦੇ ਸਨ।

ਇਹ ਗੁਰਬਾਣੀ ਦੇ ਰਸੀਏ ਰਹਿਤ ਦੇ ਪੂਰੇ ਸ਼ਸਤ੍ਰ ਧਾਰੀ ਆਲਸ ਰਹਿਤ ਸਿੰਘ ਸਨ। ਘੋੜੇ ਅਰ ਸ਼ਸਤ੍ਰਾਂ ਦੀ ਸਾਰ ਲੈਣੀ ਲੰਗਰ ਸਜੋਣਾ, ਗੁਰਬਾਣੀ ਦਾ ਪ੍ਰਚਾਰ ਕਰਨਾ ਸ਼ਸਤ੍ਰ ਵਿਦਿਯਾ ਦਾ ਅਭਿਆਸ ਕਰਨਾ ਅਤੇ ਹੋਰਨਾਂ ਨੂੰ ਸਖਾਉਣੀ ਇਹਨਾਂ ਦਾ ਕੰਮ ਸੀ।

ਬਾਬਾ ਸਰੂਪ ਸਿੰਘ ਜੀ ਦੇ ਵੇਖਦੇ ਇਹਨਾਂ ਵਿਚੋਂ ਦੋ ਸਿੰਘਾਂ ਦਾ ਚਲਾਣਾ ਹੋ ਗਿਆ। ਅਰ ਇਕ ਦਾ ਤਬਾਦਲਾ ਪਰ ਦੋ ਦਿਨ ਭੀ ਨਹੀ ਪੈਂਦੇ ਰਹੇ ਕਿ ਪਹਿਲੇ ਦੀ ਥਾਂ ਦੂਜਾ ਹਾਜ਼ਰ ਹੋ ਜਾਂਦਾ ਰਹਿਆ। ਇਨ੍ਹਾਂ ਪੰਜਾਂ ਤੋਂ ਛੁਟ ਇਕ ਬਿਰਧ ਮਾਈ ਜਿਸਦਾ ਅਸਲ ਨਾਉਂ ਭਾਵੇਂ ਕੁਛ ਹੋਵੇ। ਪਰ ਸੇਵਾਂ ਨਾਉਂ ਤੋਂ ਸਦੀਂਦੀ ਸੀ। ਮਰਦਾਵੇਂ ਲਿਬਾਸ ਵਿਚ ਸ੍ਰੀ ਸਾਹਿਬ ਪਹਿਨੇ ਹੋਏ ਡਿਉਢੀ ਅਗੇ ਦਰਬਾਨ ਦੀ ਥਾਂ ਰਹਿਆ ਕਰਦੀ ਸੀ। ਪੰਜਾਂ ਸਿੰਘਾਂ ਤੋਂ ਬਿਨਾਂ ਇਹ ਕਿਸੇ ਨੂੰ ਬਾਬਾ ਸਾਹਿਬ ਦੇ ਖਾਸ ਹੁਕਮ ਬਿਨਾਂ ਦਰ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਦਿੰਦੀ ਸੀ। ਇਸ ਮਾਈ ਦਾ ਪ੍ਰਸੰਗ ਅਗੇ ਪੜ੍ਹੋਗੇ।

ਨਿਰਵਾਹ–

ਲੰਗਰ ਦੀ ਰਸਦ, ਸੇਵਕਾਂ ਲਈ ਵਸਤਰ, ਘੋੜਿਆਂ ਵਾਸਤੇ ਰਾਤਬ ਅਤੇ ਦਾਣਾਂ, ਸਿਕਲੀਗਰਾਂ ਦੀ ਨੌਕਰੀ ਆਦਿ ਦਾ ਖਰਚ ਇਕ ਸਿਖ ਜਿਸਨੂੰ 'ਬਾਘਰਾ ਸਿੰਘ' ਨਾਉਂ ਤੋਂ ਸਦਿਆ ਜਾਂਦਾ ਸੀ, ਕਰਦਾ ਸੀ। ਓਸਨੂੰ ਮਾਇਆ ਕਿਥੋਂ ਮਿਲਦੀ, ਇਸਦਾ ਕਿਸੇ ਨੂੰ ਕੁਛ ਪਤਾ ਨਹੀਂ।

ਸੇਵਕ–

ਬਾਬਾ ਜੀ ਦੇ ਪਿਆਰੇ ਸੇਵਕ ਜਿਨਾਂ ਨੂੰ (ਨਾਭੇ ਦੀ) ਝਿੜੀ ਅੰਦਰ ਰਹਿਣ ਦੀ ਆਗਿਆ ਸੀ। ਬਾਬਾ ਸਰੂਪ ਸਿੰਘ ਜੀ, ਭਾਈ ਰਤਨ ਸਿੰਘ ਜੀ, ਭਾਈ ਸੁਖਾ ਸਿੰਘ ਜੀ, ਫੂਲਵੰਸ਼ ਦੇ ਪਰੋਹਿਤ ਸਿੰਘ ਧਰਮ ਧਾਰੀ ਬਾਘ ਸਿੰਘ ਜੀ, ਭਾਈ ਕੇਸਰਾ ਸਿੰਘ ਜੀ ਆਦਿਕ ਕਈ ਸਨ ਜੋ ਆਪੋ ਵਿਚੀ ਮਿਲ ਸਤਿ-ਸੰਗ ਕਰਦੇ। ਪਰ ਏਹਨਾਂ ਨੂੰ ਬਾਬਾ ਸਾਹਿਬ ਦੇ ਮਕਾਨ ਅੰਦਰ ਰਹਿਣ ਦੀ ਆਗਿਆ ਨਹੀ ਸੀ। ਕੁਝ ਦੂਰ ਝਿੜੀ ਵਿਚ ਕੁਟੀਆ ਬਣਾ ਕੇ ਰਹਿਆ ਕਰਦੇ ਸਨ, ਬਾਬਾ ਸਰੂਪ ਸਿੰਘ ਜੀ, ਭਾਈ ਸੁਖਾ ਸਿੰਘ ਜੀ ਅਤੇ ਕੇਸਰਾ ਸਿੰਘ ਜੀ ਨੂੰ ਕੁਛ ਵਰ੍ਹੇ ਸੇਵਾ ਕਰਨ ਪਿਛੋਂ ਆਗਿਆ ਹੋ ਗਈ ਸੀ ਕਿ ਉਹ ਖਾਸ ਵੇਲੇ ਚੁਬਾਰੇ ਜਾ ਕੇ ਬਾਬਾ ਸਾਹਿਬ ਦਾ ਦਰਸ਼ਨ ਅਤੇ ਪ੍ਰਾਰਥਨਾ ਕਰ ਸਕਦੇ ਹਨ।

ਮਕਾਨ–

ਬਾਬਾ ਸਾਹਿਬ ਦਾ ਮਕਾਨ ਸੰਘਨੀ ਝਿੜੀ ਵਿਚ ਬੁਰਜ ਦੀ ਸ਼ਕਲ ਦਾ ਸੀ, ਜਿਸਦੀ ਹੇਠਲੀ ਮੰਜ਼ਲ ਭਰਤ ਦੀ ਅਤੇ ਉਪਰ ਤਿੰਨ ਚੁਬਾਰੇ ਸਨ। ਇਕ ਵਿਚ ਬਾਬਾ ਸਾਹਿਬ ਨਿਵਾਸ ਕਰਦੇ ਸਨ, ਦੂਜੇ ਵਿਚ ਸ਼ਸਤ੍ਰ ਅਤੇ ਗੁਰੂ ਗ੍ਰੰਥ ਸਾਹਿਬ ਜੀ, ਤੀਜੀ ਵਿਚ ਨੌਬਤਾਂ ਰਖੀਆਂ ਸਨ।

ਚੌਬਾਰਿਆਂ ਦੇ ਦੋ ਪਾਸੇ ਫਿਰਨੀ (ਗੈਲਰੀ) ਬਣੀ ਹੋਈ ਸੀ। ਜਿਸ ਵਿਚ ਗੋਲੀ ਚਲੈਣ ਲਈ ਛਿਦਰ ਰਖੇ ਹੋਏ ਸਨ, ਇਸ ਭਰਤ ਦੇ ਮਕਾਨ ਅਗੇ ਦੋ ਕੋਠੜੀਆਂ ਸਨ। ਜਿਨਾਂ ਵਿਚ ਪੰਜ ਸਿੰਘ ਰਹਿਆ ਕਰਦੇ। ਮਜਬੂਤ ਤਖਤਿਆਂ ਵਾਲੀ ਡਿਉਡੀ ਅਗੇ ਸੱਜੇ ਪਾਸੇ ਦੀ ਕੋਠੜੀ ਵਿਚ ਮਾਈ ਸੇਵਾਂ ਦਾ ਡੇਰਾ ਸੀ। ਅਰ ਖੱਬੇ ਦੀ ਕੋਠੜੀ ਵਿਚ ਚਕੀ ਅਤੇ ਮੋਦੀਖਾਨਾ ਸੀ।

ਬਾਬਾ ਅਜਾਪਾਲ ਸਿੰਘ ਸਾਹਿਬ, ਮਕਾਨ ਤੋਂ ਬਾਹਰ ਕਦੇ ਕਿਸੇ ਨੂੰ ਨ ਮਿਲਦੇ ਸਨ। ਪ੍ਰੇਮੀ ਸਿਖਾਂ ਨੂੰ ਜਦ ਭੀ ਓਹਨਾਂ ਦਾ ਦਰਸ਼ਨ ਹੋਇਆ ਤਾਂ ਚੁਬਾਰੇ ਉਪਰ ਖੜਿਆਂ ਦਾ ਹੋਇਆ। ਅਰ ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਬਾਬਾ ਜੀ ਕਿਸ ਵੇਲੇ ਦਰਸ਼ਨ ਦੇਣਗੇ। ਕਦੇ ਕਦੇ ਪੰਜ ਸਤ ਦਿਨ ਪ੍ਰੇਮੀ ਆਉਂਦੇ ਰਹਿੰਦੇ ਪਰ ਦਰਸ਼ਨ ਨ ਹੁੰਦਾ। ਕਦੇ ਅਚਾਨਕ ਹੀ ਆ ਦੀਦਾਰ ਦਿੰਦੇ। ਰਿਹਾਇਸ਼ੀ ਮਕਾਨ ਦੇ ਨਾਲ ਲਗਦਾ ਬਾਹਰ ਵਾਰ ਖਬੇ ਪਾਸੇ ਇਕ ਤਬੇਲਾ ਸੀ, ਜਿਸ ਵਿਚ ਬਹੁਤ ਸੁੰਦਰ ਪੰਜ ਘੋੜੇ ਦੋ ਟਟੂ ਰਹਿੰਦੇ ਸਨ। ਸਜੇ ਪਾਸੇ ਲੰਗਰ ਸੀ ਜਿਸ ਵਿਚ ਪੰਜ ਸਿੰਘ ਅਤੇ ਮਾਈ ਸੇਵਾਂ ਤੋਂ ਛੁਟ ਕਿਸੇ ਨੂੰ ਅੰਦਰ ਜਾਣ ਦੀ ਆਗਿਆ ਨਹੀਂ ਸੀ। ਲੰਗਰ ਦੇ ਸਾਹਮਣੇ ਉਚੇ ਚੋਤਰੇ ਪਰ ਬਸੰਤੀ ਫਰਹਰੇ ਵਾਲਾ ਨਿਸ਼ਾਨ ਝੂਲਦਾ ਸੀ।

ਨਿਤ ਦੀ ਰੀਤ–

ਬਾਬਾ ਸਾਹਿਬ ਦਾ ਖਾਨ ਪਾਨ ਇਸ਼ਨਾਨ ਆਦਿ ਕਿਰਿਆ ਬਹੁਤ ਗੁਪਤ ਸੀ। ਏਥੋਂ ਤੀਕ ਕੇ ਬਾਬਾ ਸਰੂਪ ਸਿੰਘ ਨੂੰ ਕਦੀ ਨੇਤਰੀ ਵੇਖਣ ਦਾ ਸਮਾਂ ਨਹੀ ਮਿਲਿਆ ਸੀ। ਅੰਮ੍ਰਿਤ ਵੇਲੇ ਨਿਤ ਆਸਾ ਦੀ ਵਾਰ ਦਾ ਕੀਰਤਨ ਡਿਉਡੀ ਵਿਚ ਹੁੰਦਾ। ਸੰਝ ਨੂੰ ਰਹਿਰਾਸ ਦਾ ਪਾਠ ਨਿਸ਼ਾਨ ਸਾਹਿਬ ਪਾਸ ਬੈਠ ਕੇ ਹੋਇਆ ਕਰਦਾ ਸੀ। ਤ੍ਰਭਾਵਲ ਦਾ ਕੜਾਹ ਪ੍ਰਸਾਦ

ਜਪੁ ਸਾਹਿਬ ਦਾ ਪਾਠ ਕਰਕੇ ਲੰਗਰ ਵਿਚ ਸਜਾਇਆ ਜਾਂਦਾ ਅਰ ਮੇਵਾ ਕੋਈ ਨਹੀਂ ਪਾਇਆ ਜਾਂਦਾ ਸੀ। ਅਨੰਦ ਦਾ ਪਾਠ ਕਰਕੇ ਲੰਗਰ ਵਿਚ ਹੀ ਪ੍ਰਸਾਦ ਦੀ ਅਰਦਾਸ ਹੁੰਦੀ। ਅਰਦਾਸ ਦੇ ਅੰਤ ਇਹ ਸ਼ਬਦ ਵਰਤਦੇ ਸਨ- 'ਹੇ ਅਕਾਲ ਪੁਰਖ ਕਰਤਾਰ ਕੜਾਹ ਪ੍ਰਸਾਦ ਦੀ ਦੇਗ ਤਿਆਰ ਹੈ। ਆਪ ਨੂੰ ਅੰਗੀਕਾਰ ਹੋਵੇ। ਕਲਾ ਗੁਰੂ ਸਿੰਘ ਜੀ ਦੀ ਵਰਤੇ। ਤਵ ਪ੍ਰਸਾਦਿ।' ਕੋਈ ਆਦਮੀ ਮੂੰਹ ਉਤੇ ਰੁਮਾਲ ਬੰਨੇ ਬਗੈਰ ਨ ਕੜਾਹ ਪ੍ਰਸਾਦ ਤਿਆਰ ਕਰ ਸਕਦਾ ਸੀ, ਨ ਵਰਤਾ ਸਕਦਾ ਸੀ। ਇਸ ਤਰ੍ਹਾਂ ਜਿਸ ਦੇ ਹਥ ਛਾਪ ਹੋਵੇ ਉਹ ਲੰਗਰ ਦੀ ਸੇਵਾ ਦਾ ਅਧਿਕਾਰੀ ਨਹੀਂ ਸਮਝਿਆ ਜਾਂਦਾ ਸੀ। ਕੜਾਹ ਪ੍ਰਸਾਦ ਲੰਗਰੋਂ ਬਾਹਰ ਨਹੀਂ ਲਿਆਇਆ ਜਾਂਦਾ ਸੀ। ਹਰੇਕ ਸਿਖ ਸੇਵਕ ਲੰਗਰ ਦੇ ਦਰਵਾਜੇ ਤੇ ਪਹੁੰਚ ਕੇ ਵਰਤਾਵੇ ਸਿੰਘ ਤੋਂ ਲੈਂਦਾ ਸੀ। ਇਸੇ ਤਰ੍ਹਾਂ ਲੰਗਰ ਭੀ ਪੰਗਤ ਲਗਾ ਕੇ ਨਹੀਂ ਵਰਤਾਇਆ ਜਾਂਦਾ ਸੀ। ਹਰੇਕ ਸਿਖ ਲਾਂਗਰੀ ਤੋਂ ਦਰਵਾਜੇ ਅਗੋ ਖਲੋ ਕੇ ਆਪਣੀ ਭੁਖ ਅਨੁਸਾਰ ਇਕ ਵਾਰ ਅੰਨ ਲੈ ਲੈਂਦਾ ਸੀ।

ਅੰਮ੍ਰਿਤ ਸੰਸਕਾਰ-

ਜਦ ਕਿਸੇ ਨੇ ਅੰਮ੍ਰਿਤ ਛਕਣਾ ਹੁੰਦਾ, ਤਾਂ ਉਹ ਪਰਵਾਨਗੀ ਲੈ ਕੇ ਡਿਉਢੀ ਅਗੇ ਨਿਰਮਲ ਬਸਤਰ ਅਤੇ ਸ਼ਸਤਰ ਪਹਿਨ ਕੇ ਖੜਾ ਹੁੰਦਾ। ਅੰਮ੍ਰਿਤ ਦਾ ਬਾਟਾ ਪੰਜ ਸਿੰਘ ਬਾਬਾ ਜੀ ਦੇ ਚੌਬਾਰੇ ਤੋਂ ਲੈ ਕੇ ਆਉਂਦੇ। ਅਰ ਬਿਧੀ ਨਾਲ ਛਕਾਇਆ ਜਾਂਦਾ ਅਰ ਬਾਬਾ ਸਾਹਿਬ ਉੱਚੀ ਅਵਾਜ ਨਾਲ ਚੌਬਾਰੇ ਤੋਂ ਸਿੰਘ ਦਾ ਨਵਾਂ ਨਾਉਂ ਸੁਣਾਉਂਦੇ। ਕਿਸੇ ਸੇਵਕ ਨੂੰ ਇਸ ਬਾਤ ਦਾ ਪਤਾ ਨਹੀ ਕਿ ਪੰਜਾਂ ਵਿਚ ਬਾਬਾ ਸਾਹਿਬ ਭੀ ਸ਼ਾਮਲ ਹੁੰਦੇ ਸੇ ਜਾਂ ਨਹੀਂ। ਇਕ ਸਿੰਘ ਅੰਮ੍ਰਿਤ ਛਕਨ ਵਾਲਾ ਹੋਵੇ ਭਾਵੇਂ ਕਈ ਪਰ ਬਾਬਾ ਸਾਹਿਬ ਪੰਜ ਪਤਾਸਿਆਂ ਤੋਂ ਵਧ ਕਦੇ ਨਹੀਂ ਪੌਂਦੇ ਸਨ। *(ਇਸ ਬਾਬਤ ਬਾਬਾ ਜੀ ਨੇ ਬਾਬਾ ਸਰੂਪ ਸਿੰਘ ਜੀ ਨੂੰ ਅੰਮ੍ਰਿਤ ਸੰਸਕਾਰ ਦੇ ਜ਼ਿਕਰ ਵਿਚ ਖਾਸ ਤੌਰ ਤੇ ਫੁਰਮਾਇਆ ਸੀ।)*

ਸ਼ਸਤਰ ਵਿਦਿਆ-

ਬਾਬਾ ਸਾਹਿਬ ਨੂੰ ਤਲਵਾਰ ਨੇਜਾ ਆਦਿ ਚਲੌਂਦੇ ਕਦੇ ਨਹੀ ਡਿਠਾ, ਪਰ ਗੋਪੀਆ ਗੁਲੇਲ, ਬੰਦੂਕ ਅਤੇ ਤੀਰ ਚਲਾਉਂਦੇ ਕਈ ਵਾਰ ਵੇਖਿਆ ਗਿਆ ਸੀ। ਬਰੀਕ ਸੂਤ ਦੇ ਧਾਗੇ ਨਾਲ ਕਉਡੀ ਲਟਕਾ ਕੇ ਗੋਲੀ ਨਾਲ ਡੋਰਾ ਤੋੜ ਦੇਣਾਂ। ਅਕਾਸ਼ ਨੂੰ ਗੁਲੇਲਾ ਚਲਾ ਕੇ ਹੇਠ ਔਂਦਾ ਗੁਲੇਲਾ ਦੂਜੇ ਗੁਲੇਲੇ ਨਾਲ ਭੰਨ ਦੇਣਾ। ਗੋਪੀਏ ਦਾ ਗੋਲਾ ਬੰਦੂਕ ਵਾਂਗ ਠੀਕ ਨਿਸ਼ਾਨੇ ਤੇ ਮਾਰਨਾ, ਉਡਦੇ ਟਿਲ ਕਾਉਂ ਨੂੰ ਤੀਰ ਨਾਲ ਸੁਟ ਲੈਣਾ। ਆਪਦਾ ਸਾਧਾਰਨ ਕਰਤਬ ਸੀ। ਇਹ ਸ਼ਸਤਰ ਉਹ ਆਪਨੀ ਇਛਾ ਅਨੁਸਾਰ ਕਦੇ ਕਦੇ ਚੌਬਾਰੇ ਪਰ ਹੀ ਖੜੇ ਚਲਾਇਆ ਕਰਦੇ ਸਨ

ਅਰ ਸੇਵਕਾਂ ਦੇ ਸ਼ਸਤਰ ਕਰਤਬ ਘੋੜੇ ਦੀ ਸਵਾਰੀ ਦਾ ਅਭਿਆਸ ਭੀ ਵਡੇ ਉਤਸ਼ਾਹ ਨਾਲ ਵੇਖਿਆ ਕਰਦੇ, ਜੇ ਕੋਈ ਭੁਲ ਹੋਵੇ ਤਾਂ ਆਪ ਦਸ ਦੇਂਦੇ। ਬਾਬਾ ਸਾਹਿਬ ਦਾ ਹੁਕਮ ਸੀ ਕਿ ਜਦ ਸ਼ਸਤਰ ਹੱਥ ਫੜੋ ਤਾਂ ਅਕਾਲ ਹੀ ਸਹਾਏ ਸ਼ਬਦ ਕਰੋ। ਅਰ ਘੋੜੇ ਤੇ ਸਵਾਰ ਹੋਣ ਵੇਲੇ ਵਾਹਿਗੁਰੂ ਅੰਗ ਸੰਗ ਕਹਿਕੇ ਰਕਾਬ ਪੈਰ ਦਿਓ। ਬਾਬਾ ਸਾਹਿਬ ਦੇ ਸੁੰਦਰ ਸ਼ਸਤ੍ਰ ਅਨੇਕ ਪ੍ਰਕਾਰ ਦੇ ਹੁਣ ਭੀ ਗੁਰਦੁਵਾਰੇ ਵਿਚ ਮੌਜੂਦ ਹਨ। ਸ਼ਸਤਰ ਵਿਦਿਆ ਦੇ ਨਾਲ ਹੀ ਆਰ ਰੰਬੀ ਦਾ ਕੰਮ ਸਿਖਣਾ ਭੀ ਸਿੰਘਾਂ ਨੂੰ ਜਰੂਰੀ ਸੀ, ਤਾਂ ਕਿ ਕਾਠੀ ਦਾ ਸਾਜ ਆਪ ਹੀ ਗਠ ਲਿਆ ਜਾਵੇ। ਬਾਬਾ ਸਾਹਿਬ ਕਈ ਵਾਰ ਫੁਰਮਾਇਆ ਕਰਦੇ ਕਿ ਜੋ ਸਿੰਘ ਵਸਤਰ ਸਿਉਂਣੇ, ਸ਼ਸਤਰ ਚਲੌਣੇ, ਘੋੜਾ ਫੇਰਨਾ, ਕਾਠੀ ਦਾ ਸਾਜ ਗੱਠਨਾ, ਸ਼ਸਤਰ ਨੂੰ ਸਾਣ ਤੇ ਵਾਢ ਲੌਣਾ, ਲੰਗਰ ਸਜੌਣਾ, ਅਤੇ ਗੁਰਮੁਖੀ ਲਿਖਣ ਨਹੀਂ ਜਾਣਦਾ ਉਹ ਗੁਰੂ ਸਿੰਘ ਜੀ ਦੇ ਜਥੇ ਵਿਚ ਭਰਤੀ ਹੋਣ ਲਾਇਕ ਨਹੀਂ।

ਗੁਰਪੁਰਬ-

ਬਾਬਾ ਜੀ ਅਸੂ ਸੁਦੀ ਦਸ ਨੂੰ ਗੁਰਪੁਰਬ ਮਨਾਇਆ

ਬਾਬਾ ਅਜਾਪਾਲ ਸਿੰਘ ਜੀ ਆਪਨੀ ਕਥਾ ਕਦੇ ਕਿਸੇ ਨੂੰ ਕੁਝ ਨਹੀਂ ਸੁਨਾਈ, ਪਰ ਉਹਨਾਂ ਦੇ ਨਿਕਟਵਰਤੀ ਸੇਵਕਾਂ ਦਾ ਨਿਸਚਾ ਸੀ ਕਿ ਕਲਗੀਧਰ ਜੀ ਦੱਖਨ ਵਿਚ ਜੋਤੀ ਜੋਤਿ ਨਹੀਂ ਸਮਾਏ ਕਿਉਂਕਿ ਦਸਮੇਸ਼ ਜੀ ਦੇ ਅੰਗ ਸਜਾਏ ਸ਼ਸਤ੍ਰ ਅਤੇ ਸਰੀਰ ਦੀਆਂ ਅਸਥੀਆਂ ਅੰਗੀਠੇ ਦੇ ਵਿਚੋਂ ਨਹੀਂ ਮਿਲੀਆਂ ਅਤੇ ਤਬੇਲੇ ਵਿਚੋਂ ਖਾਸ ਸਵਾਰੀ ਦਾ ਘੋੜਾ ਭੀ ਗਾਇਬ ਹੋ ਗਿਆ ਸੀ, ਗੁਰੂ ਸਾਹਿਬ ਗੁਪਤ ਰੀਤ ਨਾਲ ਪੰਜਾਬ ਵਿਚ ਬਾਬਾ ਅਜਾਪਾਲ ਸਿੰਘ ਨਾਮ ਤੋਂ ਰਹੇ ਹਨ।

ਕਰਦੇ, ਇਸ ਦਿਨ ਕੜਾਹ ਪ੍ਰਸਾਦ ਵਰਤਦਾ ਅਤੇ ਕੀਰਤਨ ਹੁੰਦਾ ਅਰ ਨੌਬਤ ਵਜਦੀ, ਬੰਦੂਕਾਂ ਦੀ ਸਲਕ ਹੁੰਦੀ। ਇਕ ਦਿਨ ਬਾਬਾ ਸਾਹਿਬ ਨੇ ਬਾਬਾ ਸਰੂਪ ਸਿੰਘ ਜੀ ਨੂੰ ਇਹ ਬਚਨ ਸੁਣਾਏ ਸਨ, ਸਿਖਾਂ ਦਾ ਗੁਰਪੁਰਬ ਅਸੂ ਸੁਦੀ ਦਸ ਤੋਂ ਵਧਕੇ ਕੋਈ ਨਹੀਂ। ਕਿਉਂਕਿ ਇਸ ਦਿਨ ਸਤਿਗੁਰ ਨਾਨਕ ਦੇਵ ਜੀ ਨੇ ਤਖਤ ਬਹੇ ਤਖਤ ਕੀ ਲਾਇਕ ਦਾ ਨਿਯਮ ਥਾਪਿਆ ਹੈ। ਹੋਰ ਪੁਰਬ ਦਸਮੀ ਦੇ ਅੰਦਰ ਇਸ ਤਰ੍ਹਾਂ ਹਨ ਜਿਸ ਤਰ੍ਹਾਂ ਹਾਥੀ ਦੀ ਪੈੜ ਵਿਚ ਸਾਰੀਆਂ ਪੈੜਾਂ ਹਨ। ਮਲੂਮ ਹੁੰਦਾ ਹੈ ਕਿ ਬਾਬਾ ਜੀ ਦਾ ਭਾਵ ਇਹ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤਿ ਅੰਗਦ ਦੇਵ ਜੀ ਵਿਚ ਅਸੂ ਸੁਦੀ ਦਸ ਨੂੰ ਅਸਥਾਪਨ ਕੀਤੀ ਸੀ। ਕਈ ਲੇਖਕਾਂ ਨੇ ਸਰਾਧਾਂ ਦੀ ਮਹਿਮਾ ਵਧੌਣ ਵਾਸਤੇ ਅਸੂ ਸੁਦੀ ਦਸ ਲਿਖੀ ਹੈ, ਜਿਸਦਾ ਬਾਬਾ ਜੀ ਦੇ ਬਚਨ ਤੋਂ ਖੰਡਨ ਹੁੰਦਾ ਹੈ।

ਉਪਦੇਸ਼-

ਜਦ ਕਦੇ ਉਪਦੇਸ਼ ਕਰਨ ਦਾ ਸਮਾਂ ਹੁੰਦਾ, ਤਾਂ ਬਾਬਾ ਸਾਹਿਬ ਪ੍ਰਸ਼ਨ ਅਨੁਸਾਰ ਉਪਦੇਸ਼ ਕਰਦੇ, ਪਰ ਉਹਨਾਂ ਦਾ ਸਾਧਾਰਨ ਉਪਦੇਸ਼ ਇਹ ਸੀ- ਧਰਮ ਕਿਰਤ ਕਰੋ। ਦਸਵੰਧ ਦਿਓ। ਨਾਮ। ਜਪੋ ਵਿਦਿਆ ਪੜੋ। ਵਰਤਾਕੇ ਛਕੋ। ਸ਼ਸਤਰਾਂ ਦਾ ਅਭਿਆਸ ਕਰੋ। ਘੋੜੇ ਅਤੇ ਬੈਲਾਂ ਦੀ ਨਸਲ ਵਧਾਓ। ਬਿਰਛ ਲਾਉ। ਆਪੋ ਵਿਚੀ ਸਕੇ ਭਾਈਆਂ ਵਾਲਾ ਪ੍ਰੇਮ ਰਖੋ। ਦੇਸ ਦੀ ਸੇਵਾ ਕਰੋ। ਨਿਰਭੈ ਅਤੇ ਨਿਰਵੈਰ ਰਹੋ। ਸਵਾਰਥ ਤਿਆਗੋ। ਜੇ ਤੁਸੀ ਇਸ ਉਪਦੇਸ਼ ਤੇ ਅਮਲ ਕਰੋਗੇ, ਤਾਂ ਗੁਰੂ ਸਿੰਘ ਜੀ ਦੇ ਦਰਬਾਰ ਦਾ ਦਰ ਥੁਹਾਡੇ ਲਈ ਖੁਲਾ ਹੈ।

ਬਾਬਾ ਅਜਾਪਾਲ ਸਿੰਘ ਜੀ ਆਪਣੀ ਕਥਾ ਕਦੇ ਕਿਸੇ ਨੂੰ ਕੁਝ ਨਹੀਂ ਸੁਣਾਈ, ਪਰ ਉਹਨਾਂ ਦੇ ਨਿਕਟਵਰਤੀ ਸੇਵਕਾਂ ਦਾ ਨਿਸਚਾ ਸੀ ਕਿ ਕਲਗੀਧਰ ਜੀ ਦੱਖਨ ਵਿਚ ਜੋਤੀ ਜੋਤਿ ਨਹੀਂ ਸਮਾਏ ਕਿਉਂਕਿ ਦਸਮੇਸ਼ ਜੀ ਦੇ ਅੰਗ ਸਜਾਏ ਸ਼ਸਤ੍ਰ ਅਤੇ ਸਰੀਰ ਦੀਆਂ ਅਸਥੀਆਂ ਅੰਗੀਠੇ ਦੇ ਵਿਚੋਂ ਨਹੀਂ ਮਿਲੀਆਂ ਅਤੇ ਤਬੇਲੇ ਵਿਚੋਂ ਖਾਸ ਸਵਾਰੀ ਦਾ ਘੋੜਾ ਭੀ ਗਾਇਬ ਹੋ ਗਿਆ ਸੀ, ਗੁਰੂ ਸਾਹਿਬ ਗੁਪਤ ਰੀਤ ਨਾਲ ਪੰਜਾਬ ਵਿਚ ਬਾਬਾ ਅਜਾਪਾਲ ਸਿੰਘ ਨਾਮ ਤੋਂ ਰਹੇ ਹਨ।

ਇਸ ਖਿਆਲ ਦੀ ਪੁਸ਼ਟੀ ਦੀ ਉਹ ਇਸ ਬਾਤ ਤੋਂ ਕਰਦੇ ਕਿ ਬਾਬਾ ਸਾਹਿਬ ਦੀ ਵੱਖੀ ਵਿਚ ਸ਼ਸਤਰ ਦਾ ਪੁਰਾਣਾ ਘਾਉ ਅੰਤ ਸਮੇਂ ਵੇਖਿਆ ਗਿਆ ਸੀ। ਅਰ ਉਹਨਾਂ ਦੇ ਰਹੁ ਰੀਤ ਅਤੇ ਤੇਜ ਪ੍ਰਤਾਪ ਆਮਾਨੁਖੀ ਸੀ ਅਰ ਦੇਸ਼ ਦੀ ਨੀਤਿ ਨਾਲ ਬਾਬਾ ਸਾਹਿਬ ਜੀ ਦਾ ਜਰੂਰ ਕੋਈ ਸਬੰਧ ਸੀ। ਓਹਨਾਂ ਪਾਸ ਵੇਲੇ ਕੁਵੇਲੇ ਅਨੇਕ ਲਿਬਾਸ ਵਿਚ ਕਈ ਸਿੰਘ ਆਉਂਦੇ ਰਹਿੰਦੇ ਸਨ। ਅਰ ਕਈ ਵਾਰ ਪੰਜ ਸਿੰਘਾਂ ਵਿਚੋਂ ਘੋੜੇ ਸਮੇਤ ਕਦੀ ਇਕ ਕਦੇ ਦੋ ਅਸਥਾਨ ਤੋਂ ਗੈਰ ਹਾਜਰ ਬਿਨਾਂ ਕਿਸੇ ਨੂੰ ਖਬਰ ਦਿਤੇ ਰਹਿੰਦੇ ਸਨ। ਅਰ ਅਨੇਕ ਸਿੰਘ ਸ਼ਸਤਰ ਲੈ ਜਾਇਆ ਕਰਦੇ ਸਨ, ਮੈਂ ਇਸ ਮਾਮਲੇ ਤੇ ਆਪਣੀ ਪੱਕੀ ਰਾਇ ਕਾਇਮ ਨਹੀਂ ਕੀਤੀ।

ਪਰ ਜੇ ਬਾਬਾ ਜੀ ਦੇ ਸੇਵਕਾਂ ਦਾ ਖਿਆਲ ਸਹੀ ਮੰਨ ਲਿਆ ਜਾਵੇ, ਤਾਂ ਬਾਬਾ ਅਜਾਪਾਲ ਸਿੰਘ ਜੀ ਦੀ ਸਾਰੀ ਉਮਰ ੧੪੬ ਵਰ੍ਹੇ ਜੁੜਦੀ ਹੈ। ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸੰਮਤ ੧੭੨੩ ਦਾ ਹੈ। ਅਬਚਲ ਨਗਰ ਦਾ ਕੌਤਕ ਸੰਮਤ ੧੭੬੫ ਵਿਚ ਵਰਤਿਆ ਹੈ, ਅਰ ਬਾਬਾ ਅਜਾਪਾਲ ਸਿੰਘ ਜੀ ਦਾ ਦਿਹਾਂਤ ਜੇਠ ਸੁਦੀ ੫ ਸੰਮਤ ੧੮੬੯ ਨੂੰ ਹੋਇਆ ਹੈ।

ਉਪਰ ਲਿਖੇ ਪ੍ਰਸੰਗ ਤੇ ਖੰਡਨ ਮੰਡਨ ਨੂੰ ਛਡ ਕੇ ਬਾਬਾ ਸਾਹਿਬ ਦੀ ਵਿਸਥਾਰ ਨਾਲ ਕਥਾ ਜੋ ਪਿਤਾ ਜੀ ਨੇ ਨੋਟ ਕਰਵਾਈ ਹੈ, ਉਸ ਵਿਚੋਂ ਸੰਖੇਪ ਨਾਲ ਕੁਛ ਉਹ ਪ੍ਰਸੰਗ ਅਗੇ ਲਿਖਦਾ ਹਾਂ, ਜਿਨ੍ਹਾਂ ਤੋਂ ਪੰਥ ਨੂੰ ਕੁਛ ਲਾਭ ਪਹੁੰਚੇ। ਸੰਮਤ ੧੮੧੧ ਤੋਂ ਪਹਿਲੇ ਦਾ ਕੋਈ ਪ੍ਰਸੰਗ ਮੇਰੀ ਨੋਟ ਬੁਕ ਵਿਚ ਨਹੀ ਹੈ। ੧੮੧੨ ਵਿਚ ਰਾਜਪੂਤਾਨੇ ਦੇ ਭਾਦਰਾ ਨਗਰ ਦੇ ਇਕ ਦੁਖੀ ਵਿਪਦਾ ਗ੍ਰਸੇ ਰਾਜਪੂਤ ਰਈਸ ਦੀ ਸਹਾਇਤਾ ਦਾ ਪ੍ਰਸੰਗ ਹੈ ਕਿ ਬਾਬਾ ਜੀ ਨੇ ਉਸਦੀ ਜੰਗ ਵਿਚ ਸਹਾਇਤਾ ਕਰਕੇ ਜਾਗੀਰ ਅਤੇ ਗੜ੍ਹੀ ਉਪਰ ਕਬਜਾ ਕਰਵਾਇਆ। ਇਸ ਪਿਛੋਂ ਕਈ ਆਖਦੇ ਹਨ ਕਿ ਬਾਬਾ ਜੀ ਜੀਂਦ ਦੇ ਲਾਗੇ ਕੁਛ ਸਮਾਂ ਰੋਹੀ ਵਿਚ ਰਹੇ ਅਤੇ ਕੁਛ ਕਾਲ ਪਟਿਆਲੇ ਪਾਸ ਝਿੜੀ ਅੰਦਰ ਨਿਵਾਸ ਕੀਤਾ। ਪਰ ਕੋਈ ਚਿੰਨ ਅਥਵਾ ਪ੍ਰਬਲ ਪ੍ਰਮਾਣ ਇਸਦੀ ਪੁਸ਼ਟੀ ਲਈ ਨਹੀ ਮਿਲਦਾ। ਬਾਬਾ ਜੀ ਸੰਮਤ ੧੮੩੦ ਵਿਚ ਨਾਭੇ ਆ ਕੇ ਵਿਰਾਜੇ। ਓਸ ਵੇਲੇ ਬਹੁਤ ਛੋਟਾ ਸ਼ਹਿਰ ਕਿਲੇ ਦੇ ਆਸ ਪਾਸ ਸੀ। ਜਿਸ ਥਾਂ ਹੁਣ ਬਾਬਾ ਜੀ ਦਾ ਗੁਰਦੁਆਰਾ ਹੈ, ਇਥੇ ਸੰਘਣਾ ਜੰਗਲ ਸੀ। ਪਰ ਇਸ ਤੋਂ ਸ਼ਹਿਰ ਦੀ ਵਿਥ ਢਾਈ ਫਰਲਾਂਗ ਦੇ ਕਰੀਬ ਸੀ। (ਨਾਭਾ ਸੰਮਤ ੧੮੧੩ ਬਿਕ੍ਰਮੀ ਵਿਚ ਰਾਜਾ ਹਮੀਰ ਸਿੰਘ ਨੇ ਅਬਾਦ ਕੀਤਾ ਸੀ, ਅਬਾਦੀ ਵਧ ਜਾਣ ਤੋਂ ਮੌਜੂਦਾ ਚਾਰ ਦੀਵਾਰੀ (ਸਫੀਲ) ਸੰਮਤ ੧੮੮੪ ਵਿਚ ਰਾਜਾ ਜਸਵੰਤ ਸਿੰਘ ਵੇਲੇ ਤਿਆਰ ਹੋਈ।)

ਮਾਤਾ ਪਿਤਾ ਦੀ ਸੇਵਾ-

ਭਾਈ ਰੂਪ ਸਿੰਘ ਵੰਸੀ ਬਾਘ ਸਿੰਘ ਇਕ ਪ੍ਰੇਮੀ ਨੱਥਾ

ਸਿੰਘ ਤਾਜੋ ਦਾ ਵਸਨੀਕ ਪਿਤਾ ਦੀਆਂ ਅਸਥੀਆਂ ਲੈ ਕੇ ਗੰਗਾ ਨੂੰ ਜਾਂਦਾ ਹੋਇਆ ਨਾਭੇ ਬਾਘ ਸਿੰਘ ਪਾਸ ਬਾਬਾ ਜੀ ਦੀ ਝਿੜੀ ਅੰਦਰ ਠਹਿਰਿਆ।

ਨੱਥਾ ਸਿੰਘ ਨੇ ਬਾਘ ਸਿੰਘ ਨੂੰ ਆਖਿਆ ਕਿ ਜਿਸ ਮਹਾਂਪੁਰਖ ਦੀ ਆਪ ਸੇਵਾ ਕਰਦੇ ਹੋ, ਮੈਨੂੰ ਭੀ ਉਸਦਾ ਦਰਸ਼ਨ ਕਰਾਓ। ਬਾਘ ਸਿੰਘ। ਨੱਥਾ ਸਿੰਘ ਨੂੰ ਲੈ ਕੇ ਬਾਬਾ ਜੀ ਦੇ ਦਰ ਪਰ ਪਹੁੰਚਿਆ, ਕੁਝ ਚਿਰ ਪਿਛੋਂ ਬਾਬਾ ਜੀ ਨੇ ਚੌਬਾਰੇ ਉਪਰ ਖਲੋ ਕੇ ਫੁਰਮਾਇਆ, ਬਾਘ ਸਿੰਘ ਇਹ ਚੰਡਾਲ ਇਥੇ ਕਿਉਂ ਲਿਆਂਦਾ ਹੈ। ਬਾਘ ਸਿੰਘ ਨੇ ਬੇਨਤੀ ਕਿ ਮਹਾਰਾਜ ਇਹ ਤਾਂ ਜਿਮੀਦਾਰ ਸਿੰਘ ਮੇਰਾ ਪ੍ਰੇਮੀ ਹੈ। ਬਾਬਾ ਜੀ ਨੇ ਆਖਿਆ-"ਜੋ ਮਾਤਾ ਪਿਤਾ ਦੀ ਸੇਵਾ ਨਹੀਂ ਕਰਦੇ ਉਹ ਚੰਡਾਲ ਹੋਇਆ ਕਰਦੇ ਹਨ। ਫੇਰ ਨੱਥਾ ਸਿੰਘ ਨੂੰ ਹੀ ਸੰਬੋਧਨ ਕਰਕੇ ਬੋਲੇ ਕਿ ਰੋਗੀ ਬਾਪ ਨੂੰ ਛਡ ਕੇ ਤਾਂ ਤੂੰ ਮੇਲੇ ਜਾ ਵੜਿਆ ਅਰ ਉਹ ਵਿਚਾਰਾ ਤਿਹਾਇਆ ਹੀ ਮਰ ਗਿਆ। ਹੁਣ ਹੱਡੀਆਂ ਲੈ ਕੇ ਗੰਗਾ ਨੂੰ ਗਤਿ ਕਰਾਉਣ ਜਾਂਦਾ ਹੈਂ। ਤੂੰ ਭਾਰੀ ਤਨਖਾਹੀਆ ਹੈਂ।" ਇਹ ਕਹਿਕੇ ਬਾਬਾ ਜੀ ਨੇ ਭਾਈ ਗੁਰਦਾਸ ਜੀ ਦੀ ਪੌੜੀ ਪੜੀ। ਪਾਠਕਾਂ ਦੇ ਲਾਭ ਲਈ, ਵਾਰ ੩੭ ਵੀ ਪਉੜੀ ੧੩ ਵੀ-

ਮਾਂ ਪਿਉ ਪਰਹਰ ਸੁਣੈ ਵੇਦ ਭੇਦ ਨ ਜਾਣੈ ਕਥਾ ਕਹਾਣੀ।
ਮਾਂ ਪਿਉ ਪਰਹਰ ਕਰੈ ਤਪ ਵਣ ਖੰਡ ਭੁਲਾ ਫਿਰੈ ਬਿਬਾਣੀ।
ਮਾਂ ਪਿਉ ਪਰਹਰ ਕਰੈ ਪੂਜ ਦੇਵੀ ਦੇਵ ਨ ਸੇਵ ਕਮਾਣੀ।
ਮਾਂ ਪਿਉ ਪਰਹਰ ਨ੍ਹਾਵਣਾਂ ਅਠਸਠ ਤੀਰਥ ਘੁੰਮਣ ਵਾਣੀ।
ਮਾਂ ਪਿਉ ਪਰਹਰ ਕਰੈ ਦਾਨ ਬੇਈਮਾਨ ਅਗਿਆਨ ਪ੍ਰਾਣੀ।
ਮਾਂ ਪਿਉ ਪਰਹਰ ਵਰਤ ਕਰ ਮਰ ਮਰ ਜੰਮੈ ਭਰਮ ਭੁਲਾਣੀ।
ਗੁਰ ਪਰਮੇਸਰ ਸਾਰ ਨ ਜਾਣੀ।

ਨੱਥਾ ਸਿੰਘ ਨੇ ਨਮਸਕਾਰ ਕਰਕੇ ਹਥ ਜੋੜੇ ਅਰ ਬੇਨਤੀ ਕੀਤੀ ਕਿ ਮੈਨੂੰ ਬਖਸ਼ੋ ! ਇਸ ਪਰ ਬਾਬਾ ਜੀ ਹੁਕਮ ਦਿਤਾ ਕਿ ਅਸਥੀਆਂ ਜਮੀਨ ਵਿਚ ਗੱਡ ਕੇ ਵਾਪਸ ਘਰ ਨੂੰ ਜਾਹ। ਤੂੰ ਗੁਰਮੁਖੀ ਵਿਦਿਆ ਪੜ੍ਹਿਆ ਹੋਇਆ ਹੈਂ, ਇਸ ਲਈ ਪੰਜ ਬਾਲਕਾਂ ਨੂੰ ਗੁਰਮੁਖੀ ਪੜ੍ਹਾ ਅਤੇ ਗੁਰੂ ਗਰੰਥ ਸਾਹਿਬ ਦਾ ਪਾਠ ਬਣਾ। (ਬਾਬਾ ਸਾਹਿਬ ਜਦ ਕਿਸੇ ਨੂੰ ਤਨਖਾਹ ਧਰਮ ਦੰਡ ਲਾਉਂਦੇ ਤਾਂ ਕਦੇ ਰੁਪਏ ਨਹੀਂ ਲਾਉਂਦੇ ਸਨ। ਉਹ ਤਨਖਾਹੀਏ ਨੂੰ ਜਿਸ ਹੁਨਰ ਜਾਂ ਵਿਦਿਆ ਦਾ ਗਿਆਤਾ ਜਾਣਦੇ ਓਸ ਦੇ ਪ੍ਰਚਾਰ ਦਾ ਉਸ ਤੋਂ ਕੰਮ ਲੈਂਦੇ। ਜੇ ਕੋਈ ਗੁਣ ਤੋਂ ਖਾਲੀ ਹੁੰਦਾ ਉਸਨੂੰ ਕੋਈ ਸਾਧਾਰਨ ਸੇਵਾ ਕਰਨ ਦਾ ਹੁਕਮ ਦਿੰਦੇ।

ਦੁਖੀਆਂ ਦਾ ਦੁਖ ਦੂਰ ਕਰਨਾ-

ਜਿਸ ਮਾਈ ਦਾ ਨਾਉਂ ਉਪਰ ਸੇਢਾਂ (ਬਾਬਾ ਸਰੂਪ ਸਿੰਘ ਜੀ ਨੇ ਇਕ ਵਾਰ ਰਤਨ ਸਿੰਘ ਤੋਂ ਸੁਣਿਆ ਸੀ ਕਿ ਇਸ ਮਾਈ ਦਾ ਅਸਲ ਨਾਉਂ ਨਿਹਾਲ ਕੌਰ ਹੈ।) ਆਇਆ ਹੈ ਇਹ ਬੁਲਾਡੇ ਦੀ ਵਸਨੀਕ ਸੀ। ਇਸ ਨੂੰ ਕੁਸ਼ਟ ਰੋਗ ਹੋ ਗਿਆ, ਪਿੰਡ ਤੋਂ ਬਾਹਰ ਝੁਗੀ ਵਿਚ ਰਿਹਾ ਕਰਦੀ। ਇਕ ਵਾਰ ਸੰਤ ਫੂਲਾ ਸਿੰਘ ਜੀ ਝੁਗੀ ਪਾਸ ਟੋਭੇ ਕਿਨਾਰੇ ਆ ਵਿਰਾਜੇ। ਓਹਨਾਂ ਦੀ ਸੇਵਾ ਵਿਚ ਮਾਈ ਨੇ ਬੇਨਤੀ ਕੀਤੀ ਕਿ ਮੇਰਾ ਦੁਖ ਕਿਰਪਾ ਕਰਕੇ ਦੂਰ ਕਰੋ। ਫੂਲਾ ਸਿੰਘ ਜੀ ਨੇ ਆਖਿਆ ਕਿ ਮਹਾਂਪੁਰਖ ਬਾਬਾ ਅਜਾਪਾਲ ਸਿੰਘ ਜੀ ਦੀ ਸ਼ਰਨ ਜਾਹ, ਉਹ ਤੈਨੂੰ ਅਰੋਗ ਕਰਨਗੇ।। ਸੇਢਾਂ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਈ ਅਰ ਉਹਨਾਂ ਦੀ ਦਇਆ ਨਾਲ ਪੂਰਨ ਅਰੋਗ ਹੋ ਗਈ। ਮਾਈ ਨੇ ਬਾਕੀ ਉਮਰ ਬਾਬਾ ਸਾਹਿਬ ਦੀ ਸੇਵਾ ਕਰਦੇ ਬਿਤਾਈ। ਇਹ ਸਿੰਘ ਭੇਸ ਪਹਿਨ ਕੇ ਡਿਉਢੀ ਅਗੇ ਦਰਬਾਨ ਹੋ ਕੇ ਰਹਿਆ ਕਰਦੀ ਅਰ ਸੇਵਾ ਪ੍ਰੇਮ ਭਗਤੀ ਭਜਨ ਆਦਿਕ ਦੈਵੀ ਗੁਣਾਂ ਦੀ ਪੁੰਜ ਸੀ। ਬਾਬਾ ਜੀ ਦਾ ਦਵਾਈ ਨਾਲ ਭਰਿਆ ਇਕ ਝੋਲਾ (ਥੈਲਾ) ਜਿਸ ਨੂੰ ਸਦਾ ਝੋਲਾ ਫੁਰਮਾਇਆ ਕਰਦੇ, ਮਾਈ ਦੇ ਸਪੁਰਦ ਰੈਂਦਾ। ਜਦ ਕੋਈ ਆਉਂਦਾ ਤਾਂ ਓਸ ਵਿਚੋਂ ਜੇਹੀ ਜੋਗ ਹੁੰਦੀ ਬਾਬਾ ਜੀ ਦੇ ਹੁਕਮ ਨਾਲ ਮਾਈ ਸੇਢਾਂ ਔਖਧ ਦਿੰਦੀ, ਇਸ ਤਰ੍ਹਾਂ ਅਨੇਕਾਂ ਦੇ ਅਸਾਧ ਰੋਗ ਦੂਰ ਹੋਏ।

ਅਨੰਦ ਸੰਸਕਾਰ-

ਬਾਬਾ ਸਰੂਪ ਸਿੰਘ ਜੀ ਨੇ ਦੋ ਅਨੰਦ ਵਿਆਹ ਬਾਬਾ ਜੀ ਦੀ ਹਜ਼ੂਰੀ ਵਿਚ ਹੁੰਦੇ ਜੁੜਦੇ ਜੁੜਦੇ ਸਮੇਂ ਅੱਖੀਂ ਵੇਖੇ।। ਇਕ ਰਤਨ ਸਿੰਘ ਦੀ ਪੁਤਰੀ ਅਨੰਦ ਕੌਰ

ਨਿਸ਼ਾਨ ਵਾਲੀ ਮਿਸਲ ਦਾ ਸਰਦਾਰ ਬਾਬਾ ਜੀ ਦੇ ਦਰਸ਼ਨ ਨੂੰ ਕਈ ਦਿਨ ਆਉਂਦਾ ਰਿਹਾ, ਦਰਸ਼ਨ ਨ ਹੀ ਹੋਇਆ। ਇਕ ਦਿਨ ਮਾਈ ਸੇਢਾਂ ਨੇ ਅਰਜ ਕਰੀ ਕਿ ਮਹਾਰਜ ਸਰਦਾਰ ਬਹੁਤ ਵਾਰ ਦਰਸ਼ਨ ਲਈ ਆਇਆ ਹੈ, ਪਰ ਨਿਰਾਸਾ ਜਾਂਦਾ ਹੈ। ਬਾਬਾ ਸਾਹਿਬ ਨੇ ਫੁਰਮਾਇਆ ਕਿ ਉਹ ਕੰਜਰ ਸਾਡੇ ਦਰਸ਼ਨ ਦਾ ਅਧਿਕਾਰੀ ਨਹੀਂ, ਓਸਨੇ ਰਾਜਾ ਨੂੰ ਜਗੀਰ ਦੇ ਲਾਲਚ ਨੂੰ ਆਪਨੀ ਪੁਤ੍ਰੀ ਦਿਤੀ ਹੈ।

ਦਾ ਦੂਜਾ ਸੁਖਾ ਸਿੰਘ ਦੀ ਬੇਟੀ ਪ੍ਰੇਮ ਕੌਰ ਦਾ, ਪਿਤਾ ਜੀ ਦੀ ਬੇਨਤੀ ਪਰ ਬਾਬਾ ਸਾਹਿਬ ਨੇ ਵਰ ਅਤੇ ਕੰਨਿਆਂ ਨੂੰ ਪੇਸ਼ ਕਰਨ ਦਾ ਹੁਕਮ ਦਿਤਾ। ਜਦ ਦੋਵੇਂ ਪੇਸ਼ ਹੋਏ ਤਾਂ ਮਾਈ ਸੇਵਾਂ ਦੀ ਮਾਰਫਤ ਦੁਹਾਂ ਨੂੰ ਪੁਛਿਆ ਕਿ ਤੁਸੀਂ ਮਾਈ ਬਾਪ ਦੀ ਇਛਿਆ ਅਨੁਸਾਰ ਸਬੰਧ ਕਰਦੇ ਹੋ ਜਾਂ ਆਪਣੀ ਪ੍ਰਸੰਨਤਾ ਨਾਲ ਕਰਦੇ ਹੋ। ਤਦ ਉਹਨਾਂ ਉਤਰ ਦਿਤਾ ਕਿ ਅਸੀਂ ਮਾਤਾ ਪਿਤਾ ਨਾਲ ਸੰਮਤੀ ਰਖਦੇ ਹਾਂ, ਤਾਂ ਬਾਬਾ ਸਾਹਿਬ ਨੇ ਹੁਕਮ ਦਿਤਾ ਕਿ ਅਮਕੇ ਦਿਨ ਅੰਮ੍ਰਿਤ ਵੇਲੇ ਹਾਜਰ ਹੋ ਜਾਓ। ਆਸਾ ਦੀ ਵਾਰ ਪਿਛੋਂ ਦੀਵਾਨ ਵਿਚ ਅਰਦਾਸ ਹੋਈ ਕਿ ਅਮਕਾ ਸਿੰਘ ਅਪਣੀ ਪੁੱਤਰੀ ਨੂੰ ਅਮਕੇ ਸਿੰਘ ਨੂੰ ਗੁਰੂ ਸਿੰਘ ਜੀ ਦੇ ਦੀਵਾਨ ਵਿਚ ਗ੍ਰਿਹਸਤ ਧਰਮ ਲਈ ਅਰਪਨ ਕਰਦਾ ਹੈ। ਦੋਹਾਂ ਨੂੰ ਸਤਿਗੁਰੂ ਦੇ ਹੁਕਮਾਂ ਉਤੇ ਦ੍ਰਿੜ ਰਹਿਣ ਦੀ ਸਿਖਿਆ ਦਿਤੀ ਜਾਂਦੀ ਹੈ। ਅਰਦਾਸ ਪਿਛੋਂ ਅਨੰਦ ਬਾਣੀ ਦਾ ਕੀਰਤਨ ਹੋ ਕੇ ਪ੍ਰਸਾਦ ਵਰਤਿਆ। ਏਨਾਂ ਦੋਹਾਂ ਮੌਕਿਆਂ ਤੇ ਹਥ ਲੇਵੇਂ ਗੰਢ ਜੋੜਾਂ ਅਤੇ ਲਾਵਾਂ ਆਦਿਕ ਕੋਈ ਰੀਤ ਨਹੀਂ ਹੋਈ। ਕੇਵਲ ਅਰਦਾਸ ਅਤੇ ਅਨੰਦ ਦਾ ਪਾਠ ਹੀ ਹੋਇਆ।

ਇਕ ਦਿਨ ਇਕ ਰਬਾਬੀ ਨੂੰ ਜਿਸਨੇ ਸ਼ਬਦ ਗਾਉਣ ਸਮੇਂ ਟੇਕ ਆਪਣੀ ਵਲੋਂ ਲਾਈ ਸੀ। ਬਾਬਾ ਜੀ ਨੇ ਦੀਵਾਨ ਵਿਚੋਂ ਉਠਵਾ ਦਿਤਾ ਸੀ। ਉਹਨਾਂ ਨੇ ਫੁਰਮਾਇਆ ਕਿ ਗੁਰਬਾਣੀ ਵਿਚ ਜੋ (ਰਹਾਉ) ਹੈ ਉਹ ਹੀ ਉਤਮ ਟੇਕ ਹੈ। ਜੋ ਉਸ ਬਿਨਾਂ ਹੋਰ ਟੇਕ (ਰਹਾਉ) ਵਰਤਦਾ ਹੈ, ਅਥਵਾ ਇਕ ਅਖਰ ਵਾਧੂ ਜੋੜਦਾ ਹੈ ਉਹ ਤਨਖਾਹੀਆ ਅਤੇ ਮਨਮਤੀਆ ਹੈ ਅਤੇ ਜੋ ਉਸਦਾ ਕੀਰਤਨ ਸੁਣਦਾ ਹੈ, ਉਹ ਅਗਿਆਨੀ ਸਿਖ ਹੈ।

ਕੰਨਿਆ ਦੇ ਧਨ ਦਾ ਨਿਖੇਧ–

ਨਿਸ਼ਾਨ ਵਾਲੀ ਮਿਸਲ ਦਾ ਸਰਦਾਰ ਸਿੰਘ ਬਾਬਾ ਜੀ ਦੇ ਦਰਸ਼ਨ ਨੂੰ ਕਈ ਦਿਨ ਆਉਂਦਾ ਰਿਹਾ, ਦਰਸਨ ਨ ਹੀ ਹੋਇਆ। ਇਕ ਦਿਨ ਮਾਈ ਸੇਵਾਂ ਨੇ ਅਰਜ ਕਰੀ ਕਿ ਮਹਾਰਜ ਸਰਦਾਰ ਬਹੁਤ ਵਾਰ ਦਰਸਨ ਲਈ ਆਇਆ ਹੈ, ਪਰ ਨਿਰਾਸਾ ਜਾਂਦਾ ਹੈ। ਬਾਬਾ ਸਾਹਿਬ ਨੇ ਫੁਰਮਾਇਆ ਕਿ ਉਹ ਕੰਜਰ ਸਾਡੇ ਦਰਸਨ ਦਾ ਅਧਿਕਾਰੀ ਨਹੀ, ਓਸਨੇ ਰਾਜਾ ਨੂੰ ਜਗੀਰ ਦੇ ਲਾਲਚ ਨੂੰ ਆਪਣੀ ਪੁਤ੍ਰੀ ਦਿਤੀ ਹੈ।

ਕੀਰਤਨ–

ਬਾਬਾ ਜੀ ਦੇ ਦਰਬਾਰ ਕੀਰਤਨ ਕਰਨ ਲਈ ਰਾਗੀ ਰਖੇ ਹੋਏ ਨਹੀ ਸਨ ਹਜ਼ੂਰੀ ਸਿੰਘ, ਅਤੇ ਸੇਵਕ ਮਿਲਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ। ਪਰ ਜੇ ਕਦੇ ਕੋਈ ਰਾਗੀ ਰਬਾਬੀ ਆ ਜਾਵੇ ਤਾਂ ਨਿਸ਼ਾਨ ਸਾਹਿਬ ਪਾਸ ਬੈਠ ਕੇ ਕੀਰਤਨ ਕਰਦਾ, ਜਿਸ ਨੂੰ ਕਦੇ ਕਦੇ ਚੋਬਾਰੇ ਤੇ ਖਲੋਕੇ ਬਾਬਾ ਜੀ ਭੀ ਸੁਣਦੇ। ਬਾਬਾ ਜੀ ਰਬਾਬ ਅਤੇ ਸਰੰਦੇ ਬਿਨਾਂ ਹੋਰ ਤੰਬੂਰਾ ਸਤਾਰ ਆਦਿ ਸਾਜ ਵੇਖ ਕੇ ਪ੍ਰਸੰਨ ਨਹੀ ਹੁੰਦੇ ਸਨ। ਇਕ ਦਿਨ ਇਕ ਰਬਾਬੀ ਨੂੰ ਜਿਸਨੇ ਸ਼ਬਦ ਗਾਉਣ ਸਮੇਂ ਟੇਕ ਆਪਣੀ ਵਲੋਂ ਲਾਈ ਸੀ। ਬਾਬਾ ਜੀ ਨੇ ਦੀਵਾਨ ਵਿਚੋਂ ਉਠਵਾ ਦਿਤਾ ਸੀ। ਉਹਨਾਂ ਨੇ ਫੁਰਮਾਇਆ ਕਿ ਗੁਰਬਾਣੀ ਵਿਚ ਜੋ (ਰਹਾਉ) ਹੈ ਉਹ ਹੀ ਉਤਮ ਟੇਕ ਹੈ। ਜੋ ਉਸ ਬਿਨਾਂ ਹੋਰ ਟੇਕ (ਰਹਾਉ) ਵਰਤਦਾ ਹੈ। ਅਥਵਾ ਇਕ ਅਖਰ ਵਾਧੂ ਜੋੜਦਾ ਹੈ ਉਹ ਤਨਖਾਹੀਆ ਅਤੇ ਮਨਮਤੀਆ ਹੈ ਅਤੇ ਜੋ ਉਸਦਾ ਕੀਰਤਨ ਸੁਣਦਾ ਹੈ, ਉਹ ਅਗਿਆਨੀ ਸਿਖ ਹੈ।

ਸੁਖਣਾਂ ਮੰਨਤ–

ਇਕ ਦਿਨ ਸਰਹਿੰਦ ਨਿਵਾਸੀ ਪ੍ਰੇਮ ਸਿੰਘ ਸਵਾ ਸੌ ਰੁਪੈਇਆ ਲੈ ਕੇ ਬਾਬਾ ਜੀ ਦੀ ਹਜ਼ੂਰੀ ਵਿਚ ਹਾਜਰ ਹੋਇਆ ਅਰ ਅਰਜ ਕੀਤੀ ਕਿ ਮੇਰੇ ਪੁੱਤਰ ਦੇ ਪ੍ਰਾਣ ਤਾਪ ਰੋਗ ਤੋਂ ਆਪ ਦੀ ਕਿਰਪਾ ਨਾਲ ਬਚੇ ਹਨ, ਮੈਂ ਆਪ ਦੀ ਮੰਨਤ ਮੰਨੀ ਸੀ ਜੋ ਹੁਣ ਪੇਸ਼ ਕਰਦਾ ਹਾਂ। ਬਾਬਾ ਸਾਹਿਬ ਨੇ ਫੁਰਮਾਇਆ ਕਿ ਇਸ ਤਰ੍ਹਾਂ ਮੰਨਤ (ਸੁਖਣਾ) ਕਰਨੀ ਅਤੇ ਲੈਣੀ ਗੁਰੂ ਸਿੰਘ ਜੀ ਨੇ ਵਰਜੀ ਹੈ। ਕਿਸੇ ਕਾਰਜ ਦੀ ਸਿਧੀ ਲਈ ਕਰਤਾਰ ਅਗੇ ਅਰਦਾਸ ਕਰਨੀ ਅਤੇ ਗੁਰਮੁਖਾਂ ਤੋਂ ਕਰਾਉਣੀ ਅਤੇ ਕਾਰਜ ਸਿਧੀ ਹੋਣ ਤੋਂ ਸ਼ੁਕਰਾਨਾ ਕਰਦੇ ਹੋਏ ਭੇਟਾ ਅਰਪਨੀ ਨਿਖੇਧੀ ਨਹੀਂ ਪਰ ਇਹ ਕਹਿਣਾ ਕਿ ਜੇ ਆਹ ਕੰਮ ਹੋ ਜਾਵੇ ਤਾਂ ਮੈਂ ਏਤਨੀ ਰਕਮ ਦੇਵਾਂਗਾ ਆਦਿਕ ਸਿਖੀ ਨਿਯਮਾਂ ਤੋਂ ਵਿਰੁਧ ਹੈ। ਪ੍ਰੇਮ ਸਿੰਘ ਨੂੰ ਹੁਕਮ ਹੋਇਆ ਕਿ ਸਵਾ ਸੌ ਰੁਪੈਇਆ ਗੁਰਦੁਆਰੇ ਫਤੇਗੜ੍ਹ ਦੇ ਲੰਗਰ ਲਈ ਜਾ ਕੇ ਦੇਵੋ।


ਨਿਰਮਲਤਾ–

ਬਾਬਾ ਅਜਾਪਾਲ ਸਿੰਘ ਜੀ ਮਲੀਨਤਾ ਦੇ ਵਡੇ ਵਿਰੋਧੀ ਸਨ, ਜੋ ਬਸਤਰ ਸ਼ਸਤਰ ਘੋੜੇ ਦਾ ਸਾਜ ਸਾਦਿਕ ਜਰਾ ਭੀ ਮਲੀਨ ਦੇਖਦੇ ਤਾਂ ਬਹੁਤ ਤਾੜਨਾ ਕਰਦੇ। ਇਕ ਦਿਨ ਧੁਪ ਸੇਕਦੇ ਹੋਇਆਂ ਕੇਸਰਾ ਸਿੰਘ ਆਪਣਾ ਕੁੜਤਾ ਲਾਹ ਕੇ ਜੂਆਂ ਮਾਰ ਰਿਹਾ ਸੀ। ਬਾਬਾ ਸਾਹਿਬ ਨੇ ਹੁਕਮ ਦਿਤਾ ਕਿ ਇਸ ਘੋਰੀ ਦੇ ਪੰਜ ਚਾਬਕ ਪਿਠ ਤੇ ਮਾਰੋ। ਇਸ ਹੁਕਮ ਦੀ ਫੌਰਨ ਤਾਮੀਲ ਹੋਈ। ਕੇਸਰਾ ਸਿੰਘ ਬਹੁਤ ਰੋਇਆ ਅਤੇ ਬੇਨਤੀ ਕੀਤੀ ਕਿ ਮੇਰਾ ਏਨਾ ਅਪਰਾਧ ਨਹੀ ਸੀ। ਬਾਬਾ ਸਾਹਿਬ ਨੇ ਫੁਰਮਾਇਆ ਕਿ ਤੇਰਾ ਥੋੜੀ ਸਜਾ ਨਾਲ ਹੀ ਛੁਟਕਾਰਾ ਹੋ ਗਿਆ ਹੈ। ਗੁਰੂ ਜੀ ਨੇ ਸਰੀਰ ਅਤੇ ਬਸਤਰ ਮੈਲਾ ਰਖਣ ਵਾਲੇ ਸਿਖ ਨੂੰ ਤਨਖਾਹੀਆ ਅਤੇ ਦੰਡ ਜੋਗ ਠਹਿਰਾਇਆ ਹੈ।

ਬਾਬਾ ਅਜਾਪਾਲ ਸਿੰਘ ਜੀ ਦਸਮ ਪਾਤਸ਼ਾਹ ਹਨ

ਬਾਬਾ ਸਰੂਪ ਸਿੰਘ ਜੀ ਡੇਰੇ ਦੀ ਬੜੀ ਪ੍ਰੇਮ ਨਾਲ ਸੇਵਾ ਕਰਦੇ ਸਵਾ ਪਹਿਰ ਦੇ ਅੰਮ੍ਰਿਤ ਬੇਲੇ ਉਠਕੇ ਸਾਰੇ ਝਾੜੂ ਦੇਣਾ ਘੋੜਿਆਂ ਦੀ ਮਾਲਸ਼ ਕਰਨੀ ਟਿਬੇਆਂ ਤੇ ਰਜ ਰੇਤੇ ਦੀ ਪੰਡ ਰਾਕੀਆਂ ਦੇ ਹੇਠ ਬਛਾਓਨ ਵਾਸਤੇ ਬੀੜ ਤੇ ਰਾਕੀਆਂ ਵਾਸਤੇ ਤਕੜੀ ਪੰਡ ਖਬਲ ਦੀ ਲਿਆਓਂਦੇ। ਹੋਰ ਜੋ ਸੇਵਾ ਹੁੰਦੀ ਪ੍ਰੇਮ ਨਾਲ ਕਰਦੇ। ਇਕ ਦਿਨ ਬਾਬਾ ਸਰੂਪ ਸਿੰਘ ਜੀ ਦੇ ਚਿਤ ਵਿਚ ਫੁਰਨਾ ਫੁਰੇਆ ਕਿ ਬਾਬਾ ਸਾਹਿਬ ਜੀ ਦਸਮ ਗੁਰੂ ਜੀ ਹਨ ਜਾਂ ਸਾਹਿਬਜ਼ਾਦੇ ਹਨ ਅਰਜ ਕਰੀਏ ਪਰ ਸੰਗਦੇ ਪੁਛ ਨਾ ਸਕਨ। ਏਸ ਤਰਾਂ ਦਾ ਫੁਰਨਾਂ ਕਈ ਵਾਰ ਫੁਰਿਆ ਸੀ ਪਰ ਉਸ ਦਿਨ ਬੜਾ ਤੀਬਰ ਫੁਰੇਆ ਉਤੋ ਬਾਬਾ ਸਾਹਿਬ ਜੀ ਨੇ ਚਵਾਰੇ ਸੇ ਹਾਂਕ ਮਾਰੀ ਰੀ ਸੇਢਾਂ ਸਰੂਪ ਸਿੰਘ ਜੀ ਨੂੰ ਉਤੇ ਸਾਡੇ ਪਾਸ ਭੇਜ ਦੇਓ ਮਾਈ ਸੇਢਾ ਜੀ ਨੇ ਜਾਕੇ ਬਾਬਾ ਸਰੂਪ ਸਿੰਘ ਜੀ ਨੂੰ ਕਹਿਆ ਮਹਾਰਾਜ ਆਪ ਨੂੰ ਉਤੇ ਚਵਾਰੇ ਪਰ ਬੁਲਾਓਂਦੇ ਹਨ। ਬਾਬਾ ਸਰੂਪ ਸਿੰਘ ਜੀ ਉਪਰ ਗਏ ਜਾਕੇ ਬਾਬਾ ਸਾਹਿਬ ਜੀ ਕੇ ਚਰਨਾ ਮੇ ਮਥਾ ਟੇਕੇਆ (ਉਸ ਵਖਤ ਬਾਬਾ ਸਾਹਿਬ ਜੀ ਪਲੰਘ ਪਰ ਬਿਰਾਜ ਰਹੇ ਸੇ) ਬਾਬਾ ਸਰੂਪ ਸਿੰਘ ਜੀ ਮਥਾ ਟੇਕ ਕੇ ਦੋਨੋ ਹਥ ਜੋੜ ਕਰ ਖੜੇ ਹੋ ਗਏ ਅਤੇ ਅਰਜ ਕੀਤੀ ਮਹਾਰਾਜ ਜੀ ਦਾਸ ਨੂੰ ਕੀ ਹੁਕਮ ਹੈ। ਬਾਬਾ ਸਾਹੇਬ ਨੇ ਫਰਮਾਇਆ ਸਾਡੇ ਖੁਰਕ ਹੁੰਦੀ ਹੈ ਆਪ ਦੇਖੋ ਕੋਈ ਜੀ ਨਾ ਹੋਵੇ ਬਾਬਾ ਸਰੂਪ ਸਿੰਘ ਜੀ ਪਲੰਘ ਦੇ ਕੋਲ ਬੈਠਕੇ ਦੇਖਨ ਲਗੇ (ਬੜੇ ਬਾਬਾ ਜੀ ਦੇ ਸਰੀਰ ਪਰ ਬੜੇ ਬੜੇ ਕੇਸ਼ ਸਨ) ਜੀਂ ਤਾਂ ਕੋਈ ਮਿਲੇਆ ਨਹੀਂ ਪਰ **ਬਖੀ ਪਰ ਬੜਾ ਭਾਰੀ ਘਾਓ ਦੇਖਆ ਬੜੇ ਸਸਤ੍ਰ ਦਾ ਘਾਓ ਲਗੇਆ ਵਾ ਜਖਮ ਮਿਲੇਆ** ਵਾ ਘਾਓ ਨੂੰ ਦੇਖਕੇ ਬਾਬਾ ਸਰੂਪ ਸਿੰਘ ਜੀ ਨੇ ਅਰਜ ਕੀਤੀ ਮਹਾਰਾਜ ਜੀ ਇਹ ਘਾਓ ਕਿਥੇ ਲਗੇਆ ਹੈ ਸੁਨਕੇ ਬਾਬਾ ਸਾਹਿਬ ਜੀ ਨੇ ਫੁਰਮਾਇਆ **ਏਹ ਓਹੀ ਘਾਓ ਹੈ ਜੋ ਦੱਖਣ ਮੈ ਪਠਾਣ ਨੇ ਮਾਰੇਆ ਸੀ।** ਇਹ ਸੁਣਕੇ ਬਾਬਾ ਸਰੂਪ ਸਿੰਘ ਜੀ ਨੂੰ ਪੂਰਣ ਨਿਸਚਾ ਹੋ ਗੇਆ ਕਿ ਕਲਗੀਧਰ ਦਸਮੇ ਪਾਤਸ਼ਾਹ ਪੰਥ ਦੇ ਬਾਲੀ ਹਨ ਫਿਰ ਕਦੇ ਮਨ ਨਹੀਂ ਡੋਲੇਆ ਚਰਨਾ ਮੇਂ ਨਮਸਕਾਰ ਕਰਕੇ ਹੇਠਾਂ ਉਤਰ ਆਏ।"

ਬਲਾਕ ਪੰਨਾਂ ੨੩- ਪੁਸਤਕ ਬਾਬਾ ਅਜਾਪਾਲ ਸਿੰਘ ਜੀ- ਜੋ ਬਾਬਾ ਸਰੂਪ ਸਿੰਘ ਜੀ ਨੇ ਆਪਣੀਂ ਰਸਨਾਂ ਦੁਆਰਾ ਸ੍ਰੀ ਬਾਬਾ ਨਰੈਣ ਸਿੰਘ ਜੀ ਨੂੰ ਕਹੀ ਅਤੇ ਉਨ੍ਹਾਂ ਨੇ ਸ੍ਰੀ ਬਾਬਾ ਬਿਸ਼ਨ ਸਿੰਘ ਜੀ ਨੂੰ ਲਿਖਾਈ।


(੨੩) [illegible]

[illegible]

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਯੋਤਿਸ਼ ਦੀ ਨਜ਼ਰ ਵਿਚ

ਅਮਰਜੀਤ ਸਿੰਘ

ਇਕ ਦਿਨ ਸ੍ਰੀ ਹਰਵਿੰਦਰ ਸਿੰਘ ਹੰਸਪਾਲ ਕਿਹਾ, "ਅਮਰਜੀਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਨਮ ਕੁੰਡਲੀ ਬਾਰੇ ਅਸੀਂ ਬਸੰਤ ਅੰਕ ਸੰਨ ੨੦੦੦ ਵਿਚ ਲਿਖ ਚੁਕੇ ਹਾਂ ਹੁਣ ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕੁੰਡਲੀ ਦੀ ਖੋਜ ਕਰਕੇ ਲਿਖੀਏ"। ਮੈਂ ਕਿਹਾ ਠੀਕ ਹੈ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਨਮ ਪਤ੍ਰਿਕਾ ਬਾਰੇ ਵਿਚਾਰ ਕੇ ਲਿਖਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਧਾਰਨ ਦਾ ਵੇਰਵਾ ਇਸ ਤਰ੍ਹਾਂ ਹੈ :


ਜਨਮ ਤਾਰੀਖ : ੩ ਫਰਵਰੀ ੧੮੧੬

ਜਨਮ ਸਮਾਂ : ਸਵੇਰੇ ੪:੧੦ ਵਜੇ

ਜਨਮ ਸਥਾਨ : ਪਿੰਡ ਰਾਈਆਂ ਸ੍ਰੀ ਭੈਣੀ ਸਾਹਿਬ ਲੁਧਿਆਣਾ ਪੰਜਾਬ-ਭਾਰਤਵਰਸ਼

ਇਹ ਤਾਰੀਖ, ਸਮਾਂ ਤੇ ਥਾਂ ਦੇ ਮੁਤਾਬਕ ਜਨਮ ਲਗਨ ਦਾ ਰੇਖਾ ਚਿੱਤਰ ਦਸਦਾ ਹੈ ਕਿ ਉਸ ਵੇਲੇ ਅਕਾਸ਼ ਵਿਚ ਗ੍ਰਹਿ, ਕਿਹੜੀਆਂ ਰਾਸ਼ੀਆਂ ਤੇ ਨਛੱਤਰਾਂ ਵਿਚ ਹਨ? ਲਗਨ ਕੀ ਬਣਦਾ ਹੈ? ਉਹਨਾਂ ਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਰੂਪ ਨੂੰ ਉਜਾਗਰ ਕਰਨ ਵਿਚ ਕੀ ਯੋਗਦਾਨ ਰਿਹਾ ਹੈ? ਇਸ ਦਾ ਵੇਰਵਾ ਇਸ ਤਰ੍ਹਾਂ ਹੈ

ਜਨਮ ਕੁੰਡਲੀ– ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਗ੍ਰਹਿ	ਰਾਸ਼ੀ	ਨਛੱਤਰ
ਲਗਨ	ਧਨ	ਮੂਲਾ
ਸੂਰਜ	ਮਕਰ	ਸ਼ਰਵਨ
ਬੁਧ	ਕੁੰਭ	ਸ਼ਤਭੀਸ਼ਾ
ਸ਼ੁਕਰ	ਧਨ	ਮੂਲਾ
ਮੰਗਲ	ਮੇਖ	ਭਰਨੀ
ਗੁਰੂ	ਤੁਲਾ	ਸਵਾਤੀ
ਸ਼ਨੀ	ਮਕਰ	ਸ਼ਰਵਨ
ਚੰਦਰਮਾ	ਮੀਨ	ਉਤਰ-ਪਾਦ੍ਰਪਦ
ਰਾਹੂ	ਮਿਥੁਨ	ਮ੍ਰਗਸ਼ੀਰਾ
ਕੇਤੂ	ਧਨ	ਮੂਲਾ
ਯੁਰੇਨਸ	ਵਰਿਸ਼ਚਿਕ	ਜੇਸ਼ਠਾ
ਨੇਪਚਯੂਨ	ਧਨ	ਮੂਲਾ
ਪਲੂਟੋ	ਮੀਨ	ਉਤਰ-ਪ੍ਰਾਦ੍ਰਪਦ

ਹੁਣ ਮੈਂ ਸੰਖੇਪ ਵਿਚ ਗ੍ਰਹਿਾਂ ਤੇ ਰਾਸ਼ੀਆਂ ਬਾਰੇ ਦਸ ਰਿਹਾ ਹਾਂ। ਪੁਰਾਤਨ ਜਯੋਤਿਸ਼ ਦੇ ਅਨੁਸਾਰ (ਹਿੰਦੂ ਜਯੋਤਿਸ਼) ਬਾਰਾਂ ਰਾਸ਼ੀਆਂ ਦਸੀਆਂ ਗਈਆਂ ਹਨ ਤੇ ੨੭ ਨਛੱਤਰ ਦਸੇ ਗਏ ਹਨ। ਇਕ ਰਾਸ਼ੀ ਵਿਚ ੩੦ ਡਿਗਰੀਆਂ ਹੁੰਦੇ ਹਨ ਤੇ ਇਸ ਤਰ੍ਹਾਂ ੩੦x੧੨ ਰਾਸ਼ੀਆਂ = ੩੬੦ ਡਿਗਰੀਆਂ ਬਣਦੇ ਹਨ। ਨੌ ਗ੍ਰਹਿਆਂ ਦਾ ਅਸਰ ਸੰਸਾਰ ਤੇ ਜੀਵਨ ਜੀਊਣ ਵਾਲਿਆਂ ਤੇ ਦਸਿਆ ਗਿਆ ਹੈ। ਪਰ ਪਛਮ ਜਯੋਤਿਸ਼ ਨੇ ਇਹਨਾਂ ਨੂੰ ਤਾਂ ਮੰਨਿਆ ਹੀ ਹੈ ਪਰ ਉਹਨਾਂ ਨੇ ਤਿੰਨ ਹੋਰ ਗ੍ਰਹਿ ਖੋਜੇ ਹਨ ਤੇ ਇਨਾਂ ਦਾ ਵੀ ਇਸ ਗ੍ਰਹਿ (ਪ੍ਰਿਥਵੀ) ਤੇ ਜੀਊਣ ਵਾਲਿਆਂ ਤੇ ਅਸਰ ਮੰਨਿਆ ਹੈ ਉਹ ਤਿੰਨ ਗ੍ਰਹਿ (ਇਹ ਹਨ) ਯੁਰੇਨਸ, ਨੇਪਚਯੂਨ ਤੇ ਪਲੂਟੋ ਹਨ।

ਹੁਣ ਅਸੀ ਕੁੰਡਲੀ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਿੱਤਰ ਬਾਰੇ ਜਾਣਾਗੇ।

ਸਭ ਤੋਂ ਪਹਿਲਾਂ ਅਸੀ ਜਨਮ ਕੁੰਡਲੀ ਦੇ ਲਗਨ ਬਾਰੇ ਜਾਣਾਗੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਧਨ ਲਗਨ ਵਿਚ ਹੋਇਆ ਹੈ। ਧਨ ਲਗਨ ਵਿਚ ਜਨਮ ਲੈਣ ਕਰਕੇ ਆਪ ਜੀ

ਦਾ ਮਾਨ ਸਨਮਾਨ ਪੂਰੀ ਦੁਨੀਆਂ ਵਿਚ ਰਹਿੰਦੀ ਦੁਨੀਆਂ ਤਕ ਰਹੇਗਾ। ਦੇਸ਼ਾਂ ਵਿਦੇਸ਼ਾਂ ਦੀਆਂ ਯਾਤਰਾਵਾਂ ਬਹੁਤ ਹੋਵਨਗੀਆਂ। ਭਾਵੇ ਇਸ ਗੱਲ ਦਾ ਸਾਨੂ ਨਹੀਂ ਪਤਾ ਕਿ ਉਹ ਕਿਥੇ ਹਨ ਪਰ ਕੁੰਡਲੀ ਦੇ ਮੁਤਾਬਿਕ ਉਹ ਵਿਦੇਸ਼ਾਂ ਵਿਚ ਵਿਚਰ ਰਹੇ ਹਨ।

ਧਨ ਲਗਨ ਕਰਕੇ ਲੰਬੀ ਗਰਦਨ, ਵੱਡੇ ਕੰਨ, ਸਾਧੂ ਸੁਭਾਅ, ਨਿਸਵਾਰਥ, ਗੁਨੀ ਉਦਾਰਚਿਤ, ਸ਼ਾਂਤੀ ਦੇ ਪ੍ਰਤੀਕ, ਅਨੇਕ ਭਾਸ਼ਾਵਾਂ ਦੇ ਗਿਆਤਾ, ਆਡੰਬਰਹੀਨ ਜੀਵਨ ਜੀਵਦੇ ਹਨ। ਗੁਪਤ ਵਿਧਾਵਾਂ ਦੇ ਗਿਆਤਾ, ਸਾਹਿਤ ਵਿਚ ਵੀ ਰੁਚੀ ਹੁੰਦੀ ਹੈ। ਤੇਜ ਦਿਮਾਗ ਸਪਸ਼ਟ ਵਕਤੇ, ਜਨਮਜਾਤ ਕਿਸਮਤ ਦੇ ਧਨੀ ਤੇ ਨਿਸ਼ਕਪਟ ਹੁੰਦੇ ਹਨ। ਕਿਸੀ ਸੰਸਥਾ ਦੇ ਮੁਖੀ ਤੇ ਸਨਮਾਨੇ ਗੁਰੂ ਹੁੰਦੇ ਹਨ। ਅੰਤ ਸਮੇ ਤਕ ਚੁਸਤ (Active) ਰਹਿਣਗੇ।


ਚਿਹਰ ਲੰਬਾ ਰੂਪਵਾਨ ਆਕਰਸ਼ਿਕ, ਅੱਖਾਂ ਚਮਕਦਾਰ, ਚਮਕਦੇ ਹੋਏ ਚਿਹਰੇ ਦੇ ਮਾਲਕ ਹੁੰਦੇ ਹਨ। ਆਵਾਜ਼ ਵਿਚ ਅਸਰ ਹੁੰਦਾ ਹੈ। ਨਵੇਂ ਧਰਮ ਨੂੰ ਬਨਾਉਣ ਵਾਲੇ ਤੇ ਧਰਮੀ ਹੁੰਦੇ ਹਨ। ਆਕਰਸ਼ਿਕ ਵਿਅਕਤਿਤਵ ਦੇ ਸਵਾਮੀ ਹਨ। ਦਿਆਲੂ ਵੀ ਬਹੁਤ ਹੁੰਦੇ ਹਨ। ਆਜ਼ਾਦੀ ਤੇ ਆਜ਼ਾਦ ਖਿਆਲਾਤ ਦੇ ਮਾਲਕ ਹੁੰਦੇ ਹਨ। ਖਾਲੀ ਨਹੀਂ ਬੈਠਦੇ ਤੇ ਵਕਤ ਦੀ ਕਦਰ ਕਰਨ ਵਾਲੇ ਹੁੰਦੇ ਹਨ।

ਆਪ ਜੀ ਦਾ ਅਵਤਾਰ ਸ਼ੁਕਲ ਪੱਖ ਵਿਚ ਹੋਣ ਕਰਕੇ ਸੰਸਾਰ ਪ੍ਰਸਿੱਧ ਬਣਾਉਂਦਾ ਹੈ ਤੇ ਜੀਵਨ ਵਿਚ ਬੜੀਆਂ ਔਖੀਆਂ ਘੜੀਆਂ ਵੀ ਵਿਖਾਉਂਦਾ ਹੈ। ਇਹ ਪੱਖ 'ਮੱਸਿਆ ਦੇ ਅਗਲੇ ਦਿਨ ਤੋਂ ਸ਼ੁਰੂ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦੀ ਚਲਾਈ ਨਾਮਧਾਰੀ ਲਹਿਰ ੧੯੪੭ ਤਕ ਆਜ਼ਾਦੀ ਲਈ ਲੜਦੀ ਰਹੀ ਹੈ। ਇਸ ਤਰ੍ਹਾਂ ਅੰਤ ਵਿਚ ਦੇਸ਼ ਦੀ ਸਵਤੰਤਰਤਾ ਦੀ ਪ੍ਰਾਪਤੀ ਉਹਨਾਂ ਦੀ ਹੀ ਸਫਲਤਾ ਹੈ।

ਜਨਮ ਪਤ੍ਰਿਕਾ ਦੇ ਮੁਤਾਬਿਕ ਆਪ ਜੀ ਦੀ ਰਾਸ਼ੀ ਮੀਨ ਹੈ। ਚੰਦਰਮਾ ਜਨਮ ਸਮੇ ਜਿਸ ਰਾਸ਼ੀ ਵਿਚ ਹੋਵੇ ਉਸ ਨੂੰ ਜਨਮ ਰਾਸ਼ੀ ਕਿਹਾ ਜਾਂਦਾ ਹੈ। ਚੰਦਰਮਾ ਮੀਨ ਰਾਸ਼ੀ ਵਿਚ ਹੈ ਇਸ ਕਰਕੇ ਮੀਨ ਰਾਸ਼ੀ ਹੋਈ। ਮੀਨ ਰਾਸ਼ੀ ਦਾ ਸਵਾਮੀ ਗੁਰੂ ਗ੍ਰਹਿ ਹੈ। ਗੁਰੂ ਗ੍ਰਹਿ ਤੋਂ ਅਧਿਆਤਮਕਤਾ ਦੇਖੀ ਜਾਂਦੀ ਹੈ ਤੇ ਮੀਨ ਰਾਸ਼ੀ ਜਲੀਅ ਰਾਸ਼ੀ ਹੋਣ ਕਰਕੇ, ਉਸਦੇ ਸਾਰੇ ਗੁਣ ਆਪ ਵਿਚ ਸਮਾਵੇਸ਼ ਕਰ ਗਏ ਹਨ। ਸੁਭਾਅ ਠੰਢਾ ਤੇ ਧਰਮ ਦੀ ਪਾਲਨਾ ਕਰਨ ਵਾਲੇ ਤੇ ਗਊ ਗਰੀਬ ਦੇ ਪਾਲਨਹਾਰ ਬਣ ਗਏ।

ਰਾਸ਼ੀ ਦੇ ਗੁਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਵੀ ਹਨ ਕਿਉਂਕਿ ਇਹ ਰਾਸ਼ੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਨਮ ਕੁੰਡਲੀ ਇਸ ਤਰ੍ਹਾਂ ਹੈ। ਆਪ ਜੀ ਦਾ ਅਵਤਾਰ ੨੨ ਨਵੰਬਰ ੧੯੨੦ ਵਿਚ ਸਮਾਂ ਸਵੇਰੇ ੪ ਵਜੇ ਸ੍ਰੀ ਭੈਣੀ ਸਾਹਿਬ ਜਿਲਾ ਲੁਧਿਆਨੇ ਵਿਖੇ ਹੋਇਆ।

ਸੋ ਅਸੀ ਇਸ ਕੁੰਡਲੀ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਵੀ ਰਾਸ਼ੀ ਵੇਖ ਸਕਦੇ ਹਾਂ ਕਿ ਮੀਨ ਰਾਸ਼ੀ ਹੈ। ਇਸ ਤਰ੍ਹਾਂ ਅਸੀ ਵੇਖ ਸਕਦੇ ਹਾਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਤੇ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੀ ਮੀਨ ਰਾਸ਼ੀ ਹੈ ਤੇ ਇਹਨਾਂ ਰਾਸ਼ੀਆਂ ਦੇ ਇਕੋ ਜਿਹਾ ਹੋਣ ਕਰਕੇ ਸਵਭਾਵ ਇਕੋ ਜਿਹਾ ਹੀ ਹੋਇਆ। ਉਹ ਦਿਆਲੂ ਸੁਭਾਅ ਦੇ ਮਾਲਕ ਹੁੰਦੇ ਹਨ। ਕਲਪਨਾਸ਼ੀਲ ਆਪਨੇ ਵਿਚਾਰ ਦੇ ਆਪ ਮਾਲਕ ਹੁੰਦੇ ਹਨ ਤੇ ਆਪ ਨਵੀਂ ਸਿਰਜਨਾ ਕਰਦੇ ਹਨ ਤੇ ਕਿਸੇ ਵੀ ਕੰਮ ਵਿਚ ਅਸਫਲ ਨਹੀਂ ਹੁੰਦੇ।

ਸਿਰਜਣਾ ਜਿਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਂ ਧਰਮ ਦੀ ਕੀਤੀ ਤੇ ਉਸਨੂੰ ਅਗੇ ਵਧਾਇਆ ਤੇ ਸ੍ਰੀ ਭੈਣੀ ਸਾਹਿਬ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦਿੱਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ। ਪੈਸੇ ਦੇ ਮਾਮਲੇ ਵਿਚ ਉਦਾਰਚਿਤ ਹੁੰਦੇ ਹਨ ਤੇ ਜਮ੍ਹਾ ਨਹੀਂ ਕਰਦੇ। ਦਾਨੀ ਬਹੁਤ ਜ਼ਿਆਦਾ ਹੁੰਦੇ ਹਨ। ਭਾਵੁਕ ਬਹੁਤ ਜ਼ਿਆਦਾ ਹੁੰਦੇ ਹਨ।

ਗਰੀਬ ਤੇ ਦੀਨ ਦੁਖੀਆਂ ਦੀ ਸੇਵਾ ਤੇ ਮਦਦ ਕਰਨ ਵਾਸਤੇ ਹਰ ਵਕਤ ਤਿਆਰ ਰਹਿੰਦੇ ਹਨ। ਇਹਨਾਂ ਨੂੰ ਲੰਗਰ ਲਗਾਉਣਾ ਤੇ ਗਰੀਬਾਂ ਦੀ ਸੇਵਾ ਕਰਨਾ ਚੰਗਾ ਲਗਦਾ ਹੈ। ਜਿਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਦਾਵਰਤ (ਲੰਗਰ) ਲਗਾਇਆ ਜੋ ਅਜ ਵੀ ਓਸੇ ਤਰ੍ਹਾਂ ਚਲ ਰਿਹਾ ਹੈ। ਦਾਰਸ਼ਨਿਕ ਸੰਗੀਤਕਾਰ ਵੀ ਹੁੰਦੇ ਹਨ। ਇਸੇ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਆਦਿ ਗਰੰਥ ਸਾਹਿਬ ਦੀ ਛਾਪਾਈ ਦਾ ਵਿਸ਼ੇਸ਼ ਪਰਬੰਧ ਕਰਵਾਇਆ ਤੇ ਆਲਿਆਂ ਵਿਚ ਰਖੇ ਸ੍ਰੀ ਆਦਿ ਗਰੰਥ ਸਾਹਿਬ ਦਾ ਪਰਕਾਸ਼ ਕਰਵਾਇਆ ਤੇ ਲੋਕਾਂ ਨੂੰ ਸ੍ਰੀ ਆਦਿ ਗਰੰਥ ਸਾਹਿਬ ਦਾ ਸਨਮਾਨ ਕਰਨਾ ਸਿਖਾਇਆ।

ਇਕੋ ਰਾਸ਼ੀ ਹੋਣ ਕਰਕੇ ਇਸ ਰਾਸ਼ੀ ਦੇ ਸਵਾਮੀ

ਦੂਸਰਿਆਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦੇ ਹਨ। ਭਾਵੇਂ ਅਪਣੀ ਗੱਲ ਕਹਿਣ ਦਾ ਮੌਕਾ ਨ ਮਿਲੇ। ਇਹਨਾਂ ਦੀ ਨਮਰਤਾ, ਸਹਾਨੁਭੂਤੀ, ਦਇਆ ਤੇ ਆਕਰਸ਼ਕ ਵਿਅਕਤਿਤਵ ਦੂਸਰਿਆਂ ਨੂੰ ਮੋਹ ਲੈਂਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਜਨਮ ਪਤ੍ਰਿਕਾਵਾਂ ਦੀਆਂ ਕਈ ਗੱਲਾਂ ਇਕੋ ਜਿਹੀਆਂ ਹਨ ਤੇ ਮੇਲ ਖਾਂਦੀਆਂ ਹਨ। ਰਾਸ਼ੀ ਤੇ ਨਛੱਤਰ ਇਕ ਹੋਣ ਕਰਕੇ ਜੋ ਕੰਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤੇ ਉਹਨਾਂ ਨੂੰ ਵਧਾਇਆ ਤੇ ਸਮਾਜ ਕਲਯਾਨ ਦੇ ਕੰਮ ਸ਼ੁਰੂ ਕੀਤੇ। ਸਮਾਜ ਦੀ ਭਲਾਈ ਤੇ ਹਰ ਤਰ੍ਹਾਂ ਨਾਲ ਸੇਵਾ ਕੀਤੀ ਤੇ ਕਰ ਰਹੇ ਹਨ। ਜਿਸ ਤਰ੍ਹਾਂ ਅੱਛੀ ਵਿਦਿਆ ਵਾਸਤੇ ਸਕੂਲ ਕਾਲੇਜ ਖੋਲੇ। ਇਸਤਰੀਆਂ ਦੀ ਭਲਾਈ ਵਲ ਵਿਸ਼ੇਸ਼ ਧਿਆਨ ਦਿੱਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਕਾਨੂੰਨ ਬਣਾਏ ਉਹਨਾਂ ਨੂੰ ਅੱਗੇ ਤੋਰਿਆ । ਜਿਸ ਤਰ੍ਹਾਂ ਬਿਨਾਂ ਦਾਜ-ਦਹੇਜ ਦੇ ਆਨੰਦ ਕਾਰਜ ਹੋਣ। ਤੇ ਵਿਧਵਾ ਇਸਤਰੀ ਦਾ ਆਨੰਦ ਕਾਰਜ ਸ਼ੁਰੂ ਕਰਵਾਇਆ ਤੇ ਸਭ ਤੋਂ ਪਹਿਲਾਂ ਇਸਤਰੀਆਂ ਨੂੰ ਅੰਮ੍ਰਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਛਕਾਇਆ ਤੇ ਸਮਾਜ ਵਿਚ ਮਰਦਾਂ ਦੇ ਬਰਾਬਰ ਦਰਜਾ ਦਿੱਤਾ ਤੇ ਕੰਧੇ ਨਾਲ ਕੰਧਾ ਮਿਲਾ ਕੇ ਚਲਣਾ ਸਿਖਾਇਆ। ਇਸੇ ਤਰ੍ਹਾਂ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਸਮਾਜ ਦੀ ਭਲਾਈ ਵਾਸਤੇ ਲੁਧਿਆਣੇ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ (Apollo Hospital) ਬਣਵਾ ਰਹੇ ਹਨ ਜਿਸ ਦੇ ਬਣਨ ਨਾਲ ਹਰ ਤਬਕੇ ਦੇ ਲੋਕਾਂ ਦਾ ਇਲਾਜ ਕੀਤਾ ਜਾਵੇਗਾ। ਉਤਰ ਭਾਰਤ ਵਿਚ ਇਹ ਆਪਣੀ ਤਰ੍ਹਾਂ ਦਾ ਪਹਿਲਾ ਹਸਪਤਾਲ ਹੋਵੇਗਾ ਜਿਸ ਵਿਚ ਗਰੀਬਾਂ ਦਾ ਇਲਾਜ ਬਿਲਕੁਲ ਮੁਫਤ ਕੀਤਾ ਜਾਵੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਸ਼ੁਰੂ ਕੀਤੇ ਕੰਮਾਂ ਨੂੰ ਨੂੰ ਅਗੇ ਤੋਰਿਆ ਤੇ ਸਮਾਜ ਦੀ ਭਲਾਈ ਵਾਸਤੇ ਹਰ ਤਰ੍ਹਾਂ ਨਾਲ ਮਦਦ ਕੀਤੀ ਤੇ ਕਰ ਰਹੇ ਹਨ। ਇਸ ਦੇ ਨਾਲ-ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਆਦਿ ਗਰੰਥ ਸਾਹਿਬ ਜੀ ਦੇ ਵਿਚ ਦੱਸੀਆ ਰੀਤਾਂ ਤੇ ਰਾਗਾਂ ਨੂੰ ਸੰਜੋਇਆ ਤੇ ਨਵੇਂ ਰਾਗਾਂ ਦੀ ਉਤਪਤੀ ਕੀਤੀ ਤੇ ਨਵੀਆਂ ਖੋਜ ਧੁਨੀਆਂ ਦੀ ਵੀ ਕੀਤੀ ਤੇ ਬਹੁਤ ਸਾਰੇ ਬੱਚਿਆਂ ਨੂੰ ਰਾਗਾਂ ਦਾ ਗਿਆਨ ਸਿਖਾਇਆ ਤੇ ਰਾਗ ਵਿਚ ਕੀਰਤਨ ਕਰਨਾ ਦਸਿਆ ਜਿਸ ਦੀ ਸਾਰਾ ਸੰਸਾਰ ਵਡਿਆਈ ਕਰਦਾ ਹੈ। ਸਮਾਜ ਦੀ ਸੇਵਾ ਕਰਨ ਵਾਸਤੇ ਹਰ ਵਕਤ ਤਿਆਰ ਰਹਿੰਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਵੇਰੀ ਸ੍ਰੀ ਆਦਿ ਗ੍ਰੰਥ ਸਾਹਿਬ ਛਪਾਉਣ ਵਾਸਤੇ ਭਰਪੂਰ ਸਹਿਯੋਗ ਦਿੱਤਾ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਮਾਨ ਸਨਮਾਨ ਨੂੰ ਅੱਗੇ ਤੋਰਿਆ ਤੇ ਸੰਗਤ ਨੂੰ ਮਾਨ-ਸਨਮਾਨ ਕਰਨਾ ਸਿਖਾਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਨਛੱਤਰ ਉਤਰਾ-ਪਾਦਰਪਦ ਹੈ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵੀ ਹੈ। ਉਤਰਾ-ਪਾਦਰਪਦ ੨੭ ਨਛੱਤਰਾਂ ਵਿਚੋਂ ਇਕ ਨਛੱਤਰ ਹੈ ਜਿਸ ਦੇ ਵਿਚ ਜਨਮ ਲੈਣ ਵਾਲਿਆਂ ਵਿਚ ਇਹ ਗੁਣ ਹੁੰਦੇ ਹਨ। ਇਸ ਦੇ ਮੁਤਾਬਿਕ ਜੁਗਤ ਨਾਲ ਕੰਮ ਕਰਨ ਤੇ ਵਿਚਿਤਰ ਵਸਤੂਆਂ ਦੇ ਚਾਹਵਾਨ ਹੁੰਦੇ ਹਨ। ਹਾਸਰਸੀ ਤੇ ਸਰਕਾਰੇ ਦਰਬਾਰੇ ਅਸਰ ਰਸੂਖ ਰਖਣ ਵਾਲੇ ਤੇ ਆਪਣੀ ਕੁਲ ਦੀ ਸ੍ਰੇਸ਼ਠਤਾ ਦੇ ਅਭਿਮਾਨੀ ਤੇ ਉਦਾਰਚਿਤ ਹੁੰਦੇ ਹਨ। ਇਹ ਸਿਫਤਾਂ ਸ੍ਰੀ ਸਤਿਗੁਰੂ ਜੀ ਵਿਚ ਹਨ ਆਪ ਜੀ ਚੰਗੀ ਤਰ੍ਹਾਂ ਜਾਣਦੇ ਹੋ।

ਸ੍ਰੀ ਸਤਿਗੁਰੂ ਰਾਮ ਸਿਘ ਜੀ ਨੇ ਦੇਸ਼ ਦੀ ਆਜ਼ਾਦੀ ਵਾਸਤੇ ਕਿੰਨਾ ਕੁਝ ਕੀਤਾ ਤੇ ਦੂਸਰੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਕਿਸ ਤਰ੍ਹਾਂ ਸੰਬੰਧ ਸਥਾਪਿਤ ਕੀਤੇ ਤੇ ਕਿਸ ਤਰ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਯਤਨ ਕੀਤਾ। ਸ੍ਰੀ ਸਤਿਗੁਰੂ ਜੀ ਦੇ ਬਣਾਏ ਸੰਬੰਧ ਅਜ ਵੀ ਭਾਰਤਵਰਸ਼ ਦੇ ਰੂਸ ਨਾਲ ਬਣੇ ਹੋਏ ਹਨ ਤੇ ਅਜ ਵੀ ਕਿਸ ਤਰ੍ਹਾਂ ਰੂਸ ਭਾਰਤ ਦੀ ਮਦਦ ਕਰਦਾ ਰਹਿੰਦਾ ਹੈ। ਇਹ ਸਭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਸਦਕਾ ਹੀ ਹੈ ਜੋ ਕਿ ਭਾਰਤ ਦਾ ਨਾਂ ਦੁਨੀਆ ਵਿਚ ਰੌਸ਼ਨ ਹੋਇਆ। ਰੂਸ ਦੇ ਨਾਲ-ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਸ਼ਮੀਰ, ਨੇਪਾਲ ਤੇ ਅਫਗਾਨਿਸਤਾਨ ਨਾਲ ਸੰਬੰਧ ਸਥਾਪਿਤ ਕੀਤੇ। ਉਤਰਪਾਦਰਪਦ ਨਛੱਤਰ ਹੋਣ ਕਰਕੇ ਇਸ ਨਛੱਤਰ ਦੇ ਮਾਲਕ ਸਦਾ ਭਾਗਸ਼ਾਲੀ ਹੁੰਦੇ ਹਨ। ਧਾਰਮਿਕ ਕੰਮ ਤੇ ਸਾਂਜ ਭਲਾਈ ਦੇ ਕੰਮ ਕਰਦੇ ਹਨ। ਸਦਾ ਸਤ ਕਰਮ ਕਰਨ ਵਾਲੇ ਹੁੰਦੇ ਹਨ। ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਹੈ। ਇਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਇਕ ਸਾਧਾਰਨ ਪਿੰਡ ਤੇ ਪਰਿਵਾਰ ਵਿਚ ਅਵਤਾਰ ਧਾਰ ਕੇ ਉਹਨਾਂ ਦੀ ਕੀਰਤੀ ਸਾਰੇ ਸੰਸਾਰ ਵਿਚ ਫੈਲੀ ਤੇ ਸੰਸਾਰ ਪ੍ਰਸਿੱਧ ਹੋਏ।

ਹੁਣ ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਨਮ ਪਤ੍ਰਿਕਾ ਦੇ ਗ੍ਰਹਾਂ ਬਾਰੇ ਵਿਸਤਾਰ ਵਿਚ ਜਾਂਦੇ ਹਾਂ ਕਿ ਇਹਨਾਂ ਦੇ ਗ੍ਰਹਿ ਕਿਸ ਰਾਸ਼ੀ ਵਿਚ ਹਨ ਤੇ ਕਿਹੜੇ ਘਰ ਵਿਚ ਬੈਠ ਕੇ ਕੀ ਫਲ ਕਰ ਰਹੇ ਹਨ ਕਰ ਰਿਹਾ ਹੈ।

ਸ਼ੁਰੂ ਅਸੀਂ ਸੂਰਜ ਤੋਂ ਕਰਦੇ ਹਾਂ ਉਹ ਕਿਸ ਤਰ੍ਹਾਂ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕੁੰਡਲੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸੂਰਜ ਜਨਮ ਪਤ੍ਰਿਕਾ ਦੇ ਦੂਸਰੇ ਘਰ ਵਿਚ ਮਕਰ ਰਾਸ਼ੀ ਵਿਚ ਹੈ ਜੋ ਕਿ ਸ਼ਨੀ ਦੀ ਆਪਣੀ ਰਾਸ਼ੀ ਹੈ। ਇਸ

ਤਰ੍ਹਾਂ ਸੂਰਜ ਸ਼ਤਰੂ ਰਾਸ਼ੀ ਵਿਚ ਵਿਰਾਜਮਾਨ ਹੈ। ਇਸ ਦੇ ਨਾਲ ਸ਼ਨੀ ਗ੍ਰਹਿ ਵੀ ਹੈ। ਇਹਨਾਂ ਦੇ ਇਕੱਠੇ ਹੋਣ ਕਰਕੇ ਵਿਛੋੜਾ ਹੁੰਦਾ ਹੈ। ਦੂਸਰਾ ਘਰ ਧਨ ਦਾ ਹੁੰਦਾ ਹੈ ਤੇ ਇਸ ਨੂੰ ਅਠਵੇਂ ਘਰ ਦੇ ਸਾਹਮਣੇ, ਹੋਣ ਕਰਕੇ ਮਾਰਕੇਸ਼ ਆਖਿਆ ਜਾਂਦਾ ਹੈ ਕਿਉਂਕਿ ਅਠਵਾ ਘਰ ਮਿਰਤੂ ਯਾ ਮਾਰਕੇਸ਼ ਦਾ ਹੈ। ਸੂਰਜ ਤੋਂ ਸਰਕਾਰ ਦੇ ਬਾਰੇ ਵੀ ਜਾਣਿਆ ਜਾਂਦਾ ਹੈ ਇਸ ਦੇ ਤੇ ਸ਼ਨੀ ਦੇ ਨਾਲ ਹੋਣ ਕਰਕੇ ਸਰਕਾਰ ਨਾਲ ਨਾਰਾਜਗੀ ਹੋਈ ਤੇ ਅੰਤ ਵਿਚ ਜਲਾਵਤਨ ਹੋਣਾ ਪਿਆ। ਸੂਰਜ 'ਆਤਮਾ' ਕਾਰਕ ਵੀ ਹੈ 'ਇਸ ਦੇ ਨਾਲ ਸ਼ਨੀ' ਕਾਰਨ ਆਤਮਾ ਬਲਵਾਨ ਹੁੰਦੀ ਹੈ ਤੇ ਆਤਮਿਕ ਬੱਲ ਬਹੁਤ ਵੱਧ ਜਾਂਦਾ ਹੈ। ਅਸੀਂ ਅੰਦਾਜਾ ਲਗਾ ਸਕਦੇ ਹਾਂ ਕਿ ਕਿਸ ਤਰ੍ਹਾਂ ਆਜ਼ਾਦੀ ਦੇ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਸੰਘਰਸ਼ ਕੀਤਾ ਤੇ ਸਰਕਾਰ ਨਾਲ ਨਾਰਾਜ਼ਗੀ ਹੋਈ ਤੇ ਜਲਾਵਤਨ ਹੋਣਾ ਪਿਆ। ਸੂਰਜ ਇਸ ਘਰ ਵਿਚ ਚੰਗੇ ਕਰਮ ਕਰਨ ਵਾਲੇ, ਲੰਬੀ ਉਮਰ ਜੀਉਣ ਵਾਲੇ, ਇੱਛਾ ਸ਼ਕਤੀ ਦੇ ਕਾਰਨ ਨਵੀਆਂ ਯੋਜਨਾਵਾਂ ਬਣਾਉਂਦੇ ਹਨ ਤੇ ਦੈਨਿਕ ਜੀਵਨ ਵਿਚ ਰਾਜਸੀ ਸੰਬੰਧ ਬਣਾਂਦੇ ਹਨ। ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਹੈ ਰੂਸ, ਕਸ਼ਮੀਰ, ਨੇਪਾਲ ਤੇ ਅਫਗਾਨਿਸਤਾਨ ਨਾਲ ਉਸ ਵਕਤ ਸੰਬੰਧ ਕਾਇਮ ਕੀਤੇ।

ਚੰਦਰਮਾ ਲਗਨ ਪਤ੍ਰਿਕਾ ਵਿਚ ਚੌਥੇ ਘਰ ਵਿਚ ਮੀਨ ਰਾਸ਼ੀ ਵਿਚ ਹੈ। ਚੌਥਾ ਘਰ ਮਨ ਦਾ ਤੇ ਘਰ, ਮਾਤਾ ਦਾ ਕਾਰਕ ਘਰ ਹੈ। ਚੰਦਰਮਾ ਦੇ ਇਥੇ ਹੋਣ ਕਰਕੇ ਮਨ ਦੇ ਸੱਚੇ ਤੇ ਸਦਾ ਸਮਾਜ ਦੀ ਭਲਾਈ ਦੇ ਬਾਰੇ ਸੋਚਣ ਵਾਲੇ ਹੁੰਦੇ ਹਨ। ਸ਼ਨੀ ਗ੍ਰਹਿ ਜੋ ਦੂਸਰੇ ਘਰ ਵਿਚ ਹੋਣ ਕਰਕੇ ਤੀਜੀ ਦ੍ਰਿਸ਼ਟੀ ਨਾਲ ਚੰਦਰਮਾ ਨੂੰ ਵੇਖ ਰਿਹਾ ਹੈ। ਇਸ ਕਰਕੇ ਮਨ ਨੂੰ ਵੈਰਾਗੀ ਬਣਾਉਣਾ ਹੈ। ਭਾਵੁਕ ਵੀ ਬਣਾਉਂਦਾ ਹੈ ਤੇ ਹਿੰਮਤ ਸ਼ਕਤੀ ਵੀ ਦੇਂਦਾ ਹੈ। ਚੰਦਰਮਾ ਦੇ ਇਥੇ ਹੋਣ ਕਰਕੇ ਆਪਣੇ ਪਰਿਵਾਰ ਵਿਚ ਸਰਵਸ੍ਰੇਸ਼ਟ, ਪੁੰਨ ਆਤਮਾ, ਦਾਨੀ, ਵਿਦਵਾਨ, ਭਾਗਵਾਨ ਯਸ਼ਵੀ ਤੇ ਵਾਹਨ ਯੁਕਤ ਹੁੰਦੇ ਹਨ। ਇਸ ਦੇ ਕਾਰਨ ਦੇਸ਼ ਭਗਤੀ ਬਹੁਤ ਜਿਆਦਾ ਹੁੰਦੀ ਹੈ। ਇਹ ਹਿੰਮਤੀ ਹੁੰਦੇ ਹਨ। ਵਿਸ਼ਵ ਪ੍ਰਸਿੱਧ ਤੇ ਪੂਜਨੀਯ ਬਣਦੇ ਹਨ। ਪਰੋਪਕਾਰ ਤੇ ਸ਼ੁਭ ਕੰਮ ਕਰਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਸਤੇ ਤੇ ਸਮਾਜ ਭਲਾਈ ਵਾਸਤੇ ਸਦਾ ਯਤਨ ਕਰਦੇ ਰਹੇ।

ਚੰਦਰਮਾ ਦੇ ਮੀਨ ਰਾਸ਼ੀ ਵਿਚ ਹੋਣ ਬਾਰੇ ਗਰੰਥ ਸਾਰਾਵਲੀ ਵਿਚ '੭੯' ਸਲੋਕ ਇਸ ਤਰ੍ਹਾਂ ਹੈ।

शिल्पोत्पन्नाधिकारो ड्हितजयनि पुणः शास्त्रविच्चारूदेहो
गेमज्ञो धर्मनिष्ठो बहुयुवतिरतः सौख्य भाक् भूपसेवी।
ईषत्कोपो महत्कः सुखनिधिधनूाक् स्त्रीजितः सत्स्वभावो
यानास्ततकः समुद्रेतिमियुगलगते।

ਜਨਮ ਸਮਾਂ ਚੰਦਰਮਾ ਮੀਨ ਰਾਸ਼ੀ ਵਿਚ ਹੋਵੇ ਤਾਂ ਸ਼ਿਲਪ ਸ਼ਾਸਤਰ ਵਿਚ ਮਾਹਿਰ, ਸ਼ਤਰੂ ਨੂੰ ਜਿੱਤਣ ਵਾਲੇ, ਸ਼ਸਤਰ ਗਿਆਤਾ, ਸੁੰਦਰ ਸਰੀਰ ਵਾਲੇ, ਗਾਨ ਵਿਧਾ ਦੇ ਜਾਣਨ ਵਾਲੇ, ਧਰਮਾਤਮਾ ਸੁਖਭਾਗੀ ਤੇ ਮ੍ਰਿਦੁਵਾਨੀ, ਥੋੜੇ ਗੁੱਸੇ ਵਾਲੇ, ਵੱਡੇ ਮਸਤਕ ਵਾਲੇ, ਸੁਖੀ ਸਮੁੰਦਰੀ ਜਹਾਜ ਵਿਚ ਬੈਠਣ ਵਾਲੇ ਤੇ ਦਾਨੀ ਹੁੰਦੇ ਹਨ।

ਮੰਗਲ ਗ੍ਰਹਿ ਸ੍ਰੀ ਸਤਿਗੁਰੂ ਜੀ ਦੀ ਕੁੰਡਲੀ ਵਿਚ ਮੇਖ ਰਾਸ਼ੀ ਵਿਚ ਪੰਜਵੇਂ ਘਰ ਵਿਚ ਹੈ। ਇਹ ਇਸ ਦੀ ਆਪਣੀ ਰਾਸ਼ੀ ਹੈ। ਇਸ ਕਰਕੇ ਇਸ ਦਾ ਪ੍ਰਭਾਵ ਵਧ ਜਾਂਦਾ ਹੈ। ਇਸ ਦੇ ਕਾਰਨ ਸਤਿਗੁਰੂ ਜੀ ਤੇਜਸਵੀ, ਸਤਿਆਭਾਸ਼ੀ ਜਨ ਸਮੁਦਾਇ ਦੇ ਸਵਾਮੀ, ਦਾਨੀ ਤੇ ਗਊ ਦੇ ਪਾਲਨਹਾਰ ਹੁੰਦੇ ਹਨ। ਇਸ ਕਾਰਨ ਕਰਮਠ ਉਤਸ਼ਾਹੀ ਪਰਗਲੱਭ ਤੇ ਲੰਬੀ ਉਮਰ ਨੂੰ ਭੋਗਣ ਵਾਲੇ ਹੁੰਦੇ ਹਨ। ਪੰਜਵਾਂ ਘਰ ਪੂਰਵ ਜਨਮ ਦਾ ਵੀ ਹੈ ਤੇ ਬੁਧੀ ਦਿਮਾਗ ਦਾ ਹੋਣ ਕਰਕੇ ਇਥੇ ਮੰਗਲ ਦੇ ਹੋਣ ਕਰਕੇ ਤੇਜ ਦਿਮਾਗ ਦੇ ਮਾਲਕ ਹੁੰਦੇ ਹੈ। ਇਹਨਾ ਦੀ ਸੋਚ ਬਾਰੇ ਰਹਿੰਦੀ ਦੁਨੀਆ ਤਕ ਇਹਨਾਂ ਦੀਆਂ ਗੱਲਾਂ ਯਾਦ ਕੀਤੀਆਂ ਜਾਂਦੀਆਂ ਹਨ। ਇਹ ਯੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕੁੰਡਲੀ ਵਿਚ ਮੰਗਲ ਉਚ ਰਾਸ਼ੀ ਵਿਚ ਹੋਣ ਕਰਕੇ ਇਸ ਦਾ ਫਲ ਕਈ ਗੁਣ ਵੱਧ ਜਾਂਦਾ ਹੈ ਤੇ ਜ਼ਿਆਦਾ ਉਤਸ਼ਾਹੀ ਤੇ will power ਤੇ ਹਿੰਮਤ ਦੇਂਦਾ ਹੈ।

ਮੇਖ ਰਾਸ਼ੀ ਵਿਚ ਮੰਗਲ ਬਾਰੇ ਲਿਖਿਆ ਹੈ।

तेजस्वी सत्ययुतः शूरः क्षितिपोडथवा रणश्लाधी।

साहसकर्माभिरतश्चमू पुरग्राम वृन्दपतिः॥ १॥

राभसिको दानरतः प्रभूतोडजाविधान्यकरः।

भौभे क्रिये प्रचण्डो बहुयुवतिरतो भवेत्पुरुषः॥ २॥

ਮੇਖ ਰਾਸ਼ੀ ਵਿਚ ਮੰਗਲ ਦੇ ਹੋਣ ਕਰਕੇ ਤੇਜਸਵੀ, ਸਤਿਆਭਾਸ਼ੀ, ਵੀਰ ਰਾਜਾ, ਯੁਧਅਭਆਸੀ। ਸਾਹਸੀ, ਕੰਮ ਵਿਚ ਤਤਪਰ ਰਹਿਣ ਵਾਲੇ, ਸੈਨਾ ਯਾ ਪਿੰਡ ਯਾ ਸਮਾਜ, ਜਨ ਸਮੁਦਾਇ ਦੇ ਸਵਾਮੀ, ਖੁਸ਼ ਰਹਿਣ ਵਾਲੇ, ਗਊ ਤੇ ਬਕਰੀ ਦੇ ਪਾਲਨਹਾਰ ਤੇ ਅੰਨ ਦੀ ਸੇਵਾ ਕਰਨ ਵਾਲੇ ਤੇ ਇਕੱਠੇ ਕਰਨ ਵਾਲੇ ਹੁੰਦੇ ਹਨ।

ਬੁਧ ਗ੍ਰਹਿ ਕੁੰਡਲੀ ਦੇ ਤੀਸਰੇ ਘਰ ਵਿਚ ਕੁੰਭ ਰਾਸ਼ੀ ਵਿਚ ਹੈ। ਇਹ ਘਰ ਛੋਟੇ ਭੈਣ ਭਰਾ, ਹਿੰਮਤ ਸ਼ਕਤੀ ਤੇ ਨੇੜੇ ਆਲੇ-ਦੁਆਲੇ ਰਹਿਣ ਵਾਲਿਆਂ ਦਾ ਹੈ। ਬੁਧ ਕੁੰਭ ਵਿਚ ਹੋਣ ਕਰਕੇ ਸਮਾਜ ਵਾਸਤੇ ਸੋਚਦੇ ਹਨ ਤੇ ਸਮਾਜ ਕਲਿਆਣ ਦੇ ਕੰਮ ਕਰਦੇ ਹਨ। ਇਸ ਦੇ ਨਾਲ-ਨਾਲ ਦੂਰਦਰਸ਼ੀ ਹਿੰਮਤੀ, ਅਕਾਲ ਪੁਰਖ ਦੀ ਪੂਜਾ ਕਰਦੇ ਤੇ ਕਰਵਾਉਂਦੇ ਹਨ।

ਦੇਸ਼ਾ ਵਿਦੇਸ਼ਾਂ ਵਿਚ ਸਨਮਾਨ ਮਿਲਦਾ ਹੈ। ਧਰਮਵੇਤਾ, ਦਾਨਸ਼ੀਲ ਤੇ ਗੂੜ ਗਿਆਨ ਦੇ ਗਿਆਤਾ ਹੁੰਦੇ ਹਨ। ਨੇੜੇ ਯਾ ਆਲੇ ਦੁਆਲੇ ਰਹਿਣ ਵਾਲਿਆਂ ਦਾ ਪਰਭਾਵ ਜੀਵਨ ਤੇ ਇਸ ਤਰ੍ਹਾਂ ਹੋਇਆ ਕਿ ਸਾਨੂੰ ਪਤਾ ਹੈ, ਕਿ ਮਲੇਰਕੋਟਲੇ ਜਾਣ ਵਾਲੇ ਸਿੰਘਾਂ ਨੇ ਸ੍ਰੀ, ਸਤਿਗੁਰੂ ਜੀ ਦਾ ਬਚਨ ਨਹੀ ਸੀ ਮੰਨਿਆ ਜਿਸ ਕਰਕੇ ਸਤਿਗੁਰੂ ਜੀ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਤੀਸਰੇ ਘਰ ਵਿਚ ਬੁਧ ਹੋਣ ਕਰਕੇ ਧਰਮਾਤਮਾ ਤੇ ਹਿੰਮਤੀ ਹੁੰਦੇ ਹਨ।

ਵ੍ਰਿਤ ਰਾਸ਼ੀ ਵਿਚ ਬੁਧ ਦਾ ਫਲ ਸਲੋਕ ਦੇ ਰੂਪ ਵਿਚ ਗਰੰਥਾਂ ਵਿਚ ਇਸ ਤਰ੍ਹਾਂ ਨਾਲ ਵਰਨਣ ਹੈ :

वाग्बुद्धिकर्मनिरतः प्रकीर्णधर्मार्थ वर्जविहितार्यः।

परपरिभूतो न शुचिः शीलविही न स्तथा ज्ञश्च ॥२॥

अतिदुष्टदारशत्रुभोगैस्त्यत्को घटे विवाश्चभवति।

अतिदुर्भगोऽतिभीरूः क्लीबो मलिनो विषेयमूच॥ २२॥

ਇਸ ਦੇ ਅਨੁਸਾਰ ਵਾਣੀ-ਬੁਧਿਕਰਮ ਵਿਚ ਲਗੇ ਰਹਿਣਾ, ਅਨੇਕ ਧਰਮ ਕਰਮ ਵਿਚ ਤਤਪਰ ਕ੍ਰਿਤ ਕਾਰਜ ਤੇ ਤਿਆਗੀ, ਸ਼ਤਰੂ ਨਾਲ ਪ੍ਰਤੀਤ ਤਰ੍ਹਾਂ ਦੇ ਗੁਣ ਹੁੰਦੇ ਹਨ।

ਗੁਰੂ ਗ੍ਰਹਿ ਸ੍ਰੀ ਸਤਿਗੁਰੂ ਜੀ ਦੀ ਕੁੰਡਲੀ ਵਿਚ ਤੁਲਾ ਰਾਸ਼ੀ ਵਿਚ ਗਿਆਰਵੇਂ ਘਰ ਵਿਚ ਹੈ। ਇਸ ਦਾ ਲਗਨ ਧਨ ਰਾਸ਼ੀ ਤੇ ਤੁਲਾ ਰਾਸ਼ੀ ਦੇ ਗ੍ਰਹਿ ਦਾ ਇਕ ਦੂਜੇ ਘਰ ਵਿਚ (Exchange) ਹੋਇਆ ਹੈ ਜਿਸ ਕਾਰਨ ਇਹ ਗੁਰੂ ਲਗਨ ਦੇ ਉਤੇ ਆਪਣੀ ਧਨ ਰਾਸ਼ੀ ਤੇ ਵੀ ਅਸਰ ਪਾਉਂਦਾ ਹੈ। ਇਸਦੇ ਨਾਲ ਨਾਲ ਲਗਨ ਦਾ ਮਾਲਿਕ ਵੀ ਹੈ। ਇਸ ਕਰਕੇ ਨਵੇਂ ਧਰਮ ਦੇ ਜਨਮ ਦਾਤਾ ਬਣੇ। ਇਸ ਗ੍ਰਹਿ ਕਰਕੇ ਭਵਿੱਖ ਦੀਆਂ ਹੋਣ ਵਾਲੀਆਂ ਗਲਾਂ ਦਾ ਪਹਿਲੇ ਹੀ ਪਤਾ ਚਲ ਜਾਂਦਾ ਹੈ। ਗੁਰੂ ਇਸ ਥਾਂ ਤੋਂ ਪੰਜਵੀ, ਸੱਤਵੀ ਤੇ ਨੌਵੀਂ ਦ੍ਰਿਸ਼ਟੀ ਨਾਲ ਬੁਧ, ਮੰਗਲ ਤੇ ਰਾਹੂ ਗ੍ਰਹਿ ਨੂੰ ਦੇਖ ਕੇ ਸ਼ੁਭ ਫਲ ਦੇ ਰਿਹਾ ਹੈ ਤੇ ਇਸ ਕਰਕੇ ਦੇਸ਼ ਦੀ ਆਜ਼ਾਦੀ ਦੇ ਸ਼ੁਭ ਕਰਮ ਦੀ ਵਾਗਡੋਰ ਸੰਭਾਲੀ ਤੇ ਸ਼ੁਰੂਆਤ ਕੀਤੀ। ਇਸ ਦੇ ਵੇਖਣ ਨਾਲ ਲੰਬੀ ਉਮਰ ਹੁੰਦੀ ਹੈ। ਆਪ ਜੀ ਦੇ ਕੀਤੇ ਕੰਮ ਸਮਾਜ ਵਿਚ ਯਾਦ ਕੀਤੇ ਜਾਂਦੇ ਹਨ ਤੇ ਪ੍ਰਸਿੱਧੀ ਮਿਲਦੀ ਹੈ। ਜੋ ਆਪ ਜੀ ਨੂੰ ਯਾਦ ਕਰੇ ਉਸ ਦੇ ਅੰਗ-ਸੰਗ ਸਹਾਈ ਹੋ ਕੇ ਮਦਦ ਕਰਦੇ ਹਨ। ਜਿਸ ਤਰ੍ਹਾਂ ਅੰਗ-ਸੰਗ ਸਹਾਈ ਹੋ ਕੇ ਭਾਈ ਰਾਇ ਸਿੰਘ ਜੀ ਦੀ ਰਖਿਆ ਕੀਤੀ। ਸ਼ੁਕਰ ਰਾਸ਼ੀ ਤੁਲਾ ਵਿਚ ਗੁਰੂ ਦੇ ਹੋਣ ਕਰਕੇ ਤੇ ਮੰਗਲ ਨੂੰ ਵੇਖਣ ਨਾਲ ਇਹਨਾਂ ਨੂੰ ਰਾਜ ਪੁਰਸ਼ ਵੀ ਕਿਹਾ ਜਾਂਦਾ ਹੈ।

ਤੁਲਾ ਰਾਸ਼ੀ ਵਿਚ ਗੁਰੂ ਦੇ ਹੋਣ ਕਰਕੇ ਇਸ ਸਲੋਕ ਵਿਚ ਗਰੰਥਾਂ ਵਿੱਚ ਵਰਨਣ ਇਸ ਤਰ੍ਹਾਂ ਹੈ:

मेधावी बहुसुतो विदेशचर्यागतःप्रभूतधनः।

भूपप्रियोविनीतोनटनर्तकसंगृहीतधनः॥३॥

कांतःश्रुताभिनिक्तोमहत्तरःसार्थवाहर्वापपज्ञहि।

वणिजीन्द्रमन्त्रिणि गते सुरातिथीज्यारतः प्राज्ञः॥४॥

ਬੁਧੀਮਾਨ ਜ਼ਿਆਦਾ ਪੁਤਰਾਂ ਵਾਲੇ-ਸਾਰੀ ਸੰਗਤ ਯਾ ਉਹਨਾਂ ਨੂੰ ਮੰਨਣ ਵਾਲਿਆਂ ਨੂੰ ਪੁਤਰ ਹੀ ਆਖਿਆ ਜਾਂਦਾ ਹੈ। ਵਿਦੇਸ਼ਾਂ ਵਿਚ ਘੁੰਮਣ ਵਾਲੇ ਪਰੇਮੀ, ਸੁੰਦਰ, ਸ਼ਸਤਰਅਭਿਆਸੀ ਦੇਵਤੇ ਤੇ ਅਤਿਥੀ ਦੀ ਪੂਜਾ ਕਰਨ ਵਾਲੇ ਤੇ ਵਿਦਵਾਨ ਹੁੰਦੇ ਹਨ।

ਸ਼ੁਕਰ ਲਗਨ ਵਿਚ ਧਨ ਰਾਸ਼ੀ ਹੈ। ਇਸ ਦੇ ਬਾਰੇ ਗਰੰਥਾਂ ਵਿਚ ਇਸ ਤਰ੍ਹਾਂ ਨਾਲ ਲਿਖਿਆ ਹੈ :

सद्धर्मकर्मधनजैः फलैरूपेतो जगत्प्रियः कांतः।

आर्यः कुलब्धशाब्दो विद्वान् गोमानत्लंकरिष्णुश्च॥७॥

सद्धित्र दारसुभगो नरेन्द्रमंत्री सुचतुरोऽपि।

पीनोच्चतनुः पूज्यः सतां समूहस्य धनुषिकवौ॥८॥

ਇਸ ਸਲੋਕ ਦੇ ਅਨੁਸਾਰ ਚੰਗੇ ਧਰਮ ਕਰਮ ਅਰਥ ਦੇ ਫਲ ਦੇ ਨਾਲ, ਹਰਮਨ ਪਿਆਰੇ ਸੁੰਦਰ ਸਰੇਸ਼ਠ, ਵੰਸ ਵਿਚ ਧਨੀ, ਗਿਆਨੀ, ਗਊਆਂ ਦੇ ਰੱਖਿਅਕ ਤੇ ਪਾਲਨਹਾਰ, ਅਲੰਕਾਰਾਂ ਦੇ ਨਾਲ ਸਜੇ ਹੋਏ, ਭਾਗਵਾਨ, ਸੁੰਦਰ ਸੱਜਨ ਸਮੁਦਾਇ ਸਮਾਜ ਦੇ ਪੂਜਨੀਕ ਹੁੰਦੇ ਹਨ। ਸ਼ੁਕਰ ਦੇ ਲਗਨ ਵਿਚ ਹੋਣ ਕਰਕੇ ਸੰਗੀਤ ਪਰੇਮੀ ਤੇ ਸੁੰਦਰ ਹੁੰਦੇ ਹਨ। ਲੰਬੀ ਉਮਰ ਨੂੰ ਭੋਗਨ ਵਾਲੇ ਬਣਾਉਂਦਾ ਹੈ। ਤੇਜਸਵੀ ਤੇ ਪ੍ਰਤਾਪੀ ਹੁੰਦੇ ਹਨ। ਮਧੁਰਭਾਸ਼ੀ ਵਿਦਵਾਨ ਹੁੰਦੇ ਹਨ। ਗਊ ਪਾਲਕ ਤੇ ਰਛਕ ਹੁੰਦੇ ਹਨ। ਇਸ ਕਰਕੇ ਸਮਾਜ ਵਿਚ ਪੂਜਾ ਵੀ ਹੁੰਦੀ ਹੈ ਜਿਸ ਤਰ੍ਹਾਂ ਦਾ ਸਰੂਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੈ ਇਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਭਵਿੱਖਬਾਣੀ ਦੇ ਰੂਪ ਵਿਚ ਲਿਖੀ ਹੋਈ ਹੈ ਜੋ ਸ੍ਰੀ ਸਤਿਗੁਰੂ ਜੀ ਉਪਰ ਪੂਰੀ ਤਰ੍ਹਾਂ ਢੁਕਦੀ ਹੈ ਉਹ ਇਹ ਹੈ:-

ਕੰਜਲੋਕ ਨੈਨ ਕੰਬੁ ਗਰੀਬ ਕਟ ਕੇ ਹਰ ਕੁੰਜਲ ਗੱਵਨ
ਕੰਦਲੀ ਕੁਰੰਕ ਕਰ ਕਪੂਰ ਗਤ ਬਿਨ ਅਕਾਲ ਦੂਜੋ ਗਵਨ॥

(ਗਿਆਨ ਪ੍ਰਬੋਧ)

ਕਮਲ ਵਰਗੇ ਨੈਨ, ਸੰਖ ਵਰਗੀ ਲੰਬੀ ਗਰਦਨ, ਸ਼ੇਰ ਵਰਗੀ ਕਮਰ ਹਾਥੀ ਵਰਗੀ ਮਸਤ ਚਾਲ ਕੇਲੇ ਵਰਗੀਆਂ ਲੱਤਾਂ ਹਿਰਨ ਵਰਗੀ ਫੁਰਤੀ ਤੇ ਕਪੂਰੀ ਵਰਗੀ ਸੁਗੰਧੀ ਹੋਵੇ ਇਹੋ ਜਿਹੀ ਮੂਰਤ ਵਾਲੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦਾ ਸਰੂਪ ਦਸਿਆ ਹੈ ਜੋ ਕਿ ਸ੍ਰੀ ਸਤਿਗੁਰੂ

ਰਾਮ ਸਿੰਘ ਦੇ ਸਰੂਪ ਉਪਰ ਪੂਰੀ ਤਰ੍ਹਾਂ ਢੁਕਦਾ ਹੈ।

ਸ਼ਨੀ ਗ੍ਰਹਿ ਮਕਰ ਰਾਸ਼ੀ ਵਿਚ ਕੁੰਡਲੀ ਦੇ ਦੂਜੇ ਘਰ ਵਿਚ ਬਿਰਾਜਮਾਨ ਹੈ। ਇਹ ਇਸ ਦੀ ਅਪਣੀ ਰਾਸ਼ੀ ਹੈ। ਸ਼ਨੀ ਦਾ ਬਹੁਤ ਵੱਡਾ ਯੋਗਦਾਨ ਹੈ ਜੋ ਕਿ ਆਪ ਜੀ ਦੀ ਸ਼ਖਸੀਅਤ ਨੂੰ ਉਜਾਗਰ ਕਰਨ ਵਿਚ ਯੋਗਦਾਨ ਦੇ ਰਿਹਾ ਹੈ। ਇਥੇ ਸ਼ਨੀ ਸੂਰਜ ਦੇ ਨਾਲ ਹੈ ਇਸ ਕਰਕੇ ਇਹ ਉਸ ਉਪਰ ਪਰਭਾਵ ਪਾ ਰਿਹਾ ਹੈ। ਸੂਰਜ ਨੂੰ ਆਤਮਾ ਕਿਹਾ ਹੈ। ਇਸ ਜਗਹ ਤੇ ਬੈਠ ਕੇ ਸ਼ਨੀ ਸੂਰਜ ਰੂਪੀ ਆਤਮਾ ਮਨ ਦੇ ਕਾਰਕ ਚੰਦਰਮਾ ਤੇ ਧਰਮ ਦੇ ਕਾਰਕ ਗੁਰੂ ਗ੍ਰਹਿ ਨੂੰ ਤੀਜੀ ਤੇ ਦਸਵੀ ਦ੍ਰਿਸ਼ਟੀ ਨਾਲ ਵੇਖ ਰਿਹਾ ਹੈ ਤੇ ਪ੍ਰਭਾਵਿਤ ਕਰ ਰਿਹਾ ਹੈ। ਇਸ ਦੇ ਵੇਖਣ ਨਾਲ ਵੈਰਾਗੀ ਬਣਾਉਂਦਾ ਹੈ ਤੇ ਸਮਾਜ ਤੇ ਦੇਸ਼ ਦੀ ਭਲਾਈ ਦੇ ਬਾਰੇ ਸੋਚਣ ਵਾਲਾ ਬਣਾਉਂਦਾ ਹੈ ਤੇ ਨਵੇਂ ਧਰਮ ਨੂੰ ਬਨਾਉਣਾ ਤੇ ਪਾਲਨਾ ਕਰਨਾ ਤੇ ਗਊ ਗਰੀਬ ਦੀ ਰਖਿਆ ਕਰਨ ਵਾਲਾ ਬਣਾਉਂਦਾ ਹੈ। ਧਰਮ ਤੋਂ ਆਪ ਜੀ ਨੇ ਸੱਚਾ ਤੇ ਸੁੱਚਾ ਜੀਵਨ ਜੀਣ ਦਾ ਉਪਦੇਸ਼ ਕੀਤਾ। ਸਤਿਗੁਰ ਜੀ ਨੇ ਨਵੇਂ ਧਰਮ, ਨਾਮਧਾਰੀ ਪੰਥ ਦੀ ਸਥਾਪਨਾ ਕੀਤੀ ਤੇ ਆਪਣੀ ਸਿਖੀ ਦੀ ਅਲਗ ਪਹਿਚਾਨ ਬਣਾਈ। ਚੰਦਰਮਾ ਚੌਥੇ ਘਰ ਤੇ ਲਗਨ ਵਿਚ ਸ਼ੁੱਕਰ ਹੋਣ ਕਰਕੇ ਆਪ ਜੀ ਨੇ ਅਪਣੀ ਸੰਗਤ ਦਾ ਸਰੂਪ ਸਫੈਦ ਵਸਤਰਾਂ ਵਾਲਾ ਬਣਾਇਆ। ਆਪ ਜੀ ਨੇ ਸਫੈਦ ਰੰਗ ਦੇ ਬਸਤਰ ਆਪਣੀ ਸਿੱਖੀ ਨੂੰ ਕਿਉਂ ਪਹਿਨਾਏ, ਇਕ ਤੇ ਇਹ ਸ਼ਾਂਤੀ ਦਾ ਪ੍ਰਤੀਕ ਹੈ, ਦੂਜਾ ਇਸ ਨੂੰ ਵੇਖ ਕੇ ਦਰਸ਼ਨ ਕਰਕੇ ਮਨ ਠੰਢਾ ਹੁੰਦਾ ਹੈ। ਤੀਸਰਾ ਇਹ ਸਤਿਜੁਗੀ ਬਾਣਾ ਹੈ। ਇਸ ਕਰਕੇ ਆਪ ਜੀ ਦੇ ਬਾਰੇ ਲਿਖਿਆ ਹੈ ਕਲਿਜੁਗ ਮੇਂ ਸਤਿਜੁਗ ਬਰਤਾਊਂ ਤਬੀ ਬਾਰਵਾਂ ਥੰਮ ਕਹਾਊਂ। ਸ਼ਨੀ ਗ੍ਰਹਿ ਕਰਕੇ ਆਪ ਜੀ ਦੇ ਲੱਖਾਂ ਸੇਵਕ ਬਣੇ। ਪਵਿੱਤਰ ਗਰੰਥਾਂ ਦਾ ਗਿਆਨ ਇਸ ਗ੍ਰਹਿ ਕਰਕੇ ਜਨਮ ਤੋਂ ਪਹਿਲਾਂ ਦਾ ਹੈ। ਇਹ ਨਿਰਭੀਕ ਵੀ ਬਣਾਉਂਦਾ ਹੈ।

ਮਕਰ ਰਾਸ਼ੀ ਵਿਚ ਸ਼ਨੀ ਦੇ ਬਾਰੇ ਗ੍ਰੰਥ ਵਿਚ ਇਸ ਤਰ੍ਹਾਂ ਦਾ ਜ਼ਿਕਰ ਕੀਤਾ ਹੈ:-

परयोषित्क्षेत्राणां प्रभुः श्रुतिगुणैर्युतश्च बहुशिल्पः।
श्रेष्ठश्च वंशाजातः पूज्यः परवृन्दसत्कृतः ख्यातः॥१९॥
स्नानविभूषणनिरतः क्रियाकलाज्ञः प्रवासशीलश्च।
कोणे मृगभे जातः प्रजातरौर्योपचारः स्यात्॥२०॥

ਇਸ ਦੇ ਅਨੁਸਾਰ ਦੂਸਰੇ ਦੀ ਜ਼ਮੀਨ ਦੇ ਮਾਲਕ, ਵੇਦਾਂ ਦੇ ਗਿਆਤਾ, ਗੁਣੀ, ਸ਼ਿਲਪ ਵੇਤਾ, ਉਚ ਕੁਲ ਦੇ ਲੋਕਾਂ, ਦਵਾਰਾ ਪੂਜਿਆ ਜਾਣਾ, ਦੂਸਰੇ ਸਮਾਜ ਕੋਲੋਂ ਮਾਨ ਸਨਮਾਨ ਮਿਲਣਾ, ਵਿਸ਼ਵ ਪ੍ਰਸਿੱਧ ਹੋਣਾ। ਪ੍ਰਦੇਸਵਾਸੀ, ਪਰਾਕਰਮੀ ਤੇ ਉਪਚਾਰਵੇਤਾ ਹੁੰਦੇ ਹਨ। ਇਸ ਤਰ੍ਹਾਂ ਸ਼ਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਵਿਚ ਮਹੱਤਵ ਰਖਦਾ ਹੈ।

ਸ਼ਨੀ ਦੀ ਫਿਤਰਤ ਦੇ ਕਾਰਨ ਇਹ ਜਿਸ ਥਾਂ ਤੇ ਪ੍ਰਭਾਵ ਪਾਉਂਦਾ ਹੈ ਉਸ ਦਾ ਨਾਸ਼ ਵੀ ਕਰਦਾ ਹੈ। ਇਹ ਸਤਵੀ ਦ੍ਰਿਸ਼ਟੀ ਦੇ ਨਾਲ ਅਠਵੇਂ ਘਰ ਨੂੰ ਵੇਖ ਰਿਹਾ ਹੈ ਜੋ ਕਿ ਮਰਤੂ ਦਾ ਘਰ ਹੈ ਤੇ ਇਸ ਕਰਕੇ ਮਿਰਤੂ ਦਾ ਨਾਸ ਕਰ ਰਿਹਾ ਹੈ। ਅਪਨੀ ਉਮਰ ਦੇ ਆਪ ਨੂੰ ਮਾਲਕ ਬਣਾਉਂਦਾ ਹੈ। ਸੂਰਜ ਦੇ ਨਾਲ ਹੋਣ ਕਰਕੇ ਉਮਰ ਨੂੰ ਦੁਗਣਾ ਜੀਵਨ ਦੇਂਦਾ ਹੈ। ਇਸਦੇ ਨਾਲ-ਨਾਲ ਗੁਰੂ ਦਾ ਵੀ ਪ੍ਰਭਾਵ ਜੋ ਲਗਨ ਨੂੰ ਪ੍ਰਭਾਵਿਤ ਕਰਦਾ ਹੈ ਉਹ ਵੀ ਉਮਰ ਨੂੰ ਵਧਾਉਂਦਾ ਹੈ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਜਿਤਨਾ ਚਾਹੁਣ ਉਤਨਾ ਜੀਅ ਸਕਦੇ ਹਨ।

ਰਾਹੂ ਗ੍ਰਹਿ ਸਤਵੇਂ ਘਰ ਵਿਚ ਮਿਥੁਨ ਰਾਸ਼ੀ ਵਿਚ ਬਿਰਾਜਮਾਨ ਹੈ। ਇਹ ਇਸ ਦੀ ਉਚ ਰਾਸ਼ੀ ਹੈ। ਇਸ ਵਿਚ ਬੈਠਕੇ ਇਹ ਪੰਜਵੀ, ਸੱਤਵੀ ਤੇ ਨੌਵੀ ਦ੍ਰਿਸ਼ਟੀ ਦੇ ਨਾਲ ਗੁਰੂ, ਸ਼ੁਕਰ ਕੇਤੂ ਤੇ ਬੁਧ ਗ੍ਰਹਿ ਨੂੰ ਦੇਖ ਰਿਹਾ ਹੈ ਤੇ ਪ੍ਰਭਾਵ ਪਾ ਰਿਹਾ ਹੈ। ਬੁਧ ਗ੍ਰਹਿ ਦੀ ਰਾਸ਼ੀ ਵਿਚ ਰਾਹੂ ਹੈ ਤੇ ਨੌਵੀ ਦ੍ਰਿਸ਼ਟੀ ਦੇ ਨਾਲ ਉਸ ਨੂੰ ਵੇਖ ਰਿਹਾ ਹੈ ਤੇ ਖਰਾਬ ਕਰ ਰਿਹਾ ਹੈ। ਇਸ ਦੇ ਕਾਰਨ ਨੇੜੇ ਤੇ ਆਲੇ ਦਵਾਲੇ ਰਹਿਣ ਵਾਲਿਆਂ ਕਾਰਨ ਹੀ ਆਪ ਜੀ ਨੂੰ ਦੇਸ਼ ਨਿਕਾਲਾ ਮਿਲਿਆ। ਇਹ ਯਾਤਰਾਵਾਂ ਵੀ ਕਰਵਾਉਂਦਾ ਹੈ। ਰਾਹੂ ਦੇ ਕਾਰਨ ਹੀ ਆਪ ਜੀ ਨੇ ਦੇਸ਼ ਦਾ ਆਜ਼ਾਦੀ ਵਾਸਤੇ ਸੰਚਾਲਨ ਕੀਤਾ ਤੇ ਅੰਗਰੇਜ਼ਾਂ ਦੇ ਖਿਲਾਫ ਰਹੇ। ਇਸ ਗ੍ਰਹਿ ਕਰਕੇ ਕੁੰਡਲਨੀ ਜਾਗਰਤ ਹੋਈ ਹੁੰਦੀ ਹੈ। ਇਹ ਯੋਗੀ ਰਾਜਨੀਤਿਕ ਤੇ ਵਿਸ਼ਵਸ਼ਾਂਤੀ ਦੇ ਯਤਨ ਕਰਦੇ ਰਹ। (ਰਾਹੂ ਇਸ ਸਥਾਨ ਤੇ ਹੋਣ ਕਰਕੇ ਦੁਸ਼ਮਨਾਂ ਦਾ ਨਾਸ਼ ਵੀ ਕਰਵਾਉਂਦਾ ਹੈ।)

ਕੇਤੂ ਗ੍ਰਹਿ ਇਸ ਕੁੰਡਲੀ ਵਿਚ ਲਗਨ ਵਿਚ ਧਨ ਰਾਸ਼ੀ ਵਿਚ ਸ਼ੁੱਕਰ ਨਾਲ ਵਿਰਾਜਮਾਨ ਹੈ। ਇਹ ਇਸ ਦੀ ਉਚ ਰਾਸ਼ੀ ਹੈ। ਕੇਤੂ ਲਗਨ ਵਿਚ ਹੋਣ ਕਰਕੇ ਧਰਮ ਦਰਸ਼ਨ ਵਿਚ ਰੁਚੀ ਹੁੰਦੀ ਹੈ। ਦੈਵੀ ਸ਼ਕਤੀਆਂ ਆਪ ਜੀ ਵਿਚ ਵਾਸ ਕਰਦੀਆਂ ਹਨ ਤੇ ਆਪ ਜੀ ਦੀ ਮਦਦ ਕਰਦੀਆਂ ਹਨ। ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਆਪ ਜੀ ਜਿਸ ਤਰ੍ਹਾਂ ਚਾਹੁਣ ਉਸੇ ਤਰ੍ਹਾਂ ਹੀ ਹੁੰਦਾ ਹੈ।

ਯੂਰੇਨਸ ਜਨਮ ਕੁੰਡਲੀ ਵਿਚ ਵਰਿਸ਼ਚਿਕ ਰਾਸ਼ੀ ਵਿਚ ਬਾਰਵੇਂ ਘਰ ਵਿਚ ਹੈ। ਇਸ ਦੇ ਇਸ ਰਾਸ਼ੀ ਵਿਚ ਹੋਣ ਕਰਕੇ ਧਾਰਮਿਕ ਪਰਵਿਰਤੀ ਹੁੰਦੀ ਹੈ। ਬਾਰ੍ਹਵਾਂ ਘਰ ਧਰਮ ਦਾ ਘਰ ਹੁੰਦਾ ਹੈ। ਧਰਮ ਉਪਦੇਸ਼ ਤੇ ਧਰਮ ਪਰਚਾਰ ਕਰਵਾਉਂਦਾ

ਹੈ। ਮਹਾਨ ਖੋਜੀ ਤੇ ਅਤੀ ਉਚ ਕਲਪਨਾ ਸ਼ਕਤੀ ਵਾਲੇ ਵੀ ਹੁੰਦੇ ਹਨ। ਇਸ ਦੇ ਕਾਰਨ ਆਪ ਜੀ ਅਸਚਰਜ ਜਨਕ ਸ਼ਕਤੀਆਂ ਦੇ ਸਵਾਮੀ ਤੇ ਸੰਸਥਾ ਤੇ ਸਮੁਦਾਇ ਦੇ ਪ੍ਰਮੁਖ ਬਣਾਉਂਦਾ ਹੈ। ਨਿਯਮ ਕਾਨੂੰਨ ਬਨਾਣ ਵਾਲੇ ਤੇ ਭਵਿਖ ਦ੍ਰਸ਼ਟਾ ਹੁੰਦਾ ਹੈ। ਜਿਸ ਤਰ੍ਹਾਂ ਆਪ ਜੀ ਨੇ ਰਹਿਤ ਮਰਿਆਦਾ ਤੇ ਆਨੰਦ ਕਾਰਜ ਦੀ ਮਰਿਆਦਾ ਤੇ ਹੋਰ ਵੀ ਕੰਮ ਸਮਾਜ ਵਾਸਤੇ ਕੀਤੇ। ਇਹ ਆਪਨੀ ਰਾਸ਼ੀ ਵਿਚ ੮੪ ਸਾਲ ਬਾਅਦ ਆਉਂਦਾ ਹੈ।

ਨੇਪਚਯੂਨ ਗ੍ਰਹਿ ਆਪ ਜੀ ਦੀ ਕੁੰਡਲੀ ਵਿਚ ਲਗਨ ਵਿਚ ਧਨ ਰਾਸ਼ੀ ਵਿਚ ਬਿਰਾਜਮਾਨ ਹੈ। ਇਹ ੧੪ ਸਾਲ ਇਕ ਰਾਸ਼ੀ ਵਿਚ ਰਹਿੰਦਾ ਹੈ ਇਸ ਤਰ੍ਹਾਂ ਇਹ ਦੁਬਾਰਾ ਅਪਣੀ ਰਾਸ਼ੀ ਵਿਚ ੧੬੮ ਸਾਲ ਬਾਅਦ ਆਉਂਦਾ ਹੈ। ਇਹ ਗ੍ਰਹਿ ਗੂੜ੍ਹ ਗਿਆਨ ਯੋਗ ਸਮਰਥਾ ਤੇ ਤੱਤ ਵੇਤਾ ਬਣਾਉਂਦਾ ਹੈ। ਅੰਤਰ ਆਤਮਤਾ ਤੇ ਆਪਨੇ ਵਿਚਾਰਾਂ ਨੂੰ ਦੂਜਿਆਂ ਦੇ ਹਿਰਦਿਆਂ ਵਿਚ ਪਰਵੇਸ਼ ਕਰਵਾਨ ਦੀ ਸਮਰਥਾ ਦੇਂਦਾ ਹੈ। ਇਸ ਗ੍ਰਹਿ ਦੀ ਬਦੌਲਤ ਆਪ ਜੀ ਦਾ ਤੇਜ ਸੂਰਜ ਵਾਂਗ ਹੋਇਆ। ਇਸ ਕਰਕੇ ਆਪ ਜੀ ਨੂੰ ਇਹ ਸਮੂਹ ਜਗਤ ਦਾ ਮਿਤਰ, ਕਵੀ, ਸੰਗੀਤਗਯ ਤੇ ਮੰਤਰਾਂ ਦਾ ਗਿਆਤਾ ਬਣਾਉਂਦਾ ਹੈ। ਇਸ ਕਰਕੇ ਹੀ ਆਪ ਦੀ ਕੁੰਡਲਿਨੀ ਸ਼ਕਤੀ ਜਾਗ੍ਰਤ ਹੋਈ ਹੁੰਦੀ ਹੈ। ਸੋ ਅਸੀ ਇਹ ਸਾਰੇ ਗੁਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਇਸ ਕਾਰਨ ਲੰਬੀ ਉਮਰ ਨੂੰ ਭੋਗਣ ਵਾਲੇ ਤੇ ਪੂਜਾ ਕਰਵਾਉਣ ਵਾਲਾ ਬਣਾਉਂਦਾ ਹੈ।

ਪਲੂਟੋ ਗ੍ਰਹਿ ਮੀਨ ਰਾਸ਼ੀ ਵਿਚ ਚੌਥੇ ਘਰ ਵਿਚ ਚੰਦਰਮਾ ਦੇ ਨਾਲ ਹੈ। ਇਸ ਗ੍ਰਹਿ ਦਾ ਆਪ ਜੀ ਦੇ ਜੀਵਨ ਵਿਚ ਵੱਡਾ ਮਹੱਤਵ ਹੈ। ਇਸ ਦੇ ਮੀਨ ਰਾਸ਼ੀ ਵਿਚ ਹੋਣ ਕਰਕੇ ਜੇਲ ਜਾਣ ਦੀ ਸੰਭਾਵਨਾ ਬਣਦੀ ਹੈ ਤੇ ਹੋਈ ਵੀ। ਇਸ ਦੇ ਕਾਰਨ ਆਪ ਜੀ ਵਿਚ ਈਸ਼ਵਰ ਦੀਆਂ ਉਚਤਮ ਸਤਾ ਦੀਆਂ ਅਦਿਖ ਸ਼ਕਤੀਆਂ ਆਪ ਜੀ ਦੇ ਅੰਦਰ ਕੰਮ ਕਰਦੀਆਂ ਹਨ।

ਇਸ ਜਨਮ ਪਤ੍ਰਿਕਾ ਵਿਚ ਹੁਣ ਅਸੀਂ ਅਠਵੇਂ ਘਰ ਬਾਰੇ ਵਿਸ਼ੇਸ਼ ਚਰਚਾ ਕਰਾਂਗੇ ਜਿਸ ਨੂੰ ਮਾਰਕੇਸ਼ ਯਾ ਮਿਰਤੂ ਦਾ ਘਰ ਵੀ ਆਖਦੇ ਹਨ। ਇਸ ਘਰ ਵਿਚ ਕਰਕ ਰਾਸ਼ੀ ਹੈ ਤੇ ਇਸ ਦਾ ਸਵਾਮੀ ਚੰਦਰਮਾ ਕੁੰਡਲੀ ਦੇ ਚੌਥੇ ਘਰ ਵਿਚ ਪਲੂਟੋ ਗ੍ਰਹਿ ਦੇ ਨਾਲ ਹੈ। ਪਲੂਟੋ ਯਮਰਾਜ ਦਾ ਪ੍ਰਤੀਕ ਹੈ। ਇਸ ਦੇ ਚੰਦਰਮਾ ਦੇ ਨਾਲ ਹੋਣ ਕਰਕੇ ਉਮਰ ਯਾ ਮਿਰਤੂ ਆਪਣੀ ਇਛਾ ਸ਼ਕਤੀ ਤੇ ਨਿਰਭਰ ਕਰਦੀ ਹੈ। ਜਿੰਨ੍ਹਾਂ ਚਿਰ ਚਾਹੁਣ ਉਤਨੀ ਦੇਰ ਜੀਵਨ ਜੀਅ ਸਕਦੇ ਹਨ। ਆਪਣੀ ਮਿਰਤੂ ਤੇ ਉਮਰ ਦੇ ਆਪ ਮਾਲਕ ਹੁੰਦੇ ਹਨ। ਆਪ ਜੀ ਸਮਾਜ ਤੇ ਲੋਕਾਂ ਨੂੰ ਜੀਵਨ ਤੇ ਉਮਰ ਤੇ ਧਨ ਦਾ ਵਰਦਾਨ ਦਿੰਦੇ ਹਨ ਤੇ ਦੇਸ਼ ਦਾ ਸੰਚਾਲਨ ਕਰਦੇ ਹਨ। ਇਹਨਾਂ ਵਿੱਚ ਅਦ੍ਰਿਸ਼ ਦੈਵੀ ਸ਼ਕਤੀਆਂ ਕੰਮ ਕਰਦੀਆਂ ਹਨ। ਇਹਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਧਨ ਦੀ ਇਛਾ ਨਹੀ ਹੁੰਦੀ। ਪਲੂਟੋ ਦੇ ਚੰਦਰਮਾ ਦੇ ਨਾਲ ਹੋਣ ਕਰਕੇ ਪਾਠ-ਪੂਜਾ ਨਮਰਤਾ ਦੇ ਨਾਲ-ਨਾਲ ਕ੍ਰਾਂਤੀਕਾਰੀ ਬਣਾਉਂਦਾ ਹੈ ਤੇ ਦੇਸ਼ ਦੀ ਅਜ਼ਾਦੀ ਵਾਸਤੇ ਯਤਨ ਕਰਦੇ ਹਨ। ਜਿਸ ਤਰ੍ਹਾਂ ਯਮਰਾਜ ਦੇ ਕਾਨੂੰਨ ਸਖ਼ਤ ਯਾ ਪੱਕੇ ਹੁੰਦੇ ਹਨ ਉਸ ਤਰ੍ਹਾਂ ਅਪਨੀ ਪੱਕੀ ਮਰਯਾਦਾ ਬਣਾਉਂਦੇ ਹਨ ਤੇ ਉਸ ਉਤੇ ਸੰਗਤ ਨੂੰ ਚੱਲਣ ਦਾ ਹੁਕਮ ਦੇਂਦੇ ਹਨ ਤੇ ਹੁਕਮ ਮਨਵਾਉਂਦੇ ਹਨ।

੨੯-੧੨-੧੮੭੧ ਤੋਂ ਲੈਕੇ ੦੨-੦੫-੧੮੭੨ ਵਿਚ ਸੂਰਜ ਦੀ ਮਹਾਦਸ਼ਾ ਵਿਚ ਕੇਤੂ ਦੀ ਅੰਤਰਦਸ਼ਾ ਕਾਰਨ ਆਪ ਜੀ ਨੂੰ ਜਲਾਵਤਨ ਹੋਣਾ ਪਿਆ। ਆਪ ਜੀ ਜਨਮ ਪਤ੍ਰਿਕਾ ਦੇ ਮੁਤਾਬਿਕ ਆਪ ਜੀ ਦੀ ਮਿਰਤੂ ਦੇ ਬਾਰੇ ਕੋਈ ਵੀ ਨਹੀਂ ਦਸ ਪਾਏਗਾ। ਕਿਉਂਕਿ ਜਦੋਂ ਤਕ ਸ੍ਰਿਸ਼ਟੀ ਹੈ ਉਦੋਂ ਤਕ ਜੀਵਨ ਹੈ ਆਪ ਉਸੀ ਘਰ ਵਿਚ ਬਾਰ-ਬਾਰ ਆਓਗੇ ਕਿਉਂਕਿ ਮਿਰਤੂ ਅਪਨੀ ਇਛਾ ਸ਼ਕਤੀ ਤੇ ਨਿਰਭਰ ਕਰਦੀ ਹੈ। ਹੁਣ ਆਪ ਕਹੋ ਕਿ ਕੋਈ ਅਵਤਾਰ ਹਨ ਇਸ ਵਿਚ ਕੋਈ ਅਤੀਸ਼ਯੋਕਤੀ ਨਹੀਂ ਹੋਵੇਗੀ। ਪਲੂਟੋ ਕੇਂਦਰ ਵਿਚ ਹੋਣ ਕਰਕੇ ਜੋ ਮਿਰਤੂ ਦੇ ਘਰ ਦੇ ਸਵਾਮੀ ਚੰਦਰਮਾ ਦੇ ਨਾਲ ਹੈ। ਜੋ ਆਯੂ ਦਾ ਕਾਰਕ ਹੈ ਇਹ ਲੋਕ ਕਦੀ ਵੀ ਨਹੀ ਦੁਨੀਆ ਤੋਂ ਜਾਂਦੇ ਯਾ ਮਰਦੇ। ਇਹ ਇਹਨਾਂ ਦੀ ਇੱਛਾ ਸ਼ਕਤੀ ਤੇ ਨਿਰਭਰ ਕਰਦਾ ਹੈ। ਹੋਰ ਲਗਨੇਸ਼ (ਲਗਨ ਦਾ ਮਾਲਕ) ਲਾਭ ਸਥਾਨ ਗਿਆਰਵੇਂ ਘਰ ਵਿਚ ਹੋਣ ਕਰਕੇ ਵੀ ਇਹ ਇਹਨਾਂ ਦੀ ਇਛਾ ਤੇ ਨਿਰਭਰ ਕਰਦਾ ਹੈ। ਇਸ ਸਭ ਤੋਂ ਇਹ ਗਿਆਨ ਮਿਲਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਤਨਾ ਦੇਰ ਚਾਹੁਣ ਜੀਅ ਸਕਦੇ ਹਨ। ਆਪ ਜੀ ਦੇ ਦਰਸ਼ਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਹੀ ਸੰਭਵ ਹੋਣੇ ਹਨ।

ਇਹ ਸਾਰੀਆਂ ਗੱਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਤਖ ਦਰਸ਼ਨ ਸੰਬੰਧੀ ਕੋਈ ਭੁਲੇਖਾ ਨਹੀਂ ਰਹਿਣ ਦਿੰਦੀਆਂ ਕਿ ਆਪ ਗੁਰੂ ਅਵਤਾਰ ਹਨ। ਆਪ ਆਜਾਦੀ ਦੇ ਮੋਢੀ ਹਨ ਅਤੇ ਆਪ ਜੀ ਦੀ ਜ਼ੁਬਾਨ ਵਿਚ ਰਸ ਹੋਣ ਕਰਕੇ ਕੀਲਣ ਦੀ ਸ਼ਕਤੀ ਰਖਦੇ ਹਨ। ਜਿਹੜੀਆਂ ਗਲਾਂ ਉਹਨਾਂ ਦੇ ਸਿਖਾਂ ਸੇਵਕਾਂ ਨੇ ਉਹਨਾਂ ਵਿਚ ਪ੍ਰਤਖ ਵੇਖੀਆਂ ਉਹਨਾਂ ਗੱਲਾਂ ਨੂੰ ਹੀ ਉਹਨਾਂ ਦਾ ਲਗਨ ਉਹਨਾਂ ਦਾ ਜਨਮ ਪਤ੍ਰਿਕਾ ਉਹਨਾਂ ਦੀ ਰਾਸ਼ੀ ਤੇ ਗ੍ਰਹਿਆਂ ਦੇ ਅਧਿਐਨ ਨਾਲ ਸਪਸ਼ਟ ਹੋ ਜਾਂਦੀ ਹੈ। ਉਸ ਅਧਿਐਨ ਨੂੰ ਪੇਸ਼ ਕਰਨ ਦਾ ਇਹ ਇਕ ਨਿਮਾਣਾ ਜਿਹਾ ਯਤਨ ਹੈ।

ਪੈਂਤੀਸ ਅਖਰੀ

ਕਵੀ ਬਾਬਾ ਕਾਲਾ ਸਿੰਘ ਜੀ

ਬਾਬਾ ਕਾਲਾ ਸਿੰਘ ਨਾਮਧਾਰੀ ਪੰਥ ਦੇ ਉਘੇ ਕਵੀ ਸਨ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ। ਬਾਬਾ ਜੀ ਨੇ ਪਿੰਡ ਪਿੰਡ ਜਾ ਕੇ ਨਾਮਧਾਰੀ ਇਤਿਹਾਸ ਬਾਰੇ ਜਾਣਕਾਰੀ ਇਕੱਠੀ ਕੀਤੀ ਅਤੇ ਕਈ ਗ੍ਰੰਥ ਲਿਖੇ। ਪੈਂਤੀਸ ਅੱਖਰੀ ਉਹਨਾਂ ਰਾਹੀਂ ਉਨੀਵੀਂ ਸਦੀ ਦੇ ਅਖ਼ੀਰ ਵਿਚ ਲਿਖੀ ਗਈ ਰਚਨਾ ਹੈ। ਇਹ ਰਚਨਾ ਉਸ ਵੇਲੇ ਦੇ ਪੰਜਾਬੀ ਸਾਹਿਤ ਤੇ ਨਾਮਧਾਰੀ ਇਤਿਹਾਸ ਦਾ ਵਡਮੁੱਲਾ ਖ਼ਜਾਨਾ ਹੈ। - ਸੰਪਾਦਕ

ਸਤਿਗੁਰੂ ਸਚੇ ਅਗੇ ਅਰਜ ਮੇਰੀ,
ਸੁਣਨ ਹਾਰ ਕਰਤਾਰ ਗੋਵਿੰਦ ਹੈਂ ਤੂੰ।
ਤੂੰਹੀ ਮਾਣਸਾਂ ਤੇ ਗੁਰੂ ਦੇਵ ਕੀਤੇ,
ਸੰਤ ਖਾਲਸਾ ਪੰਥ ਕਰਿੰਦ ਹੈਂ ਤੂੰ।
ਤੂੰਹੀ ਕੋਟਲੇ ਦੇ ਵਿਚ ਖੇਲ ਕੀਤਾ,
ਕਰਨਹਾਰ ਅਪਾਰ ਗੋਵਿੰਦ ਹੈਂ ਤੂੰ।
ਅਰਜ ਖਾਲਸੇ ਦੀ ਗੁਰੂ ਰਾਮ ਸਿੰਘਾ,
ਸਰਨ ਪਿਆਂ ਦੀ ਲਾਜ ਰਖਿੰਦ ਹੈਂ ਤੂੰ।
ਓਅੰਕਾਰ ਤੇ ਵਾਹਿਗੁਰੂ ਨਾਮ ਤੇਰਾ,
ਪਹਿਲੇ ਗੁਰੂ ਨੇ ਜਾਪ ਜਪਾਇਆ ਹੈ।
ਅੰਗਦ ਅਮਰ ਰਾਮਦਾਸ ਤੇ ਆਦਿ ਸੁਣਕੇ,
ਅਰਜਨ ਹਰੀ ਗੋਬਿੰਦ ਨੇ ਗਾਇਆ ਹੈ।
ਹਰੀਰਾਇ ਤੇ ਕ੍ਰਿਸ਼ਨ ਜੋ ਗੁਰੂ ਨੌਮੇ,
ਦਸਮ ਗੁਰੂ ਨੂੰ ਫੇਰ ਸੁਣਾਇਆ ਹੈ।
ਗੁਰੂ ਆਪਣਾ ਨਾਮ ਸੁਣਾਇਕੇ ਜੀ,
ਸੰਤ ਖਾਲਸਾ ਪੰਥ ਚਲਾਇਆ ਹੈ।

ਅਗੇ ਗੁਰੂ ਬਾਬਾ ਬਾਲਕ ਸਿੰਘ ਸਿਮਰੋ,
ਜਿਹੜਾ ਗਿਯਾਰਮਾ ਗੁਰੂ ਜਰੂਰ ਹੋਇਆ।
ਗੁਰੂ ਬਾਰ੍ਹਮਾਂ ਹੈ ਰਾਮ ਸਿੰਘ ਸੋਈ,
ਜੀ ਦੇ ਖਾਲਸਾ ਪੰਥ ਹਜੂਰ ਹੋਇਆ।
ਹਰੀ ਸਿੰਘ ਬਖਸ਼ੇ ਗੁਰੂ ਖਾਲਸੇ ਨੂੰ,
ਜੇਹੜਾ ਵਿਚ ਦ੍ਰਗਾਹਿ ਮਨਜੂਰ ਹੋਇਆ।
ਗੁਰੂ ਵਿਚ ਪੰਜਾਬ ਮਕਾਨ ਕੀਤਾ,
ਦੁਖ ਦਰਦ ਜਹਾਨ ਦਾ ਦੂਰ ਹੋਇਆ।
ਇਕ ਨਗਰ ਭੈਣੀ ਸਤਿਗੁਰਾਂ ਦਾ,
ਜਿਥੋਂ ਖਾਲਸਾ ਪੰਥ ਅਟਲ ਹੋਸੀ।
ਹਿੰਦੂ ਤੁਰਕ ਤੇ ਖਾਲਸਾ ਪੰਥ ਕੀਤਾ,
ਵੱਡਾ ਕੌਮ ਮਲੇਛ ਨੂੰ ਸਲ ਹੋਸੀ।
ਮਦਤ ਗਊ ਦੀ ਹੈ ਬੈਰੀ ਬੁਚੜਾਂ ਦਾ,
ਸਚੇ ਖੰਡ ਤੇ ਖਾਲਸਾ ਘਲ ਹੋਸੀ।
ਤੁਰਕ ਰੜਕਦੇ ਨੇਤ੍ਰੀਂ ਮਿਰਚ ਵਾਂਗੂੰ,
ਦਰਦ ਗਊ ਦਾ ਨਾ ਜਦੋਂ ਝਲ ਹੋਸੀ।

ਸਸਾ ਸਤਿਗੁਰੂ ਸਚੇ ਦਾ ਜਾਪ ਕਰੀਏ,
ਦੁਖ ਦੂਰ ਹੋਵੇ ਜਿਸਦੀ ਦ੍ਰਿਸਟਿ ਕੀਤੇ।
ਕਰੋ ਬੰਦਗੀ ਧਰਮ ਦੀ ਤੇਗ ਚਕੋ,
ਇਹਨਾਂ ਬੁਚੜਾਂ ਲੋਕ ਭਰਿਸ਼ਟ ਕੀਤੇ।
ਧਰਮ ਹਿੰਦ ਪੰਜਾਬ ਦਾ ਦੂਰ ਕਰਿਆ,
ਤੁਰਕਾਂ ਹਿੰਦੂਆਂ ਦੇ ਧਰਮ ਨਿਸ਼ਟਿ ਕੀਤੇ।
ਰਾਮ ਸਿੰਘ ਸਤਿਗੁਰੂ ਦਾ ਜਾਪ ਕਰੀਏ,
ਬੇੜਾ ਪਾਰ ਹੋਵੇ ਜਿਦੀ ਦ੍ਰਿਸਟਿ ਕੀਤੇ।

ਹਾਹਾ ਹਦ ਮਲੇਛ ਨੇ ਤੋੜ ਦਿਤੀ,
ਸੰਤ ਖਾਲਸੇ ਨੂੰ ਵਡੀ ਰੋਸ ਹੋਈ।
ਲਹਿਣਾ ਸਿੰਘ ਹੀਰਾ ਸਿੰਘ ਸੂਰਮੇ ਜੋ,
ਵਡੀ ਧਰਮ ਦੀ ਜਿਨਾਂ ਨੂੰ ਹੋਸ਼ ਹੋਈ।
ਛੁਰੀ ਗਊ ਉਤੇ ਵਗੇ ਖਾਲਸਾ ਜੀ,
ਹਿੰਦੂ ਕਰੇ ਨਾਂਹੀ ਅਫਸੋਸ ਕੋਈ।
ਭੰਨੋ ਠੀਕਰਾ ਤੁਰਕ ਦੇ ਬਾਰ ਜਾਕੇ,
ਸਾਨੂੰ ਮਰਦਿਆਂ ਨੂੰ ਨਹੀਂ ਦੋਸ਼ ਕੋਈ।

ਕੱਕਾ ਕੋਟਲੇ ਦਾ ਬੇਈਮਾਨ ਕਾਜੀ,
ਗੁਰਮੁਖ ਸਿੰਘ ਫਰਵਾਹੀ ਦਾ ਪੇਚ ਭਾਰੀ।
ਬਢੀ ਖੋਰ ਪਠਾਣਾ ਦਾ ਚੋਰ ਕਾਜੀ,
ਝੂਠੇ ਆਦਮੀ ਦੀ ਕਰੇ ਬਾਤ ਸਾਰੀ।
ਗੁਰਮੁਖ ਨੇ ਆਖਿਆ ਸੁਣੀ ਮੀਆਂ,

ਤੈਨੂੰ ਹੋਊ ਦਰਗਾਹ ਦੀ ਦੇਣਦਾਰੀ।
ਕਾਜੀ ਦੇਤ ਗਾਲਾਂ ਸੰਤ ਖਾਲਸੇ ਨੂੰ,
ਸਿੰਘ ਕੋਟਲੇ ਜਾਣ ਦੀ ਕਰੀ ਤਿਆਰੀ।
ਪਹਿਲੇ ਮਾਰ ਕਾਜੀ ਮਾਰੋ ਬੁਚੜਾਂ ਨੂੰ,
ਧਰਮ ਹੇਤ ਮਰਨਾ ਮਰੋ ਇਕ ਵਾਰੀ।

ਖੱਖਾ ਖਾਲਸੇ ਬੈਠ ਸਲਾਹਿ ਕੀਤੀ,
ਲਿਖਣ ਚਿਠੀਆਂ ਨਾਲ ਵਧਾਈਆਂ ਦੇ।
ਅਸੀ ਧਰਮ ਊਤੇ ਤੇਗ ਚਕਣੀ ਹੈ,
ਧਰਮ ਰਖਦੇ ਨੇ ਪੁਤ੍ਰ ਮਾਈਆਂ ਦੇ।
ਹਿਦੂ ਕੋਈ ਨਾ ਏਸ ਵਿਚ ਦਖਲ ਦੇਵੇ,
ਅਸੀ ਕਟਣੇ ਮੂੰਡ ਕਸਾਈਆਂ ਦੇ।
ਜਹਾਂ ਸਿੰਘ ਸ੍ਰਦਾਰ ਜਗੀਰ ਵਾਲੇ,
ਤਹਾਂ ਚਿਠੀਆਂ ਲਿਖ ਪੁਚਾਈਆਂ ਦੇ।

ਗਗਾ ਗੁਰੂ ਸਚੇ ਅਗੇ ਜਾਇਕੇ ਜੀ,
ਸੰਤ ਖਾਲਸੇ ਦੀ ਪਹਿਲੀ ਅਰਜ ਹੋਈ।
ਹੁਕਮ ਹੋਵੇ ਤਾਂ ਧਰਮ ਦੀ ਤੇਗ ਫੜੀਏ।
ਬੁਚੜ ਮਾਰਨੇ ਦੀ ਵਡੀ ਗਰਜ ਹੋਈ।
ਧਰਮ ਹਿੰਦ ਪੰਜਾਬ ਦਾ ਨਸ਼ਟ ਕੀਤਾ,
ਅਸੀ ਸੋਚੀ ਏ ਬਾਤ ਅਚਰਜ ਹੋਈ।
ਮਿਹਰਵਾਨਗੀ ਦੇ ਨਾਲ ਹੁਕਮ ਦੇਵੋ,
ਮਹਾਰਾਜ ਜੀ ਨਾ ਸਾਨੂੰ ਬਰਜਿਓ ਈ।

ਘੱਘਾ ਘੁਰ ਆਖੇ ਗੁਰੂ ਬਾਬਿਆਂ ਨੂੰ,
ਸੰਤ ਖਾਲਸੇ ਨੂੰ ਦੇਵੋ ਤੋਰ ਭਾਈ।
ਜੇਹੜੇ ਕਰਨ ਸੋਈ ਭਰਨ ਖਾਲਸੇ ਜੀ,

ਹੈਸੀ ਕੌਮ ਮਲੇਸ਼ ਦਾ ਜੋਰ ਭਾਈ।
ਸਤਿਗੁਰੂ ਆਖਣ ਸੰਤ ਖਾਲਸੇ ਨੂੰ,
ਕੋਈ ਛੇੜ ਨਾ ਛੇੜਿਓ ਹੋਰ ਭਾਈ।

ਙੰਙਾ ਙੁਰੂ ਅਗੇ ਸਿੰਘਾਂ ਅਰਜ ਕੀਤੀ,
ਖੁਸ਼ੀ ਹੋਇਕੇ ਹੁਕਮ ਸੁਣਾਇ ਸਾਨੂੰ।
ਗੋਲਾ ਦਾਰੂ ਦਾ ਸਿਟਕੇ ਕੌਨ ਬਾਣੀ,
ਦਿਤੀ ਅਗ ਅਗੰਮ ਦੀ ਲਾਇ ਸਾਨੂੰ।
ਜਨਮ ਜਨਮ ਦੇ ਵਿਛੜੇ ਮੇਲ ਦਿਤੇ,
ਚਾਰ ਅਖਰ ਦਾ ਸ਼ਬਦ ਸੁਣਾਇ ਸਾਨੂੰ।
ਕਾਲਾ ਸਿੰਘ ਕੀਤੀ ਅਰਜ ਖਾਲਸੇ ਨੇ,
ਖੁਸ਼ੀ ਹੋਇਕੇ ਬਖਸ਼ ਰਜਾਇ ਸਾਨੂੰ।

ਚੱਚਾ ਚੁਪ ਹੋਏ ਅਗੋਂ ਸਿੰਘ ਸਾਰੇ,
ਗੁਰੂ ਦੂਸਰਾ ਹੁਕਮ ਸੁਣਾਇ ਦਿਤਾ।
ਐਸ ਬਖਤ ਕਬਖਤ ਈ ਛੇੜ ਛੇੜੋ,
ਤੁਸੀ ਸਿੰਘ ਜੀ ਕੰਮ ਬਧਾਇ ਦਿਤਾ।
ਸਾਰੇ ਖਾਲਸੇ ਉਠਕੇ ਅਰਜ ਕੀਤੀ,
ਤੁਰਕਾਂ ਹਿੰਦੂ ਦਾ ਧਰਮ ਗਵਾਇ ਦਿਤਾ।
ਨੌਮੇ ਗੁਰੂ ਨੇ ਸੀਸ ਲਗਾਇ ਦਿਲੀ,
ਧਰਮ ਹਿੰਦੂ ਦਾ ਫੇਰ ਰਖਾਇ ਦਿਤਾ।

ਛੱਛਾ ਛੇਤੀਆਂ ਕੀਤੀਆਂ ਖਾਲਸੇ ਨੇ,
ਮਹਾਰਾਜ ਦਾ ਇਕ ਕਰਾਰ ਹੋਇਆ।
ਜੇਹੜਾ ਹੁਕਮ ਅਕਾਲ ਦਾ ਕਰੋ ਸੋਈ,
ਬਚਨ ਸਤਿਗੁਰਾਂ ਦਾ ਤੀਜੀਵਾਰ ਹੋਇਆ।
ਦਸਮੇਂ ਪਾਤਸ਼ਾਹ ਨੇ ਜੇਹੜਾ ਲਿਖਿਆ ਸੀ,
ਬਚਨ ਅਸੀਆਂ ਸਿਘਾਂ ਪਾਰ ਹੋਇਆ।
ਮਹਾਰਾਜ ਦੇ ਹਥ ਹੈ ਡੋਰ ਸਾਡੀ,
ਸੰਤ ਖਾਲਸਾ ਸਭ ਤਿਆਰ ਹੋਇਆ।

ਜੱਜਾ ਜਿਗਰ ਕਰਕੇ ਹੀਰਾ ਸਿੰਘ ਆਖੇ,
ਮਹਾਰਾਜ ਜੀ ਧਰਮ ਦਾ ਹਕ ਹੋਵੇ।
ਕਦੋਂ ਗੁਰੂ ਜੀ ਧਰਮ ਦੀ ਕਾਰ ਚਲੇ,
ਕਦੋਂ ਗਊ ਉਤੋਂ ਛੁਰੀ ਚਕ ਹੋਵੇ।
ਮਰੇ ਬਾਝ ਨ ਧਰਮ ਦੀ ਕਾਰ ਚਲੇ,
ਭਲਾ ਗਊ ਦਾ ਮੂਲ ਨਾ ਕਖ ਹੋਵੇ।
ਮਿਲੇ ਸਰਬ ਮਲੇਛ ਨ ਰਹੇ ਕੋਈ,
ਤਾਂਹੀ ਧਰਮ ਦੀ ਚਾਲ ਪਰਖ ਹੋਵੇ।

ਝਝਾ ਝੁੰਡ ਸੀ ਸਿੰਘਾਂ ਦਾ ਬਹੁਤ ਭਾਰਾ,
ਦਸਬੀਸ ਹਜਾਰ ਜੋ ਦਾਨਿਆਂ ਦਾ।
ਪੂਰਾ ਸਤ ਬੀਹਾਂ ਸਿੰਘ ਅਡ ਹੋਇਆ,
ਜੇਹੜਾ ਪੰਥ ਸੀ ਵਿਚ ਦਿਵਾਨਿਆਂ ਦਾ।
ਰੀਠੇ ਘੋਟ ਕੇ ਦੇਗ ਤਿਆਰ ਕੀਤੀ,
ਹੋਕਾ ਹੋਇਆ ਸੀ ਫੇਰ ਮਸਤਾਨਿਆਂ ਦਾ।
ਚੜੇ ਧਰਮ ਸ਼ਹੀਦ ਜਹਾਜ ਉਤੇ,
ਨਹੀ ਕੰਮ ਇਹ ਕੁਝ ਬਹਾਨਿਆਂ ਦਾ।

ਞਞਾ ਞਾਇ ਦਕੇ ਤੇ ਸਚੇ ਗੁਰੂ ਕੋਲੋਂ,
ਹਥ ਜੋੜ ਸਾਰੇ ਖੁਸ਼ੀ ਮੰਗਦੇ ਜੀ।
ਹੁਕਮ ਹੋਵੇ ਤਾਂ ਧਰਮ ਦੀ ਤੇਗ ਫੜੀਏ,
ਸਿੰਘ ਮਰਨ ਤੇ ਮੂਲ ਨ ਸੰਗਦੇ ਜੀ।

ਸਤਿ ਸ੍ਰੀ ਅਕਾਲ ਬੁਲਾਉਣ ਸਾਰੇ,
ਕਮਰ ਕਸੇ ਲਗਾਇਕੇ ਜੰਗ ਦੇ ਜੀ।
ਭੈਣੀ ਸਾਹਿਬ ਤੇ ਖਾਲਸਾ ਕੂਚ ਹੋਇਆ,
ਵਾਂਗ ਛੁਟਿਆ ਕਟਕ ਪਤੰਗ ਦੇ ਜੀ।

ਟੈਕਾ ਟੂਰੇ ਸਾਰੇ ਡੇਰਾ ਕੂਚ ਕੀਤਾ,
ਰਬੋਂ ਜਾਇ ਪਹੁਚੇ ਨਹੀ ਡੇਰ ਕੀਤੀ।
ਖੁਸ਼ੀ ਨਾਲ ਅਗੇ ਸਿੰਘਾਂ ਪ੍ਰਸ਼ਾਦ ਕੀਤਾ,
ਘੋਟ ਰੀਠੜੇ ਦੇਗ ਬਣਾਇ ਪੀਤੀ।
ਕਮਰ ਕਸੇ ਲਾਏ ਸਿੰਘਾਂ ਕੋਟਲੇ ਨੂੰ,
ਹਥ ਜੋੜਕੇ ਤੇ ਅਰਦਾਸ ਕੀਤੀ।
ਸਚੇ ਪਾਤਸ਼ਾਹ ਗਊ ਦਾ ਭਲਾ ਹੋਵੇ,
ਅਗੇ ਸੁਣੋ ਜੋ ਖਾਲਸੇ ਨਾਲ ਬੀਤੀ।

ਠਠਾ ਠੌਰ ਤਕੀ ਸਿੰਘਾਂ ਕੋਟਲੇ ਦੀ,
ਰਾਹਿ ਨਜਰ ਮਲੌਦ ਦੀ ਗਹਿਰ ਆਈ।
ਮਾਈ ਕਹੇ ਮਸਤਾਨੀ ਏਹ ਗਾਮ ਕੇਹੜਾ,
ਸਿੰਘ ਕਹਿਣ ਮਲੌਦ ਹੈ ਸ਼ਹਿਰ ਮਾਈ।
ਮਾਈ ਆਖਦੀ ਗੁਰੂ ਦਾ ਸਿੰਘ ਪਿਆਰਾ,
ਮਦਤ ਦੇਇ ਸਾਨੂੰ ਚਲੋ ਸ਼ਹਿਰ ਭਾਈ।
ਸਿੰਘ ਚਾਰ ਬੁਲਾਈ ਸੇ ਫਤੇ ਮਾਈ,
ਅਗੋਂ ਨਜਰ ਸੂਦਾਰ ਨੂੰ ਜਹਿਰ ਆਈ।

ਡਡਾ ਡਰੀਂ ਨਾਹੀਂ ਮਾਈ ਕਹੇ ਬਚਾ,
ਧਰਮ ਅਰਥ ਤੈਨੂੰ ਅਸੀਂ ਸੁਆਲ ਕੀਤਾ।
ਅਗੋਂ ਦੇਖ ਸੂਦਾਰ ਜਵਾਬ ਦਿਤਾ,
ਦੁਖੀ ਖਾਲਸਾ ਮੋੜ ਮੁਹਾਲ ਕੀਤਾ।
ਮਾਈ ਆਖਦੀ ਪੁਤ ਹੈ ਕੰਜਰੀ ਦਾ,
ਤਾਂਹੀਂ ਅਸਾਂ ਦਾ ਨਾਹੀਂ ਖਿਆਲ ਕੀਤਾ।
ਪਹਿਲੇ ਏਸ ਦੀ ਰੜਕ ਮੁਕਾਇ ਦੇਵੋ,
ਬਚਨ ਖਾਲਸੇ ਨੇ ਗੁਸੇ ਨਾਲ ਕੀਤਾ।

ਢਢਾ ਢਾਹਿ ਮਲਾਓਦ ਨੂੰ ਲਾਇ ਦਿੰਦੇ,
ਜਦੋਂ ਚਿਤ ਸੂਦਾਰ ਦੇ ਖੋਟ ਹੋਈ।
ਇਕ ਰੋਕ ਆਕੇ ਮੁਸਲਮਾਨ ਕੀਤੀ,
ਪਹਿਲੀ ਖਾਲਸੇ ਦੀ ਓਥੇ ਚੋਟ ਹੋਈ।
ਪਿਛੋਂ ਨਿਗਾ ਸੂਦਾਰ ਦੀ ਵਲ ਕੀਤੀ,
ਜਾਨ ਦੇਖਦੇ ਦੀ ਲੋਟ ਪੋਟ ਹੋਈ।
ਡਰਦੇ ਜਾਇ ਅੰਦਰ ਕਿਲੇ ਵਿਚ ਲੁਕਿਆ,
ਪਿਛੇ ਸ਼ਹਿਰ ਨੂੰ ਖੋਹ ਖਸੋਟ ਹੋਈ।

ਣਾਣਾ ਣੇਰੀਆਂ ਢਾਹਿ ਕੇ ਸਿੰਘ ਕਹਿੰਦੇ,
ਕਾਹਨੂੰ ਆਇ ਸੇ ਹਿੰਦ ਦੇ ਜੋਰ ਉਤੇ।
ਘੋੜੇ, ਦੋਮੇ ਤਲਵਾਰ ਸੀ ਹਥ ਆਈ,
ਚਲੋ ਚਲੀਏ ਪੈਣ ਨ ਹੋਰ ਕੁਤੇ।
ਕਿਹਾ ਫੇਰ ਸੂਦਾਰ ਨੇ ਗੋਰਿਆਂ ਨੂੰ,
ਮੁਕੇ ਮਾਰਕੇ ਸਿੰਘ ਮੈਂ ਤੋਰ ਘਤੇ।
ਮੂਜੀ ਜਾਨ ਬਚਾਇ ਕੇ ਨਠ ਗਿਆ,
ਝੂਠ ਬੋਲਦਾ ਹੈ ਕੇਹੜੇ ਜੋਰ ਉਤੇ।
ਤਤਾ ਤੁਰੇ ਮਲੌਦ ਤੇ ਸਿੰਘ ਸਾਰੇ,
ਕਢਣ ਕਰਦ ਦੇ ਨਾਲ ਲਕੀਰ ਸੋਈ।
ਜਿਨਾਂ ਜਿੰਦ ਦੇਣੀ ਹੋਵੇ ਇਕ ਪਾਸੇ,
ਜਾਵੇ ਦੂਸਰਾ ਛਡ ਬਹੀਰ ਕੋਈ।
ਜਿਨਾਂ ਵੈਲੀਆਂ ਵੈਲ ਦੀ ਲਈ ਸਿਖੀ,
ਗਏ ਖਾਲਸੇ ਦਾ ਛਡ ਸੀਰ ਓਈ।
ਸਿਧਾ ਕੋਟਲੇ ਨੂੰ ਹੋਇਆ ਚਾਰ ਬੀਹਾਂ,
ਰਾਹੀ ਆਂਵਦਾ ਘਤ ਬਹੀਰ ਸੋਈ।

ਥਥਾ ਥਾਇ ਸਿੰਘਾਂ ਡੇਰਾ ਜਾਇ ਕੀਤਾ,
ਸੁੰਨਾ ਪਿਆ ਸੀ ਲਾਗ ਮਲੇਰ ਦੇ ਜੀ।
ਕਈ ਅਸੀਆਂ ਦੇ ਵਿਚੋਂ ਖਿਸਕ ਜਾਂਦੇ,
ਕਈ ਆਣ ਮਿਲਦੇ ਨਾਲ ਡੇਰ ਦੇ ਜ਼ੀ।
ਸਿਖ ਆਖਦੇ ਕੋਟਲਾ ਸ਼ਹਿਰ ਦੇਖੋ,
ਘੋੜੇ ਵਿਚ ਬਾਜਾਰ ਦੇ ਫੇਰਦੇ ਜੀ।
ਪਿਆ ਦਹਿਲ ਪਠਾਣਾਂ ਨੂੰ ਅਸੀ ਲੁਟੇ,
ਫੌਜ ਭਜ ਚੁਫੇਰਿਓ ਘੇਰਦੇ ਜੀ।

ਦਦਾ ਦਸਮੇਂ ਗੁਰੂ ਦਾ ਬਚਨ ਏਹੋ,
ਗਦੀ ਅਮਰ ਪਠਾਣਾਂ ਦਾ ਡਾਲ ਟੁਟੇ।
ਅਗੋਂ ਖਾਲਸੇ ਉਠਕੇ ਅਰਜ ਕੀਤੀ।
ਗੁਰੂ ਤੁਰਕ ਦੇ ਬੀ ਨੂੰ ਗਾਲ ਸੁਟੇ।
ਜਾਮਾ ਬਾਰ੍ਹਮਾਂ ਧਾਰਕੇ ਠਗ ਲੀਤੇ,
ਦਸਮੇਂ ਗੁਰੂ ਨੇ ਅਕਲ ਦੇ ਨਾਲ ਲੁਟੇ।
ਪਹਿਲੇ ਛੇੜ ਪਠਾਣਾਂ ਨੇ ਆਣ ਛੇੜੀ,
ਪਿਛੋਂ ਸਿੰਘ ਨੇ ਬਾਜ ਦੀ ਚਲ ਛੁਟੇ।

ਧਧਾ ਧਮਕ ਦਿਤੀ ਪਹਿਲੀ ਖਾਲਸੇ ਨੇ,
ਤੁਰਕ ਹੋਇਕੇ ਪੜ੍ਹਾ ਉਡ ਚਲੇ।
ਤੋਬਾ ਕਰਨ ਖੁਦਾਇ ਦਾ ਵਾਸਤਾ ਈ,
ਲੁਕਣ ਦੇਣ ਨਾ ਮੂਲ ਜਮੀਨ ਝਲੇ।
ਹੀਰਾ ਸਿੰਘ ਨੇ ਆਖਿਆ ਖਾਲਸੇ ਨੂੰ,

ਬੀਜ ਤੁਰਕ ਦਾ ਚੁਗਣ ਨੂੰ ਸਿੰਘ ਘਲੇ।
ਤੁਸੀਂ ਖਾਲਸਾ ਜੀ ਖਬਰਦਾਰ ਹੋਵੋ,
ਨੌਮੇਂ ਗੁਰੂ ਨੇ ਰਖਿਆ ਧਰਮ ਪਲੇ।

ਨਨਾ ਨਾਸ ਮਲੇਛ ਦਾ ਬਹੁਤ ਕੀਤਾ,
ਬਚੇ ਇਕ ਮੂਰ੍ਹੇ ਬੀਸ ਨਠਕੇ ਜੀ।
ਕਿਸੇ ਕੋਲ ਛੌਹੀ ਸਵਾ ਜੰਗ ਚਕਰ,
ਕੋਈ ਮਾਰਦਾ ਹੈ ਮੁਕਾ ਬਟਕੇ ਜੀ।
ਕੋਈ ਮਾਰਦਾ ਡੋਲ ਉਭਾਰ ਕੇ ਤੇ,
ਕੋਈ ਸਿਟਦਾ ਤੁਰਕ ਨੂੰ ਵਟਕੇ ਜੀ।
ਮਦਤ ਕਰੀ ਮਲੇਛ ਦੀ ਹਿੰਦੂਆਂ ਨੇ,
ਸਿੰਘ ਬੀਜ ਦੇਂਦੇ ਨਹੀਂ ਪਟਕੇ ਜੀ।

ਪਪਾ ਪਾਰ ਹੋਏ ਜੂਹਿ ਕੋਟਲੇ ਦੀ,
ਪਿਛੋ ਫੌਜ ਪਠਾਣਾਂ ਦੀ ਮਗਰ ਹੋਈ।
ਕਿਸੇ ਕੋਲ ਸੇਲਾ ਤਲਵਾਰ ਨੇਜਾ,
ਮਦਤ ਤੁਰਕ ਮਲੇਸ਼ ਦੀ ਜਬਰ ਹੋਈ।
ਇਕ ਤੁਰਕ ਨੇ ਹਥ ਦਿਖਾਲ ਦਿਤੇ,
ਹੀਰਾ ਸਿੰਘ ਤੋਂ ਤੁਰਕ ਦੀ ਅਜਰ ਹੋਈ।
ਕਾਲਾ ਸਿੰਘ ਦਿਤਾ ਜੋਰ ਖਾਲਸੇ ਨੇ,
ਤੁਰਕ ਨਠ ਆਏ ਸ਼ਹਿਰ ਖਬਰ ਹੋਈ।

ਫਫਾ ਫੌਜ ਸਾਰੀ ਸੰਤ ਖਾਲਸੇ ਦੀ,
ਰੜ ਚਲਕੇ ਤੇ ਛੇਤੀ ਨਾਲ ਆਈ।
ਹੋਈ ਮੁਕਬਰਾਂ ਨੂੰ ਖਬਰ ਖਾਲਸੇ ਨੇ,
ਕੀਤਾ ਬੁਰਾ ਪਠਾਣਾਂ ਦਾ ਹਾਲ ਭਾਈ।
ਬੇਈਮਾਨ ਚੰਡਾਲ ਦੀ ਤੁਖਮ ਆਖੇ,
ਫੜਾਂ ਖਾਲਸੇ ਨੂੰ ਧੋਖੇ ਨਾਲ ਜਾਈ।
ਲਵਾਂ ਜਾਇ ਇਨਾਮ ਫਰੰਗੀਆਂ ਤੋਂ,
ਰਾਜੇ ਦੇਣ ਮੈਨੂੰ ਧਨ ਮਾਲ ਕਾਈ।

ਬਬਾ ਬੰਦਗੀ ਕਰਨ ਸ਼ਹੀਦ ਸਾਰੇ,
ਰੜ ਵਿਚ ਸੇ ਗੁਰੂ ਦੇ ਸਿੰਘ ਚੰਗੇ।
ਓਸ ਨਗਰ ਸ਼ਹੀਦਾਂ ਦੀ ਠਹਿਰ ਭਾਰੀ,
ਸੋ ਭੀ ਆਪ ਸ਼ਹੀਦ ਸੇ ਨਾਮ ਰੰਗੇ।
ਦਿਤੀ ਮੁਕਬਰਾਂ ਨੇ ਖਬਰ ਸ਼ੇਰ ਪੁਰ ਨੂੰ,
ਸਿੰਘ ਕਰਨ ਸਰਕਾਰਾਂ ਦੇ ਨਾਲ ਦੰਗੇ।
ਠਾਣੇਦਾਰ ਦੇ ਬਾਤ ਨਾ ਚਿਤ ਲਗੀ,
ਬੇਈਮਾਨ ਨਾ ਬੋਲਣੋਂ ਮੂਲ ਸੰਗੇ।

ਭਭਾ ਭਜਨ ਦੇ ਸਿੰਘ ਹੈਂ ਕਰਨ ਬਾਲੇ,
ਮੁਕਬਰ ਕੁਤਿਆਂ ਵਾਂਗ ਦੁਰਕਾਰ ਦਿਤੇ।
ਅਗੋਂ ਮੁਕਬਰਾਂ ਵਾਸਤਾ ਬਹੁਤ ਪਾਇਆ,
ਠਾਣੇਦਾਰ ਆ ਕੇ ਸਿੰਘ ਛਾਲ ਦਿਤੇ।
ਸਿੰਘ ਕਹਿਣ ਇਤਬਾਰ ਨਾਂ ਹਿੰਦੂਆਂ ਦਾ,
ਠਾਣੇ ਨੇਮ ਗ੍ਰੰਥ ਦੇ ਨਾਲ ਦਿਤੇ।
ਮਦਤ ਕਰਾਂ ਜੇ ਚਲੋ ਜੀ ਨਾਲ ਮੇਰੇ,
ਸਾਨੂੰ ਗੁਰੂ ਦੇ ਸਿੰਘ ਅਕਾਲ ਦਿਤੇ।

ਮਮਾ ਮਤ ਮਾਰੀ ਗਈ ਹਿੰਦੂਆਂ ਦੀ,
ਨਾਲ ਖਾਲਸੇ ਜੁਲਮ ਕਮਾਉਣ ਲਗੇ।
ਰੜੋਂ ਉਠਕੇ ਤੇ ਸ਼ੇਰ ਪੁਰ ਆਏ,
ਲੰਗਰ ਕਰਨ ਦੀ ਡੋਲ ਬਨਾਉਣ ਲਗੇ।
ਪੰਜ ਸਿੰਘ ਬੁਲਾਇਕੇ ਲਾਉਣ ਬੇੜੀ,
ਮਿਠਾ ਬੋਲਕੇ ਚਿਤ ਚੁਰਾਉਣ ਲਗੇ।
ਹੋਇ ਹਿੰਦੂਓ ਤੁਰਕ ਮਲੇਛ ਸੋਈ,
ਧੋਖਾ ਖਾਲਸੇ ਨਾਲ ਕਮਾਉਣ ਲਗੇ।

ਯਯਾ ਯਾਣ ਕਾਣੇ ਮੁਸਲਮਾਣ ਹਿੰਦੂ,
ਐਨੇ ਆਪਣਾ ਆਪ ਗਮਾਉਣ ਲਗੇ।
ਸਿੰਘਾਂ ਗਊ ਦੇ ਵਾਸਤੇ ਉਜਰ ਕੀਤਾ,
ਬੈਰੀ ਹਿੰਦੂਆਂ ਨੂੰ ਨਜ਼ਰ ਆਉਣ ਲਗੇ।
ਜਦੋਂ ਕੋਟਲੇ ਸ਼ਹਿਰ ਪੁਚਾਏ ਦਿੰਦੇ,
ਹਿੰਦੂ ਤੁਰਕ ਤਾਂ ਸ਼ੁਕਰ ਮਨਾਉਣ ਲਗੇ।
ਕੀਤੀ ਅਦਲ ਦੀ ਗਲ ਨ ਗੋਰਿਆਂ ਨੇ,
ਨਾਲ ਜੋਰ ਦੇ ਜੁਲਮ ਕਮਾਉਣ ਲਗੇ।
ਨਾਭੇ ਸ਼ਹਿਰ ਪਟਿਆਲੇ ਦੀ ਫੌਜ ਤਾਈਂ
ਨਾਮਧਾਰੀਏ ਸਿੰਘ ਸੁਣਾਉਣ ਲਗੇ।

ਰਾਰਾ ਰੰਗ ਬਟਾਏ ਕਿਉਂ ਖਾਲਸਾ ਜੀ,
ਤੁਸੀਂ ਸਿੰਘ ਸੁਦਾਰ ਦੀ ਫੌਜ ਦੇ ਹੋਂ।
ਲਾਹਿ ਕਾਲੀਆਂ ਬਰਦੀਆਂ ਫੂਕ ਦੇਵੋ,
ਤੁਸੀਂ ਚਿਟੀਆਂ ਦੇ ਨਾਲ ਸੋਜ ਦੇ ਹੋ।
ਤੋਪਾਂ ਚਕੀ ਆਇ ਸਾਡੇ ਮਾਰਨੇ ਨੂੰ,
ਕਾਹਨੂੰ ਵਿਚ ਹਿੰਦ-ਰੈਣ ਦੇ ਖੋਜਦੇ ਹੋਂ।
ਪਛੋਤਾਓ ਮਲੇਛ ਦੇ ਨਾਲ ਰਲਕੇ,
ਤੁਸੀਂ ਮਾਲਕੀ ਆਪਣੀ ਮੋਜ ਦੇ ਹੋਂ।

ਲਲਾ ਲਾਗ ਜਮਾਲ ਪੁਰ ਪਿੰਡ ਦੇ ਜੀ,
ਤੋਪਖਾਨਾ ਮਲੇਛਾਂ ਨੇ ਜੋੜਿਆ ਈ।
ਕਰਕੇ ਸਿੰਘ ਮੋਹਰੇ ਬਤੀ ਲਾਇ ਦਿੰਦੇ,

ਪੁਠੀ ਕਲਾ ਦਾ ਗੇੜ ਮਰੋੜਿਆ ਈ।
ਸਿੰਘ ਹੌਸਲੇ ਨਾਲ ਸ਼ਹੀਦ ਹੋਏ.
ਮਹਾਰਾਂਜ ਤੇ ਮੁਖ ਨ ਮੋੜਿਆ ਈ।
ਪਕਾ ਰੋਗ ਮਲੇਛ ਨੂੰ ਲਾਇ ਦਿਤਾ.
ਧਰਮ ਰਖਣਾ ਗੁਰੂ ਨੇ ਲੋੜਿਆਈ।

ਵਵਾ ਵਿਚ ਜਹਾਨ ਦੇ ਖਬਰ ਹੋਈ.
ਕਾਲਾ ਸੁਰਖ ਅਕਾਸ਼ ਦਾ ਰੰਗ ਹੋਇਆ।
ਸਾਲ ਉਨੀ ਸੈ ਠਾਈਆ ਬਰਤਿਆ ਸੀ.
ਸੰਤ ਖਾਲਸੇ ਦਾ ਜਦੋਂ ਜੰਗ ਹੋਇਆ।
ਕਈ ਮੁਕਬਰਾਂ ਸਿੰਘ ਫੜਾਇ ਦਿਤੇ.
ਸਿਦਕ ਕਈਆਂ ਦਾ ਅੰਗ ਤੇ ਭੰਗ ਹੋਇਆ।
ਕਈ ਨਵੇਂ ਵਹੀਰ ਦੇ ਵਿਚ ਹੋਏ.
ਕਈ ਹੋਣ ਦਾ ਚਿਤ ਤਰੰਗ ਹੋਇਆ।
ਕਾਲਾ ਸਿੰਘ ਨੂੰ ਚੌਦਮੇਂ ਬਰਸ ਪਿਛੋਂ.
ਸਤਿਗੁਰੂ ਦੇ ਸ਼ਬਦ ਦਾ ਸੰਗ ਹੋਇਆ।

ੜਾੜਾ ਤਾੜ ਮਿਟਾਇਕੇ ਦੂਰ ਕੀਤੀ.
ਜਨਮ ਕਰਮ ਦਾ ਰੋਗ ਮਿਟਾਇ ਦਿਤਾ।
ਪ੍ਰਗਟ ਹੋਇਕੇ ਤੇ ਭੈਣੀ ਸਾਹਿਬ ਅੰਦ੍ਰ.
ਸੰਤ ਖਾਲਸਾ ਪੰਥ ਚਲਾਇ ਦਿਤਾ।
ਵਾਹਿਗੁਰੂ ਦਾ ਜਾਪ ਜਪਾਇ ਕੇ ਜੀ.
ਨਰਕੀ ਜੀਵ ਬੈਕੁੰਠ ਪਹੁੰਚਾਇ ਦਿਤਾ।
ਰਾਮ ਸਿੰਘ ਸਚੇ ਪਾਤਸ਼ਾਹ ਨੇ ਜੀ.
ਜਮਡੰਡ ਤਰਾਸ ਮਿਟਾਇ ਦਿਤਾ।
ਨੰਗਲ ਵਡਾ ਪਖੋਵਾਲ ਪਾਸ ਮੇਰਾ।
ਭੈਣੀ ਸਾਹਿਬੋਂ ਸੋਲਾਂ ਕੋਸ ਧਾਮ ਹੈ ਜੀ।
ਸੁੰਦਰ ਸਿੰਘ ਮਤਾਬ ਹੈ ਸਿੰਘ ਭਾਈ.
ਨਾਮਾਂ ਬੰਸੀਆਂ ਦਾ ਸਾਡਾ ਜਾਮ ਹੈ ਜੀ।
ਸਾਲ ਉਨੀ ਸੈ ਵਿਚ ਬਤਾਲੀਏ ਦੇ.
ਅਸੀਂ ਪੁਛਿਆ ਗੁਰੂ ਦਾ ਨਾਮ ਹੈ ਜੀ।
ਸਤਿਗੁਰੂ ਬਰੌਰ ਅੰਧੇਰ ਸਾਰੇ.
ਓਧੀ ਬੰਦਗੀ ਵਿਚ ਆਰਾਮ ਹੈ ਜੀ।
ਰਾਮ ਸਿਘ ਲਭਾ ਗੁਰੂ ਭੁਲਿਆਂ ਨੂੰ.
ਮਿਲੀ ਸਚ ਦੇ ਗੁਰੂ ਦੀ ਸਾਮ ਹੈ ਜੀ।
ਸਤਿਗੁਰੂ ਦੀ ਬੰਦਗੀ ਜਿਨਾਂ ਕੀਤੀ.
ਬੇੜਾ ਉਹਨਾਂ ਦਾ ਸਿੰਧ ਤੇ ਪਾਰ ਹੋਇਆ।
ਚਾਰ ਵਰਨ ਮੈਂ ਗੁਰੂ ਦੀ ਆਦਿ ਸਿਖੀ.
ਨਵਾਂ ਬੋਰੀਆਂ ਕੋਮ ਤਿਆਰ ਹੋਇਆ।
ਜੰਗੀ ਭਜਨ ਤੇ ਰਹਿਤ ਹੈ ਜੰਗੀਆਂ ਦੀ.
ਸੋ ਭੀ ਰੂਸ ਫਰੰਗ ਦਾ ਯਾਰ ਹੋਇਆ।
ਸ਼ਰਨ ਪਿਆਂ ਨੂੰ ਬਖਸ਼ਣਾਂ ਮਿਹਰਵਾਨਾਂ.
ਸਤਿਗੁਰੂ ਬਖਸ਼ਿੰਦਗੀ ਹਾਰ ਹੋਇਆ।
ਇਤਿਹਾ ਸ੍ਰੀ ਪੈਂਤੀਸ ਅਖਰੀਂ ਸੰਪੂਰਣੰ।

ਦੋਹਰਾ।

ਬੈੜਾ ਖਸੀ ਜੋ ਕਰੇ ਡੂਢੀ ਜਿਣਸ ਬਿਆਜ।
ਪੈਸਾ ਲੜਕੀ ਕਾ ਲਏ ਸਜਾ ਦੇਤ ਮਹਾਰਾਜ।

ਕਬਿਤ।

ਜੀਨੂੰ ਆਖਦੇ ਅਕਾਲ ਸੁਰਗ-ਲੋਕ ਤੇ ਪਿਆਲ.
ਸੋਈ ਪ੍ਰਗਟਿਆ ਗੁਪਾਲ ਰਾਮ ਸਿੰਘ ਜੋ ਕਹਾਉਂਦਾ।
ਜੇਹੜਾ ਸੁਣੀਦਾ ਸੀ ਦੂਰ ਸੋਈ ਦੇਖਿਆ ਹਜ਼ੂਰਿ
ਜੈਸੇ ਪਾਣੀ ਉਤੇ ਬੂਰ ਪਉਣ ਛਿਨ ਮੇਂ ਹਟਾਉਂਦਾ।
ਕੀਤੀ ਧਰਤ ਨੇ ਪੁਕਾਰ ਮੈ ਤਾਂ ਹੋਈ ਹਾਂ ਲਚਾਰ.
ਮੈਨੂੰ ਦੇਣਾ ਜੀ ਦੀਦਾਰ ਭਾਰ ਚਕਿਆ ਨਹੀ ਜਾਉਂਦਾ।
ਸੁਣੀ ਅਰਜੋਈ ਮਹਾਰਾਜ ਮੰਨੀ ਸੋਈ
ਐਸਾ ਦੇਖਕੇ ਤਰਸ ਤਾਂ ਧਰਮ ਉਤੇ ਆਉਂਦਾ।
ਤੇਰੀ ਕਰੇ ਸੋ ਪਛਾਣ ਜੀਨੂੰ ਦੇਵੇਂ ਆਪ ਦਾਣ.
ਸਾਖ ਦਿੰਦੇ ਸੀ ਪੁਰਾਣ ਰਾਮ ਬਾਢੀ ਬੰਸ ਆਉਂਦਾ।
ਕੀਤਾ ਤੁਰਕ ਤੋਂ ਫਰਕ ਕਰੋ ਏਸਨੂੰ ਗਰਕ
ਦੇਖ ਗਊ ਦਾ ਤਰਸ ਤਾਂ ਫਰਕ ਦਿਲ ਜਾਉਂਦਾ।
ਸਿਧ ਜੋ ਚੁਰਾਸੀ ਨਵੇਂ ਨਾਥ ਤੇ ਬਵੰਜਾ ਬੀਰ
ਧਰਨ ਤੇਰਾ ਧਿਆਨ ਬੀਨ ਨਾਰਦ ਬਜਾਉਂਦਾ।
ਕਵਿ ਬਲਿਹਾਰੀ ਮੇਰੀ ਬੰਦਨਾ ਮੁਰਾਰੀ ਤੂੰ
ਉਤਾਰਾਂ ਮੇਂ ਉਤਾਰੀ ਤੇਰਾ ਅੰਤ ਨਾਹੀ ਆਉਂਦਾ। ੨।
ਸਿਖੀ ਤੇਰੀ ਹੈ ਨਧੜਕ ਬਧੀ ਨਾਮ ਰੂਪੀ ਸੜਕ
ਪੈਂਦੀ ਬਰਖ ਵਾਂਗੂ ਧਮਕ ਜਿਥੇ ਸ਼ਬਦ ਮਿਲ ਗਾਉਂਦਾ।
ਕੜਾ ਕਛ ਤੇ ਕ੍ਰਿਪਾਨ ਸਣੇ ਕੇਸੀ ਇਸ਼ਨਾਨ
ਧਰਨਾ ਸਤਿਗੁਰਾਂ ਦਾ ਧਿਆਨ ਹੋਰ ਆਸਰਾ ਹਟਾਉਂਦਾ।
ਜੇਹੜੀ ਮੀਆਂ ਦੀ ਮਸੀਤ ਓਹਦੀ ਕਰਦੇ ਨਾ ਪ੍ਰਤੀਤ
ਛਡ ਪਥਰਾਂ ਦੀ ਪੂਜਾ ਦੇਹਰਾ ਸਚ ਦਾ ਬਣਾਉਂਦਾ
ਜਿਥੇ ਖਾਲਸੇ ਦਾ ਸਾਹਾ ਨਹੀ ਬਾਮਣਾ ਨੂੰ ਲਾਹਾ
ਘਰ ਹੋਵੇ ਜੇ ਸਕਤ ਮੇਲਾ ਖਾਲਸੇ ਦਾ ਲਾਉਂਦਾ। ।੩। ।
ਰੀਤ ਗੁਰਾਂ ਨੇ ਚਲਾਈ ਸੋਈ ਖਾਲਸੇ ਕਮਾਈ
ਪੇਸ਼ ਪੰਮਿਆਂ ਦੇਆਈ ਪਾਣੀ ਸਕਿਆਂ ਦਾ ਹਟਾਉਂਦਾ।
ਕਰਕੇ ਲੋਭ ਦਾ ਤਿਆਗ ਰਚਿਆ ਨਾਮ ਦਾ ਜਹਾਜ
ਉਤੇ ਚਾੜ ਚਾੜ ਸੇਵਕਾਂ ਨੂੰ ਪਾਰ ਲੈ ਲੰਘਾਉਂਦਾ।
ਰਸਤਾ ਦਸਿਆ ਸੁਖੈਨ ਹੋਈ ਸੇਵਕਾਂ ਨੂੰ
ਚੈਨ ਖੁਲੇ ਅੰਧਕਾਰ ਨੈਨ ਬੈਨ ਕੰਨ ਮੈ ਸੁਣਾਉਂਦਾ।
ਜੇਹੜੇ ਆਖਦੇ ਕਲਾਮ ਸੋਈ ਹੋਣਗੇ ਬਰਾਨ
ਸਾਰਾ ਦੇਖੂਗਾ ਜਹਾਨ ਕਵੀ ਕਹਿਕੇ ਸੁਣਾਉਂਦਾ। ।੪। ।

ਨਾਮਧਾਰੀ ਸੰਪ੍ਰਦਾਅ

ਗ. ਕੋਤੋਵਸਕੀ

ਭਾਰਤ ਦੇ ਸਾਮੰਤ ਵਿਰੋਧੀ ਘੋਲ ਸੰਬੰਧੀ ਰੂਸੀ ਲੇਖਕ ਕੋਤੋਵਸਕੀ ਨੇ ਭਾਰਤ ਦਾ ਇਤਿਹਾਸ ਪੁਸਤਕ ਵਿਚ ਨਾਮਧਾਰੀ ਲਹਿਰ ਬਾਰੇ ਲਿਖਿਆ ਹੈ। ਇਹ ਰੂਸ ਵਿਚ ਛਪੀ ਚਰਚਿਤ ਇਤਿਹਾਸਕ ਰਚਨਾ ਹੈ। – ਸੰਪਾਦਕ

ਪੰਜਾਬ ਵਿਚ ਸਾਮੰਤ-ਵਿਰੋਧੀ ਅਤੇ ਬਸਤੀਵਾਦ-ਵਿਰੋਧੀ ਘੋਲ ੧੮੬੦ ਵਿਆਂ ਅਤੇ ੧੮੮੦ ਵਿਆਂ ਵਿਚਕਾਰ ਸਿਖਾਂ ਦੇ ਨਾਮਧਾਰੀ ਸੰਪ੍ਰਦਾਅ ਦੀਆਂ ਸਰਗਰਮੀਆਂ ਵਿਚ, ਜਿਹੜਾ ਸਦੀ ਦੇ ਸ਼ੁਰੂ ਵਿਚ ਸਥਾਪਤ ਕੀਤਾ ਗਿਆ ਸੀ, ਪ੍ਰਤਖ ਹੋਇਆ।

੧੮੫੭ ਵਿਚ ਬਸੰਤ ਦੇ ਦਿਨ ਸਿਖ ਫ਼ੌਜ ਦੇ ਪਹਿਲਿਆਂ ਦੇ ਸਿਪਾਹੀ, ਇਕ ਤਰਖਾਣ ਦੇ ਪੁਤਰ (ਗੁਰੂ) ਰਾਮ ਸਿੰਘ ਨੇ ਇਸ ਸੰਪ੍ਰਦਾਅ ਦੀ ਨੀਂਹ ਰਖੀ। ੧੮੬੩ ਵਿਚ (ਗੁਰੂ) ਰਾਮ ਸਿੰਘ ਨੇ ਨਾਮਧਾਰੀ ਸਿਖਿਆ ਦੀ ਆਪਣੀ ਵਿਆਖਿਆ ਪੇਸ਼ ਕੀਤੀ, ਜਿਸ ਵਿਚ ਉਹਨੇ ਇਹ ਹਦਾਇਤਾਂ ਪੇਸ਼ ਕੀਤੀਆਂ ਕਿ ਉਹਦੇ ਅਨੁਯਾਈ ਬਰਤਾਨਵੀ ਵਸਤਾਂ ਨਾ ਵਰਤਣ ਅਤੇ ਬਸਤੀਵਾਦੀ ਰਾਜ-ਪ੍ਰਬੰਧ ਦੀਆਂ ਸੰਸਥਾਵਾਂ ਵਿਚ ਕੰਮ ਕਰਨੋਂ ਨਾਂਹ ਕਰ ਦੇਣ। ਆਪਣੇ ਸਮੇਂ ਰਾਮ ਸਿੰਘ ਨੇ ਫ਼ੌਜ ਵਿਚ ਨੌਕਰੀ ਕੀਤੀ ਸੀ, ਉਹਨੇ ਸੰਪ੍ਰਦਾਅ ਦੀ ਜਥੇਬੰਦਕ ਬਣਤਰ ਦਾ ਸੁਧਾਰ ਕੀਤਾ, ਜ਼ਿਲ੍ਹਿਆਂ, ਤਹਿਸੀਲਾਂ ਅਤੇ ਪਿੰਡਾਂ ਵਿਚ ਸਪਸ਼ਟ ਤਰ੍ਹਾਂ ਉਲੀਕੀਆਂ ਜਥੇਬੰਦੀਆਂ ਸਥਾਪਤ ਕੀਤੀਆਂ। ਸੰਪ੍ਰਦਾਅ ਨੇ ਉਹਨਾਂ ਸਿਖਾਂ ਨਾਲ ਸੰਪ੍ਰਕ ਸਥਾਪਤ ਕੀਤਾ ਜਿਹੜੇ ਬਸਤੀਵਾਦੀ ਫ਼ੌਜ ਦੀਆਂ ਸਿਪਾਹੀ ਟੁਕੜੀਆਂ ਵਿਚ ਮੁਲਾਜ਼ਮ ਸਨ। ਨਾਮਧਾਰੀ, ਜਿਨ੍ਹਾਂ ਦੀ ਗਿਣਤੀ ਹੁਣ ੫੦,੦੦੦ ਹੋ ਗਈ ਸੀ ਅਤੇ ਜਿਹੜੇ ਚੰਗੀ ਤਰ੍ਹਾਂ ਜਥੇਬੰਦ ਸਨ ਅਤੇ (ਗੁਰੂ) ਰਾਮ ਸਿੰਘ ਦੇ ਅਨਿੰਨ ਵਫ਼ਾਦਾਰ ਸਨ, ਇਕ ਗੰਭੀਰ ਸ਼ਕਤੀ ਸਨ, ਵਿਸ਼ੇਸ਼ ਤੌਰ ਉਤੇ ਇਸ ਲਈ ਕਿ ਉਹਨਾਂ ਫ਼ੌਜੀ ਸਿਖਿਆ ਪ੍ਰਾਪਤ ਕੀਤੀ ਹੋਈ ਸੀ। ਇਸ ਲਈ ਸੰਪ੍ਰਦਾਅ ਉਤੇ ਪੁਲੀਸ ਦੀ ਕਰੜੀ ਤੋਂ ਕਰੜੀ ਨਿਗਰਾਨੀ ਲਾ ਦਿਤੀ ਗਈ।

ਸਠਵਿਆਂ ਦੇ ਅੰਤ ਅਤੇ ਸਤਰਵਿਆਂ ਦੇ ਸ਼ੁਰੂ ਵਿਚ ਸੰਪ੍ਰਦਾਅ ਦੀ ਸਰਗਰਮੀ ਨੇ ਵਧੇਰੇ ਧਾਰਮਕ ਅਤੇ ਫ਼ਿਰਕੂ ਖ਼ਾਸਾ ਅਖ਼ਤਿਆਰ ਕਰ ਲਿਆ। ਜਨਵਰੀ ੧੮੭੨ ਦੇ ਮਧ ਵਿਚ ਨਾਮਧਾਰੀਆਂ ਦੇ ਇਕ ਜਥੇ ਨੇ ਪੰਜਾਬ ਦੀ ਇਕ ਨਿਕੀ ਰਿਆਸਤ ਮਾਲੇਰਕੋਟਲਾ ਉਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ।

ਮਾਲੇਰਕੋਟਲਾ ਜਾਂਦੇ ਹੋਏ ਇਕ ਸੌ ਤੋਂ ਵਧ ਨਾਮਧਾਰੀਆਂ ਨੇ ਮਲੋਦ ਦੀ ਗੜ੍ਹੀ ਉਤੇ ਹਮਲਾ ਕੀਤਾ, ਜਿਹੜੀ ਇਕ ਸਿਖ ਸਾਮੰਤੀ ਸ਼ਾਹ ਦੇ ਰਹਿਣ ਦੀ ਥਾਂ ਸੀ। ਹਮਲਾਵਰਾਂ ਨੂੰ ਆਸ ਸੀ ਕਿ ਗੜ੍ਹੀ ਵਿਚ ਉਹਨਾਂ ਨੂੰ ਜੋ ਕੁਝ ਮਿਲੇਗਾ ਉਸ ਨਾਲ ਉਹ ਆਪਣੇ ਆਪ ਨੂੰ ਹਥਿਆਰਬੰਦ ਕਰ ਲੈਣਗੇ। ਪਰ ਉਹਨਾਂ ਦੇ ਮਲੋਦ ਅਤੇ ਮਲੇਰਕੋਟਲਾ ਦੁਹਾਂ ਉਤੇ ਕਬਜ਼ਾ ਕਰਨ ਦੇ ਜਤਨ ਅਸਫ਼ਲ ਹੋਏ। ਗੁਆਂਢੀਆਂ ਸਿਖ ਰਿਆਸਤਾਂ ਤੋਂ ਆਏ ਫ਼ੌਜੀ ਦਸਤਿਆਂ ਅਤੇ ਲੁਧਿਆਣੇ ਤੋਂ ਆਈ ਪੰਜਾਬ ਦੀ ਬਰਤਾਨਵੀ ਪੁਲੀਸ ਨੇ ਨਾਮਧਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗ਼ਦਾਰ ਰਾਜਿਆਂ ਨੇ ਇਕ ਵਾਰ ਫਿਰ ਆਪਣੇ ਆਪ ਨੂੰ ਜਨਤਕ ਲਹਿਰਾਂ ਕੁਚਲਣ ਵਿਚ ਬਰਤਾਨਵੀਆਂ ਦੇ ਵਫ਼ਾਦਾਰ ਹਾਮੀ ਸਾਬਤ ਕੀਤਾ।

ਬਰਤਾਨਵੀਆਂ ਦੇ ਹੁਕਮ ਉਤੇ ਕੈਦੀ ਬਣਾਏ ਗਏ ਨਾਮਧਾਰੀ ਮੁਕਦਮਾ ਚਲਾਏ ਬਿਨਾਂ ਤੋਪਾਂ ਨਾਲ ਉਡਾ ਦਿਤੇ ਗਏ। ਜਬਰ ਦੀ ਇਸ ਵਹਿਸ਼ੀ ਕਾਰਵਾਈ ਨੂੰ ਮਹਾਨ ਰੂਸੀ ਚਿਤਰਕਾਰ ਵੇਰੇਸ਼ਚਾਗਿਨ ਨੇ, ਜਿਹੜਾ ਉਸ ਸਮੇਂ ਭਾਰਤ ਵਿਚ ਸੀ, ਇਕ ਚਿਤਰ ਵਿਚ ਪੇਸ਼ ਕੀਤਾ।

੧੮੭੨ ਦੀ ਇਸ ਅਸਫ਼ਲ ਕਾਰਵਾਈ ਤੋਂ ਪਿਛੋਂ ਨਾਮਧਾਰੀ ਸੰਪ੍ਰਦਾਅ ਉਤੇ ਵਹਿਸ਼ੀ ਜਬਰ ਕੀਤੇ ਗਏ। (ਗੁਰੂ) ਰਾਮ ਸਿੰਘ ਨੂੰ ਉਮਰ ਭਰ ਲਈ ਬਰਮਾ ਵਿਖੇ ਬਦਰ ਕਰ ਦਿਤਾ ਗਿਆ।

ਇਹਨਾਂ ਘਟਨਾਵਾਂ ਤੋਂ ਕੁਝ ਸਮਾਂ ਪਿਛੋਂ ਪਛਮੀ ਅਤੇ ਦਖਣੀ ਭਾਰਤ ਵਿਚ ਜਨਤਕ ਅਸੰਤੋਖ ਦੀ ਇਕ ਨਵੀਂ ਲਹਿਰ ਉਭਰੀ।

ਮਾਈਆਂ ਨੂੰ ਅੰਮ੍ਰਿਤ ਦੀ ਦਾਤ

ਸਤਿਗੁਰੂ ਬਿਲਾਸ-ਕ੍ਰਿਤ ਭਾਈ ਸੰਤੋਖ ਸਿੰਘ

ਸ੍ਰੀ ਸਤਿਗੁਰੂ ਜੀ ਜੋਗਾ ਸਿੰਘ ਕੀ ਲੜਕੀ ਕਾ ਅਨੰਦ ਪੜ੍ਹੋਣ ਵਾਸਤੇ ਧੂੜਕੋਟ ਕੋ ਤੁਰੇ ਤੇ ਰਸਤੇ ਵਿੱਚ ਸਿਆੜ ਠਹਿਰੇ। ਸ੍ਰੀ ਸਤਿਗੁਰੂ ਜੀ ਮਦਾਨ ਗਏ। ਕੁਸ਼ਾਲ ਸਿੰਘ [1] ਨੂੰ ਬਚਨ ਕੀਤਾ ਛਪੜੋਂ ਭਰ ਲਿਆਓ ਗੜਵਾ ਜਲ ਕਾ। ਅੱਗੇ ਜਨਾਨੀਆਂ ਨੰਗੀਆਂ ਨਹਾਉਂਦੀਆਂ ਸੀਆਂ। ਮੁੜ ਆਇਕੇ ਕਹਿਣ ਲੱਗਾ ਜੀ ਜਨਾਨੇ ਸਰੀਰ ਨਹਾਉਂਦੇ ਹੈਂ ਨਗਨ। ਬਚਨ ਕੀਤਾ ਮੂੰਹ ਉੱਤੇ ਪੱਲਾ ਲੈ ਕੇ ਭਰ ਲਿਆਓ ਜਲ। ਪੱਲਾ ਮੂੰਹ ਉੱਤੇ ਲੈ ਕੇ ਜਲ ਭਰ ਲਿਆਇਆ। ਮਦਾਨ ਖੇਡ ਕੇ ਆਇਕੇ ਬਚਨ ਕੀਤਾ ਸੋ ਗੁਰਮਤਾ ਕਰੋ ਜਿਸ ਸੇ ਜਨਾਨੇ ਸਰੀਰ ਜਲ ਵਿੱਚ ਨੰਗੇ ਨਾ ਨ੍ਹਾਵਣ। ਜਲ ਮੈ ਨਗਨ ਨਾਵਣ ਕਾ ਬਡਾ ਦੋਸ਼ ਹੈ। ਕੋਲੋਂ ਗਿਆਨਾ ਸਿੰਘ ਨੇ ਕਹਾ ਕਿ ਬਿਸ਼ਨ ਪੁਰਾਣ ਮੈ ਲਿਖਿਆ ਹੈ ਢਾਈ ਹਾਥ ਕਾ ਪਰਨਾ ਤੇੜ ਪਾਇਕੇ ਨਾਏ। ਧਰਮ ਸ਼ਾਸਤ੍ਰ ਵਿੱਚ ਵੀ ਲਿਖਾ ਹੈ ਨਗਨ ਨਾ ਜਲ ਸਿਓਂ ਸਪਰਸ਼ ਕਰੇ। ਪ੍ਰਿਥਮੇਂ ਜਲ ਦੇਵਤੇ ਕਾ ਅਦਬ ਹੈ। ਦੂਏ ਦੇਵੀ ਦੇਵਤੇ ਸ਼ਹੀਦ ਦੇਖਦੇ ਰਹਿੰਦੇ ਹੈਂ ਨਾਲੇ ਚਿਤਰ ਗੁਪਤ ਹਰ ਵੇਲੇ ਵੇਖਦਾ ਰਹਿੰਦਾ ਹੈ ਜੋ ਜੋ ਕਰਮ ਕਰਦਾ ਹੈ ਪ੍ਰਾਣੀ।

ਮਾਈਆਂ ਨੂੰ ਅੰਮ੍ਰਿਤ

ਸਤਿਗੁਰੂ ਜੀ ਬਚਨ ਕੀਤਾ ਬਸਤਰ ਲੈ ਕੇ ਨੰਨ੍ਹੇ ਦੀ ਰੀਤੀ ਤੋਰੋ ਜਿਵੇਂ ਤੁਰਦੀ ਹੈ। ਬਾਬੇ ਲੱਖਾ ਸਿੰਘ ਨੇ ਕਹਾ ਕੋਈ ਕਪੜਾ ਰੱਖੂਗਾ ਕੋਈ ਨਹੀਂ ਰੱਖੂਗਾ। ਬਾਬੇ ਜਵਾਹਰ ਸਿੰਘ ਜੀ ਕਹਾ ਕਿ ਮਾਈਆਂ ਕੋ ਖੰਡੇ ਕਾ ਅੰਮ੍ਰਿਤ ਤੇ ਕਛਹਿਰੇ ਪਵਾਏ ਜਾਵਣ। ਪੰਜ ਕੱਕੇ ਕੀ ਰੀਤੀ ਰੱਖਣ ਜਨਾਨੇ। ਦਸਤਾਰੇ ਰੱਖਣ ਸਿਰ ਪਰ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੇਰੀ ਭੀ ਏਹੀ ਮਨਸ਼ਾ ਹੈ ਪਰ ਜਨਾਨੇ ਕਾ ਏਕ ਅੰਗ ਨੀਵਾਂ ਚਾਹੀਏ। ਜੋ ਸਿੰਘ ਸਮਾਨ ਹੋਈ ਤਾਂ ਮੈਥੁਨ ਕਰਨਾ ਬੜਾ ਦੋਸ਼ ਹੈ। ਜੇ ਦਸਤਾਰ ਬੰਨ੍ਹੇ ਤਾਂ ਗਰਿਸਤ ਨਾ ਵਰਤੇ। ਜੋ ਜਨਾਨਾ ਸਰੀਰ ਰੀਤੀ ਰੱਖਕੇ ਆਸਾ ਕੀ ਵਾਰ ਕਾ ਪਾਠ ਨਿਤਨੇਮ ਕਰੇਗੀ ਤਿਸ ਕੋ ਮਨੁੱਖਾ ਸਰੀਰ ਮਿਲੇਗਾ। ਗਿੱਚੀ ਮੈ ਜੂੜਾ ਰੱਖਣਾ ਧਰਮ ਹੈ। ਉਸੀ ਵਕਤ ਹੁਕਮ ਲਾਇ ਦਿੱਤਾ ਜਨਾਨੇ ਸਰੀਰ ਭੀ ਕਛਹਿਰੇ ਪਾਵਣ ਤੇ ਅੰਮ੍ਰਿਤ ਛਕਣ ਤੇ ਰੀਤੀ ਰੱਖਣ।

ਬਾਬੇ ਜਵਾਹਰ ਸਿੰਘ ਕੋ ਬੀਬੀ ਦਇਆ ਕੌਰ ਤੇ ਉੱਤਮੀ ਪਿੰਡ ਚੱਕ ਕੀ (ਜਿਸ ਕੋ ਦੇਸਰਾਜ ਤੇ ਅੰਨ੍ਹਿਆਂ ਦਾ ਚੱਕ ਭੀ ਕਹਿੰਦੇ ਹੈਂ) ਤੇ ਬੀਬੀ ਕਰਮ ਕੌਰ ਗੁਜਰਵਾਲ ਕੀ ਦੋਨੋ ਕਹਿਣ ਲੱਗੀਆਂ ਜੀ ਅਸੀਂ ਭੀ ਅੰਮ੍ਰਿਤ ਛਕਿਆ ਚਾਹੁੰਦੀਆਂ ਹਾਂ। ਬਾਬੇ ਜੀ ਬਚਨ ਕੀਤਾ ਕਿ ਸਿਰ ਖੋਲ੍ਹਣੇ ਪੈਣਗੇ ਅਤੇ ਕਛਹਿਰੇ ਪੌਣੇ ਪੈਣਗੇ। ਏਕ ਪੌਂਚਾ ਲਾਹੁਣਾ ਤੇ ਏਕ ਪੌਣਾ। ਬੜੀ ਕਰੜੀ ਧਾਰਨਾ ਹੈ। ਉਨ੍ਹਾਂ ਨੇ ਕਹਾ ਕਿ ਸਾਨੂੰ ਮਨਜ਼ੂਰ ਹੈ। ਕੇਸ ਖੋਲ੍ਹਕੇ ਕਛਹਿਰੇ ਪੌਣੇ ਮਨਜ਼ੂਰ ਕਰ ਲਏ ਤਿੰਨਾਂ ਨੇ।

ਸ੍ਰੀ ਸਤਿਗੁਰੂ ਜੀ ਸਿਆਹੜ ਮੇਂ ਮਾਈਆਂ ਕੋ ਅੰਮ੍ਰਿਤ ਛਕਾਇਆ ਤੇ ਕਛਹਿਰੇ ਪਵਾਏ। [2] ਏਸੇ ਤਰ੍ਹਾਂ ਦਰਸ਼ਨ ਦੇਂਦੇ ਧੂੜਕੋਟ ਚਲੇ ਗਏ। ਜੋਗਾ ਸਿੰਘ ਦੇ ਘਰ ਭੋਗ ਪਾ ਕੇ ਫੇਰ ਪਿੰਡ ਖੋਟੀ ਗਏ। 'ਸੁਚ ਹੋਵੈ ਤਾਂ ਸਚ ਪਾਈਐ' ਏਸ ਵਾਸਤੇ ਬੀਬੀਆਂ ਲਈ ਵੀ ਸੋਧ ਕੀ ਰੀਤੀ ਤੋਰੀ ਹੈ। ਝੀਊਰ, ਸੱਕਿਆਂ ਦਾ ਪਾਣੀ ਅਤੇ ਬੋਕੇ ਦਾ ਪਾਣੀ ਹਟਾਇ ਦਿੱਤੇ ਹੈਂ। ਬਚਨ ਕੀਤਾ ਆਪ ਪਾਣੀ ਭਰਿਆ ਕਰੋ। ਚੌਕਾ ਦੇ ਕੇ ਪ੍ਰਸਾਦ ਸਜਾਇਆ ਕਰੋ।

---

੧ ਪਿੰਡ [illegible], ਜ਼ਿਲਾ [illegible] ਸਿੰਘ   ੨ ਜੇਠ ਸੁਦੀ ਪੂਰਨਮਾਸ਼ੀ, ਸੰਮਤ ੧੯੨੦ ਬਿਕਰਮੀ, ੧ ਜੂਨ ੧੮੬੩ ਈ

ਆਨੰਦ ਮਰਯਾਦਾ ਦਾ ਆਰੰਭ ੩ ਜੂਨ ੧੮੬੩ ਈ.

ਜਸਵਿੰਦਰ ਸਿੰਘ

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ 'ਭੁਪਿੰਦ੍ਰਾ ਨੰਦ' ਗ੍ਰੰਥ ਦੇ ਪੰਨਾ ੩੦-੩੧ ਤੇ ਲਿਖਦੇ ਹਨ-

ਸ੍ਰੀ ਰਾਮ ਸਿੰਘ ਕੂਕੇ ਪਹਿਲੇ। ਅਨੰਦ ਸੁਛੰਦ ਪੜ੍ਹਾਏ ਪਹਿਲੇ।
ਤਿਨਕੋ ਦੇਖ ਔਰ ਸਿਖ ਘਨੇ। ਲਗੇ ਆਨੰਦ ਪੜ੍ਹਾਵਨ ਤਨੇ।

ਇਸ ਤੋਂ ਸਪਸ਼ਟ ਹੈ ਕਿ ਸਿੱਖਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਆਨੰਦ ਪੜ੍ਹਾਉਣੇ ਸ਼ੁਰੂ ਕੀਤੇ ਅਤੇ ਇਹਨਾਂ ਨੂੰ ਦੇਖਕੇ ਹੀ ਦੂਸਰਿਆਂ ਨੇ ਵੀ ਇਸ ਰੀਤੀ ਨੂੰ ਅਪਨਾਇਆ।

ਮਹਾਰਾਜਾ ਰਣਜੀਤ ਸਿੰਘ ਤੱਕ ਅਤੇ ਬਾਅਦ ਵਿਚ ਵੀ ਸਿਖ ਜਗਤ ਦੇ ਵਿਆਹ ਬ੍ਰਾਹਮਣ ਹੀ ਕਰਵਾਉਂਦੇ ਹੁੰਦੇ ਸਨ। ਪੂਰਵ ਗੁਰੂਆਂ ਦੇ ਵਿਆਹ ਵੀ ਪੰਡਤਾਂ ਵਲੋਂ ਕਰਵਾਉਣ ਦੇ ਜ਼ਿਕਰ ਸਿਖ ਇਤਿਹਾਸਕ ਪੁਸਤਕਾਂ ਵਿਚ ਮੌਜੂਦ ਹਨ। ਲੇਕਿਨ ੩ ਜੂਨ ੧੮੬੩ ਈ. ਨੂੰ ਪਿੰਡ ਖੋਟੇ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 'ਆਨੰਦ ਮਰਯਾਦਾ' ਦੀ ਰੀਤੀ ਸ਼ੁਰੂ ਕੀਤੀ ਸੀ ਅਤੇ ਪੰਡਤਾਂ ਨੂੰ ਮੰਨਣਾ ਛੱਡ ਦਿਤਾ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ-

ਮਰਣੇ ਔ ਪਰਣੇ ਮੈ ਬਿਪਰੈ ਬੁਲਾਵੈਂ ਨਾਹਿ। ਆਨੰਦ ਪਦਾਵੈਂ ਰੀਤਿ ਗੁਰ ਘਰ ਕੀ ਲਭੀ।।

ਮਹਾਰਾਜਾ ਨਾਭਾ ਨੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਿੱਖਾਂ ਦੇ ਮੈਰਿਜ ਐਕਟ ਨੂੰ ਪਾਸ ਕਰਵਾਉਣ ਦਾ ਜਤਨ ਕੀਤਾ ਪਰ ਉਹਨਾਂ ਨੂੰ ਆਨੰਦ ਕਾਰਜ ਕੀਤੇ ਜਾਣ ਦੀ ਠੋਸ ਗਵਾਹੀ ਨਹੀਂ ਸੀ ਮਿਲ ਰਹੀ। ਇਸੇ ਸਮੇਂ ਟਿੱਕਾ ਸਾਹਿਬ ਨੇ ਆਪਣਾ ਸੇਵਕ ਸ੍ਰੀ ਭੈਣੀ ਸਾਹਿਬ ਭੇਜਿਆ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੩ ਦਸੰਬਰ ੧੯੦੮ ਨੂੰ ਨਾਮਧਾਰੀ ਸਮਾਜ ਵਿਚ ਆਨੰਦ ਕਾਰਜ ਕੀਤੇ ਜਾਣ ਬਾਰੇ ਲਿਖਿਆ-

"ਸਾਡੇ ਕੁਲ ਪੰਥ ਵਿਚ ਪ੍ਰਾਚੀਨ ਸਮੇਆਂ ਤੋਂ ਨਿਰੋਲ ਅਨੰਦ ਦੀ ਮ੍ਰਯਾਦਾ ਚਲੀ ਔਂਦੀ ਹੈ। ਕੋਈ ਨਾਮਧਾਰੀ ਸਿੰਘ ਅਨੰਦ ਦੀ ਮ੍ਰਯਾਦਾ ਤੋਂ ਛੁਟ ਹੋਰ ਕੋਈ ਮ੍ਰਯਾਦਾ ਨਹੀਂ ਕਰ ਸਕਦਾ। ਜੋ ਕਰੇ ਉਹ ਨਾਮਧਾਰੀਆ ਸਿੰਘ ਨਹੀ ਰਹ ਸਕਦਾ। ਇਸ ਵਾਸਤੇ ਸ੍ਰਕਾਰ ਹਿੰਦ ਪਾਸ ਅਸੀਂ ਆਪਣੀ ਅਤੇ ਸਾਰੇ ਨਾਮਧਾਰੀ ਪੰਥ ਵਲੋਂ ਪ੍ਰਾਰਥਨਾ ਕਰਦੇ ਹਾਂ ਕਿ ਸ੍ਰੀ ਹਜ਼ੂਰ ਟਿਕਾ ਸਾਹਿਬ ਨਾਭਾ ਦੀ ਪੇਸ਼ ਕੀਤੀ ਹੋਈ ਅਨੰਦ ਦੀ ਮ੍ਰਯਾਦਾ ਨੂੰ ਸ੍ਰਕਾਰ ਕਾਨੂਨੀ ਤੌਰ ਪਰ ਪਾਸ ਕਰਕੇ ਸਾਡੇ ਪੰਥ ਨੂੰ ਧੰਨਵਾਦੀ ਕਰੇ। ਅਸੀਂ ਏਹ ਤਜਵੀਜ ਭੀ ਪੇਸ਼ ਕਰਦੇ ਹਾਂ ਕਿ ਇਸ ਕਾਨੂਨ ਦਾ ਨਾਂਓ ਸਿਖ ਮੈਰੇਜ ਐਕਟ ਰਖਿਆ ਜਾਵੇ।

ਭੈਣੀ ਸਾਹਿਬ, ਜ਼ਿਲਾ ਲੁਧਿਆਣਾ — ਸਹੀ

ਤਰੀਕ ੧੩.੧੨.੦੮ — (ਸਤਿਗੁਰੂ) ਪ੍ਰਤਾਪ ਸਿੰਘ

ਭਾਈ ਸੰਤੋਖ ਸਿੰਘ ਦੇ ਗ੍ਰੰਥ 'ਸਤਿਗੁਰੂ ਬਿਲਾਸ' ਵਿਚ ਆਨੰਦ ਮਰਯਾਦਾ ਸ਼ੁਰੂ ਹੋਣ ਦਾ ਵਰਨਣ ਇਸ ਤਰ੍ਹਾਂ ਕੀਤਾ ਗਿਆ ਹੈ-

ਧੂੜਕੋਟ ਸੇ ਸੰਮਤ ੧੯੨੦ ਬਿਕ੍ਰਮੀ, ਮਹੀਨਾ ਜੇਠ, ਸ਼ਬਦ ਪੜਦੇ ਖੋਟੀਂ ਆਏ ਪਹੁੰਚੇ ਸ੍ਰੀ ਸਤਿਗੁਰੂ ਜੀ। ਦੁਨੀਆ ਦਰਸ਼ਨਾ ਕੋ ਆਉਂਦੀ ਹੈ। ਕੈਂਹਦੇ ਹੈਂ ਏਹ ਕੂਕਿਆਂ ਦਾ ਗੁਰੂ ਹੈ। ਅੰਤਰਯਾਮੀ ਅਕਾਲ ਪੁਰਖ ਜੀ ਆਪ ਮਨੁੱਖਾ ਸਰੀਰ ਧਾਰਿਆ ਹੈ ਇਸ ਸੰਸਾਰ ਕਾ ਉਧਾਰ ਕਰਨੇ ਕੇ ਵਾਸਤੇ।

ਛੇ ਅਨੰਦ ਪੜ੍ਹਾਏ। ਏਕ ਅਨੰਦ ਪੜ੍ਹਾਇਆ ਤਰਖਾਨ ਸਿੰਘ ਕੀ ਲੜਕੀ, ਅਰੋੜਿਆਂ ਸਿੰਘਾਂ ਕਾ ਲੜਕਾ। ਦੀਨ ਦਿਆਲ ਜੀ ਬਚਨ ਕੀਤਾ ਪਹਿਲੇ ਮੈਂ ਆਪਣੇ ਘਰ ਸੇ ਰੀਤੀ ਤੋਰੀ ਹੈ, ਸਰਬ ਖ਼ਾਲਸੇ ਨੂੰ ਕਰਨੀ ਬਣੇਗੀ। ਕਈਆਂ ਸਿੰਘਾਂ ਨੇ ਅਰਜਾਂ ਕੀਤੀਆਂ ਜੀ ਸਾਡੀਆਂ ਲੜਕੀਆਂ ਕੇ ਅਨੰਦ ਆਪ ਕੇ ਹਜ਼ੂਰ ਪੜੇ ਜਾਵਣ ਤਾਂ ਅਸੀਂ ਪ੍ਰਸੰਨ ਹਾਂ।

ਖੋਟੀਂ ਸਾਰੇ ਪਿੰਡ ਮੇਂ ਏਹੀ ਬਾਤਾਂ ਹੋਵਨ ਅਨੰਦ ਕੀਆਂ ਕਿ ਨਵੀਂ ਰੀਤੀ ਤੋਰੀ ਹੈ ਅਤੇ ਬ੍ਰਾਹਮਣਾਂ ਕੋ ਮੰਨਣਾਂ ਭੀ ਛੋਡ ਦੀਆ ਹੈ। ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ। ਅੱਗੇ ਚਾਰ ਜੁਗਾਂ ਮੈ ਬੇਦਾਂ ਕੋ ਮੰਨਦੇ ਆਏ ਹੈਂ। ਏਸ ਗੁਰੂ ਨੇ ਨਿਆਰਾ ਹੀ ਪੰਥ ਤੋਰਿਆ ਹੈ।

---

੧. ਹਾੜ ਵਦੀ ਦੂਜ, ੧੯੨੦ ਬਿਕਰਮੀ, ੩ ਜੂਨ ੧੮੬੩ ਈ.

ਵਿਧੀ ਅਨੁਸਾਰ ਪਹਿਲੇ ਅਖੰਡ ਪਾਠ

ਜਸਵਿੰਦਰ ਸਿੰਘ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ੍ਰੇਜ਼ੀ ਸਰਕਾਰ ਨੇ ਰੰਗੂਨ ਭੇਜ ਕੇ ਨਜ਼ਰਬੰਦ ਕਰ ਦਿਤਾ ਸੀ ਤੇ ਡੇਰੇ ਸ੍ਰੀ ਭੈਣੀ ਸਾਹਿਬ ਪੁਲਿਸ ਦੀ ਇਕ ਸਥਾਈ ਚੌਕੀ ਬਿਠਾ ਦਿੱਤੀ ਸੀ। ਨਾਮਧਾਰੀ ਸਿੰਘਾਂ ਨੂੰ ਆਪਣੀਆਂ ਧਾਰਮਿਕ ਮਰਯਾਦਾਵਾਂ ਆਨੰਦ ਕਾਰਜ, ਪਾਠ, ਕੀਰਤਨ ਆਦਿ ਕਰਨ ਲਈ ਵੀ ਸਰਕਾਰੀ ਦੀ ਇਜ਼ਾਜਤ ਲੈਣੀ ਹੁੰਦੀ ਸੀ। ਇਸ ਲਈ ਨਾਮਧਾਰੀ ਸਿੰਘ ਗੁਪਤ ਰੂਪ ਵਿੱਚ ਆਪਣੇ ਧਾਰਮਕ ਕਾਰਜ ਪੂਰੇ ਕਰਦੇ।

ਰੰਗੂਨ ਤੋਂ ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਰਾਹੀ ਸਾਰੀ ਸੰਗਤ ਨੂੰ ਪਾਠ ਕਰਨ ਦੇ ਹੁਕਮ ਦਿੰਦੇ ਸਨ। ਡੇਰੇ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਹੁਕਮਾਨੁਸਾਰ ਪਾਠ ਕਰਨ ਦੇ ਜਤਨ ਕੀਤੇ ਜਾਂਦੇ ਸਨ ਪਰ ਪੁਲਿਸ ਦੀਆਂ ਸਖ਼ਤੀਆਂ ਕਾਰਨ ਡੇਰੇ ਦੇ ਪ੍ਰਬੰਧ ਤੋਂ ਵੱਧ ਕੋਈ ਨਾਮਧਾਰੀ ਉਥੇ ਠਹਿਰ ਨਹੀਂ ਸੀ ਸਕਦਾ। ਇਸ ਲਈ ਪਾਠ ਗੁਪਤ ਕੀਤੇ ਜਾਂਦੇ ਸਨ ਅਤੇ ਜਲਦੀ ਸੰਪੂਰਨ ਕਰਨ ਲਈ ਲਗਾਤਾਰ (ਅਖੰਡ) ਪਾਠ ਕਰਨੇ ਸ਼ੁਰੂ ਕੀਤੇ। ਇਕ ਅਰਦਾਸ ਵਿਚ ਮਹਾਰਾਜ ਹਰੀ ਸਿੰਘ ਜੀ ਨੇ ਡੇਰੇ ਜਿਸ ਵਿਧੀ ਨਾਲ ਅਖੰਡ ਪਾਠ ਕੀਤੇ ਸਨ, ਉਹ ਲਿਖਕੇ ਸਤਿਗੁਰੂ ਰਾਮ ਸਿੰਘ ਜੀ ਪਾਸ ਰੰਗੂਨ ਭੇਜੀ। ਇਸ ਦੇ ਉਤਰ ਵਿਚ ਸਤਿਗੁਰੂ ਜੀ ਨੇ ਵਿਧੀ ਅਨੁਸਾਰ ਅਖੰਡ ਪਾਠ ਕਰਨ ਦੀ ਮਟਯਾਦਾ ਲਿਖ ਕੇ ਭੇਜੀ ਜੋ ਭਾਈ ਸੰਤੋਖ ਸਿੰਘ ਦੇ ਗ੍ਰੰਥ 'ਸਤਿਗੁਰੂ ਬਿਲਾਸ' ਵਿਚ ਦਰਜ ਹੈ। ਸਤਿਗੁਰੂ ਹਰੀ ਸਿੰਘ ਜੀ ਨੇ ਓਸੇ ਵਿਧੀ ਅਨੁਸਾਰ ਪਹਿਲੀ ਵਾਰੀ ਸ੍ਰੀ ਭੈਣੀ ਸਾਹਿਬ ਅਖੰਡ ਪਾਠ ਕੀਤੇ ਸਨ, ਇਸ ਤੋਂ ਪਹਿਲਾਂ ਸਿੱਖ ਜਗਤ ਵਿਚ ਅਖੰਡ ਪਾਠ ਦੀ ਰੀਤਿ ਨਹੀ ਸੀ।

ਰੰਗੂਨ ਤੋਂ ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਰਾਹੀ ਸਾਰੀ ਸੰਗਤ ਨੂੰ ਪਾਠ ਕਰਨ ਦੇ ਹੁਕਮ ਦਿੰਦੇ ਸਨ। ਡੇਰੇ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਹੁਕਮਾਨੁਸਾਰ ਪਾਠ ਕਰਨ ਦੇ ਜਤਨ ਕੀਤੇ ਜਾਂਦੇ ਸਨ ਪਰ ਪੁਲਿਸ ਦੀਆਂ ਸਖ਼ਤੀਆਂ ਕਾਰਨ ਡੇਰੇ ਦੇ ਪ੍ਰਬੰਧ ਤੋਂ ਵੱਧ ਕੋਈ ਨਾਮਧਾਰੀ ਉਥੇ ਠਹਿਰ ਨਹੀਂ ਸੀ ਸਕਦਾ। ਇਸ ਲਈ ਪਾਠ ਗੁਪਤ ਕੀਤੇ ਜਾਂਦੇ ਸਨ ਅਤੇ ਜਲਦੀ ਸੰਪੂਰਨ ਕਰਨ ਲਈ ਲਗਾਤਾਰ (ਅਖੰਡ) ਪਾਠ ਕਰਨੇ ਸ਼ੁਰੂ ਕੀਤੇ।

ਅਖੰਡ ਪਾਠ ਦੀ ਮਰਯਾਦਾ

ਪ੍ਰਿਥਮੇ ਪਾਠ ਸੁਣਾਇਕੇ ਕਰਨਾ ਔਰ ਬੀੜ ਲਿਖਤ ਦੀ ਹੋਵੇ, ਚਮੜੇ ਦੀ ਜਿਲਦ ਨਹੀ ਰਖਣੀ। ਜੇ ਪਾਠੀ ਚੀਤਾ ਛਡੇ ਤਾਂ ਕੌਲੀ ਨਾਲ ਛਡੇ। ਗੋਡਿਆਂ ਤਾਈ ਲੱਤਾਂ ਕੂਹਣੀਆਂ ਤਾਈ ਬਾਹਾਂ ਧੋਣੀਆਂ ਤੇ ਚੂਲੇ ਕਰਨੇ। ਮੰਜੇ ਉਤੇ ਪਾਠੀ ਨਾ ਸੌਣ। ਗ੍ਰਿਸਤ ਨਾ ਕੋਈ ਬਰਤੇ ਜਿਨਾਂ ਚਿਰ ਪਾਠ ਹੋਵੇ। ਓਸ ਜਗਾ ਦੂਆ ਆਦਮੀ ਬਹਿਕੇ ਗੱਲ ਨਾ ਕਰੇ। ਅਨਦਾਹੜੀਆ ਲੜਕਾ ਨਹੀ ਲਾਵਣਾ। ਬਾਰਾਂ ਸਿੰਘਾਂ ਥੀ ਬਿਨਾ ਪਾਠ ਨਹੀਂ ਤੋਰਨਾ। ਪਾਠੀ ਪੂਰੇ ਰਖਣੇ। ਅਨ ਥੋੜਾ ਛਕੇ ਜਿਸ ਸੇ ਬੇਕਾ [ਵਉਕਾ (ਹਵਾ)] ਨਾ ਸਰੇ। ਅਬਲ ਤਾ ਚੌਦਾਂ ਸਰੀਰ ਚਾਹੀਏ ਨਹੀਂ ਬਾਰਾਂ ਥੀਂ ਘਟ ਨਾ ਰਖਣੇ। ਚੋਲੀ ਰੁਮਾਲ ਧੋਇ ਲੈਣੇ। ਜੇ ਕਪਾਹੇ ਕਪੜੇ ਹੋਣ ਤਾ ਧੋਣੇ। ਪਾਂਚ ਪਾਠੀ, ਪਾਂਚ ਧੂਪੀਏ, ਦੋ ਪਹਿਰੇ ਵਾਲੇ ਦੋ ਲਾਂਗਰੀ, ਚੌਦਾਂ ਸਿੰਘ ਲਿਖੇ ਹੈ ਪਰ ਬਾਰਾਂ ਥੀਂ ਘਟ ਪਾਠ ਨਹੀ ਤੋਰਨਾ।

ਕੁੰਭ ਕੋਰੇ ਮਿਟੀ ਕੇ ਬਰਤਨ ਮੇਂ ਜਲ ਪਾਇਕੇ ਰਖਣਾ। ਕੁੰਭ ਕੇ ਹੇਠ ਕਣਕ ਕੇ ਦਾਣੇ ਰਖਣੇ। ਉਪਰ ਕੋਰਾ ਬਸਤਰ ਧੋਇ ਕੇ ਪਾਣਾ। ਉਪਰ ਨਲਯੇਰ ਰਖਣਾ। ਧੂਪੀਏ ਕੇ ਅਗੇ ਜਪੁ ਸਾਹਿਬ ਕੀ ਸੈਂਚੀ ਧਰਨੀ। ਇਕ ਗਿਠ ਭਰ ਕੀ ਲਕੜੀ ਬੇਰੀ ਕੀ ਜਾਂ ਪਲਾਹ ਕੀ ਥਾਲੀ ਮੇ ਧਰੇ। ਉਸ ਪਰ ਜਪੁ ਸਾਹਿਬ

ਕੀ ਪੌੜੀ ਪੂਰੀ ਹੋਈ ਤੇ ਘਿਉ ਕੀ ਆਹੂਤੀ ਪਾਵੇ ਭਜਨ ਕਾ ਨਾਮ ਲੈ ਕੇ। ਇਕ ਦੀਵਾ ਘਿਉ ਕਾ ਜਗਾਇਕੇ ਥਾਲੀ ਮੈ ਧਰੇ। ਦੀਵਾ ਬੁਝ ਨਾ ਜਾਇ ਖਵਰਦਾਰੀ ਰਖਣੀ। ਕੋਲ ਕੋਲੇ ਦਗਦੇ ਰੈਹਣ, ਧੂਪ ਓਨਾਂ ਉਪਰ ਪੈਂਦੀ ਰਹੇ। ਧੂਪੀਏ ਨੂੰ ਤਿੰਨਾਂ ਚੀਜਾਂ ਦੀ ਖਵਰਦਾਰੀ ਚਾਹੀਏ। ਧੂਪ ਤੇ ਦੀਵਾ ਤੇ ਲਕੜੀ ਦਾ ਗੀਟਾ ਹਮਨ ਜਗਦਾ ਰਹੇ। ਜਿਤਨਾ ਚਿਰ ਭੋਗ ਨਾ ਪਵੇ ਉਤਨਾ ਚਿਰ ਤਿੰਨਾਂ ਚੀਜਾਂ ਵਿਚੋਂ ਕੋਈ ਬੁਝੇ ਨਾ। ਐਮ੍ਰਿਤ ਛਕਾਇਕੇ ਪਾਠ ਤੋਰਨਾ ਪਾਠੀ ਧੂਪੀਏ ਪਹਿਰੇ ਵਾਲੇ ਕੋ। ਲਾਂਗਰੀ ਭੀ ਐਮ੍ਰਿਤ ਛਕੇ ਤਾਂ ਲੰਗਰ ਮੈ ਬੜੇ। ਲੰਗਰ ਕੀ ਤੇ ਅਖੰਡ ਪਾਠ ਕੀ ਮਰਯਾਦਾ ਇਕ ਹੈ। ਰਾਤ ਨੂੰ ਗ੍ਰੰਥ ਸਾਹਿਬ ਕੇ ਮੋਹਰੇ ਘਿਉ ਕਾ ਦੀਵਾ ਅਰ ਧੂਪੀਏ ਅਗੇ।

ਪ੍ਰਿਥਮੇ ਸਿੰਘ ਸਾਰੇ ਸੋਧੀ ਹੋਵਣ। ਐਮ੍ਰਿਤ ਬਨਾਵਣ ਮਰਯਾਦਾ ਨਾਲ। ਜਪੁ, ਜਾਪੁ, ਚੌਪਈ, ਸਵੈਯੇ ਦਸੇ ਪੰਜ ਫੇਰੀ ਪੜਕੇ ਪੰਜ ਪੌੜੇ ਅਨੰਦ ਕੇ ਪੜੇ। ਪਾਠੀ ਧੂਪੀਏ ਲਾਂਗਰੀ ਅਰ ਪਹਿਰੇ ਵਾਲੇ ਕੋ ਐਮ੍ਰਿਤ ਛਕੌਣਾ ਕਮਰਕਸਾ ਕਰਕੇ ਸਫਾ ਜੰਗ ਗਾਤਰੇ ਪਾ ਕੇ।

ਪ੍ਰਿਥਮੇ ਸਿੰਘ ਸਾਰੇ ਸੋਧੀ ਹੋਵਣ। ਐਮ੍ਰਿਤ ਬਨਾਵਣ ਮਰਯਾਦਾ ਨਾਲ। ਜਪੁ, ਜਾਪੁ, ਚੌਪਈ, ਸਵੈਯੇ ਦਸੇ ਪੰਜ ਫੇਰੀ ਪੜਕੇ ਪੰਜ ਪੌੜੇ ਅਨੰਦ ਕੇ ਪੜੇ। ਪਾਠੀ ਧੂਪੀਏ ਲਾਂਗਰੀ ਅਰ ਪਹਿਰੇ ਵਾਲੇ ਕੋ ਐਮ੍ਰਿਤ ਛਕੌਣਾ ਕਮਰਕਸਾ ਕਰਕੇ ਸਫਾ ਜੰਗ ਗਾਤਰੇ ਪਾ ਕੇ।
ਪ੍ਰਿਥਮੇ ਗ੍ਰੰਥ ਸਾਹਿਬ ਪ੍ਰਗਾਸੇ ਤੁਕ ਲਵੇ। ਸਵਾ ਰੁਪਏ ਕਾ ਕੜਾਹ ਪ੍ਰਸਾਦ ਤਾਬਿਆ ਰਖਣਾ। ਪਾਠੀ ਅਰ ਧੂਪੀਆ ਇਸ਼ਨਾਨ ਕਰਕੇ ਐਮ੍ਰਿਤ ਛਕ ਕੇ ਤਾਬਿਆ ਆਵੇ। ਅਰਦਾਸਾ ਕਰਕੇ ਪੜ੍ਹਨ ਲਗੇ। ਅਰਦਾਸਾ ਕਰਨ ਵਾਲੇ ਕਾ ਇਸ਼ਨਾਨ ਕੀਤਾ ਹੋਵੇ। ਸੁਧ ਹੋਇਕੇ ਅਰਦਾਸਾ ਕਰੇ ਬਾਰਾਂ ਪਾਤਸ਼ਾਹੀਆਂ ਕਾ ਜਿਸ ਬਖਤ ਅਰਦਾਸੀਆ ਕਹੇ ਕਿ ਅਖੰਡ ਪਾਠ ਤੁਰਿਆ ਹੈ ਉਸੀ ਬਖਤ ਪਾਠੀ ਅਰ ਧੂਪੀਆ ਪਾਠ ਕਰਨ ਲਗ ਜਾਵਣ। ਪਾਠੀ ਅਰ ਧੂਪੀਆ ਅਗੇ ਤੁਕ ਦੇਕੇ ਅਰਦਾਸ ਕਰਕੇ ਬੋਲੇ। ਅਰਦਾਸ ਕਰਕੇ ਹੀ ਤੁਕ ਲਵੇ ਪਾਠੀ ਅਰ ਧੂਪੀਏ ਥੀਂ। ਜਦ ਰੌਲ ਆਵੇ ਤਾਂ ਇਸ਼ਨਾਨ ਕਰਕੇ ਲਗੇ। ਏਕ ਰੁਪਈਆ ਮੰਜੀ ਸਾਹਿਬ ਕੇ ਪਾਵੇ ਹੇਠ ਰਖੇ। ਪਾਠੀ ਖੌਫ ਰਖੇ ਪਤਰਾ ਨਾ ਉਥਲਿਆ ਜਾਏ। ਤੁਕ ਅਖਰ ਲਗ ਮਾਤ੍ਰ ਸੋਧ ਕੇ ਪੜਨਾ। ਹਰ ਤਰਾਂ ਸੇ ਬਿਘਨ ਬਚਾਵੇ। ਨਿਰਬਿਘਨ ਅਖੰਡ ਪਾਠ ਕਾ ਅਕੋਤ੍ਰ ਸੌ ਖੁਲੇ ਪਾਠ ਜਿੰਨਾ ਫਲ ਹੈ। ਜੇ ਬਿਘਨ ਪੈ ਜਾਵੇ ਤਾਂ ਇਕ ਪਾਠ ਖੁਲੇ ਜਿੰਨਾ ਮਹਾਤਮ ਹੈ। ਤਾਂ ਤੇ ਬਿਘਨ ਬਚੌਣਾ ਚਾਹੀਏ।

ਪ੍ਰਿਥਮੇ ਗ੍ਰੰਥ ਸਾਹਿਬ ਪ੍ਰਗਾਸੇ ਤੁਕ ਲਵੇ। ਸਵਾ ਰੁਪਏ ਕਾ ਕੜਾਹ ਪ੍ਰਸਾਦ ਤਾਬਿਆ ਰਖਣਾ। ਪਾਠੀ ਅਰ ਧੂਪੀਆ ਇਸ਼ਨਾਨ ਕਰਕੇ ਐਮ੍ਰਿਤ ਛਕ ਕੇ ਤਾਬਿਆ ਆਵੇ। ਅਰਦਾਸਾ ਕਰਕੇ ਪੜ੍ਹਨ ਲਗੇ। ਅਰਦਾਸਾ ਕਰਨ ਵਾਲੇ ਕਾ ਇਸ਼ਨਾਨ ਕੀਤਾ ਹੋਵੇ। ਸੁਧ ਹੋਇਕੇ ਅਰਦਾਸਾ ਕਰੇ ਬਾਰਾਂ ਪਾਤਸ਼ਾਹੀਆਂ ਕਾ ਜਿਸ ਬਖਤ ਅਰਦਾਸੀਆ ਕਹੇ ਕਿ ਅਖੰਡ ਪਾਠ ਤੁਰਿਆ ਹੈ ਉਸੀ ਬਖਤ ਪਾਠੀ ਅਰ ਧੂਪੀਆ ਪਾਠ ਕਰਨ ਲਗ ਜਾਵਣ। ਪਾਠੀ ਅਰ ਧੂਪੀਆ ਅਗੇ ਤੁਕ ਦੇਕੇ ਅਰਦਾਸ ਕਰਕੇ ਬੋਲੇ। ਅਰਦਾਸ ਕਰਕੇ ਹੀ ਤੁਕ ਲਵੇ ਪਾਠੀ ਅਰ ਧੂਪੀਏ ਥੀਂ। ਜਦ ਰੌਲ ਆਵੇ ਤਾਂ ਇਸ਼ਨਾਨ ਕਰਕੇ ਲਗੇ। ਏਕ ਰੁਪਈਆ ਮੰਜੀ ਸਾਹਿਬ ਕੇ ਪਾਵੇ ਹੇਠ ਰਖੇ। ਪਾਠੀ ਖੌਫ ਰਖੇ ਪਤਰਾ ਨਾ ਉਥਲਿਆ ਜਾਏ। ਤੁਕ ਅਖਰ ਲਗ ਮਾਤ੍ਰ ਸੋਧ ਕੇ ਪੜਨਾ। ਹਰ ਤਰਾਂ ਸੇ ਬਿਘਨ ਬਚਾਵੇ। ਨਿਰਬਿਘਨ ਅਖੰਡ ਪਾਠ ਕਾ ਅਕੋਤ੍ਰ ਸੌ ਖੁਲੇ ਪਾਠ ਜਿੰਨਾ ਫਲ ਹੈ। ਜੇ ਬਿਘਨ ਪੈ ਜਾਵੇ ਤਾਂ ਇਕ ਪਾਠ ਖੁਲੇ ਜਿੰਨਾ ਮਹਾਤਮ ਹੈ। ਤਾਂ ਤੇ ਬਿਘਨ ਬਚੌਣਾ ਚਾਹੀਏ। ਪਾਠੀ ਕਾਹਲਾ ਪਾਠ ਕਰਨ ਵਾਲੇ ਹੋਣ ਕਿਉਕਿ ਸੋਲਾਂ ਪੈਹਰਾਂ ਮੈ ਭੋਗ ਪਾਉਣੇ ਕਾ ਮਹਾਤਮ ਹੈ। ਪੈਹਰੇ ਬਾਲੇ ਨੂੰ ਚਾਹੀਏ ਮਾਲਾ ਫੇਰੇ। ਰਸਨਾ ਕਾ ਭਜਨ ਕਰੇ। ਪੰਦਰਾਂ ਪਤਰੇ ਰਹਿਣ ਤਾਂ ਪਾਠੀ ਸੈਨਤ ਦੇਵੇ ਤੇ ਟੱਲੀ ਵਜਾਵੇ। ਪਹਿਰੇ ਬਾਲਾ ਜਾਇਕੇ ਖਬਰ ਦੇਵੇ। ਪਾਠੀ ਇਸ਼ਨਾਨ ਕਰਕੇ ਤਿਆਰ ਹੋ ਰਹੇ। ਜਾਂ ਪਤਰੇ ਪੂਰੇ ਹੋਏ ਤੇ ਫੇਰ ਸੈਨਤ ਦੇਵੇ ਟੱਲੀ ਵਜਾਵੇ। ਪਾਠੀ ਅਰ ਧੂਪੀਏ ਕੋ ਸਦ ਲੈ ਆਵੇ। ਅਰਦਾਸਾ ਕਰ ਕੇ ਪਾਠੀ ਧੂਪੀਆ ਤੁਕ ਲੈਣ ਤੇ ਜੇਹੜੇ ਉਠਨ ਓਹ ਵੀ ਅਰਦਾਸਾ ਕਰਨ। ਸੂਰਜ ਕੀਆਂ ਰਿਸ਼ਮਾਂ ਨਾਲ ਸਵਾ ਰੁਪਏ ਕਾ ਕੜਾਹ ਪ੍ਰਸ਼ਾਦ ਵਰਤਾਇ ਦੇਵੇ ਅਰਦਾਸਾ ਕਰਕੇ। ਜੇ ਚੀਤਾ ਆਵੇ ਪਾਠੀ ਧੂਪੀਏ ਕੋ ਤਾਂ ਪਹਿਰੇ ਬਾਲੇ ਕੋ ਤੁਕ ਦੇ ਕੇ ਚੀਤਾ ਛਡ ਕੇ ਕੌਲੀ ਨਾਲ ਗੋਡਿਆਂ ਤਾਈ ਲਤਾਂ ਅਰ ਕੂਹਣੀਆਂ ਤਾਈ ਬਾਹਾਂ ਧੋਕੇ ਚੂਲੇ ਕਰੇ। ਰੁਮਾਲ ਨਾਲ ਹੱਥ ਮੂੰਹ ਧੋਤਾ ਹੋਇਆ ਪੋਚ ਕੇ ਤਾਂ ਤਾਬਿਆ ਜਾਏ। ਸਿੰਘ ਪਾਂਚ ਕੱਕੇ ਕੀ ਰੀਤੀ ਮੇਂ ਪਰਪਕ ਹੋਵਣ। ਕੜਾਹ ਪਰਸਾਦਿ ਕਰ ਕੇ ਤਾਬਿਆ ਧਰੇ। ਭੋਗ ਗ੍ਰੰਥ ਸਾਹਿਬ ਕਾ ਪੈਣ ਸੇ ਪਹਿਲੇ ਈ. ਏਕ ਨਾਰੀਏਲ ਹਮਨ ਮੇਂ ਲਗਾਇ ਦੇਵੇ ਧੂਪੀਆ ਐਸੀ ਜੁਗਤ ਨਾਲ ਪਾਠ ਕਰੇ ਜਾਂ-ਪਾਠੀ ਕਹੇ ਕਿ ਅਠਾਰਹ ਦਸ ਬੀਸ ਧੂਪੀਏ ਕੋ ਭੀ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ ਪਰ ਪਹੁੰਚਨਾ ਚਾਹੀਏ। ਅਠਾਰਹ ਦਸ ਬੀਸ ਜਾਂ ਪਾਠੀ ਕਹੇ ਤਾਂ ਤਤਕਾਲ ਅਰਦਾਸਾ ਕਰਨ ਲਗੇ।

੧. ਬਾਰ੍ਹਾਂ ਪਾਤਸ਼ਾਹੀਆਂ ਕੀ ਅਰਦਾਸ ਕਰਨ ਦਾ ਹੁਕਮ ਗੁਰੂ ਹਰੀ ਸਿੰਘ ਜੀ ਨੇ ਕੀਤਾ ਸੀ।

ਅਜਿਤੇ ਰੰਧਾਵੇ ਦੀ ਗੋਸਟਿ



ਤਾ ਬਚਨ ਹੋਇਆ ਭਾਈ ਅਜਿਤਿਆ ਜਿਥੇ ਸਬਦੁ ਮਿਹਰਵਾਨ ਹੋਦਾ ਹੈ ਤਿਥੇ ਹੀ ਬਖਸੇਗਾ। ਕਿਆ ਘਰ ਕਿਆ ਬਾਹਰ ਇਹ ਆਦਿ ਜੁਗਾਦੀ ਗੁਰੂ ਤੇ ਚੇਲੇ ਕੀ ਹੈ। ਤੇ ਬਚਾ ਅਜਿਤਿਆ ਤੈਂ ਜੋ ਪੁਛਿਆ ਹੈ ਕਿ ਕਿਉਂਕਰ ਵਰਤਾਰਾ ਵਰਤੇਗਾ ਸੋ ਭਾਈ ਜਬ ਦਸਵਾਂ ਜਾਮਾ ਹੋਵੇਗਾ ਤੇ ਯਾਰਵਾਂ ਗੁਪਤ ਵਰਤੇਗਾ। ਤਿਸਤੇ ਪਿਛੇ ਆਪੋ ਆਪਣੀ ਹੋਇ ਕਰ ਵਰਤੇਗੀ। ਅਤੇ ਕੋਈ ਕਿਸੇ ਕਉ ਬਦੇਗਾ ਨਹੀ ਤੇ ਸਿਖੀ ਐਸੀ ਚਲੇਗੀ ਜੋ ਮਨਭਾਂਵਦੀ ਕਰਨਗੇ ਅਤੇ ਕਿਤਨੇ ਹੀ ਪੰਥ ਗੁਰੂ ਕੇ ਘਰ ਵਿਚੋਂ ਨਿਕਲਨਗੇ। ਐਸੀ ਕਲਾ ਵਰਤੇਗੀ ਕੇ ਜੈਸੇ ਇਕ ਬਾਪ ਕੇ ਬੇਟੇ ਹੋਨਗੇ. ਕੋਈ ਕਿਸੇ ਨਾਲ ਵਰਤੇਗਾ ਕੋਈ ਕਿਸੇ ਨਾਲ ਵਰਤੇਗਾ। ਸਲੋਕ ।। ਗੁਰ ਚੇਲੇ ਰਹਿਰਾਸਿ ਅੰਤਰਿ ਵੇਖੇ ਟੋਹਿ। ਸੁਆਂਗੀ ਹਰਿ ਪ੍ਰਭੂ ਹੋਇਆ ਨਹੀ ਮਿਲਾਵਾ ਤੋਇ।। ੪੬।। ਤਿਸਕਾ ਪ੍ਰਮਾਰਥਾ। ਭਾਈ ਅਜਿਤਿਆ ਬਾਰਵਾ ਜਾਮਾਂ ਜਦ ਗੁਰੂ ਹੋਵੇਗਾ ਨਿਰਲੰਭ ਸਭ ਤੇ ਨਿਆਰਾ ਨਿਰਲੇਪ ਸਭ ਦੁਨੀਆਂ ਤੇ ਨਿਆਰਾ ਰਹੇਗਾ ਅਤੇ ਆਪ ਕੋ ਜਣਾਵੇਗਾ ਨਾਹੀ। ਔਰ ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ। ਸੋ ਇਕ ਅਕਾਲ ਪੁਰਖ ਕਾ ਲਏਗਾ ਤੇ ਤਿਸਕੋ ਕੋਈ ਲਖ ਨਾ ਸਕੇਗਾ। ਸੂਲੀ ਸਬਦ ਉਚਰੀਐਗਾ ਔਰ ਸਬਦ ਕਮਾਈਐਗਾ। ਅਰ ਜੋ ਸਿਖ ਹੋਵਨਗੇ ਤਿਸਕਉ ਭੀ ਸਬਦ ਹੀ ਦਸੇਗਾ। ਅਰ ਤਿਸ ਕੇ ਆਸਰੇ ਮਾਰਗ ਚਲੇਂਗੇ।

ਇਸ ਕਰਕੇ ਜਗਤਿ ਵਿਚ ਜੈਕਾਰ ਹੋਵੇਗਾ ਅਤੇ ਉਸਤਤ ਘਰ ਜਹਾਂ ਤਕ ਕੋਈ ਸਿੰਖ ਤੁਟਾ ਭੰਨਾ ਹੋਵੇਗਾ। ਸੋ ਸਭ ਉਸ ਕੀ ਪੈਰੀ ਆਨਿ ਪੈਨਗੇ। ਸੋ ਨਵੇ ਸਿਰੇ ਤੇ ਸਿਖ ਹੋਵਨਗੇ।

-ਭਾਈ ਬਾਲੇ ਵਾਲੀ ਜਨਮ ਸਾਖੀ

ਬੇਰ ਗਿਯਾਰਵੀ ਹਮ ਚਲ ਆਵਹਿ

ਆਲਮਸਿੰਘਬੰਦਕਰਿਦੋਇ॥ਕਹਿਯੋਕਿਦਰਸਨਭੀਤੁਮਹੋਇ॥ ੫੦ ॥

ਦੋਹਰਾ ॥ਕਹਿਯੋਗੁਰੂਹਮਭੀਰਖਹਿਹਿਰਦੇਭਾਵਨੀਸੋਇ॥

ਸ੍ਰੀਅੰਮ੍ਰਿਤਸਰਪਹੁਚਬੇਰਾਮਸਰੋਵਰਜੋਇ॥ ੫੧ ॥

ਚੌਪਈ ॥ਬੇਰਗਿਯਾਰਵੀਹਮਚਲਆਵਹਿ॥

ਜਿਸਤੇਕੋਇਨਾਹਮਲਖਪਾਵਹਿ॥

ਪੰਥਖਾਲਸਾਖੇਤੀਮੇਰੀ॥ਕਰੌਸੰਭਾਲਨਮੈਤਿਸਬੇਰੀ॥ ੫੨ ॥

–ਸੂਰਜ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ

ਆਲਮ ਸਿੰਘ ਬੰਦ ਕਰਿ ਦੋਇ।। ਕਹਿਯੋ ਕਿ ਦਰਸਨ ਭੀ ਤੁਮ ਹੋਇ।।੫੦।।
ਦੋਹਰਾ।। ਕਹਿਯੋ ਗੁਰੂ ਹਮ ਭੀ ਰਖਹਿ ਹਿਰਦੇ ਭਾਵਨੀ ਸੋਇ।।
ਸ੍ਰੀ ਅੰਮ੍ਰਿਤਸਰ ਪਹੁਚ ਬੇ ਰਾਮ ਸਰੋਵਰ ਜੋਇ।।੫੧।।
ਚੌਪਈ।। ਬੇਰ ਗਿਯਾਰਵੀ ਹਮ ਚਲ ਆਵਹਿ।।
